Worldwide Travel, Inc.
Call for special fares
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ

APPROVED MORTGAGE
THE LENDER YOU CAN TRUST

C.S. Ahluwalia
Mortgage Consultant
916.747.5801 cell
317.423.7000 fax
317.634.4391 office
cgate007@yahoo.com

1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com

Lunch Buffet
Dosti
Bar & Restaurant
$5.99
*Weekday Only
"Open 7 Days" ਸੱਤੇ ਦਿਨ ਖੁੱਲ੍ਹਾ
853 S. Roselle Rd, (Behind Littman Bro.)
Schaumburg, IL 60193, Tel: 847-895-0100

Eleventh Year in Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 52, December 25, 2010 | 20451 N Plum Grove Rd. Palatine, IL 60074 | Ph:847-359-0746, Fax:847-705-9388



*ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬਾਨ ਮੀਟਿੰਗ ਕਰਦੇ ਹੋਏ*

## ਅਨੰਦ ਮੈਰਿਜ ਐਕਟ ਲਾਗੂ ਕਰਾਉਣ ਲਈ ਚਾਰਾਜੋਈ ਸ਼ੁਰੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿੱਖਾਂ ਦੀ ਵੱਖਰੀ ਹੋਂਦ ਦੀ ਤਸਦੀਕ ਕਰਨ ਵਾਲੇ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਵਾਉਣ ਦਾ ਮਾਮਲਾ ਇਕ ਵਾਰ ਫਿਰ ਜ਼ੋਰ ਸ਼ੋਰ ਨਾਲ ਉਠਿਆ ਹੈ। ਇਸ ਬਾਰੇ ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਵਾਉਣ ਲਈ ਕਾਨੂੰਨੀ ਮਾਹਿਰਾਂ ਦੀ ਰਾਇ ਲਈ ਜਾਵੇ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਵਾਉਣ ਲਈ ਕਾਨੂੰਨੀ ਮਾਹਿਰਾਂ ਦੀ ਰਾਇ ਲੈਣ ਲਈ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਹੈ।

ਸਿੱਖਾਂ ਵੱਲੋਂ ਲੰਬੇ ਸਮੇਂ ਵਾਰ-ਵਾਰ ਮੰਗ ਉਠਾਉਣ ਦੇ ਬਾਵਜੂਦ ਦੇਸ਼ ਦੀ ਆਜ਼ਾਦੀ ਤੋਂ 63 ਵਰ੍ਹਿਆਂ ਬਾਅਦ ਵੀ ਸਿੱਖਾਂ ਦੀ ਆਜ਼ਾਦ ਹੋਂਦ ਨੂੰ ਦਰਸਾਉਣ ਵਾਲਾ ਇਹ ਐਕਟ ਲਾਗੂ ਨਹੀਂ ਕੀਤਾ ਗਿਆ। ਹੈਰਾਨੀ ਦੀ ਗੱਲ ਹੈ ਕਿ ਪੰਥਕ ਧਿਰ ਹੋਣ ਦਾ ਦਾਅਵਾ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ ਵੀ ਕਈ ਵਾਰ ਕੇਂਦਰੀ ਸੱਤਾ ਦਾ ਸੁੱਖ ਭੋਗ ਚੁੱਕਾ ਹੈ ਪਰ ਉਹ ਵੀ ਇਸ ਕਾਨੂੰਨ ਨੂੰ ਲਾਗੂ ਕਰਾਉਣ 'ਚ ਅਸਫ਼ਲ ਰਿਹਾ ਹੈ।

ਅਨੰਦ ਮੈਰਿਜ ਐਕਟ 1909 ਵਿਚ ਅੰਗਰੇਜ਼ੀ ਰਾਜ ਸਮੇਂ ਹੋਂਦ ਵਿਚ ਆਇਆ ਸੀ ਪਰ ਭਾਰਤ ਦੀ ਆਜ਼ਾਦੀ ਤੋਂ ਬਾਅਦ ਸੰਵਿਧਾਨ ਵਿਚ ਇਸ ਨੂੰ ਸ਼ਾਮਲ ਨਹੀਂ ਕੀਤਾ ਗਿਆ ਜਿਸ ਕਰਕੇ ਭਾਰਤ ਵਿਚ ਇਹ ਕਾਨੂੰਨ ਲਾਗੂ ਹੀ ਨਹੀਂ ਹੋ ਸਕਿਆ। ਇਸ ਵੇਲੇ ਸਿੱਖ ਭਾਈਚਾਰੇ ਦੇ ਵਿਆਹ ਹਿੰਦੂ ਮੈਰਿਜ ਐਕਟ ਤਹਿਤ ਹੀ ਦਰਜ ਕੀਤੇ ਜਾਂਦੇ ਹਨ ਜਦੋਂਕਿ ਪਾਕਿਸਤਾਨ ਵਿਚ 2008 ਵਿਚ ਸਿੱਖ ਭਾਈਚਾਰੇ ਲਈ ਅਨੰਦ ਮੈਰਿਜ ਐਕਟ ਨੂੰ ਲਾਗੂ ਕਰ ਦਿੱਤਾ ਗਿਆ ਸੀ। ਪਾਕਿਸਤਾਨ ਵਿਚ ਲਾਗੂ ਕੀਤਾ ਗਿਆ ਇਹ ਐਕਟ ਭਾਰਤੀ ਕਾਨੂੰਨੀ ਮਾਹਿਰ ਕੇ.ਟੀ.ਐਸ. ਤੁਲਸੀ ਵੱਲੋਂ ਤਿਆਰ ਕੀਤਾ ਹੋਇਆ ਹੈ। ਐਕਟ ਨੂੰ ਲਾਗੂ

*(ਬਾਕੀ ਸਫਾ 6 'ਤੇ)*

### ਚੀਨ ਨੇ ਭਾਰਤ ਦੇ ਪੱਲੇ ਕੁਝ ਵੀ ਨਾ ਪਾਇਆ

## 'ਪਾਕਿਸਤਾਨੀ-ਚੀਨੀ ਭਾਈ-ਭਾਈ' ਕਹਿ ਕੇ ਸਪਸ਼ਟ ਕੀਤੀ ਰਣਨੀਤੀ

**ਨਵੀਂ ਦਿੱਲੀ/ਇਸਲਾਮਾਬਾਦ (ਪੰਜਾਬ ਟਾਈਮਜ਼ ਬਿਓਰੋ):** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਚੀਨ ਤੋਂ ਆਏ ਉਨ੍ਹਾਂ ਦੇ ਹਮਰੁਤਬਾ ਵੈਨ ਜ਼ਿਆਬਾਓ ਵਿਚਾਲੇ ਹੋਈ ਗੱਲਬਾਤ ਵਿਚ ਭਾਰਤ ਲਈ ਅਹਿਮ ਸਮਝੇ ਜਾਂਦੇ ਮਸਲੇ ਨਜਿੱਠਣ ਵੱਲ ਕੋਈ ਪੇਸ਼ਕਦਮੀ ਨਹੀਂ ਹੋਈ। ਦੋਵਾਂ ਧਿਰਾਂ ਨੇ ਸੀਮਾ ਦੇ ਵਿਵਾਦ ਸਣੇ ਹੋਰ ਲਟਕਦੇ ਆ ਰਹੇ ਕਈ ਮਾਮਲੇ ਛੇਤੀ ਤੋਂ ਛੇਤੀ ਸੁਲਝਾਉਣ ਦੀ ਸਹਿਮਤੀ ਪ੍ਰਗਟਾ ਕੇ ਇਕ ਦੂਜੇ ਤੋਂ ਰੁਖ਼ਸਤ ਲੈ ਲਈ। ਦੂਜੇ ਬੰਨ੍ਹੇ ਚੀਨੀ ਆਗੂ ਨੇ ਇਸਲਾਮਾਬਾਦ ਵਿਚ ਪਾਕਿਸਤਾਨ ਨਾਲ ਵਾਹਵਾ ਅਪਣੱਤ ਦਾ ਇਜ਼ਹਾਰ ਕਰਦਿਆਂ ਪਾਕਿਤਸਾਨੀ-ਚੀਨੀ ਭਾਈ-ਭਾਈ ਦਾ ਨਾਅਰਾ ਦੇ ਕੇ ਇਹ ਸਪਸ਼ਟ ਕਰ ਦਿੱਤਾ ਕਿ ਇਹਦੇ ਲਈ ਭਾਰਤ ਨਾਲੋਂ ਪਾਕਿਸਤਾਨ ਵਧੇਰੇ ਅਹਿਮੀਅਤ ਰੱਖਦਾ ਹੈ।

ਭਾਰਤ ਅਤੇ ਚੀਨ ਵਿਚਾਲੇ ਹਾਟਲਾਈਨ ਚਾਲੂ ਕਰਨ ਦੇ ਨਾਲ ਨਾਲ ਚੀਨ ਨੇ ਭਾਰਤ ਵਿਚ 16 ਅਰਬ ਡਾਲਰ ਦੇ ਵਪਾਰ ਲਈ ਰਾਹ ਪੱਧਰਾ ਕਰ ਲਿਆ। ਇਸ ਦੇ ਨਾਲ ਹੀ 100 ਅਰਬ ਡਾਲਰ ਦੇ ਦੁਵੱਲੇ ਵਪਾਰ ਦੀ ਹਾਮੀ ਵੀ ਭਰੀ ਗਈ। ਐਤਕੀਂ ਦੀ ਇਸ ਚੀਨੀ ਪ੍ਰਧਾਨ ਮੰਤਰੀ ਦੀ ਫੇਰੀ ਵਿਚ ਚੀਨ ਦਾ ਪਲੜਾ ਭਾਰਾ ਹੀ ਰਿਹਾ। ਚੀਨ ਵੱਲੋਂ ਜੰਮੂ-ਕਸ਼ਮੀਰ ਦੇ ਲੋਕਾਂ ਲਈ ਨੱਥੀ ਵੀਜ਼ਾ ਜਾਰੀ ਕਰਨ ਅਤੇ ਪਾਕਿਸਤਾਨ ਵਿਚ ਨੌਜਵਾਨਾਂ ਦੀ ਹਥਿਆਰਬੰਦ ਸਿਖਲਾਈ ਬਾਰੇ ਕੋਈ ਗੱਲ ਨਹੀਂ ਹੋ ਸਕੀ। ਭਾਰਤ ਇਨ੍ਹਾਂ ਦੋਹਾਂ ਮਸਲਿਆਂ ਨੂੰ ਬਹੁਤ ਅਹਿਮ ਮੰਨਦਾ ਆ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਵਿਚ ਭਾਰਤ ਦੀ ਸਥਾਈ ਸੀਟ ਬਾਰੇ ਵੀ ਚੀਨ ਨੇ ਕੋਈ ਹਾਮੀ ਨਹੀਂ ਭਰੀ। ਚੇਤੇ ਰਹੇ ਕਿ ਚੀਨ ਨੇ ਪਿੱਛੇ ਜਿਹੇ ਜੰਮੂ-ਕਸ਼ਮੀਰ ਦੇ ਇੰਚਾਰਜ ਲੈਫਟੀਨੈਂਟ ਜਨਰਲ ਬੀ.ਐਸ. ਜਸਵਾਲ ਨੂੰ ਵੀਜ਼ਾ ਵੀ ਨਹੀਂ ਦਿੱਤਾ ਸੀ ਜਿਸ ਕਾਰਨ ਭਾਰਤ ਨੇ ਉਸ ਮੁਲਕ ਨਾਲ ਸਾਰੇ ਰੱਖਿਆ ਤਬਾਦਲੇ ਬੰਦ ਕਰ ਦਿੱਤੇ ਸਨ।




*ਚੀਨੀ ਪ੍ਰਧਾਨ ਮੰਤਰੀ ਬੈਨ ਜ਼ਿਆਬਾਓ ਨਾਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ*

ਦੋਵਾਂ ਆਗੂਆਂ ਦੇ ਸਾਂਝੇ ਬਿਆਨ ਵਿਚ 26/11 ਦੇ ਮੁੰਬਈ ਹਮਲਿਆਂ ਦੇ ਜ਼ਿੰਮੇਵਾਰ ਲੋਕਾਂ ਨੂੰ ਛੇਤੀ ਸਜ਼ਾ ਦਿੱਤੇ ਜਾਣ ਦੀ ਭਾਰਤ ਦੀ ਮੰਗ ਦਾ ਵੀ ਕੋਈ ਜ਼ਿਕਰ ਨਹੀਂ ਸੀ। ਉਂਜ ਸੰਯੁਕਤ ਰਾਸ਼ਟਰ

*(ਬਾਕੀ ਸਫਾ 6 'ਤੇ)*

Ad Space
Available
Please Call
847-359-0746

Dhillon Truck Stop / Dhillon Road Service

ਪੰਜਾਬੀ ਢਾਬਾ
Gill Manj Gurdaspur Wale
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Interstate 40, exit 356, San Jon, NM
Ph : 575-576-4111, 317-918-6776


ਸੁਪਰ ਸਟਾਰ
ਧਰਮ ਭਾ ਜੀ ਅਤੇ
ਪੰਜਾਬੀ ਪਰਿਵਾਰਾਂ
ਦੀ ਪਹਿਲੀ ਪਸੰਦ
ਅਮਨਟੈਲ
AMANTEL.COM
$100 'ਚ 126 ਘੰਟੇ
Talk One Minute,
Pay For One Minute
(7560 ਮਿੰਟ)
Customer Service 24/7
ਟੌਲ ਫਰੀ ਨੰਬਰ 'ਤੇ ਕਾਲ ਕਰੋ
1-888-652-6268
732-983-4332/4333

# ਕਾਂਗਰਸ ਨੇ ਬਿਕਰਮ ਮਜੀਠੀਆ ਤੇ ਸੁਖਬੀਰ ਬਾਦਲ ਨੂੰ ਖੁੱਲ੍ਹੀ ਬਹਿਸ ਲਈ ਵੰਗਾਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਓਰੋ):** ਕਾਂਗਰਸ ਨੇ ਯੂਥ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਬਾਰੇ "ਝੂਠ-ਤੂਫ਼ਾਨ" ਬੋਲਣ ਦਾ ਸਖ਼ਤ ਨੋਟਿਸ ਲੈਂਦਿਆਂ ਵੰਗਾਰਿਆ ਹੈ ਕਿ ਉਹ (ਮਜੀਠੀਆ) ਕੁਝ ਕਹਿਣ ਤੋਂ ਪਹਿਲਾਂ ਆਪਣੀ ਔਕਾਤ ਜ਼ਰੂਰ ਦੇਖ ਲੈਣ ਅਤੇ ਦਿਓਕੱਦ ਆਗੂ ਕੈਪਟਨ ਅਮਰਿੰਦਰ ਸਿੰਘ ਬਾਰੇ ਕੋਈ ਗੱਲ ਕਰਨ ਤੋਂ ਪਹਿਲਾਂ ਸੋਚ ਜ਼ਰੂਰ ਲਿਆ ਕਰਨ। ਨਾਲ ਹੀ ਕਿਹਾ ਹੈ ਕਿ ਸੱਚ-ਝੂਠ ਦਾ ਨਿਤਾਰਾ ਕਰਨ ਲਈ ਇਹ ਪੰਜਾਬ ਨਾਲ ਸਬੰਧਤ ਮੁੱਦਿਆਂ ਉਤੇ ਖੁੱਲ੍ਹੀ ਬਹਿਸ ਕਰਵਾ ਲੈਣ।

ਇਥੇ ਜਾਰੀ ਬਿਆਨ ਵਿਚ ਪਾਰਟੀ ਦੇ ਇਕ ਤਰਜਮਾਨ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਖਿਆ ਕਿ ਬਠਿੰਡਾ ਵਿਚ ਸ੍ਰੀ ਲਕਸ਼ਮੀ ਮਿੱਤਲ ਵੱਲੋਂ ਲਾਏ ਜਾ ਰਹੇ ਤੇਲ ਸੋਧਕ ਕਾਰਖਾਨੇ ਲਈ ਨੇਮ ਛਿੱਕੇ ਟੰਗ ਕੇ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਠੀਕ ਹੀ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਸ੍ਰੀ ਮਿੱਤਲ ਨੂੰ ਦਿੱਤੀਆਂ ਨਾਜਾਇਜ਼ ਰਿਆਇਤਾਂ ਵਾਪਸ ਲਈਆਂ ਜਾਣਗੀਆਂ ਤਾਂ ਕਿ ਲੋਕਾਂ ਦੇ ਪੈਸੇ ਦਾ ਕਿਸੇ ਹੋਰ ਥਾਂ ਸਹੀ ਢੰਗ ਨਾਲ ਇਸਤੇਮਾਲ ਹੋ ਸਕੇ। ਇਸ ਵੇਲੇ ਪੰਜਾਬ ਵਿੱਤੀ ਸੰਕਟ ਵਿਚੋਂ ਲੰਘ ਰਿਹਾ ਹੈ; ਇਸ ਲਈ ਕਿਸੇ ਇਕ ਸਨਅਤੀ ਘਰਾਣੇ ਨੂੰ ਹਜ਼ਾਰਾਂ ਕਰੋੜ ਰੁਪਏ ਦੀਆਂ ਰਿਆਇਤਾਂ ਦੇਣੀਆਂ ਲੋਕਾਂ ਨਾਲ ਧੋਖਾ ਅਤੇ ਸੂਬੇ ਨੂੰ ਤਬਾਹੀ ਵੱਲ ਲਿਜਾਣਾ ਹੀ ਹੈ।

ਤਰਜਮਾਨ ਮੁਤਾਬਕ ਇਹ ਰਿਆਇਤਾਂ ਵਾਪਸ ਲੈ ਕੇ ਉਹੀ ਪੈਸਾ ਸਿਖਿਆ ਦੇ ਖੇਤਰ ਵਿਚ ਲਾਇਆ ਜਾਵੇਗਾ ਜੋ ਇਸ ਵੇਲੇ ਬਾਦਲ ਸਰਕਾਰ ਦੀ ਨਾ-ਅਹਿਲੀਅਤ ਕਰਕੇ ਡਾਵਾਂਡੋਲ ਹੋਇਆ ਪਿਆ ਹੈ। ਇਸੇ ਤਰ੍ਹਾਂ ਦਾ ਹਾਲ ਸਿਹਤ ਸਿਸਟਮ ਦਾ ਹੈ। ਜੇ ਹੁਣ ਵੀ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਸਿਹਤ ਸਹੂਲਤਾਂ ਆਮ ਲੋਕਾਂ ਦੀ ਪਹੁੰਚ ਤੋਂ ਹੋਰ ਦੂਰ ਹੋ ਜਾਣਗੀਆਂ। ਪ੍ਰਦੂਸ਼ਿਤ ਪਾਣੀ ਕਾਰਨ ਸੂਬੇ, ਖਾਸ ਕਰਕੇ ਮਾਲਵੇ ਵਿਚ ਕੈਂਸਰ ਦੇ ਕੇਸ ਤੇਜੀ ਨਾਲ ਵਧ ਰਹੇ ਹਨ। ਬੀਕਾਨੇਰ ਦੇ ਕੈਂਸਰ ਹਸਪਤਾਲ ਜਾਣ ਵਾਲੇ ਰੋਗੀਆਂ ਦੀ ਗਿਣਤੀ ਇੰਨੀ ਵਧ ਗਈ ਹੈ ਕਿ ਬਠਿੰਡਾ ਤੋਂ ਬੀਕਾਨੇਰ ਜਾਣ ਵਾਲੀ ਰੇਲ ਗੱਡੀ ਦਾ ਨਾਂ ਕੈਂਸਰ ਟਰੇਨ ਪੈ ਗਿਆ ਹੈ। ਘਰੇਲੂ, ਸਨਅਤੀ ਅਤੇ ਖੇਤੀ ਲਈ ਪੂਰੀ ਬਿਜਲੀ ਨਹੀਂ ਮਿਲ ਰਹੀ। ਬਿਜਲੀ ਕੱਟਾਂ ਕਾਰਨ ਸਭ-ਕੁਝ ਠੱਪ ਹੋਇਆ ਪਿਆ ਹੈ। ਅਕਾਲੀ ਦਲ-ਭਾਜਪਾ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕਰ ਸਕੀ।



*ਸੁਖਪਾਲ ਸਿੰਘ ਖਹਿਰਾ ਕੈਪਟਨ ਅਮਰਿੰਦਰ ਸਿੰਘ ਨਾਲ ਕੋਈ ਗੱਲ ਵਿਚਾਰਦੇ ਹਏ*

ਸ੍ਰੀ ਖਹਿਰਾ ਨੇ ਦੱਸਿਆ ਕਿ ਕਿਸਾਨਾਂ ਸਿਰ ਚੜ੍ਹੇ 3500 ਕਰੋੜ ਰੁਪਏ ਦੇ ਕਰਜ਼ੇ ਨਾਲ ਖੇਤੀ ਆਰਥਿਕਤਾ ਦਾ ਮੰਦਾ ਹਾਲ ਹੈ। ਕਿਸਾਨ ਘੰਮਣਘੇਰੀ ਵਿਚ ਫਸੇ ਮਹਿਸੂਸ ਕਰ ਰਹੇ ਹਨ। ਇਸੇ ਕਰਕੇ ਖ਼ੁਦਕੁਸ਼ੀਆਂ ਦੇ ਕੇਸ ਵਧ ਰਹੇ ਹਨ। ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਕਿਸਾਨਾਂ ਸਿਰ ਲਗਾਤਾਰ ਕਰਜ਼ਾ ਚੜ੍ਹ ਰਿਹਾ ਹੈ, ਦੂਜੇ ਬੰਨੇ ਬਾਦਲ ਪਰਿਵਾਰ ਦਾ ਕਾਰੋਬਾਰ ਹਰ ਰੋਜ਼ ਵਧ ਰਿਹਾ ਹੈ। ਹੁਣ ਬਾਦਲਾਂ ਦੀਆਂ ਜਾਇਦਾਦਾਂ ਵਿਚ ਵੱਡੇ ਵੱਡੇ ਹੋਟਲ, ਅਣਗਿਣਤ ਬੱਸਾਂ, ਫਾਰਮ ਹਾਊਸ ਸ਼ਾਮਲ ਹੋ ਰਹੇ ਹਨ। ਇਸ ਕਰਕੇ ਸ੍ਰੀ ਮਜੀਠੀਆ ਨੂੰ ਕੈਪਟਨ ਅਮਰਿੰਦਰ ਸਿੰਘ ਉਤੇ ਹਮਲਾ ਕਰਨ ਤੋਂ ਪਹਿਲਾਂ ਇਹ ਸੋਚਣਾ ਚਾਹੀਦਾ ਹੈ ਕਿ ਉਹ ਸਿਆਸਤ ਵਿਚ ਆਪਣੀ ਭੈਣ ਹਰਸਿਮਰਤ ਕੌਰ (ਸੁਖਬੀਰ ਬਾਦਲ ਦੀ ਪਤਨੀ) ਕਾਰਨ ਪੁੱਜ ਸਕੇ ਹਨ। ਸਿਆਸਤ ਵਿਚ ਉਸ ਦਾ ਆਪਣਾ ਭੋਰਾ ਭਰ ਵੀ ਯੋਗਦਾਨ ਨਹੀਂ ਹੈ। ਜੇ ਉਸ ਦਾ ਕੋਈ ਯੋਗਦਾਨ ਹੈ ਤਾਂ ਇਹੀ ਹੈ ਕਿ ਉਸ ਨੇ ਮਾਫੀਆ ਨਾਲ ਰਲ ਕੇ ਰੇਤ, ਕੇਬਲ ਨੈਟਵਰਕ, ਟਰਾਂਸਪੋਰਟ ਅਤੇ ਸ਼ਰਾਬ ਦੇ ਕਾਰੋਬਾਰ ਉਤੇ ਕਬਜ਼ਾ ਕੀਤਾ ਹੈ। ਜੀਜੇ-ਸਾਲੇ (ਸੁਖਬੀਰ-ਮਜੀਠੀਆ) ਦੀ ਇਹ ਜੋੜੀ ਭ੍ਰਿਸ਼ਟਾਚਾਰ ਦਾ ਮੁੱਢ ਹੈ। ਇਹ ਗੈਰ-ਕਾਨੂੰਨੀ ਢੰਗ ਨਾਲ ਪੰਜਾਬ ਨੂੰ ਲੁੱਟ ਰਹੇ ਹਨ। ਪੁਲਿਸ ਨੂੰ ਇਨ੍ਹਾਂ ਨੇ ਆਪਣੇ ਘਰ ਦੀ ਪ੍ਰਾਈਵੇਟ ਫ਼ੌਜ ਬਣਾ ਧਰਿਆ ਹੈ। ਹਜ਼ਾਰਾਂ ਕਾਂਗਰਸੀ ਵਰਕਰਾਂ ਨੂੰ ਸਿਆਸੀ ਅਤਿਵਾਦ ਦਾ ਸ਼ਿਕਾਰ ਬਣਾਇਆ ਗਿਆ ਹੈ।

ਸ੍ਰੀ ਖਹਿਰਾ ਨੇ ਫਿਰ ਦੁਹਰਾਇਆ ਕਿ ਕੈਪਟਨ ਅਮਰਿੰਦਰ ਸਿੰਘ 'ਤੇ ਊਜਾਂ ਲਾਉਣ ਦੀ ਥਾਂ ਵੱਖ ਵੱਖ ਮਸਲਿਆਂ 'ਤੇ ਬਹਿਸ ਕਰਵਾ ਲਈ ਜਾਵੇ। ਸੱਚ ਅਤੇ ਝੂਠ ਦਾ ਨਿਤਾਰਾ ਲੋਕ ਆਪੇ ਕਰ ਲੈਣਗੇ।




ਦੰਦਾਂ ਦਾ ਤਸੱਲੀਬਖ਼ਸ਼ ਇਲਾਜ
ਸਿੱਧੀ ਕਾਲ ਕਰੋ 630-479-0031

- ਇੰਸ਼ੋਰੈਂਸ ਨਹੀਂ? ਫਿਕਰ ਨਹੀਂ। 20-40% ਛੋਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invisialign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ

ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ




Fillings, Dentures, Crowns, Bridge, Veneers, Extractions, Cleaning,

Dr. Harjinder Khaira DMD & Associates

Lakestreet Dental
490 W. Lake Street, Suite 107 Roselle, IL 60172
630-894-8008

Lakeland Dental
115 E. State Rd., Island Lake, IL 60042
847-526-1920





What DISH Network offers - 10 language groups.

HINDI
URDU
PUNJABI
BANGLA
TAMIL
MALAYALAM
TELUGU
KANNADA
BENGALI
GUJARATI

Call for Pricing

DISH TV USA
(847)380-5500
www.dishtvusa.com

dish NETWORK. AUTHORIZED RETAILER

All prices, packages and programming subject to change without notice. Local and state sales taxes may apply. Programming is available for single-family dwellings located in the continental United States. All DISH Network programming, and any other services that are provided, are subject to the terms and conditions of the promotional agreement and Residential Customer Agreement, which is available upon request. Hardware and programming sold separately.. A second dish antenna may be required to view both International and American programming. All services marks and trademarks belong to their respective owners.

# ਗੁਰਦੁਆਰਾ ਗੁਰਜੋਤਿ ਪ੍ਰਕਾਸ਼ 'ਚ ਝਗੜੇ ਪਿਛੋਂ ਭਰਪੂਰ ਸਿੰਘ ਗ੍ਰਿਫਤਾਰ

**ਸ਼ਿਕਾਗੋ:** ਪਿਛਲੇ ਕੁਝ ਸਮੇਂ ਤੋਂ ਪ੍ਰਬੰਧ ਸਬੰਧੀ ਵਾਦ-ਵਿਵਾਦ ਕਰ ਕੇ ਅਖਬਾਰਾਂ ਵਿਚ ਚਰਚਿਤ ਸ਼ਿਕਾਗੋ ਏਰੀਏ ਦੇ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਵਿਚ ਲੰਘੀ 14 ਦਸੰਬਰ ਨੂੰ ਪ੍ਰਬੰਧ ਦੇ ਦਾਅਵੇਦਾਰ ਨਵੇਂ ਪ੍ਰਬੰਧਕਾਂ ਅਤੇ ਪਿਛਲੇ 12 ਸਾਲ ਤੋਂ ਇਸ ਗੁਰੂਘਰ ਦਾ ਪ੍ਰਬੰਧ ਚਲਾ ਰਹੇ ਬਾਬਾ ਦਲਜੀਤ ਸਿੰਘ ਦੇ ਹਮਾਇਤੀਆਂ ਵਿਚਾਲੇ ਤਲਖੀ ਦਾ ਮਾਹੌਲ ਪੈਦਾ ਹੋ ਗਿਆ। ਆਪਸੀ ਤੂੰ-ਤੂੰ, ਮੈਂ-ਮੈਂ ਤੋਂ ਬਾਅਦ ਮੌਕੇ ਤੇ ਪਹੁੰਚੀ ਹੋਈ ਆਈਲੈਂਡ ਪੁਲਿਸ ਨੇ ਬਾਬਾ ਦਲਜੀਤ ਸਿੰਘ ਦੇ ਇਕ ਹਮਾਇਤੀ ਤਰਸੇਮ ਸਿੰਘ ਨੂੰ ਧਮਕੀਆਂ ਦੇਣ ਦੇ ਦੋਸ਼ ਵਿਚ ਵਿਰੋਧੀ ਪ੍ਰਬੰਧਕੀ ਧੜੇ ਦੇ ਇਕ ਆਗੂ ਭਰਪੂਰ ਸਿੰਘ ਨੂੰ ਨੁਕਸੇ-ਅਮਨ ਤਹਿਤ ਗ੍ਰਿਫਤਾਰ ਕਰ ਲਿਆ।

ਪੁਲਿਸ ਅਫਸਰ ਮਿਸਟਰ ਜੌਹਨਸਨ ਸਕਾਟ ਵਲੋਂ ਲਿਖੀ ਗਈ ਰਿਪੋਰਟ (ਨੰਬਰ 2010-12577, ਮਿਤੀ 12-14-2010) ਮੁਤਾਬਕ ਜਦੋਂ ਉਹ ਅਫਸਰ ਗੇਨਰ ਦੇ ਨਾਲ ਗੁਰਦੁਆਰੇ ਪਹੁੰਚਿਆ ਤਾਂ ਦੋ ਧੜੇ ਇਸ ਗੱਲ 'ਤੇ ਬਹਿਸ ਰਹੇ ਸਨ ਕਿ ਕੌਣ ਗੁਰਦੁਆਰੇ ਦੇ ਅੰਦਰ ਜਾ ਸਕਦਾ ਹੈ, ਕੌਣ ਨਹੀਂ? ਇਸੇ ਸਮੇਂ ਭਰਪੂਰ ਸਿੰਘ ਸ਼ਿਕਾਇਤਕਰਤਾ ਤਰਸੇਮ ਸਿੰਘ ਦੇ ਕੋਲ ਦੀ ਘੂਰੀ ਵਟਦਾ ਹੋਇਆ ਲੰਘਿਆ ਅਤੇ ਉਸਨੂੰ ਆਪਣੀ ਭਾਸ਼ਾ (ਪੰਜਾਬੀ) ਵਿਚ ਕੁਝ ਕਹਿੰਦੇ ਸੁਣਿਆ ਗਿਆ। ਅਫਸਰ ਗੇਨਰ ਨੇ ਮਹਿਸੂਸ ਕੀਤਾ ਕਿ ਤਰਸੇਮ ਸਿੰਘ ਕੁਝ ਘਬਰਾਇਆ ਹੋਇਆ ਅਤੇ ਪਰੇਸ਼ਾਨ ਹੈ। ਪੁਛਣ ਤੇ ਉਸਨੇ ਦੱਸਿਆ ਕਿ ਭਰਪੂਰ ਸਿੰਘ ਨੇ ਉਸਨੂੰ ਪੰਜਾਬੀ ਵਿਚ ਕਿਹਾ ਸੀ ਕਿ 'ਚੁਪ ਕਰ ਜਾ, ਨਹੀਂ ਤਾਂ ਜਾਨੋਂ ਮਾਰ ਦਿਆਂਗਾ'। ਇਸ ਸਮੇਂ ਤਰਸੇਮ ਸਿੰਘ ਨੇ ਕਿਹਾ ਕਿ ਉਹ ਭਰਪੂਰ ਸਿੰਘ ਦੀ ਧਮਕੀ ਤੋਂ ਖਤਰਾ ਮਹਿਸੂਸ ਕਰਦਾ ਹੈ ਅਤੇ ਦੋਸ਼ ਆਇਦ ਕਰਨਾ ਚਾਹੁੰਦਾ ਹੈ।

ਰਿਪੋਰਟ ਅਨੁਸਾਰ ਇਸ ਪਿਛੋਂ ਅਫਸਰ ਗੇਨਰ ਨੇ ਭਰਪੂਰ ਸਿੰਘ ਨੂੰ ਪਾਸੇ ਕਰ ਕੇ ਹੱਥਕੜੀਆਂ ਲਾ ਕੇ ਗ੍ਰਿਫਤਾਰ ਕਰ ਲਿਆ, ਜਿਥੋਂ ਉਸਨੂੰ ਆਈਲੈਂਡ ਲੇਕ ਪੁਲਿਸ ਸਟੇਸ਼ਨ ਲਿਆਂਦਾ ਗਿਆ। ਭਰਪੂਰ ਸਿੰਘ ਨੂੰ 10 ਜਨਵਰੀ 2011 ਨੂੰ ਸਵੇਰੇ 8.30 ਵਜੇ ਮਕੈਨਰੀ ਕਾਉਂਟੀ ਅਦਾਲਤ ਵਿਚ ਪੇਸ਼ ਹੋਣ ਲਈ ਆਖਿਆ ਗਿਆ। ਇਸ ਪਿਛੋਂ ਉਸਨੂੰ 120 ਡਾਲਰ ਦੇ ਜਾਤੀ ਮੁਚਲਕੇ ਤੇ ਰਿਹਾ ਕਰ ਦਿਤਾ ਗਿਆ।

ਇਥੇ ਜ਼ਿਕਰਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਕੁਝ ਗਰਮਖਿਆਲੀ ਸਿੱਖਾਂ ਦੇ ਇਕ ਧੜੇ ਨੇ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਦੇ ਨਵੇਂ ਪ੍ਰਬੰਧਕ ਚੁਣ ਲੈਣ ਦਾ ਦਾਅਵਾ ਕਰਦਿਆਂ ਗੁਰੂਘਰ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਦੀ ਕੋਸ਼ਿਸ਼ ਕੀਤੀ ਸੀ ਪਰ ਅਦਾਲਤੀ ਦਖਲ ਕਰ ਕੇ ਉਨ੍ਹਾਂ ਦਾ ਪ੍ਰਬੰਧ ਉਤੇ ਕਬਜ਼ਾ ਨਾ ਹੋ ਸਕਿਆ। ਅਦਾਲਤ ਨੇ ਉਨ੍ਹਾਂ ਨੂੰ ਗੁਰੂਘਰ ਸ਼ਰਧਾਲੂ ਵਜੋਂ ਆਉਣ ਦਾ ਹੱਕ ਤਾਂ ਦਿੱਤਾ ਪਰ ਨਾਲ ਹੀ ਪ੍ਰਬੰਧ ਵਿਚ ਦਖਲ ਦੇਣ ਤੋਂ ਮਨਾਹੀ ਕਰ ਦਿਤੀ। ਉਂਜ ਅਦਾਲਤ ਵਿਚ ਇਸ ਸਬੰਧੀ ਕੇਸ ਚਲ ਰਿਹਾ ਹੈ। ਇਸਤੋਂ ਪਹਿਲਾਂ ਬਾਬਾ ਦਲਜੀਤ ਸਿੰਘ ਦੇ ਇਕ ਪੁਰਾਣੇ ਸ਼ਰਧਾਲੂ ਪਰ ਹੁਣ ਵਿਰੁਧ ਹੋ ਚੁਕੇ ਖਹਿਰਾ ਪਰਿਵਾਰ ਵਲੋਂ ਗੁਰਦੁਆਰਾ ਪ੍ਰਬੰਧ ਲਈ ਇਕ ਵਖਰਾ ਕੇਸ ਵੀ ਚਲ ਰਿਹਾ ਹੈ। ਇਸੇ ਸਮੇਂ ਦੌਰਾਨ ਬਾਬਾ ਦਲਜੀਤ ਸਿੰਘ ਨੇ ਪ੍ਰਬੰਧ ਦੇ ਦਾਅਵੇਦਾਰ ਵਿਰੋਧੀ ਧੜੇ ਉਤੇ ਗੁਰੂਘਰ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਸਬੰਧੀ ਹਰਜਾਨੇ ਦਾ ਮੁਕੱਦਮਾ ਵੀ ਕੀਤਾ ਹੋਇਆ ਹੈ।

## ਵਿਧਾਇਕ ਸੁਖਪਾਲ ਸਿੰਘ ਖਹਿਰਾ ਅਮਰੀਕਾ ਪਹੁੰਚੇ

**ਫਰੀਮਾਂਟ:** ਜਿਲਾ ਕਪੂਰਥਲਾ ਦੇ ਹਲਕਾ ਭੁਲੱਥ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਸ.ਸੁਖਪਾਲ ਸਿੰਘ ਖਹਿਰਾ ਆਪਣੇ ਇਕ ਮਹੀਨੇ ਦੇ ਅਮਰੀਕਾ ਦੌਰੇ ਲਈ 22 ਦਸੰਬਰ ਨੂੰ ਨਿਊ ਯਾਰਕ ਪਹੁੰਚ ਗਏ। ਹਵਾਈ ਅਡੇ ਉਤੇ ਉਨ੍ਹਾਂ ਦਾ ਸਵਾਗਤ ਉਘੇ ਖੇਡ ਪ੍ਰੋਮੋਟਰ ਜਗੀਰ ਸਿੰਘ ਸਬਜ਼ੀ ਮੰਡੀ, ਅਸ਼ੋਕ ਕੁਮਾਰ, ਜਸਵਿੰਦਰ ਸਿੰਘ ਖਾਖਾ ਅਤੇ ਹੋਰ ਪ੍ਰਸ਼ੰਸਕਾਂ ਨੇ ਕੀਤਾ। ਕੈਲੀਫੋਰਨੀਆ ਤੋਂ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਅਤੇ ਮੈਂਬਰਾਂ ਨੇ ਸ. ਖਹਿਰਾ ਨੂੰ ਫੋਨ ਕਰ ਕੇ ਜੀ ਆਇਆਂ ਆਖਿਆ।

ਸ. ਖਹਿਰਾ 24 ਦਸੰਬਰ ਨੂੰ ਸ਼ਿਕਾਗੋ ਜਾਣਗੇ ਅਤੇ ਉਥੋਂ ਮਿਲਵਾਕੀ ਵੀ ਜਾਣਗੇ। ਇਸੇ ਦਿਨ ਸ਼ਾਮ ਨੂੰ ਉਨ੍ਹਾਂ ਦੇ ਸਵਾਗਤ ਲਈ ਇਕ ਸਮਾਗਮ ਸ਼ਿਕਾਗੋ ਰਖਿਆ ਗਿਆ ਹੈ। ਸ਼ਿਕਾਗੋ ਤੋਂ ਵਾਪਸ ਨਿਊ ਯਾਰਕ ਆਉਣ ਪਿਛੋਂ ਉਹ 31 ਦਸੰਬਰ ਨੂੰ ਕੈਲੀਫੋਰਨੀਆ ਪਹੁੰਚ ਜਾਣਗੇ। ਪਹਿਲੀ ਜਨਵਰੀ ਤੋਂ ਪ੍ਰਵਾਸੀ ਪੰਜਾਬੀਆਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਕਰਨਗੇ। ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਅਤੇ ਉਘੇ ਟਰਾਂਸਪੋਰਟਰ ਸ. ਮੰਗਲ ਸਿੰਘ ਭੰਡਾਲ ਨੇ ਸਮੂਹ ਪੰਜਾਬੀਆਂ ਨੂੰ ਸ. ਖਹਿਰਾ ਦੇ ਸਮਾਗਮਾਂ ਵਿਚ ਪਹੁੰਚਣ ਦੀ ਅਪੀਲ ਕੀਤੀ ਹੈ। ਸ. ਖਹਿਰਾ ਦੇ ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਫੋਨ 831-247-4637 ਜਾਂ 831-988-0724 ਰਾਹੀਂ ਹਾਸਲ ਕੀਤੀ ਜਾ ਸਕਦੀ ਹੈ।

## ਪੰਜਾਬੀਆਂ ਦੀ ਆਪਣੀ ਆਨ ਲਾਈਨ ਸਰਵੇਲੈਂਸ ਸੇਵਾ ਸ਼ੁਰੂ

**ਬੇਕਰਜ਼ਫੀਲਡ (ਮਨਦੀਪ ਮਾਨ):** ਟੈਕਨਾਲੋਜੀ ਦੇ ਖੇਤਰ ਵਿਚ ਪੰਜਾਬੀਆਂ ਨੇ ਹਮੇਸ਼ਾ ਮੱਲਾਂ ਮਾਰੀਆਂ ਹਨ ਅਤੇ ਇਸ ਵਾਰ ਪੰਜਾਬੀਆਂ ਦੀ ਆਪਣੀ ਇਕ ਕੰਪਨੀ ਈਜ਼ੀਚੇਜ਼ ਵਲੋਂ ਤਾਇਵਾਨ ਦੀ ਇਕ ਵੱਡੀ ਕੰਪਨੀ ਨਾਲ ਭਾਈਵਾਲੀ ਤਹਿਤ ਇਕ ਆਨ ਲਾਈਨ ਸਰਵੇਲੈਂਸ ਕੈਮਰਾ ਸਰਵਿਸ ਦਾ ਬਿਜਨਸ ਸ਼ੁਰੂ ਕੀਤਾ ਗਿਆ ਹੈ ਜਿਸ ਨੂੰ ਇਸ ਦੇ ਸ਼ੁਰੂਆਤੀ ਦਿਨਾਂ ਵਿਚ ਹੀ ਭਰਵਾਂ ਸਹਿਯੋਗ ਮਿਲਿਆ ਹੈ। ਇਸ ਸੇਵਾ ਦਾ ਲਾਭ ਉਠਾ ਕੇ ਕੋਈ ਵੀ ਵਿਅਕਤੀ ਜਾਂ ਸਟੋਰ ਮਾਲਕ ਆਈ ਫੋਨ ਜਾਂ ਬਲੈਕਬੈਰੀ ਫੋਨ ਰਾਹੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠ ਕੇ ਆਪਣੇ ਬਿਜਨਸ ਉਪਰ ਲਗਾਤਾਰ ਬਾਜ ਅੱਖ ਰੱਖ ਸਕਦਾ ਹੈ।




ਕੰਪਨੀ ਦੇ ਇਕ ਬੁਲਾਰੇ ਨੇ ਦੱਸਿਆ ਕਿ ਅਤਿ ਆਧੁਨਿਕ ਤਕਨਾਲੋਜੀ ਨਾਲ ਲੈਸ ਸਰਵੇਲੈਂਸ ਕੈਮਰੇ ਦਿਨੇ ਅਤੇ ਰਾਤ ਇਕੋ ਜਿਹਾ ਕੰਮ ਕਰਦੇ ਹਨ ਅਤੇ ਇਨ੍ਹਾਂ ਦੀ ਰੇਂਜ 40 ਫੁੱਟ ਤੋਂ 400 ਫੁੱਟ ਤੱਕ ਹੈ। ਇਕ ਛੋਟੀ ਜਿਹੀ ਫਲੈਸ਼ ਡਰਾਈਵ ਵਿਚ ਤੁਸੀਂ ਆਪਣੇ ਬਿਜਨਸ ਦਾ 2 ਹਫਤਿਆਂ ਤੋਂ ਲੈ ਕੇ ਇਕ ਸਾਲ ਤੱਕ ਦਾ ਰਿਕਾਰਡ ਦੇਖ ਸਕਦੇ ਹੋ। ਇਹ ਸਿਸਟਮ ਆਨ ਲਾਈਨ ਵੀ ਖਰੀਦਿਆ ਜਾ ਸਕਦਾ ਹੈ। ਬੁਲਾਰੇ ਨੇ ਦਾਅਵਾ ਕੀਤਾ ਕਿ ਸਿਸਟਮ ਦੀਆਂ ਕੀਮਤਾਂ ਵੀ ਬਹੁਤ ਵਾਜਬ ਰੱਖੀਆਂ ਗਈਆਂ ਹਨ ਤਾਂ ਜੋ ਇਹ ਹਰ ਕਿਸੇ ਨੂੰ ਉਪਲਬਧ ਹੋ ਸਕੇ। ਇਸ ਕੰਪਨੀ ਅਤੇ ਸਿਸਟਮ ਬਾਰੇ ਹੋਰ ਜਾਣਕਾਰੀ ਫੋਨ 1-800-235-1391 ਜਾਂ ਵੈਬਸਾਈਟ www.ezchase.com ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਨਰਿੰਦਰ ਸਿੰਘ ਸਰਾਂ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਨਵੇਂ ਪ੍ਰਧਾਨ

**ਸ਼ਿਕਾਗੋ:** ਸ. ਨਰਿੰਦਰ ਸਿੰਘ ਸਰਾਂ ਨੂੰ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਦਾ ਸਰਬਸੰਮਤੀ ਨਾਲ ਪ੍ਰਧਾਨ ਬਣਾਇਆ ਗਿਆ ਹੈ ਜਦੋਂਕਿ ਕਲੱਬ ਦਾ ਚੇਅਰਮੈਨ ਰਣਬੀਰ ਸਿੰਘ ਧਾਲੀਵਾਲ (ਬੈਟਲਕਰੀਕ, ਮਿਸ਼ੀਗਨ) ਨੂੰ ਬਣਾਇਆ ਗਿਆ ਹੈ।



ਇਹ ਜਾਣਕਾਰੀ ਮੌਜੂਦਾ ਪ੍ਰਧਾਨ ਸ. ਅਮਰਦੇਵ ਸਿੰਘ ਬਦੇਸਾ ਨੇ ਦਿੰਦਿਆਂ ਦੱਸਿਆ ਕਿ ਇਸ ਸਬੰਧੀ ਫੈਸਲਾ ਕਲੱਬ ਦੀ ਇਕ ਮੀਟਿੰਗ ਵਿਚ ਲਿਆ ਗਿਆ।

ਇਸ ਮੀਟਿੰਗ ਵਿਚ ਕਲੱਬ ਵਲੋਂ 2011 ਵਿਚ ਕਬੱਡੀ ਕੱਪ ਟੂਰਨਾਮੈਂਟ ਲੇਬਰ ਡੇਅ ਵੀਕਐਂਡ 'ਤੇ 4 ਸਤੰਬਰ ਨੂੰ ਕਰਵਾਉਣ ਦਾ ਫੈਸਲਾ ਲਿਆ ਗਿਆ। ਇਸ ਟੂਰਨਾਮੈਂਟ ਵਿਚ ਕਬੱਡੀ ਦਾ ਪਹਿਲਾ ਇਨਾਮ ਵਾਕੀਗਨ (ਇਲੀਨਾਏ) ਦੇ ਗਿੱਲ ਭਰਾਵਾਂ (ਪਿੰਡ ਗਿੱਲ, ਲੁਧਿਆਣਾ) ਵਲੋਂ ਦਿੱਤਾ ਜਾਏਗਾ। ਦੂਜਾ ਇਨਾਮ ਜਸਪਾਲ ਸਿੰਘ ਪੂਨੀਆਂ ਵਲੋਂ ਆਪਣੇ ਦਾਦਾ ਜੀ ਸਵਰਗੀ ਸ. ਗੁਰਦੇਵ ਸਿੰਘ ਪੂਨੀਆਂ ਦੀ ਯਾਦ ਵਿਚ ਦਿੱਤਾ ਜਾਏਗਾ। ਇਸ ਤੋਂ ਬਿਨਾ ਮਿਡਵੈਸਟ ਦੀਆਂ ਲੋਕਲ ਟੀਮਾਂ ਲਈ ਇਨਾਮ ਕਰਾਊਨ ਪੁਆਇੰਟ, ਇੰਡੀਆਨਾ ਦੇ ਸ. ਰਾਜਿੰਦਰ ਸਿੰਘ ਬੈਂਸ ਅਤੇ ਮਨਦੀਪ ਸਿੰਘ ਭੂਰਾ ਵਲੋਂ ਦਿੱਤਾ ਜਾਏਗਾ।

Law Office of Navdeep S. Jhaj

Immigration Law Attorney

General Legal Practice

Estate Planning
Personal Injury
Bankruptcy

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ



Navdeep S. Jhaj

Member, American Immigration Lawyers Association

1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com

ਓਨਰ ਅਪਰੇਟਰ ਅਤੇ ਡਰਾਈਵਰ

ਚਾਹੀਦੇ ਹਨ

ਰੀਫਰ ਅਤੇ ਡਰਾਈ ਲੋਡ

*Fuel advance
*We pay every 15 days (after complete paper work). Every 1st & 15 of month.
*We pay for toll and help for repair on road
*No forced dispatch


ਸਾਡੇ ਕੋਲ ਮਿਡਵੈਸਟ ਤੋਂ ਕੈਲੀਫੋਰਨੀਆ, ਮਿਡਵੈਸਟ ਤੋਂ ਟੈਕਸਸ, ਮਿਡਵੈਸਟ ਤੋਂ ਨਾਰਥ-ਈਸਟ, ਨਾਰਥ-ਈਸਟ ਤੋਂ ਕੈਲੀਫੋਰਨੀਆ ਰੂਟ ਹਨ

ਸੰਪਰਕ ਕਰੋ-ਫੋਨ:317-702-6452

Somal Trucking Company
Novelsville, IN, Ph:317-702-6452

# ਆਖ਼ਰ ਕੌਣ ਹੈ ਬਹੁਰੂਪੀਆ ਮਨਜੀਤ ਸਿੰਘ ਰੱਤੂ?

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਇੱਥੇ ਪੰਚਕੂਲਾ ਤੋਂ ਮੋਬਾਈਲ ਵਿਕਰੇਤਾ ਨਾਲ ਠੱਗੀ ਮਾਰਨ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਮਨਜੀਤ ਸਿੰਘ ਰੱਤੂ ਬਾਰੇ ਅਨੇਕਾਂ ਰਾਜ਼ ਖੁੱਲ੍ਹੇ ਹਨ। ਇਨ੍ਹਾਂ ਸਨਸਨੀਖੇਜ ਖੁਲਾਸਿਆਂ ਨਾਲ ਇਹ ਭੰਬਲਭੂਲਾ ਪੈਦਾ ਹੋ ਗਿਆ



ਸੌ ਦਿਨ ਚੋਰ ਦੇ ਇਕ ਦਿਨ ਸਾਧ ਦਾ: ਮਨਜੀਤ ਰੱਤੂ ਪੰਚਕੂਲਾ 'ਚ ਗ੍ਰਿਫਤਾਰ

ਹੈ ਕਿ ਆਖ਼ਰ ਰੱਤੂ ਦੀ ਅਸਲੀਅਤ ਕੀ ਹੈ? ਇਹ ਵੀ ਚਰਚਾ ਹੈ ਕਿ ਉਹ ਖੁਫੀਆ ਏਜੰਸੀਆਂ ਦਾ ਏਜੰਟ ਹੈ ਤੇ ਉਸ ਦੀ ਬਦੌਲਤ ਹੀ ਅੰਮ੍ਰਿਤਸਰ ਦਾ ਨੌਜਵਾਨ ਸਰਬਜੀਤ ਸਿੰਘ ਪਾਕਿਸਤਾਨ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ।

ਸਰਬਜੀਤ ਸਿੰਘ ਦੇ ਵਕੀਲ ਨੇ ਦਾਅਵਾ ਕੀਤਾ ਹੈ ਕਿ ਮਨਜੀਤ ਸਿੰਘ ਰੱਤੂ ਹੀ ਅਸਲ ਵਿਚ ਸਰਬਜੀਤ ਹੈ। ਉਸ ਦੀ ਥਾਂ 'ਤੇ ਪਾਕਿਸਤਾਨ ਵਿਚ ਸਰਬਜੀਤ ਜਾਸੂਸੀ ਦੇ ਦੋਸ਼ ਵਿਚ ਸਜ਼ਾ ਭੁਗਤ ਰਿਹਾ ਹੈ। ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਨੇ ਕਿਹਾ ਕਿ ਮਨਜੀਤ ਸਿੰਘ ਹੀ ਉਹ ਮੁਲਜ਼ਮ ਹੈ ਜਿਸ ਦੇ ਗੁਨਾਹਾਂ ਦੀ ਸਜ਼ਾ ਉਸ ਦਾ ਭਰਾ ਕੱਟ ਰਿਹਾ ਹੈ। ਦਲਬੀਰ ਕੌਰ ਨੇ ਕਿਹਾ ਕਿ ਸਰਬਜੀਤ ਸਰਹੱਦ ਨੇੜੇ ਰਹਿੰਦਾ ਸੀ ਤੇ ਉਹ ਗਲਤੀ ਨਾਲ ਪਾਕਿਸਤਾਨ ਵਿਚ ਦਾਖਲ ਹੋ ਗਿਆ। ਇਸ ਤੋਂ ਬਾਅਦ ਉਸ ਨੂੰ ਫੜ ਕੇ ਪਾਕਿਸਤਾਨ ਵਿਚ ਹੋਏ ਬੰਬ ਧਮਾਕਿਆਂ ਦੇ ਮਾਮਲੇ ਵਿਚ ਫਸਾ ਦਿੱਤਾ ਗਿਆ ਪਰ ਅਸਲੀ ਦੋਸ਼ੀ ਮਨਜੀਤ ਸਿੰਘ ਹੈ।

ਰੱਤੂ ਦਾ ਦੋ ਦਿਨਾ ਪੁਲੀਸ ਰਿਮਾਂਡ ਪੂਰਾ ਹੋਣ ਤੋਂ ਬਾਅਦ 19 ਦਸੰਬਰ ਨੂੰ ਜਲੰਧਰ ਪੁਲੀਸ ਉਸ ਨੂੰ ਲੈ ਗਈ। ਜਲੰਧਰ ਵਿਚ ਰੱਤੂ ਖ਼ਿਲਾਫ਼ ਕਬੂਤਰਬਾਜ਼ੀ ਦਾ ਮਾਮਲਾ ਦਰਜ ਹੈ। ਉਸ 'ਤੇ ਜਲੰਧਰ ਵਿਚ ਕਿਸੇ ਵਿਅਕਤੀ ਨੂੰ ਵਿਦੇਸ਼ ਭੇਜਣ ਲਈ 16 ਲੱਖ ਦੀ ਕਥਿਤ ਠੱਗੀ ਕਰਨ ਦਾ ਮਾਮਲਾ ਦਰਜ ਹੈ।

ਪੰਚਕੂਲਾ ਪੁਲੀਸ ਨੇ ਰੱਤੂ ਨੂੰ ਦੀਪ ਕਮਿਊਨੀਕੇਸ਼ਨ ਮੋਬਾਈਲ ਸ਼ਾਪ ਦੇ ਮਾਲਕ ਦਲਜੀਤ ਸਿੰਘ ਦੀ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫਤਾਰ ਕੀਤਾ ਹੈ। ਮਨਜੀਤ ਸਿੰਘ ਨੇ ਇਥੋਂ 10 ਮੋਬਾਈਲ ਲਏ ਸਨ ਤੇ ਇਸ ਬਦਲੇ 26 ਹਜ਼ਾਰ 600 ਰੁਪਏ ਦਾ ਚੈਕ ਦਿੱਤਾ ਸੀ ਜਿਹੜਾ ਬਾਊਂਸ ਹੋ ਗਿਆ। ਪੁਲੀਸ ਨੇ ਉਸ ਕੋਲੋਂ ਲਾਂਸਰ ਕਾਰ ਤੋਂ ਇਲਾਵਾ ਅੱਧੀ ਦਰਜਨ ਤੋਂ ਵੱਧ ਵਿਦੇਸ਼ੀ ਬੈਂਕਾਂ ਦੇ ਏ.ਟੀ.ਐਮ. ਕਾਰਡ, ਪੱਤਰਕਾਰੀ ਨਾਲ ਸਬੰਧਤ ਕਾਰਡ ਤੇ ਚੈਕ ਬੁੱਕ ਵੀ ਬਰਾਮਦ ਕੀਤੀ ਹੈ। ਉਸ ਦੇ ਦੋ ਭਰਾ ਉਚ ਅਹੁਦਿਆਂ ਉਤੇ ਤਾਇਨਾਤ ਹਨ। ਰੱਤੂ ਅੱਜ-ਕੱਲ੍ਹ ਚੰਡੀਗੜ੍ਹ ਦੇ ਸੈਕਟਰ-35 ਵਿਚ ਕੋਠੀ ਕਿਰਾਏ 'ਤੇ ਲੈ ਕੇ ਰਹਿੰਦਾ ਸੀ।

ਚੰਡੀਗੜ੍ਹ ਤੇ ਪੰਚਕੂਲਾ ਤੋਂ ਇਲਾਵਾ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਪਾਕਿਸਤਾਨ ਤੱਕ 'ਚ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਰੱਤੂ ਖ਼ਿਲਾਫ਼ ਕੈਨੇਡਾ ਵਿਚ ਵੀ ਕਈ ਮਾਮਲੇ ਦਰਜ ਹਨ। ਨਵੀਂ ਥਾਂ 'ਤੇ ਜਾ ਕੇ ਨਵਾਂ ਵਿਆਹ ਕਰਵਾਉਣਾ ਉਸ ਦੇ ਸ਼ੌਕ ਤੇ ਪੇਸ਼ੇ ਦੋਵਾਂ ਲਈ ਲਾਹੇਵੰਦ ਰਹਿੰਦਾ ਸੀ। ਇਸੇ ਲਈ ਉਸ ਨੇ ਪਾਕਿਸਤਾਨ ਵਿਚ ਨਵੇਦਾ ਨਾਂ ਦੀ ਔਰਤ ਨਾਲ ਵਿਆਹ ਕਰਵਾਇਆ ਜਿਸ ਤੋਂ ਉਸ ਦਾ 8 ਸਾਲ ਦਾ ਬੱਚਾ ਹੈ ਤੇ ਕੈਨੇਡਾ 'ਚ ਉਸ ਨੇ ਆਸਮਾ ਸ਼ਾਹ ਉਰਫ ਅੰਮ੍ਰਿਤ ਮਾਨ ਨਾਂ ਦੀ ਔਰਤ ਨਾਲ ਵਿਆਹ ਕਰਵਾ ਕੇ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕੀਤੀ ਜਿਸ ਤੋਂ ਉਸ ਦੇ ਦੋ ਬੱਚੇ ਵੀ ਹਨ। ਫਗਵਾੜਾ ਵਾਸੀ ਬਲਬੀਰ ਕੌਰ ਨਾਲ ਕੀਤੇ ਪਹਿਲੇ ਵਿਆਹ ਤੋਂ ਪੈਦਾ ਹੋਏ ਉਸਦੇ ਦੋ ਬੱਚੇ ਜਵਾਨ ਹੋ ਚੁੱਕੇ ਹਨ। ਇਹ ਵੀ ਪਤਾ ਲੱਗਾ ਹੈ ਕਿ ਰੱਤੂ ਕਈ ਭਾਸ਼ਾਵਾਂ ਜਾਣਦਾ ਹੈ।

ਸੂਤਰਾਂ ਅਨੁਸਾਰ ਮਨਜੀਤ ਸਿੰਘ ਨੇ ਕਈ ਵਿਆਹ ਕੀਤੇ, ਕਈ ਵਾਰ ਆਪਣੇ ਨਾਂ ਬਦਲੇ ਤੇ ਕਈ ਦੇਸ਼ਾਂ 'ਚ ਰਿਹਾ। ਮਨਜੀਤ ਸਿੰਘ ਦੀ ਪਹਿਲੀ ਪਤਨੀ ਦਾ ਨਾਂ ਬਲਬੀਰ ਕੌਰ ਸੀ ਜੋ ਪਿੰਡ ਚੱਕ ਦੇਸਰਾਜ ਵਿਚ ਰਹਿੰਦੀ ਸੀ। ਉਸ ਨਾਲ ਉਸਦਾ ਵਿਆਹ 27 ਜੂਨ 1984 ਨੂੰ ਹੋਇਆ ਸੀ ਬਾਅਦ 'ਚ ਰੱਤੂ ਪਾਕਿਸਤਾਨ ਚਲਾ ਗਿਆ। ਪਾਕਿਸਤਾਨ ਵਿਚ ਉਸਨੇ ਸਜਦਾ ਸੁਲਤਾਨਾ ਨਾਲ ਵਿਆਹ ਰਚਾਇਆ ਜਿਸ ਦੀਆਂ ਤਸਵੀਰਾਂ ਵੀ ਮੁਹੱਈਆ




ਮਨਜੀਤ ਰੱਤੂ ਦੇ ਵੱਖ ਵੱਖ ਰੂਪ

ਹਨ। ਟੋਰਾਂਟੋ ਵਿਚ ਮਨਜੀਤ ਸਿੰਘ ਉਰਫ ਮੁਮਤਾਜ ਸ਼ਰੀਫ ਉਰਫ ਮੁਹੰਮਦ ਸ਼ਰੀਫ ਰੱਤੂ ਨੂੰ 10 ਹਜ਼ਾਰ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਮੋਹਾਲੀ ਵਿਚ ਉਹ ਆਰ. ਅਹਿਮਦ ਦੇ ਨਾਂ ਨਾਲ ਰਹਿੰਦਾ ਰਿਹਾ ਹੈ। ਅਹਿਮਦ ਦੀ ਭਾਲ ਵਿਚ ਪੁਲੀਸ ਵੱਲੋਂ ਉਸ ਵੇਲੇ ਕਈ ਥਾਂਵਾਂ 'ਤੇ ਛਾਪੇਮਾਰੀ ਕੀਤੀ ਗਈ ਸੀ।

ਰੱਤੂ ਦੀ ਨਾਮੀ ਪਰਵਾਸੀ ਭਾਰਤੀ ਸਿਆਸਤਦਾਨਾਂ ਨਾਲ ਨੇੜਤਾ ਵੀ ਜ਼ਾਹਰ ਹੋਈ ਹੈ। ਮਨਜੀਤ ਰੱਤੂ ਨੇ ਸਮੇਂ-ਸਮੇਂ ਕੈਨੇਡਾ ਵਿਚ ਕਈ ਅਖ਼ਬਾਰਾਂ ਸ਼ੁਰੂ ਕੀਤੀਆਂ ਜਿਨ੍ਹਾਂ ਦੇ ਉਦਘਾਟਨੀ ਸਮਾਗਮਾਂ 'ਚ ਭਾਰਤ ਦੇ ਕੌਂਸਲ ਜਨਰਲ ਰਹੇ ਸ੍ਰੀ ਆਰ ਮਹਿਤਾ, ਉਂਟਾਰੀਓ ਦੇ ਮੰਤਰੀ ਸ੍ਰੀ ਹਰਿੰਦਰ ਤੱਖਰ, ਐਮ.ਪੀ. ਡਾ. ਰੂਬੀ ਢੱਲਾ ਸਣੇ ਨਾਮਵਰ ਲੀਡਰ ਸ਼ਾਮਲ ਹੁੰਦੇ ਰਹੇ ਹਨ। ਸੂਤਰਾਂ ਅਨੁਸਾਰ 18 ਨਵੰਬਰ 1998 ਨੂੰ 'ਇੰਡੋ ਕੈਨੇਡੀਅਨ ਟਾਈਮਜ਼' ਦੇ ਸੰਪਾਦਕ ਤਾਰਾ ਸਿੰਘ ਹੇਅਰ ਦੀ ਹੱਤਿਆ ਸਮੇਂ ਵੀ ਮਨਜੀਤ ਰੱਤੂ ਦੀ ਭੂਮਿਕਾ ਸ਼ੱਕੀ ਰਹੀ ਹੈ। ਹੇਅਰ ਦੀ ਹੱਤਿਆ ਮਗਰੋਂ ਰੌਇਲ ਕੈਨੇਡੀਅਨ ਮਾਉਂਟਿਡ ਪੁਲਿਸ ਨੇ ਰੱਤੂ ਦੀ ਭਾਲ ਸ਼ੁਰੂ ਕਰ ਦਿੱਤੀ ਸੀ ਪਰ ਉਦੋਂ ਤੱਕ ਉਹ ਵੈਨਕੂਵਰ ਇਲਾਕਾ ਛੱਡ ਕੇ ਟੋਰਾਂਟੋ ਜਾ ਚੁੱਕਾ ਸੀ। ਮਨਜੀਤ ਰੱਤੂ ਵਲੋਂ 'ਪਰਦੇਸ ਇੰਟਰਨੈਸ਼ਨਲ', 'ਦਾ ਮਿਸੀਸਾਗਾ ਸਿਟੀਜ਼ਨ', 'ਖ਼ਾਲਸਾ ਸਮਾਚਾਰ' ਤੇ 'ਦਾ ਫਾਈਨੈਂਸ਼ੀਅਲ ਗਾਰਡੀਅਨ' ਆਦਿ ਪਰਚੇ ਪ੍ਰਕਾਸ਼ਿਤ ਕਰਕੇ ਵੀ ਪੰਜਾਬੀ ਪਾਠਕਾਂ ਤੇ ਵਪਾਰੀਆਂ ਨੂੰ ਕਈ ਵਾਰ ਠੱਗੇ ਜਾਣ ਦੀਆਂ ਘਟਨਾਵਾਂ ਕੈਨੇਡਾ 'ਚ ਵਾਪਰ ਚੁੱਕੀਆਂ ਹਨ। ਕੈਨੇਡਾ 'ਚ ਉਸ 'ਤੇ 'ਨੈਕਸਜਨ ਕੰਪਿਊਟਰ' ਕੰਪਨੀ ਨਾਲ 30,000 ਡਾਲਰ, 'ਸੰਧਰ ਫਰਨੀਚਰ' ਨਾਲ 15,000 ਡਾਲਰ, 'ਵੇਡਾਰਸ ਸਕਿਉਰਿਟੀ ਸਿਸਟਮ' ਨਾਲ 15,000 ਡਾਲਰ ਦੀ ਜਾਅਲੀ ਡਰਾਫਟਾਂ ਦੀ ਠੱਗੀ ਮਾਰਨ ਦੇ ਦੋਸ਼ ਲੱਗੇ ਤੇ ਕੈਲਗਰੀ ਤੋਂ ਗੰਭੀਰ ਦੋਸ਼ਾਂ ਮਗਰੋਂ ਦੇਸ਼ ਨਿਕਾਲੇ ਦੇ ਹੁਕਮ ਦਿੱਤੇ ਗਏ ਸਨ।

ਦੂਜੇ ਪਾਸੇ ਚੰਡੀਗੜ੍ਹ ਦੇ ਸੈਕਟਰ 35 ਵਿਚ ਰਹਿ ਕੇ ਖੁਫੀਆ ਵਿਭਾਗ ਦੇ ਨੱਕ ਹੇਠ ਲੋਕਾਂ ਨਾਲ ਠੱਗੀਆ ਮਾਰਨ ਵਾਲੇ ਅੰਤਰਰਾਸ਼ਟਰੀ ਠੱਗ ਤੇ ਬੇਅੰਤ ਸਿੰਘ ਕਤਲ ਕਾਂਡ ਵਿਚ ਲੋੜੀਦੇ ਮਨਜੀਤ ਸਿੰਘ ਰੱਤੂ ਨੂੰ ਪੰਚਕੂਲਾ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਨਾ ਸੀ.ਆਈ.ਡੀ. ਵਿਭਾਗ ਦੀ ਮਹਾ-ਨਾਲਾਇਕੀ ਗਿਣਿਆ ਜਾ ਰਿਹਾ ਹੈ ਕਿਉਂਕਿ ਰੱਤੂ ਵੱਲੋਂ ਚੰਡੀਗੜ੍ਹ ਦੇ ਸੈਕਟਰ 17 ਦੀ ਗਰਗ ਏਜੰਸੀ, ਸੈਕਟਰ 20 ਦੀ 'ਕੰਪਿਊਟਰ ਸ਼ਾਪ' ਤੇ ਜਲੰਧਰ ਤੇ ਪਟਿਆਲਾ ਦੇ ਦੋ ਨੌਜਵਾਨਾ ਤੋਂ ਲੱਖਾਂ ਰੁਪਏ ਠੱਗਣ ਉਪਰੰਤ ਉਨ੍ਹਾਂ ਨੂੰ ਦਿੱਤੇ ਚੈਕ ਵੀ ਫੇਲ੍ਹ ਹੋ ਜਾਣ 'ਤੇ ਰੱਤੂ ਚੰਡੀਗੜ੍ਹ ਵਿਚ ਹੀ ਵਿਚਰਦਾ ਰਿਹਾ ਸੀ।

ਇਹ ਗੱਲ ਵੀ ਸਾਹਮਣੇ ਆਈ ਹੈ ਕਿ ਨਵੰਬਰ 2010 ਵਿਚ ਯੂ.ਕੇ. ਸਰਕਾਰ ਵੱਲੋਂ ਮਨਜੀਤ ਸਿੰਘ ਨਾਂ ਦੇ ਲੰਦਨ ਨਿਵਾਸੀ ਪੰਜਾਬੀ ਨੂੰ ਚੀਨ ਦਾ ਰਾਜਦੂਤ ਨਿਯੁਕਤ ਕੀਤੇ ਜਾਣ ਪਿੱਛੋਂ ਰੱਤੂ ਨੇ ਕਈ ਲੋਕਾਂ ਨੂੰ ਆਪਣੀ ਪਛਾਣ ਉਸੇ ਮਨਜੀਤ ਸਿੰਘ ਵਜੋਂ ਦੇਣੀ ਸ਼ੁਰੂ ਕਰ ਦਿੱਤੀ ਸੀ ਤੇ ਖੁਦ ਨੂੰ ਰਾਜਦੂਤ ਦੱਸਣਾ ਸ਼ੁਰੂ ਕਰ ਦਿੱਤਾ ਸੀ। ਹਾਲਾਂਕਿ ਅਸਲ ਰਾਜਦੂਤ ਮਨਜੀਤ ਸਿੰਘ ਨੇ ਅਜੇ ਜਨਵਰੀ 2011 ਵਿਚ ਅਹੁਦਾ ਸੰਭਾਲਣਾ ਹੈ। ਕਈ ਮੀਡੀਆ ਏਜੰਸੀਆਂ ਵਿਚ ਕੰਮ ਕਰ ਚੁੱਕਿਆ ਰੱਤੂ ਨਾ ਸਿਰਫ ਸਰਕਾਰੀ ਕੰਮਕਾਜ ਤੇ ਢਾਂਚੇ ਦਾ ਜਾਣਕਾਰ ਸੀ ਬਲਕਿ ਇਸੇ ਆਧਾਰ 'ਤੇ ਉਸ ਨੇ ਕਈ ਨੇਤਾਵਾਂ ਤੇ ਅਫਸਰਾਂ ਨਾਲ ਵੀ ਪਛਾਣ ਬਣਾ ਰੱਖੀ ਸੀ। ਰੱਤੂ ਉਪਰ ਕੇਂਦਰੀ ਖੁਫੀਆ ਏਜੰਸੀਆਂ ਦਾ 'ਬੰਦਾ' ਹੋਣ ਦੇ ਦੋਸ਼ ਵੀ ਲੱਗਦੇ ਰਹੇ ਹਨ ਤੇ ਪੰਜਾਬ ਪੁਲਿਸ ਦਾ ਵੀ ਉਸ ਨੂੰ ਖਾਸ ਸਮਝਿਆ ਜਾਂਦਾ ਸੀ।

## ਰੱਤੂ ਦੀ ਗ੍ਰਿਫ਼ਤਾਰੀ ਤੋਂ ਬਾਅਦ ਖੁਫ਼ੀਆ ਏਜੰਸੀਆਂ ਹੋਈਆਂ ਸਰਗਰਮ

**ਚੰਡੀਗੜ੍ਹ:** ਮਨਜੀਤ ਸਿੰਘ ਰੱਤੂ 'ਤੇ ਪਿਛਲੇ ਕਈ ਸਾਲਾਂ ਤੋਂ ਪੰਜਾਬ ਪੁਲੀਸ ਸਮੇਤ ਕਈ ਖੁਫ਼ੀਆ ਏਜੰਸੀਆਂ ਵੀ ਨਜ਼ਰ ਰੱਖ ਰਹੀਆਂ ਸਨ। ਭਾਵੇਂ ਪੰਜਾਬ ਦੀਆਂ ਖੁਫ਼ੀਆ ਏਜੰਸੀਆਂ ਰੱਤੂ ਦੀ ਹਰੇਕ ਸਰਗਰਮੀ ਨੂੰ ਨੇੜਿਓਂ ਘੋਖ ਰਹੀਆਂ ਸਨ ਪਰ ਉਹ ਇਸ ਸ਼ਖ਼ਸ ਨੂੰ ਆਪਣੇ ਸ਼ਿਕੰਜੇ ਵਿਚ ਲੈਣ ਦਾ ਕੋਈ ਠੋਸ ਸਬੂਤ ਹਾਸਲ ਕਰਨ 'ਚ ਨਾਕਾਮ ਰਹੀਆਂ। ਪੰਜਾਬ ਪੁਲੀਸ ਦੇ ਸੂਤਰਾਂ ਅਨੁਸਾਰ ਖੁਫ਼ੀਆ ਏਜੰਸੀਆਂ ਪੂਰੀ ਤਰ੍ਹਾਂ ਘੋਖ ਕਰਨ ਲਈ ਹੀ ਉਸ ਉਪਰ ਨੇੜਿਓਂ ਨਜ਼ਰ ਰੱਖਣ ਦੇ ਬਾਵਜੂਦ ਉਸ ਨੂੰ ਖੁੱਲ੍ਹਾ ਛੱਡ ਰਹੀਆਂ ਸਨ। ਹੁਣ ਜਲੰਧਰ ਪੁਲੀਸ ਵੱਲੋਂ ਰੱਤੂ ਨੂੰ ਪੰਚਕੂਲਾ ਪੁਲੀਸ ਤੋਂ ਆਪਣੀ ਹਿਰਾਸਤ ਵਿਚ ਲੈਣ ਤੋਂ ਬਾਅਦ ਪੰਜਾਬ ਪੁਲੀਸ ਵੀ ਹਰਕਤ ਵਿਚ ਆ ਗਈ ਹੈ। ਸੂਤਰਾਂ ਅਨੁਸਾਰ ਚੰਡੀਗੜ੍ਹ ਤੋਂ ਖੁਫ਼ੀਆ ਏਜੰਸੀਆਂ ਦੇ ਕੁਝ ਚੋਣਵੇਂ ਅਧਿਕਾਰੀਆਂ ਨੇ ਜਲੰਧਰ ਜਾ ਕੇ ਰੱਤੂ ਤੋਂ ਪੁੱਛ-ਪੜਤਾਲ ਕੀਤੀ ਹੈ ਕਿਉਂਕਿ ਪਿਛਲੇ ਸਮੇਂ ਤੋਂ ਹੀ ਪੰਜਾਬ ਪੁਲੀਸ ਇਹ ਦੋਸ਼ ਲਾਉਂਦੀ ਆ ਰਹੀ ਹੈ ਕਿ ਰੱਤੂ ਦੇ ਕਿਸੇ ਨਾ ਕਿਸੇ ਢੰਗ ਨਾਲ ਪੰਜਾਬ ਦੇ ਖਾੜਕੂਆਂ ਨਾਲ ਵੀ ਸਬੰਧ ਰਹੇ ਹਨ।

ਇਸ ਤੋਂ ਇਲਾਵਾ ਖੁਫ਼ੀਆ ਏਜੰਸੀਆਂ ਦੇ ਖਾਤਿਆਂ ਅਨੁਸਾਰ 31 ਅਗਸਤ 1995 ਨੂੰ ਇਥੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੌਰਾਨ ਵੀ ਰੱਤੂ ਚੰਡੀਗੜ੍ਹ ਹੀ ਸੀ। ਇਸ ਮਾਮਲੇ ਵਿਚ ਚੰਡੀਗੜ੍ਹ ਪੁਲੀਸ ਤੇ ਸੀ.ਬੀ.ਆਈ. ਵੀ ਬੇਅੰਤ ਹੱਤਿਆ ਕਾਂਡ ਦੀਆਂ ਜਾਂਚ ਰਿਪੋਰਟਾਂ ਵਾਚਣ ਲੱਗ ਪਈ ਹੈ।

ਖੁਫ਼ੀਆ ਏਜੰਸੀਆਂ ਅਨੁਸਾਰ ਰੱਤੂ 1986 ਦੌਰਾਨ ਆਪਣੇ ਪਿੰਡ ਰਾਮੂਵਾਲ ਤੋਂ ਜਲੰਧਰ ਆ ਕੇ ਬਤੌਰ ਪੱਤਰਕਾਰ ਵਿਚਰਨ ਲੱਗ ਪਿਆ ਸੀ। ਸਾਲ 1991 ਦੌਰਾਨ ਉਸ 'ਤੇ ਕੁਝ ਖਾਲਿਸਤਾਨੀ ਸੰਗਠਨਾਂ ਨਾਲ ਮਿਲ ਕੇ ਫਿਰੌਤੀ ਲੈਣ ਦੇ ਦੋਸ਼ ਵੀ ਲੱਗੇ ਸਨ। ਰੱਤੂ 1990 ਵਿਚ ਪਾਕਿਸਤਾਨ ਗਿਆ ਸੀ ਤੇ ਉਥੇ ਉਸ ਦਾ ਮੇਲ ਸਾਜਦਾ ਸੁਲਤਾਨਾ ਨਾਲ ਹੋਇਆ ਸੀ। ਇਸ ਤੋਂ ਬਾਅਦ ਉਸ ਨੇ ਇਸਲਾਮ ਕਬੂਲ ਕੇ ਉਸ ਨਾਲ ਵਿਆਹ ਕਰਵਾ ਲਿਆ ਸੀ। ਰੱਤੂ 1990 ਤੋਂ 1995 ਤੱਕ ਆਪਣੀ ਪਤਨੀ ਨਾਲ ਕਈ ਵਾਰ ਪਾਕਿਸਤਾਨ ਗਿਆ ਸੀ। ਫਿਰ 1992 ਵਿਚ ਉਹ ਯੂ.ਕੇ. ਚਲਾ ਗਿਆ ਤੇ ਉਥੇ ਪੰਜਾਬ ਇੰਟਰਨੈਸ਼ਨਲ ਟਾਈਮਜ਼ ਅਖ਼ਬਾਰ ਸ਼ੁਰੂ ਕੀਤਾ। ਉਹ ਮੁੜ ਯੂ.ਕੇ. ਆ ਗਿਆ ਤੇ ਇਕ ਅਖ਼ਬਾਰ ਦਾ ਕੰਮ ਸ਼ੁਰੂ ਕਰ ਦਿੱਤਾ। ਸਾਲ 1997 ਵਿਚ ਰੱਤੂ ਕੈਨੇਡਾ ਵਿਚ ਪੁੱਜਾ ਤੇ ਉਥੇ ਉਸ ਨੇ ਸ਼ਰਨਾਰਥੀ ਦੇ ਤੌਰ 'ਤੇ ਰਹਿਣ ਦੀ ਅਰਜ਼ੀ ਪਾਈ। ਇਸ ਤੋਂ ਬਾਅਦ ਉਸ ਨੇ ਆਪਣੀ ਠਾਹਰ ਵੈਨਕੂਵਰ ਵਿਖੇ ਰੱਖੀ ਤੇ ਇੱਕ ਪੰਜਾਬੀ ਅਖ਼ਬਾਰ ਸ਼ੁਰੂ ਕੀਤਾ। ਉਸ ਦਾ ਦਫ਼ਤਰ ਇੰਡੋ-ਕੈਨੇਡੀਅਨ ਟਾਈਮਜ਼ ਅਖ਼ਬਾਰ ਵਾਲੀ ਇਮਾਰਤ ਵਿਚ ਹੀ ਸੀ। ਜ਼ਿਕਰਯੋਗ ਹੈ ਕਿ 18 ਨਵੰਬਰ 1998 ਨੂੰ ਇੰਡੋ-ਕੈਨੇਡੀਅਨ ਟਾਈਮਜ਼ ਦੇ ਸੰਪਾਦਕ ਤਾਰਾ ਸਿੰਘ ਹੇਅਰ ਦੀ ਹੱਤਿਆ ਕਰ ਦਿੱਤੀ ਗਈ ਸੀ।

ਜੂਨ 1999 ਵਿਚ ਕੈਨੇਡਾ ਦੀ ਆਰ.ਸੀ.ਐਮ.ਪੀ. ਪੁਲੀਸ ਨੇ ਉਸ ਨੂੰ ਕਈ ਫਰਾਡਾਂ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ। ਉਦੋਂ ਦੋਸ਼ ਲੱਗੇ ਸਨ ਕਿ ਰੱਤੂ ਕੋਲ ਮੁਮਤਾਜ ਸ਼ਰੀਫ, ਮਨਜੀਤ ਸਿੰਘ ਰੱਤੂ ਤੇ ਅਨਮੋਲ ਸਿੰਘ ਗਿੱਲ (ਯੂ.ਕੇ. ਪਾਸਪੋਰਟ) ਦੇ ਨਾਂ 'ਤੇ ਤਿੰਨ ਪਾਸਪੋਰਟ ਹਨ। ਜ਼ਮਾਨਤ ਹੋਣ ਤੋਂ ਬਾਅਦ ਉਹ ਜਨਵਰੀ 2000 ਵਿਚ ਯੂ.ਕੇ. ਚਲਾ ਗਿਆ ਸੀ। ਫਿਰ ਯੂ.ਕੇ. ਵਿਖੇ ਵੀ ਜੁਲਾਈ 2001 ਵਿਚ ਉਸ ਨੂੰ ਕਈ ਫਰਾਡਾਂ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ। ਸਤੰਬਰ 2001 ਵਿਚ ਰੱਤੂ ਲੰਡਨ ਤੋਂ ਪੰਜਾਬ ਆ ਗਿਆ ਸੀ ਤੇ ਇਥੇ ਚੰਡੀਗੜ੍ਹ ਵਿਖੇ ਉਸ ਨੇ ਆਪਣੀ ਰਿਹਾਇਸ਼ ਰੱਖੀ ਸੀ। ਉਸ ਦੇ ਇਥੇ ਵੀ ਦੋ ਰਸਾਲੇ ਕੱਢਣ ਦੀ ਜਾਣਕਾਰੀ ਮਿਲੀ ਹੈ। ਸੂਤਰਾਂ ਅਨੁਸਾਰ 2004 'ਚ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਯੂ.ਐਸ.ਦੇ ਦੌਰੇ ਦੌਰਾਨ ਰੱਤੂ ਨੇ ਉਨ੍ਹਾਂ ਦੀ ਪ੍ਰੈਸ ਕਾਨਫਰੰਸ ਵਿਚ ਸ਼ਾਮਲ ਹੋਣ ਦਾ ਵੀ ਅਸਫਲ ਯਤਨ ਕੀਤਾ ਸੀ। ਇਨ੍ਹਾਂ ਹੀ ਸਮਿਆਂ ਵਿਚ ਉਸਨੇ ਨਿਊ ਯਾਰਕ ਤੋਂ ਇਕ ਪੰਜਾਬੀ ਅਖਬਾਰ ਕੱਢਿਆ ਤੇ ਫਿਰ ਕੈਨੇਡਾ ਚਲਾ ਗਿਆ। ਨਿਊ ਯਾਰਕ ਵਿਚ ਵੀ ਉਹ ਕਈਆਂ ਨੂੰ ਰਗੜਾ ਲਾ ਕੇ ਗਿਆ।

## ਉਚ ਅਹੁਦਿਆਂ 'ਤੇ ਤਾਇਨਾਤ ਨੇ ਰੱਤੂ ਦੇ ਭਰਾ

ਮਨਜੀਤ ਰੱਤੂ ਦੇ ਵੱਡੇ ਭਰਾ ਤੇ ਦੂਰਦਰਸ਼ਨ ਚੰਡੀਗੜ੍ਹ ਦੇ ਕੇਂਦਰ ਦੇ ਮੁਖੀ ਡਾ. ਕੇ.ਕੇ. ਰੱਤੂ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਨੇ ਮਨਜੀਤ ਨੂੰ ਇਕ ਦਹਾਕਾ ਪਹਿਲਾਂ ਹੀ ਉਸ ਦੀਆਂ ਮਨਮਾਨੀਆਂ ਤੋਂ ਦੁਖੀ ਹੋ ਕੇ ਬੇਦਖਲ ਕਰ ਦਿੱਤਾ ਸੀ ਕਿਉਂਕਿ ਉਹ ਆਪਣੇ ਪਿਤਾ ਮਰਹੂਮ ਤਹਿਸੀਲਦਾਰ ਚੌਧਰੀ ਡੀ.ਆਰ. ਰੱਤੂ ਸਮੇਤ ਪਰਿਵਾਰ ਦੇ ਹਰੇਕ ਮੈਂਬਰ ਤੋਂ ਬੇਪ੍ਰਵਾਹ ਹੋ ਕੇ ਮਨਮਾਨੀਆਂ ਕਰਦਾ ਸੀ। ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ 60 ਤੋਂ ਵੱਧ ਪੁਸਤਕਾਂ ਲਿਖ ਚੁੱਕੇ ਡਾ. ਰੱਤੂ ਨੇ ਦੱਸਿਆ ਕਿ ਉਹ ਤਾਂ ਪਿਛਲੇ ਢਾਈ ਦਹਾਕਿਆਂ ਤੋਂ ਪੰਜਾਬ ਤੋਂ ਬਾਹਰ ਰਹਿਣ ਕਾਰਨ ਪੂਰੇ ਪਰਿਵਾਰ ਤੋਂ ਹੀ ਕੱਟੇ ਰਹੇ ਹਨ ਤੇ ਹਾਲੇ ਤਿੰਨ ਮਹੀਨੇ ਪਹਿਲਾਂ ਹੀ ਉਨ੍ਹਾਂ ਦੀ ਇੱਥੇ ਨਿਯੁਕਤੀ ਹੋਈ ਹੈ। ਦੱਸਣਯੋਗ ਹੈ ਕਿ ਡਾ. ਰੱਤੂ ਪੀ.ਐਚ.ਡੀ. ਹਨ ਤੇ ਨੀਦਰਲੈਂਡ ਯੂਨੀਵਰਸਿਟੀ ਤੋਂ ਡੀ. ਲਿਟ ਵੀ ਕਰ ਚੁੱਕੇ ਹਨ। ਜਦਕਿ ਉਨ੍ਹਾਂ ਦਾ ਛੋਟਾ ਭਰਾ ਕਮਲਜੀਤ ਸਿੰਘ ਅਲਾਹਾਬਾਦ (ਉਤਰ ਪ੍ਰਦੇਸ਼) ਵਿਚ ਪ੍ਰਿੰਸੀਪਲ ਆਡਿਟ ਜਨਰਲ ਦੇ ਉਚ ਅਹੁਦੇ 'ਤੇ ਤਾਇਨਾਤ ਹੈ। ਉਨ੍ਹਾਂ ਦੇ ਦਾਮਾਦ ਐਸ.ਐਚ. ਵਿਰਦੀ ਭਾਰਤ ਸਰਕਾਰ ਦੇ ਯੋਜਨਾ ਕਮਿਸ਼ਨ ਦੇ ਜੁਆਇੰਟ ਡਾਇਰੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ।




* 6-Apt Building in Arlington Heights for $429,000+.

BUY HOME NOW !!!

INTEREST RATES at 4.5%

Home Prices 25% below High!

Don't miss an Opportunity in Your Life time

Call:Madan Khatri

1-847-530-1550

www.PropertyZoo.com

***Motel available in Central Iowa 34 Rooms & 3-BR apt. Positive Cash flow, For $399K.

Houses, Townhomes, Apts & Businesses/Land

Prudential at 25 Turner Ave, Elk Grove Village, IL

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਕਾਲਜ ਕੌਂਸਲ ਦਾ ਪ੍ਰਧਾਨ ਚੁਣੇ ਜਾਣ ‘ਤੇ ਜਥੇਦਾਰ ਵਡਾਲਾ ਦਾ ਸਨਮਾਨ**

-ਫਿਰ ਅਹੁਦੇ ਦਾ ਸਨਮਾਨ ਕਹੋ! ਜਥੇਦਾਰ ਵਡਾਲਾ ਤਾਂ ਪਹਿਲਾਂ ਵੀ ਜਲੰਧਰ ਵਿਚ ਤੁਰਿਆ ਫਿਰਦਾ ਸੀ। ਉਦੋਂ ਨ੍ਹੀਂ ਕਿਸੇ ਨੇ ਕਰ‘ਤਾ ਸਨਮਾਨ।

***ਜੋੜ ਮੇਲੇ ਸਿਰਫ ਮੱਥਾ ਟੇਕਣ ਲਈ ਨਹੀਂ ਹੁੰਦੇ-ਮੱਕੜ**

-ਸਾਨੂੰ ਪਤੈ, ਇਹ ਲੀਡਰਾਂ ਦੇ ਗਪੌੜ ਸੁਣਨ ਲਈ ਵੀ ਹੁੰਦੇ ਐ।

***ਅਰੁੰਧਾਤੀ ਰਾਏ ਤੇ ਗਿਲਾਨੀ ਖਿਲਾਫ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ**

-ਇਕ ਇਸਾਈ, ਦੂਜਾ ਮੁਸਲਮਾਨ-ਦੇਸ਼ ਧ੍ਰੋਹ ਦੇ ਮੁਕੱਦਮੇ ਦੇ ਹੱਕਦਾਰ ਤਾਂ ਪਹਿਲਾਂ ਈ ਐਂ।

***ਉਚਾ ਦਰ ਬਾਬੇ ਨਾਨਕ ਦਾ” ਲਈ ਪੰਜ ਕਰੋੜ ਦੇਣ ਵਾਲੇ ਨੂੰ 10 ਕਰੋੜ ਵੀ ਵਾਪਸ ਮਿਲਣਗੇ ਤੇ ਮਿਊਜ਼ੀਅਮ ਦਾ ਨਾਂ ਵੀ ਉਸ ਦੇ ਨਾਂ ‘ਤੇ ਹੋਵੇਗਾ**

-ਪੰਜ ਕਰੋੜ ਦੇਣ ਵਾਲਾ ਭਾਵੇਂ ਕਾਲਾ ਚੋਰ ਜਾਂ ਸਮਗਲਰ ਹੋਵੇ, ਸਾਨੂੰ ਕੀ, ਸਾਨੂੰ ਤੇ ਸਿਰਫ ਪੈਸਾ ਚਾਹੀਦੈ।

***ਵਾਰਾਣਸੀ ਬੰਬ ਧਮਾਕੇ ਦਾ ਸ਼ੱਕੀ ਮੁੰਬਈ ‘ਚ ਗ੍ਰਿਫਤਾਰ**

-ਕਿੱਥੇ ਵਾਰਾਣਸੀ ਤੇ ਕਿੱਥੇ ਮੁੰਬਈ! ਯਾਨਿ ਜਦ ਸਰਕਾਰ ਫੜ੍ਹਨ ‘ਤੇ ਆ ਜਾਵੇ ਤਾਂ ਦੋਸ਼ੀਆਂ ਨੂੰ ਵੀ ਫੜ੍ਹ ਸਕਦੀ ਐ, ਭਾਵੇਂ ਸ਼ੱਕੀ ਹੋਣ। ਪਰ ਜੇ ਸਰਕਾਰ ਦੀ ਨੀਅਤ ਖੋਟੀ ਹੋਵੇ ਤਾਂ ਦੋਸ਼ੀ ਭਾਵੇਂ ਉਸੇ ਹੀ ਸ਼ਹਿਰ ਵਿਚ ਦਨਦਨਾਉਂਦੇ ਫਿਰਨ। ਜਿਵੇਂ ਦਿੱਲੀ ਵਿਚਲੇ 84 ਵਾਲੇ ਕੇਸ ਨਾਲ ਹੋਇਐ।

***ਅਗਲੇ 10 ਸਾਲਾਂ ‘ਚ ਅੱਧੇ ਅਮਰੀਕਾ ਨੂੰ ਹੋ ਸਕਦੈ ਸ਼ੱਕਰ ਰੋਗ**

-ਸੋ, ਜਿੰਨਾ ਮਿੱਠਾ ਖਾਣਾ ਪਹਿਲਾਂ ਪਹਿਲਾਂ ਖਾ ਲਓ, ਫੇਰ ਨੀਂ ਖਾ ਹੋਣਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਸਾਰੀ ਲੋਕਾਈ ਤਕ ਪਹੁੰਚਾਉਣ ਦਾ ਸੱਦਾ

**ਨਵੀਂ ਦਿੱਲੀ:** ਭਾਰਤ ਦੀ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ ਕਿਹਾ ਕਿ ਭਾਰਤ ਦੇ ਸੱਭਿਆਚਾਰ ਤੇ ਉਸ ਦੀ ਵਿਰਾਸਤ ਦੇ ਪ੍ਰਫੁਲਤ ਹੋਣ ’ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁਤ ਯੋਗਦਾਨ ਹੈ। ਇਸ ਧਾਰਮਿਕ ਗ੍ਰੰਥ ’ਚ ਸਿੱਖ ਗੁਰੂਆਂ ਤੇ ਭਗਤ ਕਬੀਰ, ਸੂਰਦਾਸ, ਨਾਮਦੇਵ ਤੇ ਬਾਬਾ ਫਰੀਦ ਆਦਿ ਸਮਕਾਲੀ ਭਗਤਾਂ ਤੇ ਸੰਤਾਂ ਦੀ ਬਾਣੀ ਵੀ ਸ਼ਾਮਲ ਹੈ।




ਰਾਸ਼ਟਰਪਤੀ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਖੇ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਵਾਦੀ ਸੰਕਲਪ’ ’ਤੇ ਕਰਵਾਏ ਅੰਤਰਰਾਸ਼ਟਰੀ ਸੈਮੀਨਾਰ ਦੇ ਉਦਘਾਟਨ ਮੌਕੇ ਬੋਲ ਰਹੇ ਸਨ। ਸ੍ਰੀਮਤੀ ਪਾਟਿਲ ਨੇ ਕਿਹਾ ਕਿ ”ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਸਾਰਿਆਂ ਲਈ ਪ੍ਰਸੰਗਕ ਹਨ ਤੇ ਇਸ ਗ੍ਰੰਥ ਦੀ ਰਚਨਾ ਤੇ ਉਸ ਦਾ ਪ੍ਰਬੰਧ ਭਾਰਤ ਦੀਆਂ ਧਰਮ-ਨਿਰਪੱਖ ਰਵਾਇਤਾਂ ਦੀ ਇਕ ਉਦਾਹਰਣ ਹੈ ਤੇ ਉਸ ਅੰਦਰ ਹਿੰਦੂ ਤੇ ਇਸਲਾਮ ਦੋਵਾਂ ਧਰਮਾਂ ਦੇ ਸੰਤਾਂ ਤੇ ਫਕੀਰਾਂ ਦੀ ਬਾਣੀ ਨੂੰ ਬਰਾਬਰ ਅਹਿਮੀਅਤ ਦਿੱਤੀ ਗਈ ਹੈ।” ”ਸਤਿ ਸ੍ਰੀ ਅਕਾਲ” ਤੋਂ ਆਪਣਾ ਭਾਸ਼ਣ ਸ਼ੁਰੂ ਕਰਕੇ ਰਾਸ਼ਟਰਪਤੀ ਨੇ ”ਏਕ ਓਂਕਾਰ ਸਤਿਨਾਮ”, ”ਮਾਟੀ ਏਕ ਸਗਲ ਸੰਸਾਰਾ” ਜਿਹੇ ਵਾਕਾਂ ਦੇ ਹਵਾਲੇ ਦਿੱਤੇ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਗੀਤਕ ਮਹਾਨਤਾ ਦਾ ਵੀ ਉਚੇਚਾ ਜ਼ਿਕਰ ਕੀਤਾ ਕਿ 31 ਮੁੱਖ ਰਾਗਾਂ ਅੰਦਰ ਗਾਈ ਜਾਣ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਲੋਕਾਂ ਨੂੰ ਬੇਹੱਦ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਕਿਹਾ ਕਿ ”ਗੁਰਦੁਆਰਾ ਇਕ ਅਜਿਹਾ ਪ੍ਰਾਰਥਨਾ ਸਥਾਨ ਹੈ ਜਿਸ ਅੰਦਰ ਸਾਰੀਆਂ ਜਾਤਾਂ, ਪੰਥਾਂ ਤੇ ਅਮੀਰ-ਗਰੀਬ ਸਭ ਦੇ ਬਰਾਬਰ ਸਵਾਗਤ ਲਈ ਚਾਰਾਂ ਦਿਸ਼ਾਵਾਂ ’ਚ ਦਰਵਾਜ਼ੇ ਖੁੱਲ੍ਹੇ ਹੁੰਦੇ ਹਨ।”

ਉਨ੍ਹਾਂ ਸਿੱਖ ਧਰਮ ਦੇ ਤਿੰਨ ਮੁੱਖ ਸਿਧਾਂਤਾਂ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਰਾਹੀਂ ਗੁਰੂ ਨਾਨਕ ਦੇਵ ਜੀ ਦੀ ਮਿਹਨਤ ਦੀ ਭਾਵਨਾ ਬਾਰੇ ਵਿਚਾਰ ਪ੍ਰਗਟ ਕਰਦੇ ਹੋਏ ਦੇਸ਼ ਤੇ ਪੰਜਾਬ ਅੰਦਰ ਲੜਕੀਆਂ ਦੀ ਭਰੂਣ ਹੱਤਿਆਵਾਂ ਰੋਕਣ ’ਤੇ ਜ਼ੋਰ ਦਿੱਤਾ ਤੇ ਸਿੱਖ ਧਰਮ ਅੰਦਰ ਔਰਤ ਨੂੰ ਬਰਾਬਰੀ ਦੇਣ ਦੇ ਫਲਸਫੇ ਨੂੰ ਵਡਿਆਇਆ।

ਰਾਸ਼ਟਰਪਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੁਰਲੱਭ ਬੀੜਾਂ ਬਾਰੇ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਤਿਆਰ ਕੀਤਾ ਗਿਆ ਕੈਟਾਲਾਗ ਵੀ ਭੇਟ ਕੀਤਾ ਗਿਆ। ਹਜ਼ੂਰ ਸਾਹਿਬ, ਨਾਂਦੇੜ ਤੋਂ ਆਏ ਬਾਬਾ ਨਰਿੰਦਰ ਸਿੰਘ ਨੇ ਸ੍ਰੀਮਤੀ ਪਾਟਿਲ ਨੂੰ ਸਿਰੋਪਾ ਭੇਟ ਕੀਤਾ। ਇਸ ਤੋਂ ਪਹਿਲਾਂ ਸਦਨ ਦੇ ਸੀਨੀਅਰ ਮੀਤ ਪ੍ਰਧਾਨ ਮੇਜਰ ਜੋਗਿੰਦਰ ਸਿੰਘ ਵੱਲੋਂ ਸਵਾਗਤੀ ਸ਼ਬਦ ਕਹੇ ਗਏ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਸੰਦੇਸ਼ ਭਾਰਤ ਸਰਕਾਰ ਦੇ ਸੱਭਿਆਚਾਰਕ ਵਿਭਾਗ ਦੇ ਸਕੱਤਰ ਜਵਾਹਰ ਸਿਰਕਾਰ ਵੱਲੋਂ ਪੜ੍ਹਿਆ ਗਿਆ। ਜਸਟਿਸ ਐਮ.ਐਸ.ਏ. ਸਿਦੀਕੀ (ਚੇਅਰਮੈਨ ਐਨ.ਸੀ.ਐਮ.ਈ.ਆਈ) ਤੇ ਪੁੱਡੂਚੇਰੀ ਦੇ ਰਾਜਪਾਲ ਡਾ. ਇਕਬਾਲ ਸਿੰਘ ਵੱਲੋਂ ਆਪਣੇ ਸੰਦੇਸ਼ਾਂ ਅੰਦਰ ਸਦਨ ਦੀਆਂ ਸਰਗਰਮੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦੇ ਵੱਖਰੇ ਪਹਿਲੂਆਂ ਬਾਰੇ ਚਰਚਾ ਕੀਤੀ ਗਈ।

## ਚਾਲੀ ਸਾਲਾਂ ਦੀ ਉਮਰ ਤੱਕ ਹੁੰਦਾ ਹੈ ਦਿਮਾਗ ਦਾ ਵਿਕਾਸ

**ਲੰਡਨ:** ਯੂਨੀਵਰਸਿਟੀ ਕਾਲਜ ਲੰਡਨ ਦੀ ਇਕ ਨਵੀਂ ਖੋਜ ’ਚ ਦਾਅਵਾ ਕੀਤਾ ਗਿਆ ਹੈ ਕਿ ਮਨੁੱਖੀ ਦਿਮਾਗ ਦਾ ਵਿਕਾਸ 30 ਜਾਂ 40 ਸਾਲ ਦੀ ਉਮਰ ਤਕ ਹੁੰਦਾ ਰਹਿੰਦਾ ਹੈ। ਇਸ ਦਾ ਮਤਲਬ ਹੈ ਕਿ ਬਾਲਗ ਹੋਣ ਤੋਂ ਪਹਿਲਾਂ ਕਈ ਵਿਅਕਤੀਆਂ ’ਚ ਅੱਲੜਪਣ ਜ਼ਿਆਦਾ ਦੇਰ ਰਹਿੰਦਾ ਹੈ।



'ਡੇਲੀ ਮੇਲ’ ਦੀ ਰਿਪੋਰਟ ਅਨੁਸਾਰ ਮੁੱਖ ਖੋਜਕਰਤਾ ਪ੍ਰੋਫੈਸਰ ਸਾਰਾਹ ਜੇਨ ਬਲੇਕਮੋਰ ਨੇ ਕਿਹਾ ਕਿ ਕਰੀਬ 10 ਸਾਲ ਪਹਿਲਾਂ ਤਕ ਇਹ ਮੰਨਿਆ ਜਾਂਦਾ ਸੀ ਕਿ ਮਨੁੱਖੀ ਦਿਮਾਗ ਬਚਪਨ ਦੇ ਸ਼ੁਰੂ ਵਿਚ ਹੀ ਵਿਕਾਸ ਕਰਨਾ ਬੰਦ ਕਰ ਦਿੰਦਾ ਹੈ। ਪਰ ਹੁਣ ਅਸੀਂ ਜਾਣਦੇ ਹਾਂ ਕਿ ਇਹ ਸਚਾਈ ਤੋਂ ਦੂਰ ਹੈ। ਅਸਲ ’ਚ ਮਨੁੱਖੀ ਦਿਮਾਗ ਦੇ ਜ਼ਿਆਦਾਤਰ ਹਿੱਸੇ ਕਈ ਦਹਾਕਿਆਂ ਤਕ ਲਗਾਤਾਰ ਵਿਕਾਸ ਕਰਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਮਨੁੱਖੀ ਦਿਮਾਗ ਦਾ ਅਗਲਾ ਹਿੱਸਾ, ਜੋ ਫੈਸਲਾ ਲੈਣ, ਯੋਜਨਾਬੰਦੀ, ਸਮਾਜਿਕ ਵਿਹਾਰ ਤੇ ਸਮਾਜਿਕ ਚੇਤਨਾ ਤੇ ਹੋਰ ਲੋਕਾਂ ਨੂੰ ਸਮਝਣ ਦੀ ਗਤੀਵਿਧੀ ਕਰਦਾ ਹੈ, ਉਹ ਜਨਮ ਤੋਂ ਬਹੁਤ ਛੇਤੀ ਵਿਕਾਸ ਸ਼ੁਰੂ ਕਰ ਦਿੰਦਾ ਹੈ। ਇਹ ਹਿੱਸਾ ਕਈ ਮਨੁੱਖਾਂ ’ਚ 30 ਜਾਂ ਇਥੋਂ ਤੱਕ ਕਿ 40 ਸਾਲ ਦੀ ਉਮਰ ਤਕ ਵੀ ਵਿਕਾਸ ਕਰਦਾ ਰਹਿੰਦਾ ਹੈ।

## Matrimonials

### ਵਰ ਦੀ ਲੋੜ

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

Professional Sikh match for Parjapat Sikh girl, 30, 5’-6", working with US University on H1 visa, PhD (Molecular biology) from US. Caste no bar. Contact at 91-98784-59056 or email piscean100@yahoo.com

### ਕੰਨਿਆ ਦੀ ਲੋੜ

Good looking, well educated USA settled family girl for Ramgharia Sikh cleanshave boy, 28, 5' 10", M.S from USA, Settled in Michigan, permanent job. Caste no bar. Contact: 425-773-9030, 425-307-1050 or email psingh03850@gmail.com.

Alliance for handsome, clean shaven, sincere, God fearing, 43, 5’-7” Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ
ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼
ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ




NEW YORK
T 718.672.8000
JACKSON HEIGHTS, NY 11370
• ADMITTED IN THE STATE OF NEW YORK ONLY
CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538




ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਅਮਰੀਕ ਸਿੰਘ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
Bureau Chief
661-889-1927
Shiara Dhindsa
Photographer
661-703-6664

**Director Community & Business Relations:**
Sunita Chopra
Ph:773-370-7106

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**



ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ‘ਪਾਕਿਸਤਾਨੀ-ਚੀਨੀ ਭਾਈ-ਭਾਈ’ ਕਹਿ ਕੇ ਸਪਸ਼ਟ ਕੀਤੀ ਰਣਨੀਤੀ

ਦੇ ਉਹ ਸਾਰੇ ਮਤੇ ਲਾਗੂ ਕਰਨ ‘ਤੇ ਜ਼ੋਰ ਦਿੱਤਾ ਗਿਆ ਜੋ ਅਤਿਵਾਦ ਨੂੰ ਵਿੱਤੀ ਮਦਦ ਦੇਣ ਅਤੇ ਦਹਿਸ਼ਤਵਾਦੀ ਗਰੁਪਾਂ ਉਤੇ ਪਾਬੰਦੀ ਲਾਉਣ ਬਾਰੇ ਹਨ। ਦੋਵਾਂ ਮੁਲਕਾਂ ਵਿਚਾਲੇ ਛੇ ਸਮਝੌਤੇ ਵੀ ਸਹੀਬੰਦ ਹੋਏ ਜਿਨ੍ਹਾਂ ਵਿਚ ਗਰੀਨ ਟੈਕਨਾਲੋਜੀ ਦੇ ਖੇਤਰ ਵਿਚ ਸਹਿਯੋਗ, ਸਾਂਝੇ ਦਰਿਆਵਾਂ ਬਾਰੇ ਹਾਈਡਰੋਲੋਜੀਕਲ ਡਾਟੇ ਦੇ ਲੈਣ-ਦੇਣ, ਮੀਡੀਆ ਤੇ ਸੱਭਿਆਚਾਰਕ ਤਬਾਦਲੇ ਸਮੇਤ ਅਤੇ ਦੋ ਸਮਝੌਤੇ ਬੈਂਕਿੰਗ ਸੈਕਟਰ ਨਾਲ ਸਬੰਧਤ ਹਨ।

ਸਿਆਸੀ ਮਾਹਿਰਾਂ ਮੁਤਾਬਕ ਭਾਰਤੀ ਆਗੂ ਉਤਨੀ ਜੁਰਅਤ ਜੁਟਾ ਹੀ ਨਹੀਂ ਸਕੇ ਜਿਸ ਨਾਲ ਚੀਨ ਨੂੰ ਕੁਝ ਮਾਮਲਿਆਂ ‘ਤੇ ਅੱਗੇ ਲਾਇਆ ਜਾ ਸਕਦਾ। ਜੰਮੂ-ਕਸ਼ਮੀਰ ਲਈ ਚੀਨ ਵੱਲੋਂ ਜਾਰੀ ਕੀਤੇ ਜਾਂਦੇ ਨੱਥੀ ਵੀਜ਼ੇ ਦੇ ਮੁਕਾਬਲੇ ਭਾਰਤ, ਚੀਨ ਨੂੰ ਤਿੱਬਤ ਦੇ ਮਾਮਲੇ ‘ਤੇ ਘੇਰਾ ਪਾ ਸਕਦਾ ਸੀ ਪਰ ਚੀਨ ਨੇ ਇਸ ਮਸਲੇ ਦੀ ਭਾਫ ਤੱਕ ਨਹੀਂ ਨਿਕਲਣ ਦਿੱਤੀ। ਤਾਇਵਾਨ ਦਾ ਮੁੱਦਾ ਉਠਾਉਣ ਲਈ ਤਾਂ ਵਾਹਵਾ ਦਿਲ-ਗੁਰਦੇ ਦੀ ਲੋੜ ਪੈਣੀ ਸੀ ਜਿਸ ਦਾ ਇਜ਼ਹਾਰ ਭਾਰਤ ਵੱਲੋਂ ਕਿਸੇ ਵੀ ਪੱਧਰ ‘ਤੇ ਕਦੀ ਵੀ ਨਹੀਂ ਹੋਇਆ। ਇਸ ਦੇ ਉਲਟ ਚੀਨ ਨੇ ਦੱਖਣੀ ਏਸ਼ੀਆ ਵਿਚ ਭਾਰਤ ਨੂੰ ਪੂਰਾ ਘੇਰਾ ਪਾਇਆ ਹੋਇਆ ਹੈ। ਇਸ ਖਿੱਤੇ ਦੀ ਸਫ਼ਬੰਦੀ ਮੁਤਾਬਕ ਚੀਨ ਨੇਪਾਲ ਦੇ ਮਾਓਵਾਦੀਆਂ ਨਾਲ ਰਲ਼ ਕੇ ਭਾਰਤ ਨੂੰ ਹੁੱਝਾਂ ਮਾਰਦਾ ਹੈ। ਭਾਰਤ ਅਤੇ ਨੇਪਾਲੀ ਮਾਓਵਾਦੀਆਂ ਦਾ ਵਖਰੇਵਾਂ ਅਤੇ ਵਿਰੋਧ ਕਿਸੇ ਤੋਂ ਛੁਪਿਆ ਨਹੀਂ। ਭਾਰਤ, ਨੇਪਾਲ ਵਿਚੋਂ ਮਾਓਵਾਦੀਆਂ ਨੂੰ ਉਖਾੜਨ ਲਈ ਹਰ ਹੀਲਾ-ਵਸੀਲਾ ਕਰਕੇ ਨੇਪਾਲੀ ਕਾਂਗਰਸ ਅਤੇ ਨੇਪਾਲ ਦੀ ਰਵਾਇਤੀ ਕਮਿਊਨਿਸਟ ਪਾਰਟੀ (ਨੇਪਾਲੀ ਕਮਿਊਨਿਟ ਪਾਰਟੀ-ਯੂ.ਐਮ.ਐਲ.) ਨਾਲ ਨੇੜਤਾ ਰੱਖ ਰਿਹਾ ਹੈ। ਨੇਪਾਲੀ ਮਾਓਵਾਦੀਆਂ ਦੀ ਵੀ ਇਹ ਧਾਰਨਾ ਹੈ ਕਿ ਦੇਸ਼ ਵਿਚ ਇਨਕਲਾਬ ਦੀ ਆਖ਼ਰੀ ਅਤੇ ਫ਼ੈਸਲਾਕੁਨ ਲੜਾਈ ਨੇਪਾਲੀ ਸ਼ਾਸਕਾਂ ਨਾਲ ਨਹੀਂ ਸਗੋਂ ਭਾਰਤੀ ਫ਼ੌਜ ਨਾਲ ਹੋਣੀ ਹੈ। ਹੁਣੇ ਹੁਣੇ ਭਾਰਤੀ ਫ਼ੌਜ ਦੇ ਮੁਖੀ ਨੂੰ ਨੇਪਾਲ ਦੌਰੇ ਦੌਰਾਨ ਮਾਣ ਵਜੋਂ ਨੇਪਾਲੀ ਫ਼ੌਜ ਦੇ ਮੁਖੀ ਦਾ ਖਿਤਾਬ ਦਿੱਤਾ ਗਿਆ ਹੈ। ਸਿੱਟੇ ਵਜੋਂ ਨੇਪਾਲੀ ਮਾਓਵਾਦੀਆਂ ਦੀ ਚੀਨ ਨਾਲ ਕੋਈ ਵਿਚਾਰਧਾਰਕ ਸਾਂਝ ਨਾ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਚੀਨ ਤੋਂ ਪੂਰੀ ਹਮਾਇਤ ਮਿਲ ਰਹੀ ਹੈ।

ਅਮਰੀਕਾ ਕਿਉਂਕਿ ਲਗਾਤਾਰ ਭਾਰਤ ਨੂੰ ਵੱਧ ਅਹਿਮੀਅਤ ਦੇ ਰਿਹਾ ਹੈ, ਇਸ ਲਈ ਪਾਕਿਸਤਾਨ ਦਾ ਰੁਖ਼ ਚੀਨ ਵੱਲ ਵਧੇਰੇ ਹੋ ਗਿਆ ਹੈ। ਖੌਰੇ ਇਸੇ ਕਰਕੇ ਹੀ ਜਨਾਬ ਵੈਨ ਜ਼ਿਆਬਾਓ ਨੇ ਪਾਕਿਸਤਾਨ ਦੇ ਚੱਕਲਾਲਾ ਫੌਜੀ ਹਵਾਈ ਅੱਡੇ ‘ਤੇ ਪੁੱਜਦਿਆਂ ਸਾਰ ਜੋ ਬਿਆਨ ਦਿੱਤਾ, ਉਸ ਅਨੁਸਾਰ ਚੀਨ, ਪਾਕਿਸਤਾਨ ਨਾਲ ਆਪਣੀ ਰਣਨੀਤਕ ਭਾਈਵਾਲੀ ਹਰ ਹੀਲੇ ਮਜ਼ਬੂਤ ਰੱਖੇਗਾ। ਉਨ੍ਹਾਂ ਮੁਤਾਬਕ ਚੀਨ ਸਰਕਾਰ ਦੀ ਇਹ ਦ੍ਰਿੜ੍ਹ ਨੀਤੀ ਹੈ ਕਿ ਪਾਕਿਸਤਾਨ ਨਾਲ ਸਹਿਯੋਗ ਅਤੇ ਰਣਨੀਤਕ ਸਬੰਧ ਹੋਰ ਪੁਖਤਾ ਕੀਤੇ ਜਾਣ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਹਵਾਈ ਅੱਡੇ ਉਤੇ ਖ਼ੁਦ ਉਨ੍ਹਾਂ ਨੂੰ ਖੁਸ਼ਆਮਦੀਦ ਆਖਿਆ।

ਹੋਰ ਤਾਂ ਹੋਰ ਪਾਕਿਸਤਾਨ ਰਵਾਨਾ ਹੋਣ ਤੋਂ ਪਹਿਲਾਂ ਨਵੀਂ ਦਿੱਲੀ ਵਿਚ ਭਾਰਤੀ ਮੀਡੀਏ ਪ੍ਰਤੀ ਨਾਰਾਜ਼ਗੀ ਦਾ ਇਜ਼ਹਾਰ ਕਰਦਿਆਂ ਜਨਾਬ ਜ਼ਿਆਬਾਓ ਨੇ ਆਖਿਆ ਕਿ ਇਹ (ਭਾਰਤੀ ਮੀਡੀਆ) ਭਾਰਤ-ਚੀਨ ਦੇ ਦੁਵੱਲੇ ਸਬੰਧਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਬੁੱਧੀਜੀਵੀਆਂ ਅਤੇ ਵੱਖ-ਵੱਖ ਅਖ਼ਬਾਰਾਂ ਦੇ ਸੰਪਾਦਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਉਹ ਇਸ ਗੱਲ ਨੂੰ ਭਲੀ-ਭਾਂਤ ਸਮਝਦੇ ਹਨ ਕਿ ਮੀਡੀਆ ਨੂੰ ਦੋਵਾਂ ਦੇਸ਼ਾਂ ਦਰਮਿਆਨ ਮਿੱਤਰਤਾ ਦੀਆਂ ਤੰਦਾਂ ਪੀਡੀਆਂ ਕਰਨ ਲਈ ਉਸਾਰੂ ਭੂਮਿਕਾ ਅਦਾ ਕਰਨੀ ਚਾਹੀਦੀ ਹੈ। ਭਾਰਤ-ਚੀਨ ਸਰਹੱਦ ਬਾਰੇ



*ਜ਼ਿਆਬਾਓ ਨੂੰ ਜੀ ਆਇਆਂ ਆਖਦੇ ਹੋਏ ਪਾਕਿਸਤਾਨੀ ਪ੍ਰਧਾਨ ਮੰਤਰੀ ਰਜ਼ਾ ਗਿਲਾਨੀ*

ਭਾਰਤੀ ਮੀਡੀਏ ਵੱਲੋਂ ਕੀਤੀ ਗਈ ਕਵਰੇਜ਼ ਦਾ ਹਵਾਲਾ ਦਿੰਦਿਆਂ ਉਨ੍ਹਾਂ ਆਖਿਆ ਕਿ ਹਾਲੇ ਤਕ ਇਕ ਵੀ ਗੋਲੀ ਨਹੀਂ ਦਾਗੀ ਗਈ ਪਰ ਇਸ ਦੇ ਬਾਵਜੂਦ ਭਾਰਤੀ ਮੀਡੀਏ ਵੱਲੋਂ ਸਰਹੱਦ ਦੇ ਮਾਮਲੇ ਨੂੰ ਬਿਨਾਂ ਵਜ੍ਹਾ ਸਨਸਨੀਖੇਜ਼ ਬਣਾ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਚੰਗਾ ਗੁਆਂਢੀ ਵਰਦਾਨ ਹੁੰਦਾ ਹੈ ਅਤੇ ਅਸੀਂ ਚੰਗੇ ਗੁਆਂਢੀ ਬਣਨ ਦੀ ਹਸਰਤ ਲੈ ਕੇ ਚੱਲ ਰਹੇ ਹਾਂ। ਇਸ ਲਈ ਮੀਡੀਆ ਰਾਹ ਵਿਚ ਖ਼ਲ਼ਲ ਪਾਉਣ ਦੀ ਥਾਂ ਸਹਿਯੋਗ ਦੇਵੇ।

ਜ਼ਿਆਬਾਓ ਕਿਹਾ ਕਿ ਭਾਰਤ ਅਤੇ ਚੀਨ ਦੁਨੀਆਂ ਦੀਆਂ ਬੜੀ ਤੇਜ਼ੀ ਨਾਲ ਉਭਰ ਰਹੀਆਂ ਆਰਥਿਕ ਤਾਕਤਾਂ ਹਨ। ਇਸ ਦੇ ਬਾਵਜੂਦ ਦੋਵਾਂ ਮੁਲਕਾਂ ਵਿਚ ਕਿਸੇ ਤਰ੍ਹਾਂ ਦੀ ਕੋਈ ਮੁਕਾਬਲੇਬਾਜ਼ੀ ਨਹੀਂ। ਜਾਣਕਾਰੀ ਅਨੁਸਾਰ ਭਾਰਤ ਤੇ ਚੀਨ ਵਿਚਾਲੇ ਵਪਾਰ ਇਸ ਸਾਲ 60 ਅਰਬ ਡਾਲਰ ਤਕ ਪੁੱਜ ਗਿਆ ਹੈ ਜੋ 2004 ਵਿਚ 13.6 ਅਰਬ ਡਾਲਰ ਸੀ। ਦੱਸਣਾ ਬਣਦਾ ਹੈ ਕਿ ਚੀਨ ਦਾ ਭਾਰਤ ਵਿਚ ਨਿਵੇਸ਼ 22.1 ਕਰੋੜ ਡਾਲਰ ਹੈ ਜਦਕਿ ਚੀਨ ਵੱਲੋਂ ਪਾਕਿਸਤਾਨ ਵਿਚ ਇਸ ਤੋਂ 7 ਗੁਣਾ ਵੱਧ ਨਿਵੇਸ਼ ਕੀਤਾ ਗਿਆ ਹੈ।

ਤਿੱਬਤੀਆਂ ਵੱਲੋਂ ਵਿਰੋਧ: ਸ੍ਰੀ ਵੈਨ ਜ਼ਿਆਬਾਓ ਜਦੋਂ ਵਪਾਰ ਸਿਖ਼ਰ ਸੰਮੇਲਨ ਵਿਚ ਸ਼ਿਰਕਤ ਕਰਨ ਲਈ ਜਾ ਰਹੇ ਸਨ ਤਾਂ ਰਾਹ ਵਿਚ ਤਿੱਬਤੀਆਂ ਵੱਲੋਂ ਪ੍ਰਦਰਸ਼ਨ ਕੀਤੇ ਗਏ। ਉਹ ਤਿੱਬਤ ਨੂੰ ਤੁਰੰਤ ਆਜ਼ਾਦ ਕਰਨ ਅਤੇ ਜ਼ਿਆਬਾਓ ਵਾਪਸ ਜਾਓ ਦੇ ਨਾਅਰੇ ਮਾਰਦੇ ਰਹੇ।

ਕਿਸੇ ਵੇਲੇ ‘ਹਿੰਦੀ-ਚੀਨੀ ਭਾਈ-ਭਾਈ’ ਕਹਿਣ ਵਾਲੇ ਚੀਨ ਨੇ ਪਾਕਿਸਤਾਨ ਜਾ ਕੇ ‘ਪਾਕਿਸਤਾਨੀ-ਚੀਨੀ ਭਾਈ-ਭਾਈ’ ਦਾ ਨਾਅਰਾ ਬੁਲੰਦ ਕੀਤਾ ਅਤੇ ਕਿਹਾ ਕਿ ਉਹ ਆਪਣੇ ਭਰਾ ਦੇ ਹਰ ਦੁੱਖ-ਸੁੱਖ ਵਿਚ ਉਸ ਨਾਲ ਖੜ੍ਹਾ ਹੈ ਅਤੇ ਦੋਵੇਂ ਭਰਾ ਆਪਣੇ ਸਾਹਮਣੇ ਖੜ੍ਹੀ ਹਰ ਚੁਣੌਤੀ ਦਾ ਰਲ਼ ਕੇ ਡਟਵਾਂ ਮੁਕਾਬਲਾ ਕਰਨਗੇ। ਪਾਕਿਸਤਾਨ ਦੀ ਕੌਮੀ ਅਸੈਂਬਲੀ ਵਿਚ ਵੀ ਜਨਾਬ ਵੈਨ ਜ਼ਿਆਬਾਓ ਨੇ ਅਤਿਵਾਦ ਦੇ ਮਾਮਲੇ ਉਪਰ ਆਪਣੇ ‘ਛੋਟੇ ਭਰਾ’ ਪਾਕਿਸਤਾਨ ਦਾ ਬਚਾਅ ਕੀਤਾ।

ਭਾਰਤ ਫੇਰੀ ਦੌਰਾਨ ਮੁੰਬਈ ਹਮਲੇ ਬਾਰੇ ਇਕ ਵੀ ਲਫਜ਼ ਨਾ ਬੋਲਣ ਵਾਲੇ ਸ੍ਰੀ ਜ਼ਿਆਬਾਓ ਨੇ ਕਿਹਾ, “ਅਤਿਵਾਦ ਦਾ ਕਿਸੇ ਖ਼ਾਸ ਮੁਲਕ ਜਾਂ ਧਰਮ ਨਾਲ ਕੋਈ ਸਬੰਧ ਨਹੀਂ। ਸਾਨੂੰ ਇਸ ਦੇ ਮੁਕਾਬਲੇ ਲਈ ਦੋਹਰੇ ਮਾਪਦੰਡ ਅਪਨਾਉਣ ਦੀ ਥਾਂ ਇਸ ਦੇ ਪੈਦਾ ਹੋਣ ਦੇ ਅਸਲ ਕਾਰਨਾਂ ਨੂੰ ਲੱਭਣਾ ਚਾਹੀਦਾ ਹੈ।” ਚੀਨੀ ਪ੍ਰਧਾਨ ਮੰਤਰੀ ਦੀਆਂ ਇਨ੍ਹਾਂ ਮਨਮੋਹਣੀਆਂ ਗੱਲਾਂ ਨੂੰ ਹੁੰਗਾਰਾ ਮੇਜ਼ ਥਪਥਪਾ ਕੇ ਭਰਿਆ ਗਿਆ। ਇਹੀ ਨਹੀਂ, ਸ੍ਰੀ ਜ਼ਿਆਬਾਓ ਨੇ ਕੌਮੀ ਅਸੈਂਬਲੀ ਵਿਚ ਆਪਣਾ ਭਾਸ਼ਣ ‘ਅ-ਸਲਾਮ-ਓ-ਆ-ਲੇਕਮ’ ਕਹਿ ਕੇ ਸ਼ੁਰੂ ਕੀਤਾ। ਜਦੋਂ ਉਨ੍ਹਾਂ ਉਰਦੂ ਵਿਚ ਇਹ ਉਚਾਰਿਆ- ਪਾਕਿਸਤਾਨ ਚੀਨ ਦੋਸਤੀ ਜ਼ਿੰਦਾਬਾਦ ਤਾਂ ਕੌਮੀ ਅਸੈਂਬਲੀ ਦੇ ਮੈਂਬਰਾਂ ਦੀਆਂ ਵਰਾਛਾਂ ਖਿਲ ਗਈਆਂ।

ਚੀਨੀ ਮੀਡੀਆ ਦੀਆਂ ਨਜ਼ਰਾਂ ਵਿਚ ਭਾਰਤੀ ਦੌਰਾ: ਚੀਨ ਦੇ ਸਰਕਾਰੀ ਮੀਡੀਆ ਅਤੇ ਮਾਹਿਰਾਂ ਨੇ ਚੀਨੀ ਪ੍ਰਧਾਨ ਮੰਤਰੀ ਵੈਨ ਜ਼ਿਆਬਾਓ ਦੇ ਦੌਰੇ ਨੂੰ ਉਸਾਰੂ ਢੰਗ ਨਾਲ ਪੇਸ਼ ਕੀਤਾ। ਚੀਨ ਦੇ ਸਰਕਾਰੀ ਅਖ਼ਬਾਰ ਨੇ ਦੌਰੇ ਨਾਲ ਸਬੰਧਤ ਖ਼ਬਰਾਂ ਦੋ ਸਫਿਆਂ ‘ਤੇ ਛਾਪੀਆਂ ਅਤੇ ਇਸ ਦੇ ਨਾਲ-ਨਾਲ ਬੀਜਿੰਗ ਵਿਚ ਭਾਰਤੀ ਕਾਰੋਬਾਰੀਆਂ ਦੀ ਸਫਲਤਾ ਸਬੰਧੀ ਖ਼ਬਰਾਂ ਪ੍ਰਕਾਸ਼ਤ ਕੀਤੀਆਂ। ਅਖਬਾਰ ਨੇ ਆਪਣੀ ਸੁਰਖੀ 8 ਕਾਲਮਾਂ ਵਿਚ ਲਾ ਕੇ ਖ਼ਬਰ ਪ੍ਰਕਾਸ਼ਤ ਕੀਤੀ ਜਿਸ ਦਾ ਸਿਰਲੇਖ ਸੀ, “ਟਰੇਡ ਟਾਰਗੈਟ ਸੈਟ ਐਟ ਯੂ.ਐਸ.ਡੀ. 100 ਬਿਲੀਅਨ।” ਇਸ ਵਾਰ ਚੀਨ ਦੇ ਮਾਹਿਰਾਂ ਨੇ ਨਪੀ-ਤੁਲੀ ਭਾਸ਼ਾ ਵਿਚ ਇਹ ਬਿਆਨ ਦਿੱਤੇ ਕਿ ਵੈਨ ਦੇ ਭਾਰਤ ਦੌਰੇ ਦਾ ਮੁੱਖ ਉਦੇਸ਼ ਦੁਵੱਲੇ ਸਬੰਧਾਂ ਬਾਰੇ ਚੀਨ ਦਾ ਪੱਖ ਸਪਸ਼ਟ ਕਰਨਾ ਹੈ ਤੇ ਪੈਦਾ ਹੋਏ ਭਰਮ-ਭੁਲੇਖਿਆਂ ਨੂੰ ਦੂਰ ਕਰਨਾ ਹੈ।

# ਅਨੰਦ ਮੈਰਿਜ ਐਕਟ ਲਾਗੂ ਕਰਾਉਣ ਲਈ ਚਾਰਾਜੋਈ ਸ਼ੁਰੂ

*(ਸਫਾ ਇਕ ਦੀ ਬਾਕੀ)*

ਕਰਵਾਉਣ ਲਈ ਸਿੱਖ ਜਥੇਬੰਦੀਆਂ ਵੱਲੋਂ ਪਿਛਲੇ ਲੰਮੇਂ ਸਮੇਂ ਤੋਂ ਜੱਦੋ-ਜਹਿਦ ਕੀਤੀ ਜਾ ਰਹੀ ਹੈ। ਕੈਨੇਡਾ ਤੋਂ ਸ. ਹਰਬੰਸ ਸਿੰਘ ਔਜਲਾ ਵੱਲੋਂ ਸਿੰਘ ਸਾਹਿਬਾਨ ਨੂੰ ਭੇਜੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਐਕਟ ਦੇ ਲਾਗੂ ਹੋਣ ਨਾਲ ਸਿੱਖਾਂ ਦੀ ਵੱਖਰੀ ਹੋਂਦ ਦਾ ਵੀ ਪ੍ਰਗਟਾਵਾ ਹੋਵੇਗਾ।

**ਆਜ਼ਾਦੀ ਤੋਂ 63 ਵਰ੍ਹਿਆਂ ਬਾਅਦ ਵੀ ਸਿੱਖਾਂ ਦੀ ਮੰਗ ਨੂੰ ਅਣਗੌਲਿਆ**

ਇਸ ਬਾਰੇ 15 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਹਿਮ ਮੀਟਿੰਗ ਹੋਈ ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ, ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਤੇ ਗ੍ਰੰਥੀ ਸ੍ਰੀ ਸੁਖਜਿੰਦਰ ਸਿੰਘ ਸ਼ਾਮਲ ਸਨ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਕੋਈ ਨੁਮਾਇੰਦਾ ਮੀਟਿੰਗ ਵਿਚ ਸ਼ਾਮਲ ਨਹੀਂ ਹੋਇਆ। ਮੀਟਿੰਗ ਮਗਰੋਂ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਕੈਨੇਡਾ ਤੋਂ ਸਿੱਖ ਭਾਈਚਾਰੇ ਦੇ ਆਗੂ ਹਰਬੰਸ ਸਿੰਘ ਔਜਲਾ ਤੇ ਹੋਰਾਂ ਵੱਲੋਂ ਪੱਤਰ ਭੇਜ ਕੇ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਾਉਣ ਦਾ ਮਾਮਲਾ ਸਿੰਘ ਸਾਹਿਬਾਨ ਦੇ ਧਿਆਨ ਵਿਚ ਲਿਆਂਦਾ ਗਿਆ ਹੈ। ਇਸ ਮਾਮਲੇ ਨੂੰ ਮੀਟਿੰਗ ਵਿਚ ਵਿਚਾਰਿਆ ਗਿਆ ਤੇ ਇਸ ਨੂੰ ਲਾਗੂ ਕਰਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਭੇਜਿਆ ਗਿਆ ਹੈ। ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਾਉਣ ਲਈ ਕਾਨੂੰਨੀ ਮਾਹਿਰਾਂ ਦੀ ਰਾਇ ਲਈ ਜਾਵੇ। ਇਸ ਮੌਕੇ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਕੇ ਸਿੱਖ ਸੰਗਤ ਨੂੰ ਕਿਹਾ ਹੈ ਕਿ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਕੌਮਾਂਤਰੀ ਪੱਧਰ ‘ਤੇ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦਿਵਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਸਹਿਯੋਗ ਦੇਣ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਈ ਹਦਾਇਤ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਵਾਉਣ ਲਈ ਕਾਨੂੰਨੀ ਮਾਹਿਰਾਂ ਦੀ ਰਾਇ ਲੈਣ ਕਮੇਟੀ ਦਾ ਗਠਨ ਕਰਨ ਦਾ ਫ਼ੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਅਨੰਦ ਮੈਰਿਜ ਐਕਟ 1909 ਵਿਚ ਬਣਾਇਆ ਗਿਆ ਸੀ ਤੇ ਇਸ ਦੀ ਪ੍ਰਵਾਨਗੀ ਵੀ ਮਿਲ ਗਈ ਸੀ ਪਰ ਹੁਣ ਤੱਕ ਇਸ ਨੂੰ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਦੇ ਵਿਆਹ ਤਾਂ ਇਸੇ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ‘ਚ ਲਾਵਾਂ ਲੈ ਕੇ ਕੀਤੇ ਜਾਂਦੇ ਹਨ ਪਰ ਇਸ ਦੀ ਰਜਿਸਟਰੇਸ਼ਨ ਹਿੰਦੂ ਮੈਰਿਜ ਐਕਟ ਹੇਠ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਲਾਗੂ ਕਰਾਉਣ ਤੇ ਲੋੜੀਂਦੀਆਂ ਸੋਧਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਲਦੀ ਹੀ ਕਾਨੂੰਨੀ ਮਾਹਿਰਾਂ ਦੀ ਰਾਇ ਲਈ ਜਾਵੇਗੀ। ਇਨ੍ਹਾਂ ਮਾਹਿਰਾਂ ਵਿਚ ਉਚ ਅਦਾਲਤਾਂ ਦੇ ਵਕੀਲ ਤੇ ਯੂਨੀਵਰਸਿਟੀਆਂ ਦੇ ਲਾਅ ਵਿਭਾਗ ਦੇ ਮਾਹਿਰ ਸ਼ਾਮਲ ਹੋਣਗੇ।

## *ਮਾਂ ਵੱਲੋਂ ਪ੍ਰੇਮੀ ਨਾਲ ਮਿਲ ਕੇ ਪੁੱਤ ਦੀ ਹੱਤਿਆ*

**ਮਹਿਤਪੁਰ:** ਇੱਥੋਂ ਦੀ ਇਕ ਔਰਤ ਨੇ ਆਪਣੇ ਗੁਆਂਢੀ ਪ੍ਰੇਮੀ ਨਾਲ ਮਿਲ ਕੇ ਆਪਣੇ 10 ਸਾਲ ਦੇ ਪੁੱਤਰ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਕਮਲਜੀਤ ਕੌਰ ਨਾਂ ਦੀ ਔਰਤ ਦੇ ਸਤਵੀਰ ਸਿੰਘ ਨਾਲ ਨਾਜਾਇਜ਼ ਸਬੰਧ ਸਨ ਜਿਸ ਬਾਰੇ ਔਰਤ ਦੇ ਪੁੱਤਰ ਸਤਿੰਦਰਜੀਤ ਸਿੰਘ ਨੂੰ ਪਤਾ ਸੀ। ਕਮਲਜੀਤ ਕੌਰ ਤੇ ਸਤਵੀਰ ਸਿੰਘ ਨੂੰ ਸ਼ੱਕ ਹੋ ਗਿਆ ਸੀ ਕਿ ਲੜਕਾ ਬਾਹਰ ਗੱਲਾਂ ਕਰੇਗਾ ਤੇ ਦੋਵਾਂ ਨੇ ਆਪਣੀ ਬਦਨਾਮੀ ਤੋਂ ਡਰਦਿਆਂ ਸਤਿੰਦਰਜੀਤ ਸਿੰਘ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਪੁਲਿਸ ਨੇ ਇਸ ਗੁੱਥੀ ਨੂੰ ਸੁਲਝਾਉਂਦੇ ਹੋਏ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਨ੍ਹਾਂ ਨੇ ਆਪਣਾ ਜੁਰਮ ਕਬੂਲ ਕੀਤਾ ਹੈ।


**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਸਾਲ 2010: ਕਾਂਗਰਸ ਦਾ ਉਭਾਰ, ਅਕਾਲੀ ਪਛੜੇ


**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦਾ ਕਾਰਜਕਾਲ ਮਾਰਚ 2012 'ਚ



ਕੈਪਟਨ ਅਮਰਿੰਦਰ ਸਿੰਘ

ਖ਼ਤਮ ਹੋ ਰਿਹਾ ਹੈ। ਇਸ ਲਈ ਸਾਰੀਆਂ ਸਿਆਸੀ ਧਿਰਾਂ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਬੇਸ਼ੱਕ ਸਿਆਸੀ ਪਾਰਟੀਆਂ ਲਈ ਅਗਲਾ ਵਰ੍ਹਾ ਬੇਹੱਦ ਅਹਿਮ ਹੈ ਪਰ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨ ਲਈ ਲੰਘੇ ਵਰ੍ਹੇ (2010) ਨੂੰ ਹੀ ਅਧਾਰ ਮੰਨਿਆ ਜਾਵੇਗਾ। ਇਸ ਵਰ੍ਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਵੀ ਸਰਗਰਮੀਆਂ ਜਾਰੀ ਰਹੀਆਂ। ਸ਼੍ਰੋਮਣੀ ਕਮੇਟੀ ਲਈ ਵੋਟਾਂ ਬਣਾਉਣ ਦਾ ਕੰਮ ਆਖਰੀ ਪੜਾਅ ਵਿਚ ਦਾਖਲ ਹੋ ਗਿਆ ਹੈ ਤੇ ਫਰਵਰੀ ਵਿਚ ਵੋਟਾਂ ਪੈਣ ਦੀ ਸੰਭਾਵਨਾ ਹੈ। ਭਾਵੇਂ ਹੋਰ ਰਾਜਸੀ ਪਾਰਟੀਆਂ ਇਨ੍ਹਾਂ ਚੋਣਾਂ ਲਈ ਸਿੱਧੀ ਦਿਲਚਸਪੀ ਨਹੀਂ ਲੈਂਦੀਆਂ ਪਰ ਅਕਾਲੀ ਧੜਿਆਂ ਤੇ ਖਾਸ ਤੌਰ 'ਤੇ ਹਾਕਮ ਧੜੇ ਲਈ ਇਨ੍ਹਾਂ ਚੋਣਾਂ ਦੀ ਬਹੁਤ ਅਹਿਮੀਅਤ ਹੈ।

ਪਿਛਲ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਇਹ ਵਰ੍ਹਾ ਜਿਥੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਲਈ ਕਈ ਉਤਰਾਅ-ਚੜ੍ਹਾਅ ਲੈ ਕੇ ਆਇਆ ਉਥੇ ਕਈ ਧੜਿਆਂ 'ਚ ਵੰਡੀ ਕਾਂਗਰਸ ਨੇ ਇਕ ਵਾਰ ਫਿਰ ਇਕਮੁੱਠ ਹੋ ਕੇ ਸੱਤਾ 'ਤੇ ਕਾਬਜ਼ ਹੋਣ ਦਾ ਨਾਅਰਾ ਮਾਰਿਆ ਹੈ। ਹਾਕਮ ਧਿਰ ਨੂੰ ਰਾਜਸੀ ਫਰੰਟ 'ਤੇ ਘੇਰਨ ਵਿਚ ਲਗਾਤਾਰ ਤਿੰਨ ਸਾਲ ਅਸਫਲ ਰਹਿਣ ਵਾਲੀ ਕਾਂਗਰਸ ਨੇ ਇਸ ਵਰ੍ਹੇ ਦੇ ਅੰਤ 'ਚ ਦੂਜੀਆਂ ਸਿਆਸੀ ਧਿਰਾਂ ਨੂੰ ਫਿਕਰਾਂ 'ਚ ਪਾ ਦਿੱਤਾ ਹੈ। ਇਸ ਤੋਂ ਪਹਿਲਾਂ ਸਾਲ ਦੇ ਪਹਿਲੇ 10 ਮਹੀਨੇ ਸੀਨੀਅਰ ਲੀਡਰਸ਼ਿਪ ਦਰਮਿਆਨ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਹਥਿਆਉਣ ਵਿਚ ਭੱਜ-ਦੌੜ ਤੇਜ਼ ਹੀ ਨਹੀਂ ਰਹੀ ਬਲਕਿ ਅੰਦਰਖਾਤੇ ਇਕ-ਦੂਜੇ ਦੀਆਂ ਲੱਤਾਂ ਖਿੱਚਣ ਦਾ ਕੰਮ ਵੀ ਜ਼ੋਰਾਂ 'ਤੇ ਰਿਹਾ। ਪ੍ਰਦੇਸ਼ ਕਾਂਗਰਸ ਦਾ ਨਵਾਂ ਪ੍ਰਧਾਨ ਨਿਯੁਕਤ ਹੋਣ ਮਗਰੋਂ ਪਾਰਟੀ ਵਿਚ ਵਫਾਦਾਰੀਆਂ ਵੀ ਗਿਰਗਿਟ ਦੇ ਰੰਗਾਂ ਵਾਂਗ ਬਦਲੀਆਂ। ਪਾਰਟੀ ਦੇ ਸੱਤਾਹੀਣ ਹੁੰਦਿਆਂ ਹੀ ਜਿਹੜੇ ਆਗੂ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਖੇਮਿਆਂ ਵਿਚ ਜਾ ਬੈਠੇ ਸਨ ਤੇ ਸਾਬਕਾ ਮੁੱਖ ਮੰਤਰੀ ਖ਼ਿਲਾਫ਼ ਖੁੱਲ੍ਹੇਆਮ ਦੂਸ਼ਣ ਲਾਉਂਦੇ ਰਹੇ ਸਨ ਉਹੀ ਆਗੂ ਹੁਣ ਸਾਬਕਾ ਮੁੱਖ ਮੰਤਰੀ ਦੇ ਸੱਜੇ-ਖੱਬੇ ਦਿਖਾਈ ਦੇਣ ਲੱਗੇ ਹਨ।



ਪ੍ਰਕਾਸ਼ ਸਿੰਘ ਬਾਦਲ ਅਤੇ ਮਨਪ੍ਰੀਤ ਸਿੰਘ ਬਾਦਲ

ਤਕਰੀਬਨ ਇਹ ਪੂਰਾ ਵਰ੍ਹਾ ਪੰਜਾਬ ਕਾਂਗਰਸ ਦੀਆਂ ਸਰਗਰਮੀਆਂ ਕੈਪਟਨ ਅਮਰਿੰਦਰ ਸਿੰਘ 'ਤੇ ਹੀ ਕੇਂਦਰਤ ਰਹੀਆਂ। ਜਿੱਥੇ ਉਨ੍ਹਾਂ ਦੇ ਹਮਾਇਤੀ ਉਨ੍ਹਾਂ ਦੀ ਪ੍ਰਦੇਸ਼ ਪ੍ਰਧਾਨ ਵਜੋਂ ਨਿਯੁਕਤੀ ਲਈ ਜ਼ੋਰ ਲਾਉਂਦੇ ਰਹੇ ਉਥੇ ਵਿਰੋਧੀਆਂ ਦਾ ਜ਼ੋਰ ਉਨ੍ਹਾਂ ਦੀ ਚੜ੍ਹਤ ਠੱਲ੍ਹਣ 'ਤੇ ਲੱਗਿਆ ਰਿਹਾ। ਇਸੇ ਦੌਰਾਨ ਮਹਿੰਦਰ ਸਿੰਘ ਕੇ.ਪੀ. ਨੂੰ ਪ੍ਰਦੇਸ਼ ਪ੍ਰਧਾਨਗੀ ਤੋਂ ਹੱਥ ਧੋਣੇ ਪਏ, ਬੀਬੀ ਰਾਜਿੰਦਰ ਕੌਰ ਭੱਠਲ ਦੀ ਮੁਹਿੰਮ ਪਹਿਲਾਂ ਹੀ ਠੁੱਸ ਹੋ ਗਈ ਤੇ ਦੋ ਹੋਰ ਦਾਅਵੇਦਾਰਾਂ ਸਾਬਕਾ ਸੰਸਦ ਮੈਂਬਰ ਜਗਮੀਤ ਬਰਾੜ ਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਵੀ ਨਮੋਸ਼ੀ ਹਾਸਲ ਹੋਈ। ਦੂਜੇ ਪਾਸੇ ਸੁਪਰੀਮ ਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਮੈਂਬਰੀ ਬਹਾਲ ਕਰ ਦਿੱਤੀ ਤੇ ਉਹ ਤਕਰੀਬਨ ਦੋ ਸਾਲਾਂ ਬਾਅਦ ਵਿਧਾਨ ਸਭਾ ਵਿਚ ਵਾਪਸ ਪਹੁੰਚੇ। ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਵਿਧਾਨ ਸਭਾ 'ਚ ਬਹਾਲੀ ਦੇ ਨਾਲ ਹੀ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਤਾਜ ਵੀ ਉਨ੍ਹਾਂ ਦੇ ਸਿਰ 'ਤੇ ਟਿਕ ਗਿਆ। ਉਂਜ ਇਹ ਵੀ ਸੱਚਾਈ ਹੈ ਕਿ ਕਾਂਗਰਸ ਬਾਦਲਾਂ ਦੀ ਖਾਨਾਜੰਗੀ ਜਾਂ ਅਕਾਲੀ ਦਲ ਤੇ ਭਾਜਪਾ ਦਰਮਿਆਨ ਸਮੇਂ-ਸਮੇਂ ਪੈਦਾ ਹੋਏ ਮਤਭੇਦਾਂ ਦਾ ਲਾਹਾ ਲੈਣ 'ਚ ਨਾਕਾਮ ਰਹੀ ਹੈ।

ਦੂਜੇ ਪਾਸੇ ਜੇਕਰ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕਰੀਏ ਤਾਂ ਇਹ ਵਰ੍ਹਾ ਉਸ ਲਈ ਆਪਸੀ ਖਿੱਚੋਤਾਣ ਤੇ ਦੁਸ਼ਵਾਰੀਆਂ ਭਰਿਆ ਹੀ ਰਿਹਾ ਜਿਸ ਕਾਰਨ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਆਪਣਾ ਪਿੜ ਬੰਨਣ 'ਚ ਵੀ ਸਫ਼ਲ ਨਾ ਹੋ ਸਕੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਪਹਿਲੀ ਵਾਰ ਆਪਣੇ ਹੀ ਘਰ ਵਿਚ ਉਸ ਵੇਲੇ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਜਦੋਂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਬਾਗੀ ਹੋ ਕੇ 'ਜਾਗੋ ਪੰਜਾਬ ਯਾਤਰਾ' ਸ਼ੁਰੂ ਕਰ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪਰਿਵਾਰ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਤੋਂ ਛੁਟਕਾਰਾ ਮਿਲਿਆ ਪਰ ਬੀਬੀ ਸੁਰਿੰਦਰ ਕੌਰ ਬਾਦਲ ਦੇ ਸਖਤ ਬਿਮਾਰ ਪੈਣ ਤੇ ਮੁੱਖ ਮੰਤਰੀ ਨੂੰ ਸੱਟ ਲੱਗਣ ਕਾਰਨ ਬਾਦਲ ਪਰਿਵਾਰ ਘਰੇਲੂ ਕੰਮਾਂ 'ਚ ਹੀ ਉਲਝਿਆ ਰਿਹਾ। ਇਸ ਦੇ ਨਾਲ ਹੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਸਿਰ ਕਰਜ਼ੇ ਦੀ ਚੜ੍ਹੀ ਪੰਡ ਉਤਾਰਨ ਲਈ ਕੇਂਦਰ ਸਰਕਾਰ ਦੀ ਪੇਸ਼ਕਸ਼ ਦੇ ਮੁੱਦੇ 'ਤੇ ਅਜਿਹੀ ਬਹਿਸ ਛੇੜੀ ਕਿ ਬਾਦਲ ਪਰਿਵਾਰ ਦਾ ਹੀ ਖਿਲਾਰਾ ਪੈ ਗਿਆ।



ਸੁਖਬੀਰ ਸਿੰਘ ਬਾਦਲ

ਇਨ੍ਹਾਂ ਨਵੀਆਂ ਪ੍ਰਸਥਿਤੀਆਂ ਵਿਚ ਡਾ. ਉਪਿੰਦਰਜੀਤ ਕੌਰ ਨੂੰ ਪੰਜਾਬ ਦੀ ਪਹਿਲੀ ਮਹਿਲਾ ਵਿੱਤ ਮੰਤਰੀ ਬਣਨ ਦਾ ਮੌਕਾ ਮਿਲਿਆ। ਉਨ੍ਹਾਂ ਦੇ ਨਾਲ ਹੀ ਮੰਤਰੀ ਮੰਡਲ ਵਿਚ ਕੁਝ ਫੇਰ ਬਦਲ ਹੋਈ ਤਾਂ ਸੇਵਾ ਸਿੰਘ ਸੇਖਵਾਂ ਸਿੱਖਿਆ ਮੰਤਰੀ ਬਣ ਗਏ ਤੇ ਲੋਕ ਸੰਪਰਕ ਦਾ ਵਿਭਾਗ ਮੁੜ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਆ ਗਿਆ। ਉਂਜ ਸਾਰਾ ਵਰ੍ਹਾ ਚਰਚਾ ਹੋਣ ਦੇ ਬਾਵਜੂਦ ਸ੍ਰੀ ਸੁਖਬੀਰ ਸਿੰਘ ਬਾਦਲ ਮੁੱਖ ਮੰਤਰੀ ਦੀ ਕੁਰਸੀ ਹਾਸਲ ਨਾ ਕਰ ਸਕੇ। ਇਸ ਵਰ੍ਹੇ ਬਿਜਲੀ ਦਰਾਂ ਵਿਚ ਵਾਧੇ ਤੇ ਕਈ ਹੋਰ ਮਾਮਲਿਆਂ ਨੂੰ ਲੈ ਕੇ ਅਕਾਲੀ ਦਲ-ਭਾਜਪਾ ਲੀਡਰਸ਼ਿਪ ਵਿਚ ਖਿੱਚੋਤਾਣ ਵੀ ਰਹੀ।

# ਕੇਂਦਰ ਪਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਸਰਗਰਮ

**ਨਵੀਂ ਦਿੱਲੀ:** ਅਮਰੀਕਾ ਰਹਿੰਦੇ ਭਾਰਤੀ ਮੂਲ ਦੇ ਹਜ਼ਾਰਾਂ ਲੋਕਾਂ ਦੀਆਂ ਵੀਜ਼ਾ ਤੇ ਪਾਸਪੋਰਟ ਬਾਰੇ ਮੁਸ਼ਕਲਾਂ ਦੇ ਹੱਲ ਲਈ ਨਵੀਂ ਯੋਜਨਾ ਬਣਾਈ ਗਈ ਹੈ ਜਿਸ ਤਹਿਤ ਰਾਜਸੀ ਸ਼ਰਨ ਲੈਣ ਵਾਲੇ ਨਾਗਰਿਕਾਂ ਦੇ ਮਾਮਲਿਆਂ ਨੂੰ ਨਿਪਟਾਇਆ ਜਾਵੇਗਾ। ਇਸ ਗੱਲ ਦਾ ਪ੍ਰਗਟਾਵਾ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਵੀ. ਰਵੀ ਨੇ ਕੀਤਾ ਹੈ।

ਸ੍ਰੀ ਰਵੀ ਨੇ ਅਮਰੀਕੀ ਸੰਸਥਾ 'ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ' ਦੇ ਅਹੁਦੇਦਾਰਾਂ ਦੇ ਵਫਦ ਨੂੰ ਦੱਸਿਆ ਕਿ ਅਮਰੀਕਾ 'ਚ ਰਹਿੰਦੇ ਭਾਰਤੀ ਮੂਲ ਦੇ 75,000 ਲੋਕ ਆਪਣੇ ਵਤਨ ਨਹੀਂ ਪਰਤ ਸਕਦੇ ਕਿਉਂਕਿ ਉਥੋਂ ਦਾ ਭਾਰਤੀ ਸਫ਼ਾਰਤਖਾਨਾ ਉਨ੍ਹਾਂ ਨੂੰ ਵੀਜ਼ਾ ਤੇ ਪਾਸਪੋਰਟ ਦੇਣ 'ਚ ਬੇਵਜ਼ਾ ਦੇਰੀ ਕਰ ਰਿਹਾ ਹੈ। ਕੇਂਦਰੀ ਮੰਤਰੀ ਨੇ ਵਫਦ ਕੋਲ ਸਵੀਕਾਰਿਆ ਕਿ ਪਰਵਾਸੀ ਭਾਰਤੀਆਂ ਦੀਆਂ ਦਰਖ਼ਾਸਤਾਂ ਨਿਊਯਾਰਕ, ਸ਼ਿਕਾਗੋ ਤੇ ਸਾਨਫਰਾਂਸਿਸਕੋ ਦੇ ਭਾਰਤੀ ਸਫ਼ਾਰਤਖਾਨਿਆਂ ਨੂੰ ਮਿਲ ਚੁੱਕੀਆਂ ਹਨ ਪਰ ਉਥੇ ਸਟਾਫ ਦੀ ਕਮੀ ਕਾਰਨ ਵੀ ਦਰਖ਼ਾਸਤਾਂ ਦਾ ਨਿਬੇੜਾ ਹੋਣ 'ਚ ਦੇਰੀ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਵੀਜ਼ਾ-ਪਾਸਪੋਰਟ ਦੀਆਂ ਅਰਜ਼ੀਆਂ ਨੂੰ ਰਾਜਸੀ ਸ਼ਰਨ ਵਾਲੇ ਦੋ ਵਰਗਾਂ 'ਚ ਵੰਡ ਕੇ ਉਨ੍ਹਾਂ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਵਿਅਕਤੀਆਂ ਦੇ ਭਾਰਤ ਆਉਣ ਨਾਲ ਸੁਰੱਖਿਆ ਪ੍ਰਭਾਵਿਤ ਨਹੀਂ ਹੁੰਦੀ ਉਨ੍ਹਾਂ ਦੇ ਮਾਮਲੇ ਇਸੇ ਯੋਜਨਾ ਤਹਿਤ ਹੱਲ ਕੀਤੇ ਜਾਣਗੇ। ਨਾਰਥ ਅਮਰੀਕੀ ਪੰਜਾਬੀ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਚਾਹਲ ਨੇ ਕਿਹਾ ਹੈ ਕਿ ਉਹ ਉਨ੍ਹਾਂ ਲੋਕਾਂ ਦੀ ਹੀ ਪੈਰਵੀ ਕਰਨ ਭਾਰਤ ਆਏ ਹਨ ਜਿਨ੍ਹਾਂ ਵਿਰੁੱਧ ਇਥੇ ਕੋਈ ਮਾਮਲਾ ਦਰਜ ਨਹੀਂ ਹੈ।

Easy Travel Inc.
Consolidator of Major Airlines
ਸਸਤੀਆਂ ਹਵਾਈ ਟਿਕਟਾਂ

Detroit-Delhi $1110
Chicago-Delhi $1050
Tel: 734-451-9526, Toll Free 866-51-INDIA

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ

Call Raju
Tel: 773-973-0200
Fax: 773-973-0557
2542 W Devon Ave. Chicago IL 60659

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

Dr. Rajiv Kumar
Ayurvedic Practitioner (Regd. NAMA)
AYURVEDA/NUTRITION/ACUPRESSURE
ਖੁਲ੍ਹ ਗਿਆ ਹੈ
ਨਵਾਂ ਆਯੁਰਵੈਦਿਕ ਐਕਿਊਪ੍ਰੈਸ਼ਰ ਸੈਂਟਰ ਤੁਹਾਡੇ ਬਹੁਤ ਕਰੀਬ
INDIA HEALTH TODAY INC.
325 - East Grand River Ave., Brighton – MI 48116
ਡਾ. ਰਾਜੀਵ ਦੇ ਸੈਂਟਰ ਵਿਚ ਸਭ ਤਰ੍ਹਾਂ ਦੀਆਂ ਸ਼ੁੱਧ ਜੜੀਆਂ-ਬੂਟੀਆਂ ਤੋਂ ਬਣੀਆਂ ਦੇਸੀ ਦਵਾਈਆਂ ਮਿਲਦੀਆਂ ਹਨ।
ਜੇ ਤੁਸੀਂ ਚੰਗੀ ਸਿਹਤ ਪਾਉਣੀ ਚਾਹੁੰਦੇ ਹੋ ਤਾਂ ਬਰਾਈਟ ਤੁਹਾਡੇ ਤੋਂ ਦੂਰ ਨਹੀਂ ਹੈ।
ਸਭ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਸਿੱਧਾ ਸੰਪਰਕ ਕਰੋ ਡਾ. ਰਾਜੀਵ ਕੁਮਾਰ ਅਗਰਵਾਲ,
ਸੈਲ:231-360-1435
ਕਲੀਨਿਕ:989-272-5524
ਡਾ. ਰਾਜੀਵ ਕੁਮਾਰ ਅਗਰਵਾਲ ਸਾਰੇ ਗੁਰੂ ਘਰਾਂ ਵਿਚ ਆਯੁਰਵੈਦਿਕ/ਐਕਿਊਪ੍ਰੈਸ਼ਰ ਸਿਹਤ ਕੈਂਪ ਲਾ ਚੁਕੇ ਹਨ। ਜੇ ਤੁਸੀਂ ਵੀ ਅਜਿਹਾ ਕੈਂਪ ਆਪਣੇ ਗੁਰੂ ਘਰ ਵਿਚ ਲਵਾਉਣਾ ਚਾਹੁੰਦੇ ਹੋ ਤਾਂ ਸੰਪਰਕ ਕਰੋ ਜੀ।
Visit for more detail:www.IndiaHealthToday.com/www.brightonwellness.org

R K Carpet & Flooring, Inc.
6346 N. Claremont Ave. Chicago, IL 60659
ਵਾਜ਼ਬ ਭਾਅ, ਭਰੋਸੇਯੋਗ ਸਰਵਿਸ

*Commercial *Installation
*Residential *Cleaning
*Industrial *Repair
*Sales
Ravinder Singh Ravi
Ph:773-761-6888
Fax:773-761-6865

# ਵਿਕੀਲੀਕਸ: ਕਸ਼ਮੀਰੀਆਂ 'ਤੇ ਹੋ ਰਿਹੈ ਜਬਰ

**ਲੰਡਨ:** ਕਸ਼ਮੀਰ 'ਚ ਆਜ਼ਾਦੀ ਲਈ ਲੜ ਰਹੇ ਲੋਕਾਂ 'ਤੇ ਹੁੰਦੇ ਜਬਰ ਦੀਆਂ ਖ਼ਬਰਾਂ ਆਮ ਸੁਣਨ ਨੂੰ ਮਿਲਦੀਆਂ ਹਨ ਪਰ ਸਰਕਾਰੀ ਦਬਾਅ ਤੇ ਗਲਤ ਸੂਚਨਾ ਦੇ ਆਧਾਰ 'ਤੇ ਭਾਰਤੀ ਮੀਡੀਆ ਇਸ ਸਭ ਦਾ ਦੋਸ਼ੀ ਕਸ਼ਮੀਰੀਆਂ ਨੂੰ ਠਹਿਰਾ ਦਿੰਦਾ ਹੈ।

ਇਸ ਬਾਰੇ ਅਮਰੀਕਾ ਦੀਆਂ ਗੁਪਤ ਸੂਚਨਾਵਾਂ ਦਾ ਖੁਲਾਸਾ ਕਰਕੇ ਪੂਰੀ ਦੁਨੀਆਂ ਨੂੰ ਹੈਰਾਨ ਕਰਨ ਵਾਲੀ ਵੈੱਬਸਾਈਟ ਵਿਕੀਲੀਕਸ ਨੇ ਕਿਹਾ ਹੈ ਕਿ ਹਿਰਾਸਤ ਦੌਰਾਨ ਕਸ਼ਮੀਰੀਆਂ 'ਤੇ ਅਣ-ਮਨੁੱਖੀ ਤਸ਼ੱਦਦ ਕੀਤਾ ਜਾਂਦਾ ਹੈ। ਵਿਕੀਲੀਕਸ ਵੱਲੋਂ ਲੀਕ ਕੀਤੇ ਕੂਟਨੀਤਕ ਦਸਤਾਵੇਜ਼ਾਂ ਅਨੁਸਾਰ ਅੰਤਰਰਾਸ਼ਟਰੀ ਰੈੱਡ ਕਰਾਸ ਕਮੇਟੀ (ਆਈ.ਸੀ.ਆਰ.ਸੀ.) ਦੇ ਕਰਮਚਾਰੀਆਂ ਨੇ ਅਮਰੀਕੀ ਲੀਡਰਾਂ ਨੂੰ ਗੁਪਤ ਤੌਰ 'ਤੇ ਦੱਸਿਆ ਸੀ ਕਿ ਕਸ਼ਮੀਰ 'ਚ ਹਿਰਾਸਤ 'ਚ ਰੱਖੇ ਗਏ ਲੋਕਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਜਾਂਦਾ ਰਿਹਾ ਹੈ।

ਤਾਜ਼ਾ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਆਈ.ਸੀ.ਆਰ.ਸੀ. ਨੇ ਸਾਲ 2005 'ਚ ਦਿੱਲੀ ਸਥਿਤ ਅਮਰੀਕੀ ਲੀਡਰਾਂ ਨੂੰ ਕਸ਼ਮੀਰ 'ਚ ਹਿਰਾਸਤ ਦੌਰਾਨ ਸੈਂਕੜੇ ਲੋਕਾਂ ਨੂੰ ਕਰੰਟ ਲਗਾਉਣ, ਕੁੱਟਮਾਰ ਕਰਨ ਤੇ ਸਰੀਰਕ ਸੋਸ਼ਣ ਕੀਤੇ ਜਾਣ ਬਾਰੇ ਦੱਸਿਆ ਗਿਆ ਸੀ। ਹੋਰ ਦਸਤਾਵੇਜ਼ਾਂ ਰਾਹੀਂ ਇਹ ਗੱਲ ਸਾਹਮਣੇ ਆਈ ਹੈ ਕਿ ਸਾਲ 2007 'ਚ ਅਮਰੀਕੀ ਲੀਡਰ ਭਾਰਤੀ ਸੁਰੱਖਿਆ ਬਲਾਂ ਵਲੋਂ ਵੱਡੇ ਪੱਧਰ 'ਤੇ ਕੀਤੇ ਜਾ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਚਿੰਤਤ ਸਨ।

ਇਸ ਦੌਰਾਨ ਇਹ ਵੀ ਖੁਲਾਸਾ ਹੋਇਆ ਹੈ ਕਿ ਅਲ ਕਾਇਦਾ ਪ੍ਰਮੁੱਖ ਓਸਾਮਾ ਬਿਨ ਲਾਦੇਨ ਨੇ ਕਸ਼ਮੀਰ 'ਚ ਲੜਦੇ ਜੇਹਾਦੀਆਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਨੂੰ ਪੈਸੇ ਵੱਲੋਂ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਤੇ ਲਾਦੇਨ ਨੇ ਕਸ਼ਮੀਰੀ ਜੇਹਾਦੀਆਂ ਨੂੰ ਤਕਰੀਬਨ 20




ਮਿਲੀਅਨ ਡਾਲਰ ਦੀ ਆਰਥਿਕ ਮਦਦ ਦੇਣ ਦਾ ਮਨ ਬਣਾਇਆ ਸੀ। ਵਿਕੀਲੀਕਸ ਨੇ 2006 'ਚ ਭਾਰਤ-ਅਮਰੀਕਾ ਦੇ ਜੁਆਇੰਟ ਵਰਕਿੰਗ ਗਰੁੱਪ ਦੀ ਹੋਈ ਮੀਟਿੰਗ ਦਾ ਵੇਰਵਾ ਦਿੱਤਾ ਹੈ। ਇਸ ਮੀਟਿੰਗ 'ਚ ਭਾਰਤੀ ਵਿਦੇਸ਼ ਮੰਤਰਾਲੇ ਦੇ ਵਧੀਕ ਸਕੱਤਰ ਕੇ.ਸੀ. ਸਿੰਘ ਨੇ ਪ੍ਰਗਟਾਵਾ ਕੀਤਾ ਸੀ ਕਿ ਭਾਰਤ ਹੁਣ ਅਲ ਕਾਇਦਾ ਦੇ ਨਿਸ਼ਾਨੇ 'ਤੇ ਹੈ। ਓਸਾਮਾ ਦੇ ਡਿਪਟੀ ਅਈਮਨ ਅਲ ਜਵਾਹਰੀ ਨੇ ਕਸ਼ਮੀਰੀ ਜੇਹਾਦੀਆਂ ਦੇ ਸੰਘਰਸ਼ ਦੀ ਜੋਰਦਾਰ ਹਮਾਇਤ ਕੀਤੀ ਸੀ।

ਇਸੇ ਦੌਰਾਨ ਇਹ ਖੁਲਾਸਾ ਵੀ ਹੋਇਆ ਹੈ ਕਿ ਅਮਰੀਕੀ ਰਾਜਦੂਤ ਡੇਵਿਡ ਮਲਫੋਰਡ ਨੇ ਅਮਰੀਕਾ ਨੂੰ ਕਿਹਾ ਸੀ ਕਿ ਅਤਿਵਾਦ ਨਾਲ ਨਜਿੱਠਣ ਦੇ ਮਾਮਲੇ ਵਿਚ ਉਹ ਭਾਰਤ ਤੋਂ ਸਬਕ ਸਿੱਖੇ। ਵਿਕੀਲੀਕਸ ਵੱਲੋਂ ਕੀਤੇ ਖੁਲਾਸੇ ਅਨੁਸਾਰ ਮਲਫੋਰਡ ਨੇ ਕਿਹਾ ਸੀ ਕਿ ਅਮਰੀਕਾ ਭਾਰਤ ਤੋਂ ਸਬਕ ਸਿੱਖਣ ਲਈ ਹਰ ਮੌਕੇ ਦਾ ਲਾਭ ਉਠਾਵੇ ਜਿਸ ਨੇ ਪੰਜਾਬ ਤੇ ਕਸ਼ਮੀਰ ਵਿਚ ਬਾਗੀਆਂ ਨਾਲ ਸਫ਼ਲਤਾਪੂਰਵਕ ਨਜਿੱਠਿਆ ਹੈ। ਅੱਤਵਾਦ ਵਿਰੋਧੀ ਉਸ ਵੇਲੇ ਦੇ ਕਾਰਜਕਾਰੀ ਕੋਆਰਡੀਨੇਟਰ ਫਰੈਂਕ ਉਰਬੈਨਿਕ ਨੂੰ ਭੇਜੇ ਸੰਦੇਸ਼ ਵਿਚ ਮਲਫੋਰਡ ਨੇ ਕਿਹਾ ਸੀ ਕਿ ਭਾਰਤ ਅਤਿਵਾਦ ਵਿਰੋਧੀ ਕੋਸ਼ਿਸ਼ਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਕੀਮਤੀ ਜਾਣਕਾਰੀ ਦੇ ਸਕਦਾ ਹੈ।

ਵਿਕੀਲੀਕਸ ਨੇ ਖੁਲਾਸਾ ਕੀਤਾ ਹੈ ਕਿ ਭਾਰਤੀ ਮੁਸਲਮਾਨ ਨੌਜਵਾਨ ਮੁੱਖ ਧਾਰਾ ਵਿਚ ਖ਼ੁਦ ਨੂੰ ਠੀਕ ਮਹਿਸੂਸ ਕਰਦੇ ਹਨ ਤੇ ਮੁਸਲਿਮ ਪਰਿਵਾਰਾਂ ਵਿਚ ਵੱਖਵਾਦੀਆਂ ਦੀਆਂ ਅਪੀਲਾਂ ਨੂੰ ਬਹੁਤ ਥੋੜ੍ਹਾ ਹੁੰਗਾਰਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ (ਹਿੰਦੂ, ਮੁਸਲਿਮ ਅਤੇ ਸਿੱਖ) ਸਣੇ ਧਾਰਮਿਕ ਕੱਟੜਪੰਥੀਆਂ ਦੇ ਕਈ ਗੁੱਟ ਹਨ ਪਰ ਮੁਸਲਿਮ ਵਸੋਂ ਦਾ ਵੱਡਾ ਹਿੱਸਾ ਭਾਰਤੀ ਰਾਜ ਪ੍ਰਤੀ ਵਚਨਬੱਧ ਹੈ ਤੇ ਉਹ ਮੁੱਖ ਧਾਰਾ ਵਾਲੀ ਸਿਆਸਤ ਤੇ ਆਰਥਿਕ ਜੀਵਨ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ।

## ਪਾਕਿਸਤਾਨ ਵਿਚੋਂ ਅਮਰੀਕੀ ਸੀ. ਆਈ. ਏ. ਮੁਖੀ ਨੂੰ ਵਾਪਸ ਬੁਲਾਇਆ

**ਵਾਸ਼ਿੰਗਟਨ:** ਆਈ.ਐਸ.ਆਈ. ਵੱਲੋਂ ਪਾਕਿਸਤਾਨ 'ਚ ਸੀ.ਆਈ.ਏ. ਦੇ ਉੱਚ ਅਧਿਕਾਰੀ ਦੀ ਪਛਾਣ ਜਨਤਕ ਕਰਨ ਤੋਂ ਪਿਛੋਂ ਉਸ ਨੂੰ ਵਾਸ਼ਿੰਗਟਨ ਵਾਪਸ ਬੁਲਾ ਗਿਆ ਹੈ। ਸੀ.ਆਈ.ਏ. ਪ੍ਰਮੁੱਖ ਦੀ ਪਛਾਣ ਜ਼ਾਹਰ ਹੋਣ ਪਿਛੋਂ ਉਸ ਦੀ ਜਾਨ ਨੂੰ ਖ਼ਤਰਾ ਹੋ ਗਿਆ ਸੀ।

ਸੂਤਰਾਂ ਅਨੁਸਾਰ ਇਸਲਾਮਾਬਾਦ 'ਚ ਸੀ.ਆਈ.ਏ. ਸਟੇਸ਼ਨ ਪ੍ਰਮੁੱਖ ਦੀ ਪਛਾਣ ਆਈ.ਐਸ.ਆਈ. ਨੇ ਜਾਣ-ਬੁੱਝ ਕੇ ਜ਼ਾਹਰ ਕੀਤੀ ਹੈ। ਉਸ ਦਾ ਨਾਂ ਪਾਕਿਸਤਾਨੀ ਮੀਡੀਆ ਵਿਚ ਜੋਨਾਥ ਬੈਂਕਸ ਵਜੋਂ ਲਿਆ ਗਿਆ ਹੈ। ਰਿਪੋਰਟਾਂ ਮੁਤਾਬਕ ਮੁੰਬਈ ਹਮਲਿਆਂ ਦੇ ਸਬੰਧੀ ਨਿਊਯਾਰਕ 'ਚ ਪਾਕਿਸਤਾਨ ਦੀ ਖੁਫੀਆ ਏਜੰਸੀ ਦੇ ਪ੍ਰਮੁੱਖ ਅਹਿਮਦ ਸ਼ੁਜਾ ਪਾਸ਼ਾ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ ਜਿਸ ਦਾ ਬਦਲਾ ਲੈਣ ਲਈ ਕਥਿਤ ਤੌਰ 'ਤੇ ਆਈ.ਐਸ.ਆਈ. ਨੇ ਸੀ.ਆਈ.ਏ. ਅਧਿਕਾਰੀ ਦੀ ਪਛਾਣ ਨਸ਼ਰ ਕਰ ਦਿੱਤੀ।

ਅਮਰੀਕੀ ਮੀਡੀਆ ਦੀ ਰਿਪੋਰਟ ਮੁਤਾਬਕ ਸੀ.ਆਈ.ਏ. ਦੇ ਅਧਿਕਾਰੀ ਦਾ ਇਸ ਮਗਰੋਂ ਪਾਕਿਸਤਾਨ ਵਿਚ ਮੌਜੂਦ ਰਹਿਣਾ ਖ਼ਤਰੇ ਤੋਂ ਖਾਲੀ ਨਹੀਂ ਸੀ ਕਿਉਂਕਿ ਉਸ ਦੀ ਪਛਾਣ ਨਸ਼ਰ ਹੋ ਚੁੱਕੀ ਸੀ ਤੇ ਉਸ ਨੂੰ ਧਮਕੀ ਭਰੇ ਫੋਨ ਆਉਣ ਲੱਗੇ ਸਨ।'ਦ ਵਾਸ਼ਿੰਗਟਨ ਪੋਸਟ' ਨੇ ਇਸ ਘਟਨਾ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਸੀ.ਆਈ.ਏ. ਅਧਿਕਾਰੀ ਨੇ ਉਸ ਦਿਨ ਇਸਲਾਮਾਬਾਦ ਦਾ ਏਜੰਸੀ ਸਟੇਸ਼ਨ ਛੱਡ ਦਿੱਤਾ ਹੈ ਜਿਸ ਦਿਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਾਕਿਸਤਾਨੀ ਆਗੂਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਉਨ੍ਹਾਂ ਨੂੰ ਆਪਣੀ ਹੱਦਾਂ ਦੇ ਅੰਦਰ ਅਤਿਵਾਦੀ ਦੀਆਂ ਸੁਰੱਖਿਅਤ ਪਨਾਹਗਾਹਾਂ ਖ਼ਤਮ ਕਰਨੀਆਂ ਚਾਹੀਦੀਆਂ ਹਨ।

### ਲੋਕ ਸਭਾ ਚੋਣਾਂ ਸਮੇਂ ਖੱਬੇ ਪੱਖੀਆਂ ਦੀ ਕਾਰਗੁਜ਼ਾਰੀ ਬਾਰੇ ਫ਼ਿਕਰਮੰਦ ਸੀ ਅਮਰੀਕਾ

**ਨਵੀਂ ਦਿੱਲੀ:** ਭਾਰਤ ਵਿਚ 2009 'ਚ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਅਮਰੀਕਾ ਇਸ ਗੱਲ ਲਈ ਬੇਹੱਦ ਫਿਕਰਮੰਦ ਸੀ ਕਿ ਕਿਤੇ ਖੱਬੇ ਪੱਖੀ ਪਾਰਟੀਆਂ ਦੀ ਅਗਵਾਈ ਵਿੱਚ ਤੀਜੇ ਫਰੰਟ ਦੀ ਸਰਕਾਰ ਨਾ ਬਣ ਜਾਵੇ। ਵਿਕੀਲੀਕਸ ਵੱਲੋਂ ਕੀਤੇ ਤਾਜ਼ਾ ਖੁਲਾਸੇ 'ਚ ਦੱਸਿਆ ਗਿਆ ਹੈ ਕਿ ਉਸ ਵੇਲੇ ਅਮਰੀਕਾ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਜੇਕਰ ਕਾਂਗਰਸ ਤੇ ਭਾਜਪਾ ਪਾਰਟੀਆਂ ਸਰਕਾਰ ਨਾ ਬਣਾ ਸਕੀਆਂ ਤਾਂ ਖੱਬੀ ਪੱਖੀ ਪਾਰਟੀਆਂ ਤੀਜੇ ਫਰੰਟ ਦੀ ਸਰਕਾਰ ਬਣਾਉਣ 'ਚ ਵੱਡਾ ਰੋਲ ਨਿਭਾਉਣਗੀਆਂ।

12 ਫਰਵਰੀ, 2009 ਨੂੰ ਭਾਰਤ 'ਚ ਅਮਰੀਕੀ ਰਾਜਦੂਤ ਡੇਵਿਡ ਸੀ. ਮੁਲਫੋਰਡ ਵੱਲੋਂ ਭੇਜੀ ਤਾਰ 'ਚ ਕਿਹਾ ਗਿਆ ਸੀ ਕਿ ਕਾਂਗਰਸ ਤੇ ਭਾਜਪਾ ਭਾਰਤ-ਅਮਰੀਕਾ ਦੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦੇ ਹੱਕ 'ਚ ਹਨ ਪਰ ਜੇਕਰ ਇਹ ਦੋਵੇਂ ਧਿਰਾਂ ਸਰਕਾਰ ਬਣਾਉਣ 'ਚ ਸਫਲ ਨਹੀਂ ਹੁੰਦੀਆਂ ਤਾਂ ਇਹ ਦਾ ਭਾਰਤ-ਅਮਰੀਕਾ ਰਿਸ਼ਤੇ 'ਤੇ ਮਾੜਾ ਅਸਰ ਪਵੇਗਾ।

## ਬ੍ਰਿਟਿਸ਼ ਅਦਾਲਤ ਵੱਲੋਂ ਪਰਵਾਸੀ ਕਾਮਿਆਂ ਦੇ ਆਵਾਸ ਬਾਰੇ ਹੱਦ ਬਰਖਾਸਤ

**ਲੰਡਨ:** ਬ੍ਰਿਟਿਸ਼ ਅਦਾਲਤ ਨੇ ਭਾਰਤ ਤੇ ਯੂਰਪੀ ਯੂਨੀਅਨ ਤੋਂ ਬਾਹਰਲੇ ਮੁਲਕਾਂ ਤੋਂ ਆਉਣ ਵਾਲੇ ਹੁਨਰਮੰਦ ਕਾਮਿਆਂ ਦੀ ਗਿਣਤੀ 'ਤੇ ਜੂਨ ਵਿਚ ਅਸਥਾਈ ਹੱਦ ਤੈਅ ਕਰਨ ਨੂੰ ਨਾਜਾਇਜ਼ ਠਹਿਰਾਇਆ ਹੈ।

ਦੱਸਣਯੋਗ ਹੈ ਕਿ ਗ੍ਰਿਹ ਸਕੱਤਰ ਥੇਰੇਸਾ ਮੇਅ ਨੇ ਅਪਰੈਲ 2011 'ਚ ਸਥਾਈ ਹੱਦ ਤੈਅ ਹੋਣ ਤੋਂ ਪਹਿਲਾਂ ਇਹ ਆਰਜ਼ੀ ਹੱਦ ਲਿਆਂਦੀ ਸੀ। ਇਸ ਨੂੰ ਅਦਾਲਤ ਵਿਚ ਇਸ ਆਧਾਰ 'ਤੇ ਚੁਣੌਤੀ ਦਿੱਤੀ ਗਈ ਸੀ ਕਿ ਸਥਾਈ ਹੱਦ ਦਾ ਐਲਾਨ ਹੋਣ ਤੋਂ ਪਹਿਲਾਂ ਮੰਤਰੀਆਂ ਨੇ ਇਸ ਕਦਮ ਨਾਲ ਇਸ ਨੂੰ ਸੰਸਦੀ ਨਿਗਰਾਨੀ ਤੋਂ ਦੂਰ ਕਰ ਦਿੱਤਾ ਹੈ। ਅਪਰੈਲ 2011 ਤਕ 24,100 ਕਾਮਿਆਂ ਦੀ ਹੱਦ ਨੂੰ ਪਰਵਾਸੀਆਂ ਦੀ ਭਲਾਈ ਲਈ ਸਾਂਝੀ ਕੌਂਸਲ (ਜੇ.ਸੀ. ਡਬਲਿਊ.ਆਈ.) ਤੇ ਇੰਗਲਿਸ਼ ਕਮਿਊਨਿਟੀ ਕੇਅਰ ਐਸੋਸੀਏਸ਼ਨ ਵੱਲੋਂ ਚੁਣੌਤੀ ਦਿੱਤੀ ਗਈ ਸੀ ਤੇ ਜੱਜਾਂ ਨੇ ਇਸ ਨੂੰ ਮੰਨ ਲਿਆ। ਅਦਾਲਤ ਨੇ ਮੌਜੂਦਾ ਅਸਥਾਈ ਹੱਦ ਨੂੰ ਰੱਦ ਕਰ ਦਿੱਤਾ। ਇਸ ਦਾ ਮਤਲਬ ਹੈ ਕਿ ਇਹ ਹੁਣ ਲਾਗੂ ਨਹੀਂ ਹੈ। ਇਹ ਗਠਜੋੜ ਸਰਕਾਰ ਵੱਲੋਂ ਪਰਵਾਸ ਨੂੰ ਕੰਟਰੋਲ ਕਰਨ ਲਈ ਚੁੱਕਿਆ ਗਿਆ ਪਹਿਲਾ ਹੀ ਕਦਮ ਸੀ।

ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਪਰਵਾਸੀਆਂ ਦੀ ਗਿਣਤੀ ਲੱਖਾਂ ਤੋਂ ਹਜ਼ਾਰਾਂ ਵਿਚ ਲਿਆ ਦੇਵੇਗੀ। ਅੱਜ ਦੇ ਫੈਸਲੇ ਵਿਚ ਜਸਟਿਸ ਸੁਲੀਵਨ ਤੇ ਜਸਟਿਸ ਬਰਟਨ ਨੇ ਤਰਕ ਦਿੱਤਾ ਕਿ ਗ੍ਰਿਹ ਸਕੱਤਰ ਨੇ ਇਹ ਹੱਦ ਲਾਗੂ ਕਰਨ ਤੋਂ ਪਹਿਲਾਂ ਸੰਸਦੀ ਪ੍ਰਕਿਰਿਆ ਪੂਰੀ ਨਹੀਂ ਕੀਤੀ ਤੇ ਇਸ ਨੂੰ ਸੰਸਦ ਵਿਚ ਵੋਟਿੰਗ ਤੋਂ ਬਗੈਰ ਹੀ ਲਾਗੂ ਕਰ ਦਿੱਤਾ।

# ਕਾਂਗਰਸ ਮੰਨਦੀ ਹੈ ਹਿੰਦੂ ਕੱਟੜਪੰਥੀਆਂ ਤੋਂ ਦੇਸ਼ ਨੂੰ ਖ਼ਤਰਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਹਿੰਦੂ ਕੱਟੜਪੰਥੀ ਜਥੇਬੰਦੀਆਂ ਖ਼ਿਲਾਫ਼ ਰਾਹੁਲ ਗਾਂਧੀ ਵੱਲੋਂ ਕੀਤੀਆਂ ਟਿੱਪਣੀਆਂ ਕਰਕੇ ਪਹਿਲਾਂ ਹੀ ਕਈ ਵਿਵਾਦਾਂ 'ਚ ਘਿਰੀ ਕਾਂਗਰਸ ਲਈ ਮੁਸੀਬਤਾਂ ਹੋਰ ਵਧ ਗਈਆਂ ਹਨ। ਜਿੱਥੇ ਕਾਂਗਰਸ ਵੱਲੋਂ ਹਿੰਦੂ ਵੋਟਰਾਂ ਦੀ ਨਰਾਜ਼ਗੀ ਤੋਂ ਡਰਦਿਆਂ ਇਸ ਮਾਮਲੇ 'ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਥੇ ਭਾਜਪਾ ਸਣੇ ਹੋਰ ਵਿਰੋਧੀ ਧਿਰਾਂ ਵੱਲੋਂ ਇਸ ਮੌਕੇ ਦਾ ਪੂਰਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਵੇਂ ਇਸ ਦੀ ਸ਼ੁਰੂਆਤ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਵੱਲੋਂ ਭਾਰਤ ਨੂੰ ਲਸ਼ਕਰ-ਏ-ਤੋਇਬਾ ਵਰਗੀਆਂ ਅਤਿਵਾਦੀ ਜਥੇਬੰਦੀਆਂ ਨਾਲੋਂ ਕੱਟੜਪੰਥੀ ਹਿੰਦੂ ਜਥੇਬੰਦੀਆਂ ਤੋਂ ਜ਼ਿਆਦਾ ਖ਼ਤਰਾ ਕਹਿਣ ਨਾਲ ਹੋਈ ਹੈ ਪਰ ਇਸ ਵਿਵਾਦ 'ਚ ਸੀਨੀਅਰ ਕਾਂਗਰਸੀ ਵੀ ਰਾਹੁਲ ਗਾਂਧੀ ਦੀ ਪਿੱਠ 'ਤੇ ਆ ਗਏ ਹਨ।

ਜ਼ਿਕਰਯੋਗ ਹੈ ਕਿ ਸ੍ਰੀ ਰਾਹੁਲ ਗਾਂਧੀ ਨੇ ਭਾਰਤ 'ਚ ਅਮਰੀਕੀ ਸਫ਼ੀਰ ਟਿਮੋਥੀ ਜੇ. ਰੋਇਮਰ ਨੂੰ ਦੱਸਿਆ ਸੀ ਕਿ ਭਾਰਤ ਨੂੰ ਲਸ਼ਕਰ-ਏ-ਤੋਇਬਾ ਨਾਲੋਂ ਕੱਟੜਪੰਥੀ ਹਿੰਦੂ ਜਥੇਬੰਦੀਆਂ ਤੋਂ ਵੱਧ ਖ਼ਤਰਾ ਹੈ। ਇਹ ਖੁਲਾਸਾ ਵਿਕੀਲੀਕਸ ਵੱਲੋਂ ਜਾਰੀ ਕੀਤੇ ਗੁਪਤ ਦਸਤਾਵੇਜ਼ਾਂ ਵਿਚ ਹੋਇਆ ਹੈ। ਜੁਲਾਈ 2009 ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਹਿਲੇਰੀ ਕਲਿੰਟਨ ਦੇ ਮਾਣ ਵਿਚ ਦਿੱਤੇ ਦੁਪਹਿਰ ਦੇ ਖਾਣੇ ਦੌਰਾਨ ਰਾਹੁਲ ਗਾਂਧੀ ਨੇ ਇਹ ਗੱਲਾਂ ਰੋਇਮਰ ਨਾਲ ਸਾਂਝੀਆਂ ਕੀਤੀਆਂ ਸਨ। ਵਿਕੀਲੀਕਸ ਮੁਤਾਬਕ ਰਾਹੁਲ ਨੇ ਕਿਹਾ ਸੀ ਕਿ ਭਾਵੇਂ ਲਸ਼ਕਰ-ਏ-ਤੋਇਬਾ ਨੂੰ ਭਾਰਤੀ ਮੁਸਲਮਾਨਾਂ ਦੀ ਹਮਾਇਤ ਹੋਣ ਦੇ ਸਬੂਤ ਮਿਲੇ ਹਨ ਪਰ ਇਸ ਦੇ ਮੁਕਾਬਲੇ ਫ਼ਿਰਕੂ ਤਣਾਅ ਫੈਲਾਅ ਰਹੀਆਂ ਤੇ ਮੁਸਲਮਾਨਾਂ ਨਾਲ ਸਿਆਸੀ ਲੜਾਈ ਲੜ ਰਹੀਆਂ ਹਿੰਦੂ ਕੱਟੜਪੰਥੀ ਜਥੇਬੰਦੀਆਂ ਤੋਂ ਭਾਰਤ ਨੂੰ ਵੱਡਾ ਖ਼ਤਰਾ ਹੈ। ਰਾਹੁਲ ਗਾਂਧੀ ਨਾਲ ਹੋਈ ਗੱਲਬਾਤ ਪਿਛੋਂ 3 ਅਗਸਤ 2009 ਨੂੰ ਰੋਇਮਰ ਨੇ ਇਹ ਗੱਲਾਂ ਅਮਰੀਕੀ ਲੀਡਰਸ਼ਿਪ ਨਾਲ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚ ਕਿਹਾ ਗਿਆ ਕਿ ਰਾਹੁਲ ਗਾਂਧੀ ਨੇ ਭਾਜਪਾ ਦੇ ਕਈ ਆਗੂਆਂ ਜਿਵੇਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦਾ ਜ਼ਿਕਰ ਕੀਤਾ ਜੋ ਤਣਾਅ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਦੂਜੇ ਪਾਸੇ ਕੁਲ ਹਿੰਦ ਕਾਂਗਰਸ ਦੇ ਜਨਰਲ ਸਕੱਤਰ ਜਨਾਰਧਨ ਦਿਵੇਦੀ ਨੇ ਕਿਹਾ ਹੈ ਕਿ ਰਾਹੁਲ ਗਾਂਧੀ ਦਾ ਵਿਚਾਰ ਇਹ ਸੀ ਕਿ ਹਰ ਕਿਸਮ ਦਾ ਅਤਿਵਾਦ ਜਾਂ ਫ਼ਿਰਕੂਵਾਦ ਭਾਰਤ ਲਈ ਖ਼ਤਰਾ ਹੈ। ਵਿਕੀਲੀਕਸ ਵੱਲੋਂ ਜਾਰੀ ਕੀਤੇ ਰਾਹੁਲ ਦੇ ਬਿਆਨ ਪਿੱਛੋਂ ਵਿਵਾਦਾਂ ਵਿਚ ਘਿਰੀ ਕਾਂਗਰਸ ਨੇ ਸਫ਼ਾਈ ਦਿੱਤੀ ਕਿ ਤੱਥਾਂ ਦੀ ਜਾਂਚ ਕੀਤੀ ਜਾ ਰਹੀ ਹੈ। ਦਿਵੇਦੀ ਨੇ ਪਹਿਲਾਂ ਵਿਕੀਲੀਕਸ ਦੇ ਇਸ



ਪ੍ਰਗਟਾਵੇ ਨੂੰ ਇਕ ਸਾਜ਼ਸ਼ ਕਰਾਰ ਦਿੱਤਾ ਤੇ ਬਾਅਦ ਵਿਚ ਰਾਹੁਲ ਗਾਂਧੀ ਵੱਲੋਂ ਸਪੱਸ਼ਟੀਕਰਨ ਜਾਰੀ ਕਰ ਦਿੱਤਾ।

ਇਸ ਦੇ ਨਾਲ ਹੀ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਦੋਸ਼ ਲਾਇਆ ਕਿ ਅਜਿਹੇ ਪ੍ਰਗਟਾਵੇ ਅਮਰੀਕਾ ਨੂੰ ਪਾਕਿਸਤਾਨ ਪੱਖੀ ਨੀਤੀਆਂ ਬਣਾਉਣ ਲਈ ਉਤਸ਼ਾਹਤ ਕਰਦੇ ਹਨ। ਉਨ੍ਹਾਂ ਕਿਹਾ ਕਿ ਹੁਣ ਸਪਸ਼ਟ ਹੋ ਗਿਆ ਹੈ ਕਿ ਅਮਰੀਕਾ ਨੂੰ ਪਾਕਿਸਤਾਨ ਦੇ ਹੱਕ ਵਿਚ ਬੋਲਣ ਲਈ ਕੌਣ ਉਤਸ਼ਾਹਤ ਕਰਦਾ ਹੈ। ਸੀ.ਪੀ.ਆਈ.(ਐਮ.) ਨੇ ਵੀ ਸਰਕਾਰ ਨੂੰ ਰਗੜਾ ਲਾਉਂਦਿਆਂ ਕਿਹਾ ਕਿ ਦੇਸ਼ ਵਿਚ ਅਮਰੀਕੀ ਸਾਮਰਾਜਵਾਦੀ ਹਿਤਾਂ ਦੀ ਪੂਰਤੀ ਕਰਨ ਵਿਚ ਮਨਮੋਹਨ ਸਿੰਘ ਸਰਕਾਰ ਦੀ ਮਿਲੀਭੁਗਤ ਹੈ। ਸੀ.ਪੀ.ਆਈ.(ਐਮ.) ਦੀ ਪੋਲਿਟ ਬਿਊਰੋ ਨੇ ਕਿਹਾ ਕਿ ਵਿਕੀਲੀਕਸ ਵੱਲੋਂ ਜਾਰੀ ਦਸਤਾਵੇਜ਼ਾਂ ਤੋਂ ਸਮੁੱਚੇ ਵਿਸ਼ਵ ਨੂੰ ਪਤਾ ਲੱਗ ਗਿਆ ਹੈ ਕਿ ਅਮਰੀਕਾ ਸਿਰਫ਼ ਆਪਣੇ ਸਾਮਰਾਜੀ ਹਿਤਾਂ ਦੀ ਪੂਰਤੀ ਵਿਚ ਜੁਟਿਆ ਹੋਇਆ ਹੈ। ਭਾਜਪਾ ਦੀ ਸਾਬਕਾ ਆਗੂ ਉਮਾ ਭਾਰਤੀ ਨੇ ਰਾਹੁਲ ਗਾਂਧੀ ਤੇ ਦਿਗਵਿਜੈ ਸਿੰਘ ਦੀਆਂ ਦੇਸ਼ ਦੇ ਹਿੰਦੂ ਸੰਗਠਨਾਂ ਬਾਰੇ ਟਿੱਪਣੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਪ੍ਰਮਾਤਮਾ ਉਨ੍ਹਾਂ ਨੂੰ ਕੁਝ ਅਕਲ ਦੇਵੇ ਤੇ ਦੂਰਅੰਦੇਸ਼ ਬਣਾਵੇ।

ਇਸੇ ਦੌਰਾਨ ਕਾਂਗਰਸ ਦੇ ਸੀਨੀਅਰ ਆਗੂ ਦਿਗਵਿਜੈ ਸਿੰਘ ਨੇ ਭਾਜਪਾ ਤੇ ਆਰ.ਐਸ.ਐਸ. 'ਤੇ ਵਰ੍ਹਦਿਆਂ ਕਿਹਾ ਹੈ ਕਿ ਇਹ ਦੋਵੇਂ ਮੁਸਲਮਾਨਾਂ ਨੂੰ ਉਸੇ ਤਰ੍ਹਾਂ ਨਫਰਤ ਕਰਦੀਆਂ ਹਨ ਜਿਵੇਂ ਨਾਜੀ ਜਹੂਦੀਆਂ ਨੂੰ ਕਰਦੇ ਸਨ। ਉਨ੍ਹਾਂ ਕਿਹਾ ਕਿ ਭਾਰਤ 'ਚ ਅਤਿਵਾਦ ਦੀ ਨੀਂਹ 1992 'ਚ ਭਾਜਪਾ ਆਗੂ ਐਲ.ਕੇ. ਅਡਵਾਨੀ ਦੀ ਰੱਥ ਯਾਤਰਾ ਦੌਰਾਨ ਹੀ ਰੱਖੀ ਗਈ ਸੀ।

ਸ੍ਰੀ ਸਿੰਘ ਨੇ ਕਿਹਾ ਕਿ 1930 ਵਿਚ ਹਿਟਲਰ ਦੀ ਨਾਜੀ ਪਾਰਟੀ ਨੇ ਜਹੂਦੀਆਂ ਦੀ ਨਸਲਕੁਸ਼ੀ ਕੀਤੀ ਸੀ ਤੇ ਇਸੇ ਤਰਜ 'ਤੇ ਆਰ.ਐਸ.ਐਸ. ਵਿਚਾਰਧਾਰਾ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਸੱਤਾ ਹਥਿਆਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਹਿੰਦੂ ਤੇ ਮੁਸਲਮਾਨਾਂ ਵਿਚਾਲੇ ਪਾੜੇ ਦੇ ਬੀਜ 1992 ਵਿਚ ਐਲ.ਕੇ. ਅਡਵਾਨੀ ਨੇ ਰੱਥ ਯਾਤਰਾ ਕਰਕੇ ਬੀਜੇ ਸਨ ਜਿਸ ਦਾ ਸੰਤਾਪ ਹੁਣ ਦੇਸ਼ ਭੋਗ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਬਰੀ ਮਸਜਿਦ ਨੂੰ ਢਾਹੁਣਾ ਭਾਰਤੀ ਇਤਿਹਾਸ ਦਾ ਸਭ ਤੋਂ ਕਾਲਾ ਅਧਿਆਇ ਹੈ। ਭਾਜਪਾ ਵੱਲੋਂ ਦਿੱਤੇ ਜਾ ਰਹੇ ਤਰਕ ਕਿ "ਸਾਰੇ ਮੁਸਲਮਾਨ ਅਤਿਵਾਦੀ ਨਹੀਂ ਪਰ ਸਾਰੇ ਅਤਿਵਾਦੀ ਮੁਸਲਮਾਨ ਹਨ" ਦਾ ਜਵਾਬ ਦਿੰਦਿਆਂ ਸ੍ਰੀ ਦਿਗਵਿਜੈ ਨੇ ਕਿਹਾ ਕਿ ਇਹ ਤਰਕ ਹਿੰਦੂਆਂ 'ਤੇ ਤਾਂ ਲਾਗੂ ਹੋ ਸਕਦਾ ਹੈ ਭਾਵ ਸਾਰੇ ਹਿੰਦੂ ਅਤਿਵਾਦੀ ਨਹੀਂ ਪਰ ਅਨੇਕਾਂ ਬੰਬ ਧਮਾਕਿਆਂ 'ਚ ਸਿਰਫ ਆਰ.ਐਸ.ਐਸ. ਨਾਲ ਸਬੰਧਤ ਅਤਿਵਾਦੀ ਗ੍ਰਿਫਤਾਰ ਹੋਏ ਹਨ।

## ਮੁੰਬਈ ਹਮਲੇ ਬਾਰੇ ਕੇਸ ਦੇ ਵਕੀਲ ਕੋਲ ਜਾਅਲੀ ਡਿਗਰੀ!

**ਇਸਲਾਮਾਬਾਦ:** ਸਰਕਾਰੀ ਪੱਖ ਵੱਲੋਂ ਮੁਲਜ਼ਮਾਂ ਦੇ ਵਕੀਲ ਕੋਲ ਜਾਅਲੀ ਡਿਗਰੀ ਹੋਣ ਦੇ ਲੱਗੇ ਦੋਸ਼ ਤੋਂ ਪਿਛੋਂ ਮੁੰਬਈ ਹਮਲੇ ਬਾਰੇ ਕੇਸ ਨੇ ਨਵਾਂ ਮੋੜ ਲੈ ਲਿਆ ਹੈ।

ਰਾਵਲਪਿੰਡੀ ਦੀ ਅਤਿਵਾਦ ਵਿਰੋਧੀ ਅਦਾਲਤ 'ਚ ਸਰਕਾਰੀ ਪੱਖ ਦੀ ਟੀਮ ਨੇ ਬਚਾਅ ਪੱਖ ਦੇ ਵਕੀਲ ਸ਼ਾਹਬਾਜ਼ ਰਾਜਪੂਤ ਵਿਰੁੱਧ ਰਾਵਲਪਿੰਡੀ ਬਾਰ ਐਸੋਸੀਏਸ਼ਨ ਵੱਲੋਂ ਦਾਇਰ ਐਫ. ਆਈ. ਆਰ. ਪੇਸ਼ ਕੀਤੀ ਗਈ ਜਿਸ ਵਿਚ ਦੋਸ਼ ਲਾਇਆ ਗਿਆ ਹੈ ਕਿ ਰਾਜਪੂਤ ਕੋਲ ਵਕਾਲਤ ਦੀ ਜਾਅਲੀ ਡਿਗਰੀ ਹੈ। ਸਰਕਾਰੀ ਪੱਖ ਨੇ ਮੰਗ ਕੀਤੀ ਕਿ ਰਾਜਪੂਤ ਨੂੰ ਅਦਾਲਤ ਵਿਚ ਪੇਸ਼ ਹੋਣ ਤੋਂ ਰੋਕਿਆ ਜਾਵੇ। ਆਪਣੀ ਦਲੀਲ ਨੂੰ ਵਜ਼ਨਦਾਰ ਬਣਾਉਣ ਲਈ ਸਰਕਾਰੀ ਪੱਖ ਨੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਨੂੰ ਅਦਾਲਤ 'ਚ ਵੀ ਪੇਸ਼ ਕੀਤਾ।

ਸੂਤਰਾਂ ਅਨੁਸਾਰ ਅਦਾਲਤ ਦੀ ਬੰਦ ਕਮਰਾ ਸੁਣਵਾਈ ਮੌਕੇ ਰਾਜਪੂਤ ਨੇ ਦਸਤਾਵੇਜ਼ ਪੇਸ਼ ਕਰਦਿਆਂ ਕਿਹਾ ਕਿ ਉਸ ਦੀ ਡਿਗਰੀ ਦੀ ਰਾਵਲਪਿੰਡੀ ਬਾਰ ਐਸੋਸੀਏਸ਼ਨ ਵੱਲੋਂ ਪੁਸ਼ਟੀ ਕੀਤੀ ਗਈ ਹੈ। ਰਾਜਪੂਤ ਨੇ ਕਿਹਾ ਕਿ ਸਰਕਾਰੀ ਪੱਖ ਉਸ ਨੂੰ ਦਬਾਅ ਪਾ ਕੇ ਸੁਣਵਾਈ ਤੋਂ ਲਾਂਭੇ ਕਰਨਾ ਚਾਹੁੰਦਾ ਹੈ ਪਰ ਉਹ ਆਪਣੇ ਮੁਵੱਕਲਾਂ ਦੇ ਬਚਾਅ ਲਈ ਲੜੇਗਾ। ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਲਸ਼ਕਰ-ਏ-ਤੋਇਬਾ ਦਾ ਅਪਰੇਸ਼ਨਜ਼ ਕਮਾਂਡਰ ਜ਼ਕੀਉਰ ਰਹਿਮਾਨ ਲਖਵੀ ਵੀ ਸ਼ਾਮਲ ਹੈ ਤੇ ਇਹ ਕੇਸ ਇਕ ਸਾਲ ਤੋਂ ਲਮਕਿਆ ਹੋਇਆ ਹੈ ਤੇ ਹੁਣ ਤਕ 160 ਗਵਾਹਾਂ ਚੋਂ ਕੇਵਲ ਇਕ ਗਵਾਹ ਭੁਗਤਾਇਆ ਜਾ ਸਕਿਆ ਹੈ ਜਦੋਂਕਿ ਜੱਜ ਤੀਜੀ ਵਾਰ ਬਦਲਿਆ ਜਾ ਚੁੱਕਾ ਹੈ। ਇਸ ਕੇਸ ਵਿਚ ਅਜੇ 20 ਸ਼ੱਕੀ ਮੁਲਜ਼ਮ ਗ੍ਰਿਫਤਾਰ ਕੀਤੇ ਜਾਣੇ ਹਨ।

## *ਭਾਰਤ 'ਚ 1112 ਸਿਆਸੀ ਪਾਰਟੀਆਂ*

**ਨਵੀਂ ਦਿੱਲੀ:** ਭਾਰਤ ਦੇ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਦੇਸ਼ 'ਚ ਛੇ ਕੌਮੀ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਤੋਂ ਇਲਾਵਾ ਦੇਸ਼ 'ਚ 1112 ਰਾਜ ਪੱਧਰ ਦੀਆਂ ਪਾਰਟੀਆਂ ਹਨ ਜਿਨ੍ਹਾਂ ਨੂੰ ਵੱਖ-ਵੱਖ ਰਾਜਾਂ 'ਚ ਮਾਨਤਾ ਪ੍ਰਾਪਤ ਹੈ

ਇਨ੍ਹਾਂ 'ਚ ਬਹੁਜਨ ਸਮਾਜ ਪਾਰਟੀ, ਭਾਰਤੀ ਜਨਤਾ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਇੰਡੀਅਨ ਨੈਸ਼ਨਲ ਕਾਂਗਰਸ ਤੇ ਨੈਸ਼ਨਲ ਕਾਂਗਰਸ ਪਾਰਟੀ ਛੇ ਕੌਮੀ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਹਨ। ਇਨ੍ਹਾਂ ਸਾਰੀਆਂ ਪਾਰਟੀਆਂ ਦੇ ਹੈੱਡਕੁਆਰਟਰ ਦਿੱਲੀ 'ਚ ਹਨ ਤੇ ਇਨ੍ਹਾਂ ਨੂੰ ਪੱਕੇ ਤੌਰ 'ਤੇ ਚੋਣ ਨਿਸ਼ਾਨ ਅਲਾਟ ਹਨ। ਪੰਜਾਬ 'ਚ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਮਾਨਤਾ ਪ੍ਰਾਪਤ ਪਾਰਟੀ ਹੈ ਜਦੋਂਕਿ ਹਰਿਆਣਾ 'ਚ ਹਰਿਆਣਾ ਜਨਹਿਤ ਕਾਂਗਰਸ (ਬੀ.ਐਲ.) ਤੇ ਇੰਡੀਅਨ ਨੈਸ਼ਨਲ ਲੋਕ ਦਲ ਪਾਰਟੀਆਂ ਹੀ ਰਾਜ ਪੱਧਰ ਦੀਆਂ ਮਾਨਤਾ ਪ੍ਰਾਪਤ ਪਾਰਟੀਆਂ ਹਨ।

# 2-ਜੀ ਸਪੈਕਟ੍ਰਮ ਘੁਟਾਲਾ:ਐਨ.ਡੀ.ਏ. ਦੁਆਲੇ ਵੀ ਸ਼ਿਕੰਜੇ ਦੀ ਤਿਆਰੀ

**ਨਵੀਂ ਦਿੱਲੀ:** 2 ਜੀ ਸਪੈਕਟ੍ਰਮ ਘੁਟਾਲੇ ਦੀ ਜਾਂਚ ਦੀ ਨਿਗਰਾਨੀ ਹੁਣ ਸੁਪਰੀਮ ਕੋਰਟ ਖ਼ੁਦ ਕਰੇਗੀ। ਅਦਾਲਤ ਨੇ ਕੇਸ ਦੀ ਜਾਂਚ ਦਾ ਘੇਰਾ 2001 ਤੋਂ 2008 ਤੱਕ ਦੀ ਸਮੁੱਚੀ ਟੈਲੀਕਾਮ ਨੀਤੀ ਤੱਕ ਫੈਲਾਅ ਦਿੱਤਾ ਹੈ ਜਿਸ ਸਦਕਾ ਐਨ.ਡੀ.ਏ. ਤੇ ਯੂ.ਪੀ.ਏ. ਦੋਵੇਂ ਸਰਕਾਰਾਂ ਦੇ ਫੈਸਲਿਆਂ ਦੀ ਪਰਖ ਹੋਵੇਗੀ।

ਜਸਟਿਸ ਜੀ.ਐਸ. ਸਿੰਘਵੀ ਤੇ ਏ.ਕੇ. ਗਾਂਗੁਲੀ 'ਤੇ ਆਧਾਰਤ ਬੈਂਚ ਨੇ ਸਪਸ਼ਟ ਕੀਤਾ ਕਿ ਜਾਂਚ ਦਾ ਮੁੱਖ ਜ਼ੋਰ ਇਸ ਗੱਲ 'ਤੇ ਰਹੇਗਾ ਕਿ ਸਰਕਾਰੀ ਖਜ਼ਾਨੇ ਨੂੰ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ ਤੇ ਜਾਂਚ ਦੀ ਪ੍ਰਗਤੀ ਰਿਪੋਰਟ ਇਕ ਸੀਲਬੰਦ ਲਿਫਾਫੇ ਵਿਚ ਸੀ.ਬੀ.ਆਈ. ਤੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ 10 ਫਰਵਰੀ 2011 ਨੂੰ ਅਗਲੀ ਸੁਣਵਾਈ 'ਤੇ ਪੇਸ਼ ਕੀਤੀ ਜਾਵੇ। ਉਂਝ ਬੈਂਚ ਨੇ ਕਿਹਾ ਕਿ ਘੁਟਾਲੇ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣਾਉਣ ਦੀ ਲੋੜ ਨਹੀਂ ਕਿਉਂਕਿ ਸਰਕਾਰ ਅਦਾਲਤ ਦੀ ਨਿਗਰਾਨੀ ਹੇਠ ਜਾਂਚ ਲਈ ਸਹਿਮਤ ਹੈ ਤੇ ਜਾਂਚ ਠੀਕ ਦਿਸ਼ਾ ਵਿਚ ਚੱਲ ਰਹੀ ਹੈ।

ਬੈਂਚ ਨੇ ਕਿਹਾ ਕਿ ਇਹ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ ਕਿ ਸੀ.ਬੀ. ਆਈ. ਸੀ.ਵੀ.ਸੀ. ਦੀ ਰਿਪੋਰਟ ਦੇ ਆਧਾਰ 'ਤੇ ਜਾਂਚ ਕਰੇ ਤੇ ਕੈਗ ਦੀਆਂ ਲੱਭਤਾਂ ਵੱਲ ਗੌਰ ਕਰੇ ਜਿਨ੍ਹਾਂ ਵਿਚ ਪਹਿਲੀ ਨਜ਼ਰੇ ਇਹ ਪਾਇਆ ਗਿਆ ਸੀ ਕਿ ਅਯੋਗ ਕੰਪਨੀਆਂ ਨੂੰ ਲਾਇਸੈਂਸ ਦਿੱਤੇ ਗਏ ਸਨ।

ਬੈਂਚ ਨੇ ਸੀ.ਬੀ.ਆਈ. ਤੇ ਈ.ਡੀ. ਨੂੰ ਕਿਸੇ ਵਿਅਕਤੀ, ਉਨ੍ਹਾਂ ਦੇ ਰੁਤਬੇ ਤੇ ਏਜੰਸੀਆਂ ਦਾ ਪ੍ਰਭਾਵ ਕਬੂਲੇ ਬਗੈਰ ਜਾਂਚ ਕਰਨ ਲਈ ਕਿਹਾ। ਬੈਂਚ ਨੇ ਡਾਇਰੈਕਟੋਰੇਟ ਆਫ ਇਨਕਮ ਟੈਕਸ ਨੂੰ ਰਿਕਾਰਡ ਕੀਤੀ ਵਾਰਤਾ ਦੇ ਵੇਰਵੇ ਸੀ.ਬੀ.ਆਈ. ਨੂੰ ਸੌਂਪ ਦੇਣ ਦਾ ਹੁਕਮ ਦਿੱਤਾ।




ਰਾਜਾ ਦੇ ਵਕੀਲ ਟੀ.ਆਰ. ਅੰਧਯਾਰਜੁਨਾ ਨੇ ਇਹ ਦਲੀਲ ਦਿੱਤੀ ਸੀ ਕਿ ਉਨ੍ਹਾਂ ਦੇ ਮੁਵੱਕਿਲ ਆਪਣੇ ਤੋਂ ਪਹਿਲੇ ਟੈਲੀਕਾਮ ਮੰਤਰੀ ਦੀ 2001 ਤੋਂ ਚਲੀ ਆ ਰਹੀ ਨੀਤੀ ਉਤੇ ਹੀ ਚੱਲ ਰਹੇ ਸਨ। ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੋਵਾਂ ਨੇ ਹੀ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਂਜ ਵਿਰੋਧੀ ਪਾਰਟੀ ਸਾਂਝੀ ਸੰਸਦੀ ਕਮੇਟੀ ਦੀ ਆਪਣੀ ਮੰਗ 'ਤੇ ਕਾਇਮ ਹੈ। ਇਸੇ ਦੌਰਾਨ ਡੀ.ਐਮ.ਕੇ. ਦੀ ਐਮ.ਪੀ. ਕਨੀਮੋੜੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ 2-ਜੀ ਸਪੈਕਟ੍ਰਮ ਮੁੱਦੇ ਦੀ ਸੀ.ਬੀ.ਆਈ. ਜਾਂਚ ਵਿਚ ਬਰੀ ਹੋ ਕੇ ਨਿੱਤਰੇਗੀ।

**ਕੰਪਿਊਟਰ ਖੋਲ੍ਹਣਗੇ ਰਾਡੀਆ ਦੇ ਭੇਤ:** ਸੀ.ਬੀ.ਆਈ. ਵੱਲੋਂ ਕਾਰਪੋਰੇਟ ਲਾਬੀਕਾਰ ਨੀਰਾ ਰਾਡੀਆ ਤੇ 'ਟਰਾਈ' ਦੇ ਸਾਬਕਾ ਮੁਖੀ ਪ੍ਰਦੀਪ ਬੈਜਲ ਤੇ ਕਈ ਹੋਰਾਂ ਦੇ ਟਿਕਾਣਿਆਂ 'ਤੇ ਛਾਪਿਆਂ ਦੌਰਾਨ ਜ਼ਪਤ ਕੀਤੇ ਦਰਜਨ ਤੋਂ ਵੱਧ ਕੰਪਿਊਟਰਾਂ ਵਿਚਲੀ ਜਾਣਕਾਰੀ ਦੀ ਘੋਖ਼ ਕੀਤੀ ਜਾ ਰਹੀ ਹੈ।

ਸਰਕਾਰੀ ਸੂਤਰਾਂ ਅਨੁਸਾਰ ਜਾਂਚ ਏਜੰਸੀ ਨੇ ਇਹ ਕੰਪਿਊਟਰ ਸਿਸਟਮ ਤੇ ਲੈਪਟੌਪ ਫੋਰੈਂਸਿਕ ਸਾਇੰਸਜ਼ ਲੈਬਾਰਟਰੀ ਕੋਲ ਭੇਜੇ ਹਨ ਤਾਂ ਕਿ ਇਨ੍ਹਾਂ ਦੀਆਂ ਹਾਰਡ ਡਿਸਕਾਂ ਵਿਚ ਸਟੋਰ ਕੀਤੀ ਜਾਣਕਾਰੀ ਹਾਸਲ ਕੀਤੀ ਜਾ ਸਕੇ। ਸੂਤਰਾਂ ਨੇ ਦੱਸਿਆ ਕਿ ਕਥਿਤ ਹਵਾਲਾ ਅਪਰੇਟਰ ਮਹੇਸ਼ ਤੇ ਅਲੋਕ ਜੈਨ ਤੋਂ ਇਲਾਵਾ 17 ਕੰਪਨੀਆਂ 'ਤੇ ਮਾਰੇ ਗਏ ਛਾਪਿਆਂ ਦੌਰਾਨ ਕੰਪਿਊਟਰ ਵੀ ਜ਼ਬਤ ਕੀਤੇ ਗਏ ਸਨ। ਇਹ ਸਾਰੇ ਕੰਪਿਊਟਰ ਵਿਆਪਕ ਵਿਸ਼ਲੇਸ਼ਣ ਲਈ ਲੈਬਾਰਟਰੀ 'ਚ ਭੇਜੇ ਗਏ ਹਨ।


## ਡਰਾਈਵਰਾਂ ਦੀ ਲੋੜ ਹੈ

ਸਾਡੇ ਪਾਸ ਹੇਠ ਲਿਖੇ ਰੂਟ ਹਨ

ਮਿਡਵੈਸਟ ਤੋਂ ਕੈਲੀਫੋਰਨੀਆ

ਮਿਡਵੈਸਟ ਦੀਆਂ ਸਟੇਟਾਂ ਇਲੀਨਾਏ, ਇੰਡੀਆਨਾ, ਓਹਾਇਓ, ਆਇਓਆ, ਵਿਸਕਾਨਸਿਨ, ਅਰਕਨਸਾਸ, ਟੈਕਸਸ ਵਾਸਤੇ ਸੋਲੋ ਡਰਾਈਵਰ ਦੀ ਲੋੜ ਹੈ।

ਕੈਲੀਫੋਰਨੀਆ ਲਈ ਟੀਮ ਤੇ ਸੋਲੋ ਡਰਾਈਵਰਾਂ ਦੀ ਲੋੜ ਹੈ



**A. G. Express**

**Hoffman Estates, IL**

Ph:847-309-6542, 224-456-2713


# ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਦਾ ਜਨਮ ਦਿਹਾੜਾ ਮਨਾਇਆ

**ਸੈਲਮ, ਓਰੇਗਾਨ:** ਕਲਗੀਧਰ ਦਸ਼ਮੇਸ਼ ਪਿਤਾ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫਤਿਹ ਸਿੰਘ ਦਾ ਜਨਮ ਦਿਹਾੜਾ ਇਥੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਪਿਛਲੇ ਦਿਨੀਂ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਕਥਾ ਕੀਰਤਨ ਦੇ ਚੱਲੇ ਪ੍ਰਵਾਹ ਦੌਰਾਨ ਹਜ਼ੂਰੀ ਰਾਗੀ ਭਾਈ ਦਰਸ਼ਨ ਸਿੰਘ ਸਿੰਗਾਪੁਰੀ, ਭਾਈ ਕਰਨੈਲ ਸਿੰਘ ਨਾਨਕਮਤੇ ਵਾਲਿਆਂ ਅਤੇ ਭਾਈ ਜਰਨੈਲ ਸਿੰਘ ਅੰਬਾਲੇ ਵਾਲਿਆਂ ਨੇ ਸੰਗਤਾਂ ਨੂੰ ਗੁਰ ਸ਼ਬਦ ਅਤੇ ਗੁਰ ਇਤਿਹਾਸ ਨਾਲ ਜੋੜਿਆ।

ਭਾਈ ਜਰਨੈਲ ਸਿੰਘ ਨੇ ਸੰਗਤਾਂ ਨੂੰ ਚੇਤੇ ਕਰਾਇਆ ਕਿ ਬਾਬਾ ਫਤਿਹ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਨੇ ਸਿਰਫ ਸੱਤ ਅਤੇ ਨੌਂ ਸਾਲ ਦੀ ਉਮਰ ਵਿਚ ਨੀਂਹਾਂ ਵਿਚ ਚਿਣੇ ਜਾਣਾ ਤਾਂ ਪ੍ਰਵਾਨ ਕੀਤਾ ਪਰ ਸਿੱਖੀ ਸਿਦਕ ਨਹੀਂ ਹਾਰਿਆ। ਜਦੋਂਕਿ ਅੱਜ ਅਸੀਂ ਨਿੱਕੀ ਨਿੱਕੀ ਗੱਲ 'ਤੇ ਆਪਣਾ ਸਿੱਖੀ ਸਰੂਪ ਤਿਆਗ ਦਿੰਦੇ ਹਾਂ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਸਿੱਖੀ ਸਰੂਪ ਕਾਇਮ ਰੱਖਣ, ਦਸਤਾਰ ਸਜਾਉਣ ਅਤੇ ਪੰਜਾਬੀ ਪਹਿਰਾਵੇ ਵਿਚ ਕੰਮ-ਧੰਦੇ 'ਤੇ ਜਾਣ। ਕਾਨੂੰਨੀ ਤੌਰ 'ਤੇ ਕੋਈ ਕਿਸੇ ਨੂੰ ਇਹ ਪਹਿਰਾਵਾ ਅਪਨਾਉਣ ਤੋਂ ਰੋਕ ਨਹੀਂ ਸਕਦਾ। ਜੇ ਓਰੇਗਾਨ ਵਿਚ ਪੱਗ ਅਤੇ ਚੁੰਨੀ ਦਾ ਮਸਲਾ ਉਠਿਆ ਸੀ ਤਾਂ ਗਵਰਨਰ ਨੂੰ ਇਸ ਸਬੰਧੀ ਕਾਨੂੰਨ ਬਣਾਉਣਾ ਪਿਆ ਸੀ ਕਿ ਕਿਸੇ ਸਕੂਲ ਵਿਚ ਦਸਤਾਰ ਸਜਾ ਕੇ ਤੇ ਚੁੰਨੀ ਲੈ ਕੇ ਜਾਣ ਤੋਂ ਰੋਕਿਆ ਨਹੀਂ ਜਾ ਸਕਦਾ।


## ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...


Transfer existing CC processing to us for **lower rates.**

***99% approved same day.*** We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.




Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com



## PIA PEOPLES INSURANCE AGENCY

**Nationwide Trucking Insurance Specialist**

*1700 8th Street SW Waverly, Iowa 50677*

**LICENSED IN 46 STATES**

***Quote 50 Trucking Insurance Companies**

***No Interest – No Finance Fee Payment Plans**

ਫਰੀ ਕੋਟ, ਵਧੀਆ ਕਵਰੇਜ, ਪਹੁੰਚਯੋਗ ਡਾਊਨ ਪੇਮੈਂਟ, ਦੇਸ਼ ਵਿਚ ਸਭ ਤੋਂ ਵਧੀਆ ਰੇਟ, ਅਨੁਭਵੀ ਸਟਾਫ ਜੋ ਤੁਹਾਡੀ ਮਦਦ ਲਈ ਹਮੇਸ਼ਾ ਤਿਆਰ ਹੈ।

*ਇਕ ਵਾਰੀ ਇਹ ਜਾਨਣ ਲਈ ਬੈਨ ਹੋਗਨ ਨਾਲ ਸੰਪਰਕ ਕਰੋ ਕਿ ਪੀਪਲਜ਼ ਇੰਸ਼ੋਰੈਂਸ ਤੁਹਾਡੀਆਂ ਟਰਾਂਸਪੋਰਟੇਸ਼ਨ ਇੰਸ਼ੋਰੈਂਸ ਲੋੜਾਂ ਪੂਰੀਆਂ ਕਰਨ ਵਿਚ ਕਿਵੇਂ ਸਹਾਈ ਸਾਬਤ ਹੋ ਸਕਦੀ ਹੈ।*



**1-800-932-4801 Ext. 345**

**Fax:877-902-3657**

ben@peoples-insurance.com www.peoples-insurance.com



## SYAN VIDEO PRODUCTION, INC.

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



**734-261-0936 / 734-890-1767**

E-mail: raj@syanvideo.com
or visit at: www.syanvideo.com

SV PRODUCTION

# ਕੈਪਟਨ ਅਮਰਿੰਦਰ ਸਿੰਘ ਨੂੰ ਬਾਦਲ ਫੋਬੀਆ ਹੋ ਗਿਐ- ਮਜੀਠੀਆ



ਸ. ਬਿਕਰਮ ਸਿੰਘ ਮਜੀਠੀਆ ਮੁਕਤਸਰ ਵਿਚ ਯੂਥ ਅਕਾਲੀ ਦਲ ਦੇ ਵਰਕਰਾਂ ਦੀ ਜ਼ਿਲ੍ਹਾ ਪੱਧਰੀ ਰੈਲੀ ਦੌਰਾਨ

**ਮੁਕਤਸਰ:** ਯੂਥ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ 'ਬਾਦਲ ਫੋਬੀਆ' ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਕਾਸ ਕੰਮਾਂ ਕਰ ਕੇ ਸਰਕਾਰ ਨੂੰ ਲੋਕਾਂ ਤੋਂ ਮਿਲ ਰਹੇ ਹੁੰਗਾਰੇ ਨੂੰ ਵੇਖ ਕੇ ਕੈਪਟਨ ਬੌਖਲਾ ਗਿਆ ਹੈ ਅਤੇ ਉਸ ਕੋਲ ਹੁਣ ਜੱਦੀ ਵਿਰੋਧ ਨੂੰ ਪਾਲਦਿਆਂ ਅਕਾਲੀ ਦਲ ਤੇ ਸਰਕਾਰ ਨੂੰ ਬਿਨਾ ਵਜ੍ਹਾ ਕੋਸਣ ਤੋਂ ਸਿਵਾ ਬੋਲਣ ਲਈ ਕੋਈ ਮੁੱਦਾ ਨਹੀਂ ਰਿਹਾ।

ਸ. ਮਜੀਠੀਆ ਜੋ ਇੱਥੇ ਮੁਕਤਸਰ ਜ਼ਿਲ੍ਹਾ ਯੂਥ ਅਕਾਲੀ ਦਲ ਦੀ ਇੱਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ, ਨੇ ਕੈਪਟਨ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਆਪਣੇ ਰਾਜ ਕਾਲ ਦੌਰਾਨ ਪੰਜਾਬ ਦੇ ਲੋਕਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਜਿਸ ਦਾ ਕੋਈ ਏਜੰਡਾ ਹੀ ਨਾ ਰਿਹਾ ਹੋਵੇ ਅਤੇ ਜਿਸ ਨੇ ਪੰਜਾਬ ਦਾ ਵਿਨਾਸ਼ ਹੀ ਕੀਤਾ ਹੋਵੇ ਉਸ ਦਾ ਅਕਾਲੀ-ਭਾਜਪਾ ਸਰਕਾਰ ਦੇ ਵਿਕਾਸ ਕਾਰਜਾਂ ਨੂੰ ਵੇਖ ਕੇ ਨੀਂਦ ਹਰਾਮ ਹੋਣੀ ਸੁਭਾਵਕ ਹੈ। ਉਨ੍ਹਾਂ ਕਿਹਾ ਅਕਾਲੀ ਭਾਜਪਾ ਸਰਕਾਰ ਦੀਆਂ ਪਿਛਲੇ 4 ਸਾਲ ਦੀਆਂ ਪ੍ਰਾਪਤੀਆਂ ਨੇ ਕਾਂਗਰਸ ਦੇ ਹੋਸ਼ ਉਡਾ ਦਿੱਤੇ ਹਨ।

ਯੂਥ ਅਕਾਲੀ ਦਲ ਦੇ ਸਰਪ੍ਰਸਤ ਨੇ ਕੈਪਟਨ ਵੱਲੋਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿਚ ਗਿਰਾਵਟ ਆਉਣ ਸੰਬੰਧੀ ਕੀਤੀ ਗਈ ਟਿੱਪਣੀ ਦਾ ਜਵਾਬ ਦਿੰਦਿਆਂ ਕਿਹਾ ਕਿ ਜਦੋਂ ਕੈਪਟਨ ਦੀ ਸਰਕਾਰ ਸੀ, ਉਸ ਵਕਤ ਰਾਜ ਵਿਚ 45 ਹਜ਼ਾਰ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨਾਲ ਪੂਰਾ ਸਿੱਖਿਆ ਢਾਂਚਾ ਚੂਰ ਚੂਰ ਹੋਇਆ ਪਿਆ ਸੀ, ਜਿਸ ਵਿਚ ਸੁਧਾਰ ਲਿਆਉਣ ਲਈ ਉਨ੍ਹਾਂ ਇੱਕ ਵੀ ਅਧਿਆਪਕ ਦੀ ਭਰਤੀ ਨਹੀਂ ਕੀਤੀ। ਜਦ ਕਿ ਬਾਦਲ ਸਰਕਾਰ ਨੇ ਸਿੱਖਿਆ ਵਿਚ ਸੁਧਾਰ ਲਈ ਲੋੜੀਂਦੇ ਅਧਿਆਪਕਾਂ ਦੀ ਭਰਤੀ ਕੀਤੀ। ਸਰਕਾਰ ਨੇ ਤਿੰਨਾਂ ਸਾਲਾਂ ਦੌਰਾਨ ਲੋਕਾਂ ਦੀ ਸਿਹਤ ਸਹੂਲਤਾਂ, ਸਿੱਖਿਆ ਅਤੇ ਅਮਨ ਕਾਨੂੰਨ ਦੀ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ ਅਧਿਆਪਕਾਂ, ਡਾਕਟਰਾਂ ਅਤੇ ਸਿਪਾਹੀਆਂ ਦੀਆਂ 50 ਹਜ਼ਾਰ ਤੋਂ ਵੱਧ ਨਿਯੁਕਤੀਆਂ ਕੀਤੀਆਂ ਹਨ।

ਕੈਪਟਨ ਸਰਕਾਰ ਵੱਲੋਂ ਬਿਜਲੀ ਪੈਦਾ ਕਰਨ ਵਲ ਧਿਆਨ ਨਾ ਦਿੱਤੇ ਜਾਣ ਦੀ ਆਲੋਚਨਾ ਕਰਦਿਆਂ ਸ. ਮਜੀਠਾ ਨੇ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ 4 ਨਵੇਂ ਥਰਮਲ ਪਲਾਂਟ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨੀ ਬਾਰੇ ਤਾਂ ਕੈਪਟਨ ਨੂੰ ਬੋਲਣ ਦਾ ਕੋਈ ਨੈਤਿਕ ਹੱਕ ਹੀ ਨਹੀਂ ਰਹਿ ਜਾਂਦਾ ਕਿਉਂਕਿ ਉਸ ਦੇ ਸਮੇਂ ਹੀ ਕੇਂਦਰ ਸਰਕਾਰ ਨੇ ਕਿਸਾਨ ਕਰਜ਼ਾ ਮੁਆਫ਼ੀ ਯੋਜਨਾ ਦੌਰਾਨ ਪੰਜਾਬ ਦੇ ਕਿਸਾਨਾਂ ਨਾਲ ਘੋਰ ਧੱਕਾ ਕੀਤਾ ਅਤੇ 72 ਹਜ਼ਾਰ ਕਰੋੜ ਦੀ ਕਰਜ਼ਾ ਮੁਆਫ਼ੀ ਯੋਜਨਾ ਵਿਚ ਪੰਜਾਬ ਨੂੰ ਮਹਿਜ਼ 1% ਮਿਲਣਾ ਕੈਪਟਨ ਦੀ ਨਾਲਾਇਕੀ ਦਾ ਸਿੱਟਾ ਸੀ।

ਸ. ਮਜੀਠੀਆ ਨੇ ਨਹਿਰੂ-ਗਾਂਧੀ ਪਰਿਵਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ 62 ਸਾਲਾਂ ਵਿਚੋਂ 50 ਸਾਲ ਦੇਸ਼ 'ਤੇ ਰਾਜ ਕਰਨ ਵਾਲਾ ਇਹ ਪਰਿਵਾਰ ਹੀ ਭ੍ਰਿਸ਼ਟਾਚਾਰ ਦਾ ਸੋਮਾ ਹੈ ਤੇ ਜਦੋਂ ਤੱਕ ਇਸ ਪਰਿਵਾਰ ਨੂੰ ਰਾਜਸੀ ਤੌਰ 'ਤੇ ਸੱਤਾ ਤੋਂ ਬਾਹਰ ਨਹੀਂ ਕੀਤਾ ਜਾਂਦਾ, ਭ੍ਰਿਸ਼ਟਾਚਾਰ ਨੂੰ ਰੋਕਿਆ ਨਹੀਂ ਜਾ ਸਕਦਾ। ਇਸੇ ਦੇ ਰਾਜ ਦੌਰਾਨ ਮੁਦਰਾ ਸਕੈਮ, ਜੀਪ ਸਕੈਮ, ਬੋਫੋਰਸ ਸਕੈਮ, ਟੈਲੀਕਾਮ ਸਕੈਮ ਆਦਿ ਤੋਂ ਇਲਾਵਾ ਹੁਣ ਦਾ 2 ਜੀ ਸਪੈਕਟਰਮ ਘੋਟਾਲਾ, ਆਦਰਸ਼ ਸੋਸਾਇਟੀ ਅਤੇ ਕਾਮਨਵੈਲਥ ਖੇਡਾਂ ਦੇ ਘੁਟਾਲੇ ਹੋਏ।

ਨੌਜਵਾਨਾਂ ਦੇ ਠਾਠਾਂ ਮਾਰਦੇ ਜੋਸ਼ ਨੂੰ ਵੇਖ ਕੇ ਉਤਸ਼ਾਹ ਨਾਲ ਭਰੇ ਸ. ਮਜੀਠੀਆ ਨੇ ਕਿਹਾ ਕਿ ਯੂਥ ਨੇ ਵਿਧਾਨ ਸਭਾ, ਲੋਕ ਸਭਾ, ਜ਼ਿਲ੍ਹਾ ਪ੍ਰੀਸ਼ਦ ਚੋਣਾਂ ਅਤੇ ਮਿਊਂਸਪਲ ਚੋਣਾਂ ਦੌਰਾਨ ਪਾਰਟੀ ਦੀ ਜਿੱਤ ਲਈ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੀ ਕਾਂਗਰਸ ਦਾ ਪੰਜਾਬ ਵਿਚੋਂ ਵੀ ਮੁਕੰਮਲ ਸਫਾਇਆ ਕਰਨ ਵਿਚ ਯੂਥ ਅਕਾਲੀ ਦਲ ਅਹਿਮ ਰੋਲ ਅਦਾ ਕਰੇਗਾ।

ਸ. ਮਜੀਠੀਆ ਦੀ ਆਮਦ ਮੌਕੇ ਆਤਿਸ਼ਬਾਜ਼ੀ ਤੋਂ ਇਲਾਵਾ ਸਵਾਗਤ ਲਈ ਸੜਕਾਂ 'ਤੇ ਪੰਜ ਕਿਲੋਮੀਟਰ ਤੱਕ ਗੱਡੀਆਂ ਦਾ ਕਾਫਲਾ ਢੋਲ ਢਮੱਕੇ ਨਾਲ ਸ਼ਾਮਿਲ ਸੀ।

## ਸ਼੍ਰੋਮਣੀ ਕਮੇਟੀ ਵੱਲੋਂ ਵਾਸ਼ਿੰਗਟਨ 'ਚ ਸਿੱਖ ਮਿਸ਼ਨ ਕੇਂਦਰ ਬਣਾਉਣ ਦੀ ਪ੍ਰਵਾਨਗੀ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਵੱਲੋਂ ਵਾਸ਼ਿੰਗਟਨ 'ਚ ਸਿੱਖ ਮਿਸ਼ਨ ਕੇਂਦਰ ਸਥਾਪਿਤ ਕਰਨ ਤੇ ਨਾਰਥ ਕੈਰੋਲੀਨਾ ਸੂਬੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਧਾਰਮਿਕ ਸਾਹਿਤ ਦੀ ਪ੍ਰਕਾਸ਼ਨਾ ਦੇ ਫ਼ੈਸਲੇ 'ਤੇ ਮੋਹਰ ਲਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਸਿੱਖੀ ਦੀ ਪਛਾਣ, ਦਸਤਾਰ ਦੀ ਮਹੱਤਤਾ ਤੇ ਸਿੱਖੀ ਦਾ ਪ੍ਰਚਾਰ ਉਥੋਂ ਦੀ ਭਾਸ਼ਾ ਵਿਚ ਹੀ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਲਈ ਵੱਖ-ਵੱਖ ਮੁਲਕਾਂ ਦੀਆਂ ਭਾਸ਼ਾਵਾਂ ਵਿਚ ਸਾਹਿਤ ਪ੍ਰਕਾਸ਼ਿਤ ਕਰਵਾਇਆ ਜਾਵੇਗਾ।

ਇਹ ਫ਼ੈਸਲੇ 21 ਦਸੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਕੀਤੇ ਗਏ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਇਸ ਵੇਲੇ ਵੱਖ-ਵੱਖ ਮੁਲਕਾਂ ਵਿਚ ਸਿੱਖ ਵੱਡੀ ਗਿਣਤੀ ਵਿਚ ਵੱਸੇ ਹੋਏ ਹਨ ਪਰ ਕਈ ਮੁਲਕਾਂ ਵਿਚ ਸਿੱਖਾਂ ਦੀ ਵੱਖਰੀ ਪਛਾਣ ਦੀ ਸਮੱਸਿਆ ਹੈ ਤੇ ਦਸਤਾਰ ਦੀ ਮਹੱਤਤਾ ਬਾਰੇ ਜਾਣਕਾਰੀ ਨਾ ਹੋਣ ਕਾਰਨ ਇਸ 'ਤੇ ਰੋਕ ਲਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਲਈ ਉਥੋਂ ਦੀਆਂ ਸਥਾਨਕ ਭਾਸ਼ਾਵਾਂ ਵਿਚ ਸਿੱਖੀ ਦਾ ਪ੍ਰਚਾਰ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਮੁਲਕਾਂ ਦੀਆਂ ਭਾਸ਼ਾਵਾਂ ਵਿਚ ਕਿਤਾਬਚੇ ਛਪਵਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਇਸੇ ਕੜੀ ਤਹਿਤ ਕਈ ਮੁਲਕਾਂ ਵਿਚ ਸਿੱਖ ਮਿਸ਼ਨ ਕੇਂਦਰ ਸਥਾਪਿਤ ਕਰਨ ਦੀ ਵੀ ਯੋਜਨਾ ਹੈ। ਪਹਿਲਾਂ ਅਮਰੀਕਾ ਦੇ ਵਾਸ਼ਿੰਗਟਨ ਸਥਿਤ ਵਾਈਟ ਹਾਊਸ ਵਾਲੇ ਖੇਤਰ ਵਿਚ ਸਿੱਖ ਮਿਸ਼ਨ ਕੇਂਦਰ ਕਾਇਮ ਕੀਤਾ ਜਾਵੇਗਾ ਤੇ ਉਥੇ ਸਿੱਖ ਵਿਦਵਾਨਾਂ ਦੀ ਕਮੇਟੀ ਬਣਾਈ ਜਾਵੇਗੀ। ਅੰਤ੍ਰਿੰਗ ਕਮੇਟੀ ਨੇ ਇਸ ਫੈਸਲੇ 'ਤੇ ਮੋਹਰ ਲਾ ਦਿੱਤੀ ਹੈ। ਇਸੇ ਤਰ੍ਹਾਂ ਅਮਰੀਕਾ ਦੇ ਨਾਰਥ ਕੈਰੋਲੀਨਾ ਸੂਬੇ ਦੇ ਸ਼ਾਰਲਟ ਸ਼ਹਿਰ ਵਿਚ ਜਿਥੇ ਢਾਈ ਏਕੜ ਜ਼ਮੀਨ ਦੀ ਪੇਸ਼ਕਸ਼ ਕੀਤੀ ਗਈ ਸੀ, ਉਸ ਜ਼ਮੀਨ ਨੂੰ ਪ੍ਰਾਪਤ ਕਰਨ ਦਾ ਫ਼ੈਸਲਾ ਕੀਤਾ ਹੈ। ਇਥੇ ਜ਼ਮੀਨ ਪ੍ਰਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਵਾਸਤੇ ਮਸ਼ੀਨਾਂ ਲਾਏ ਜਾਣ ਲਈ ਖ਼ਰਚੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

## ਅਦਾਲਤ ਵੱਲੋਂ ਪੰਜਾਬ ਪੁਲਿਸ ਨੂੰ ਨੋਟਿਸ


**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈਕੋਰਟ ਨੇ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ 7 ਲੱਖ ਰੁਪਏ ਠੱਗਣ ਵਾਲੇ ਟਰੈਵਲ ਏਜੰਟ ਖ਼ਿਲਾਫ ਢਿੱਲੀ ਕਾਰਵਾਈ ਕਰਨ 'ਤੇ ਪੰਜਾਬ ਪੁਲਿਸ ਨੂੰ ਨੋਟਿਸ ਜਾਰੀ ਕੀਤਾ ਹੈ। ਜਸਟਿਸ ਜਸਵੰਤ ਸਿੰਘ ਨੇ ਇਹ ਨੋਟਿਸ ਹਰਿਆਣਾ ਦੇ ਜ਼ਿਲ੍ਹਾ ਰੋਹਤਕ ਦੇ ਪਿੰਡ ਮਹਿਮਾ ਦੇ ਨੌਜਵਾਨ ਰਾਜੀਵ ਕੁਮਾਰ ਦੀ ਪਟੀਸ਼ਨ 'ਤੇ ਦਿੱਤਾ ਹੈ।

ਪਟੀਸ਼ਨਰ ਨੇ ਆਪਣੀ ਸ਼ਿਕਾਇਤ 'ਚ ਕਿਹਾ ਹੈ ਕਿ ਚੰਡੀਗੜ੍ਹ ਦੀ ਅਨਿਲਾ ਪੰਨੂ ਨਾਮੀ ਔਰਤ ਨੇ ਉਸ ਨੂੰ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ 7 ਲੱਖ ਰੁਪਏ ਠੱਗ ਲਿਆ ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਅਦਾਲਤ ਨੇ ਪੁਲਿਸ ਨੂੰ ਨੋਟਿਸ ਜਾਰੀ ਕਰਕੇ ਅਗਲੀ ਸੁਣਵਾਈ 19 ਜਨਵਰੀ 2011 ਨਿਸ਼ਚਤ ਕੀਤੀ ਹੈ।

## ਮਨਪ੍ਰੀਤ ਦਾ ਸਾਥ ਦੇਣ 'ਤੇ ਬੀਰਦਵਿੰਦਰ ਤੋਂ ਸੁਰੱਖਿਆ ਖੁੱਸੀ

**ਚੰਡੀਗੜ੍ਹ:** ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੂੰ ਅਕਾਲੀ ਦਲ ਤੋਂ ਬਾਗੀ ਹੋ ਕੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਦਾ ਸਾਥ ਦੇਣਾ ਮਹਿੰਗਾ ਪਿਆ ਹੈ। ਪੰਜਾਬ ਸਰਕਾਰ ਨੇ ਉਨ੍ਹਾਂ ਦੀ ਤਿੱਖੀ ਨੁਕਤੀਚੀਨੀ ਤੋਂ ਖਿੱਝ ਕੇ ਸੁਰੱਖਿਆ ਵਾਪਸ ਲੈ ਲਈ ਹੈ। ਉਨ੍ਹਾਂ ਨੂੰ 1983 ਤੋਂ ਸਰਕਾਰੀ ਸੁਰੱਖਿਆ ਮਿਲੀ ਹੋਈ ਸੀ। ਸਰਕਾਰ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਜਿਪਸੀ ਵੀ ਵਾਪਸ ਮੰਗਵਾ ਲਈ ਗਈ ਹੈ।

ਸ. ਬੀਰਦਵਿੰਦਰ ਸਿੰਘ ਨੇ ਅਕਾਲੀ-



ਭਾਜਪਾ ਸਰਕਾਰ 'ਤੇ ਵਰ੍ਹਦਿਆਂ ਕਿਹਾ ਹੈ ਕਿ ਉਹ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਲੜੀ ਜਾ ਰਹੀ ਸੱਚ ਦੀ ਲੜਾਈ 'ਚ ਸਾਥ ਦੇ ਰਹੇ ਹਨ ਜਿਹੜੀ ਕਿ ਹਾਕਮ ਧਿਰ ਨੂੰ ਰਾਸ ਨਹੀਂ ਆਉਂਦੀ। ਇਸੇ ਲਈ ਉਨ੍ਹਾਂ ਦੀ ਸੁਰੱਖਿਆ ਵਾਪਸ ਲਈ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਧੱਕੇ ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਤੇ ਉਹ ਸੱਚ ਦਾ ਸਾਥ ਦਿੰਦੇ ਰਹਿਣਗੇ।

ਇਸ ਦੇ ਨਾਲ ਹੀ ਉਨ੍ਹਾਂ ਨੇ ਸਰਕਾਰ ਦੇ ਇਸ ਫੈਸਲੇ ਖ਼ਿਲਾਫ਼ ਅਦਾਲਤ 'ਚ ਜਾਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਦਹਾਕੇ ਤੋਂ ਜ਼ਿਆਦਾ ਅਤਿਵਾਦ ਨਾਲ ਲੜਾਈ ਲੜਨ ਤੇ ਜਮਹੂਰੀਅਤ ਦੇ ਹੱਕ 'ਚ ਬੋਲਣ ਕਾਰਨ ਉਹ ਹਮੇਸ਼ਾ ਹੀ ਅਤਿਵਾਦ ਦੇ ਨਿਸ਼ਾਨੇ 'ਤੇ ਰਹੇ ਹਨ। ਉਨ੍ਹਾਂ ਇਸ ਬਾਰੇ ਸਰਕਾਰ ਨੂੰ ਕੋਈ ਅਪੀਲ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਹੱਕ-ਸੱਚ ਦੀ ਲੜਾਈ ਲੜਦੇ ਆਏ ਹਨ ਤੇ ਭਵਿੱਖ 'ਚ ਵੀ ਜਾਰੀ ਰੱਖਣਗੇ।


Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਰੇਡੀਓ ਪ੍ਰੋਗਰਾਮ ਰੌਣਕ ਮੇਲਾ ਦੁਨੀਆ ਭਰ ਵਿਚ ਇੰਟਰਨੈਟ 'ਤੇ ਕਿਸੇ ਵੀ ਵੇਲੇ ਸੁਣਿਆ ਜਾ ਸਕਦਾ ਹੈ।

www.Raunkmela.com

Enjoy Live Radio Show
Every Sun: 9am-9.30am
(Central Time)
on 1590AM
or on Internet.
Since 1983





ਮੇਜ਼ਬਾਨ: ਪੰਮੀ ਗਿੱਲ

Loose Weight Feel Great !

*Natural *Guaranteed *Doctor Recommended

ਮੋਟਾਪਾ

ਦੁਖੀ ਨਾ ਹੋਵੋ, ਕੁਦਰਤੀ ਤਰੀਕੇ ਨਾਲ ਇਸ ਤੋਂ ਛੁਟਕਾਰਾ ਪਾਓ

ਕੁਦਰਤੀ ਹਰਬਲ Products ਨਾਲ ਤੁਸੀਂ ਆਪਣਾ ਭਾਰ ਘਟਾ ਸਕਦੇ ਹੋ ਜਿਨ੍ਹਾਂ ਦੇ Side Benefits ਨਾਲ ਤੁਸੀਂ ਆਪਣੀਆਂ ਬਿਮਾਰੀਆਂ ਘਟਾ ਜਾਂ ਖਤਮ ਕਰ ਸਕਦੇ ਹੋ।
ਹੋਰ ਜਾਣਕਾਰੀ ਲਈ ਕਾਲ ਕਰੋ

IQBAL KAUR
Ph: 708-444-0554

## ਬਰਨਾਲਾ ਵੱਲੋਂ ਮੁੜ ਸਿਆਸਤ 'ਚ ਸਰਗਰਮ ਹੋਣ ਦੀ ਤਿਆਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਜਲਦ ਹੀ ਰਾਜਨੀਤੀ 'ਚ ਮੁੜ ਸਰਗਰਮ ਹੋ ਰਹੇ ਹਨ। ਉਨ੍ਹਾਂ ਦੀ ਰਾਜਪਾਲ ਵਜੋਂ ਮਿਆਦ



ਜੂਨ ਵਿਚ ਪੂਰੀ ਹੋਣੀ ਹੈ ਪਰ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ ਤੇ ਉਨ੍ਹਾਂ ਦੀ ਪਤਨੀ ਬੀਬੀ ਸੁਰਜੀਤ ਕੌਰ ਬਰਨਾਲਾ ਨੇ ਸਪੱਸ਼ਟ ਕੀਤਾ ਕਿ ਸ੍ਰੀ ਸੁਰਜੀਤ ਸਿੰਘ ਬਰਨਾਲਾ ਫਰਵਰੀ ਵਿਚ ਸਰਗਰਮ ਰਾਜਨੀਤੀ ਵਿਚ ਵਾਪਸੀ ਕਰ ਰਹੇ ਹਨ। ਸ੍ਰੀ ਬਰਨਾਲਾ ਨੇ ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਵਿਚ ਆਪਣੀਆਂ ਗਤੀਵਿਧੀਆਂ ਵਧਾ ਦਿੱਤੀਆਂ ਹਨ। ਬੀਬੀ ਬਰਨਾਲਾ ਨੇ ਸਪਸ਼ਟ ਸੰਕੇਤ ਦਿੱਤਾ ਕਿ ਉਹ ਪਾਰਟੀ ਦੀ ਅਗਵਾਈ ਕਰਨਗੇ।

ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਰਾਜ ਦਾ ਵਿਕਾਸ ਨਹੀਂ ਸਗੋਂ ਵਿਨਾਸ਼ ਕੀਤਾ ਹੈ। ਇਸ ਗੱਲ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਅੱਜ ਲੋਕਾਂ ਨੂੰ ਆਪਣਾ ਹੱਕ ਮੰਗਣ ਲਈ ਜਾਨ 'ਤੇ ਖੇਡਣਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਆਰਥਿਕਤਾ ਨੂੰ ਉਪਰ ਚੁੱਕਣਾ, ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਤੇ ਹਰ ਵਰਗ ਨੂੰ ਪ੍ਰਤੀਨਿਧਤਾ ਦੇਣਾ ਉਨ੍ਹਾਂ ਦੀ ਪਹਿਲ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਮੰਤਰੀਆਂ ਨੇ ਕੇਵਲ ਆਪਣਾ ਵਿਕਾਸ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਲੌਂਗੋਵਾਲ ਆਪਣੀਆਂ ਸਹਿਯੋਗੀ ਪਾਰਟੀਆਂ ਨਾਲ ਮਿਲ ਕੇ ਪਹਿਲਾਂ ਸ਼੍ਰੋਮਣੀ ਕਮੇਟੀ ਚੋਣਾਂ ਤੇ ਬਾਅਦ ਵਿਚ ਵਿਧਾਨ ਸਭਾ ਚੋਣਾਂ ਵਿਚ ਜੇਤੂ ਰੂਪ ਵਿਚ ਉਭਰੇਗਾ।

## ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. 92 ਕਰੋੜ ਦੇ ਘਾਟੇ 'ਚ

**ਜਲੰਧਰ:** ਪ੍ਰਾਈਵੇਟ ਬੱਸ ਕੰਪਨੀਆਂ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰ ਰਹੀਆਂ ਹਨ ਪਰ ਪੰਜਾਬ ਰੋਜਵੇਜ਼ ਤੇ ਪੀ.ਆਰ.ਟੀ.ਸੀ. 92 ਕਰੋੜ ਰੁਪਏ ਦੇ ਘਾਟੇ 'ਚ ਹਨ। ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ 16 ਫ਼ੀਸਦੀ ਕਿਰਾਏ ਵਧਾਉਣ ਦੇ ਬਾਵਜੂਦ ਪੰਜਾਬ ਰੋਡਵੇਜ਼ ਤੇ ਪੈਪਸੂ ਰੋਡਵੇਜ਼ 92 ਕਰੋੜ ਰੁਪਏ ਦੇ ਘਾਟੇ 'ਚ ਹਨ। ਇਸ ਤੋਂ ਇਲਾਵਾ ਪੰਜਾਬ ਰੋਡਵੇਜ਼ ਵਿਚ ਹਾਲੇ ਵੀ 600 ਨਵੀਆਂ ਬੱਸਾਂ ਦੀ ਘਾਟ ਹੈ।

ਉਨ੍ਹਾਂ ਕਿਹਾ ਕਿ ਬੱਸਾਂ ਦੇ ਕਿਰਾਇਆਂ 'ਚ ਕੀਤੇ ਗਏ ਵਾਧੇ ਨਾਲ ਪੰਜਾਬ ਸਰਕਾਰ ਨੂੰ 32 ਕਰੋੜ ਦਾ ਫਾਇਦਾ ਹੋਵੇਗਾ। ਉਨ੍ਹਾਂ ਨੇ ਸੜਕ ਹਾਦਸਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੂਰੇ ਦੇਸ਼ ਵਿਚ 125,000 ਲੋਕ ਇਕ ਸਾਲ 'ਚ ਸੜਕ ਹਾਦਸਿਆਂ ਰਾਹੀਂ ਮਰਦੇ ਹਨ ਤੇ ਇਹ ਗਿਣਤੀ ਦੁਨੀਆਂ ਦੇ ਸਾਰੇ ਦੇਸ਼ਾਂ 'ਚ ਹੋਣ ਵਾਲੇ ਸੜਕ ਹਾਦਸਿਆਂ ਨਾਲੋਂ ਵੱਧ ਹੈ। ਇਸੇ ਤਰ੍ਹਾਂ ਪੰਜਾਬ 'ਚ ਹਰ ਸਾਲ 4000 ਵਿਅਕਤੀ ਦੁਰਘਟਨਾਵਾਂ ਰਾਹੀਂ ਮੌਤ ਦਾ ਸ਼ਿਕਾਰ ਹੋ ਰਹੇ ਹਨ।

# ਕੈਪਟਨ ਵੱਲੋਂ ਅਕਾਲੀ-ਭਾਜਪਾ ਗੱਠਜੋੜ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਐਲਾਨ

**ਕਪੂਰਥਲਾ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ-ਭਾਜਪਾ ਗੱਠਜੋੜ ਨੂੰ ਸਦਾ ਲਈ ਸੱਤਾ ਤੋਂ ਲਾਂਭੇ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਨੂੰ ਆਰਥਿਕ ਮੰਦਹਾਲੀ ਦੇ ਜਾਲ 'ਚ ਫਸਾਉਣ ਲਈ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕੈਪਟਨ ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਇਸ ਗੱਠਜੋੜ ਨੂੰ ਹਮੇਸ਼ਾ ਲਈ ਸੱਤਾ ਤੋਂ ਲਾਂਭੇ ਕਰ ਦੇਣ। ਉਹ ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਪਿਤਾ ਤੇ ਮਰਹੂਮ ਮੰਤਰੀ ਸੁਖਜਿੰਦਰ ਸਿੰਘ ਖਹਿਰਾ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਦੌਰਾਨ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ।



*ਸਾਬਕਾ ਮੰਤਰੀ ਸੁਖਜਿੰਦਰ ਸਿੰਘ ਦੇ ਜਨਮ ਦਿਨ ਸਮਾਗਮ 'ਚ ਕੈਪਟਨ ਅਮਰਿੰਦਰ ਸਿੰਘ, ਸੁਖਪਾਲ ਸਿੰਘ ਖਹਿਰਾ ਤੇ ਹੋਰ*

ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸੜਕਾਂ ਦੀ ਮੰਦੀ ਹਾਲਤ ਹੈ, ਨਦੀਆਂ 'ਚੋਂ ਪਾਣੀ ਘਟ ਰਿਹਾ ਹੈ, ਜ਼ਮੀਨ ਹੇਠਲਾ ਪਾਣੀ ਖਰਾਬ ਹੋ ਰਿਹਾ ਹੈ ਤੇ ਖੇਤੀਬਾੜੀ ਖੇਤਰ ਆਰਥਿਕ ਮੰਦਹਾਲੀ ਦੇ ਸ਼ਿਕੰਜੇ 'ਚ ਫਸਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰ ਕਾਰਪੋਰੇਟ ਅਦਾਰਿਆਂ ਦੇ ਹੱਥਾਂ 'ਚ ਖੇਡ ਰਹੀ ਹੈ ਤੇ ਮਿੱਤਲ ਗਰੁੱਪ ਨੂੰ ਕਰੋੜਾਂ ਦੀਆਂ ਵਿੱਤੀ ਛੋਟਾਂ ਦੇ ਕੇ ਇਸ ਸਰਕਾਰ ਨੇ ਸਿੱਧ ਕਰ ਦਿੱਤਾ ਹੈ ਕਿ ਉਹ ਲੋਕ ਹਿੱਤ ਪ੍ਰਤੀ ਸੰਜੀਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸੱਤਾ 'ਚ ਆਉਂਦਿਆਂ ਹੀ ਲਕਸ਼ਮੀ ਮਿੱਤਲ ਗਰੁੱਪ ਨੂੰ ਮਿਲਣ ਵਾਲੀਆਂ ਵਾਧੂ ਛੋਟਾਂ ਰੱਦ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜਲੰਧਰ 'ਚ ਅਕਾਲੀ-ਭਾਜਪਾ ਸਰਕਾਰ ਵੱਲੋਂ ਚਲਾਏ ਜਾ ਰਹੇ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦਾ ਸਮਝੌਤਾ ਵੀ ਰੱਦ ਕੀਤਾ ਜਾਵੇਗਾ। ਕੈਪਟਨ ਨੇ ਕਿਹਾ ਕਿ ਪੰਜਾਬ ਸਿਰ ਚੜ੍ਹੇ 71 ਹਜ਼ਾਰ ਕਰੋੜ ਦੇ ਕਰਜ਼ੇ ਤੇ ਜਨਤਕ ਅਦਾਰਿਆਂ ਸਿਰ ਚੜ੍ਹੇ ਕਰਜ਼ੇ ਨੂੰ ਮਿਲਾ ਕੇ ਪੰਜਾਬ ਸਿਰ ਕੁੱਲ ਕਰਜ਼ਾ 1 ਲੱਖ 70 ਹਜ਼ਾਰ ਕਰੋੜ ਬਣਦਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੇ ਅੱਠ ਮਹੀਨਿਆਂ ਤੋਂ ਕਿਸੇ ਵੀ ਮੁੱਦੇ 'ਤੇ ਬਿਆਨ ਨਹੀਂ ਦਿੱਤਾ ਤੇ ਸੱਤਾ ਪੂਰੀ ਤਰ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਹੱਥਾਂ ਵਿੱਚ ਦਿੱਤੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਸੂਬੇ ਨੂੰ ਉਪ ਮੁੱਖ ਮੰਤਰੀ ਚਲਾ ਰਿਹਾ ਹੈ ਜਿਸ ਅਹੁਦੇ ਦੀ ਸੰਵਿਧਾਨ ਵਿੱਚ ਹੋਂਦ ਹੀ ਨਹੀਂ ਹੈ। ਇਸ ਮੌਕੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਆਪਣੇ ਪਿਤਾ ਸੁਖਜਿੰਦਰ ਸਿੰਘ ਖਹਿਰਾ ਦੀ ਯਾਦ ਵਿਚ ਫਾਊਂਡੇਸ਼ਨ ਬਣਾਈ ਗਈ ਹੈ ਜੋ ਗਰੀਬ ਪਰਿਵਾਰਾਂ ਲਈ ਸਿੱਖਿਆ, ਸਿਹਤ ਤੇ ਬੁਨਿਆਦੀ ਸਹੂਲਤਾਂ ਦੇ ਖੇਤਰ ਵਿਚ ਕੰਮ ਕਰੇਗੀ।

ਬਾਦਲ ਪਿਉ-ਪੁੱਤ ਬਾਰੇ ਸਖ਼ਤ ਟਿਪਣੀ ਕਰਦਿਆਂ ਕੈਪਟਨ ਨੇ ਕਿਹਾ ਕਿ ਝੂਠ ਬੋਲ-ਬੋਲ ਕੇ ਪੰਜਾਬ ਨੂੰ ਕੈਲੇਫ਼ੋਰਨੀਆ ਬਣਾਉਣ ਵਾਲੇ ਉਪ ਮੁੱਖ ਮੰਤਰੀ ਸੂਬੇ ਦੀਆਂ ਬੁਨਿਆਦੀ ਲੋੜਾਂ ਤੋਂ ਅਣਜਾਣ ਹਨ। ਨਾ ਪ੍ਰਾਇਮਰੀ ਸਿੱਖਿਆ ਦਾ ਢਾਂਚਾ ਦਰੁਸਤ ਹੈ ਤੇ ਨਾ ਮੁਢਲੀਆਂ ਸਿਹਤ ਸਹੂਲਤਾਂ ਲੋਕਾਂ ਨੂੰ ਮਿਲ ਰਹੀਆਂ ਹਨ। ਦੂਜੇ ਪਾਸੇ ਬਾਦਲ ਤੇ ਮਜੀਠੀਆ ਮਿਲ ਕੇ ਵੱਡੇ-ਵੱਡੇ ਹੋਟਲ ਖ਼ਰੀਦ ਰਹੇ ਹਨ। ਉਨ੍ਹਾਂ ਪੰਜਾਬ ਦੇ ਕੇਬਲ, ਰੇਤਾ, ਬਜਰੀ ਤੇ ਸ਼ਰਾਬ ਦੇ ਠੇਕਿਆਂ ਉਤੇ ਕਬਜ਼ਾ ਕੀਤਾ ਹੋਇਆ ਹੈ। ਬਾਦਲ ਰਾਜ ਵਿਚ ਆਟਾ ਚਾਰ ਰੁਪਏ ਤੇ ਰੇਤਾ ਅੱਠ ਰੁਪਏ ਕਿਲੋ ਵਿਕਣ ਲੱਗ ਪਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਬਠਿੰਡਾ ਰੀਫ਼ਾਈਨਰੀ ਲਈ ਲਕਸ਼ਮੀ ਮਿੱਤਲ ਨੂੰ ਸੌ ਫ਼ੀਸਦੀ 18 ਹਜ਼ਾਰ ਕਰੋੜ ਦੀ ਸਬਸਿਡੀ ਦੇ ਦਿੱਤੀ ਹੈ ਜਦਕਿ ਰੀਫ਼ਾਈਨਰੀ ਉਤੇ ਖ਼ਰਚ ਵੀ 18 ਹਜ਼ਾਰ ਕਰੋੜ ਰੁਪਇਆ ਹੀ ਹੋ ਰਿਹਾ ਹੈ।

ਕੈਪਟਨ ਨੇ ਕਿਹਾ ਕਿ ਸ੍ਰੀ ਪ੍ਰਕਾਸ਼ ਸਿੰਘ ਬਾਦਲ ਤੇ ਗੁਰਦਾਸ ਸਿੰਘ ਬਾਦਲ ਕਦੇ ਸਿਰਫ਼ 80 ਕਿੱਲਿਆਂ ਦੇ ਮਾਲਕ ਸਨ ਪਰ ਅੱਜ 4-4 ਸੌ ਕਿੱਲਿਆਂ ਤੇ ਹੋਰ ਜਾਇਦਾਦਾਂ ਦੇ ਮਾਲਕ ਬਣੇ ਬੈਠੇ ਹਨ। ਕੈਪਟਨ ਨੇ ਬੀਬੀ ਸੁਰਿੰਦਰ ਕੌਰ ਬਾਦਲ ਦੀ ਲੰਬੀ ਉਮਰ ਲਈ ਅਰਦਾਸ ਕਰਦਿਆਂ ਸ੍ਰੀ ਬਾਦਲ ਨੂੰ ਸਵਾਲ ਕੀਤਾ ਕਿ ਉਹ ਪੰਜਾਬ ਦੇ ਅਨੇਕਾਂ ਕੈਂਸਰ ਪੀੜਤ ਲੋਕਾਂ ਦੇ ਇਲਾਜ ਲਈ ਕੀ ਉਪਰਾਲੇ ਕਰ ਰਹੇ ਹਨ?

## ਇੰਗਲੈਂਡ 'ਚ ਪੰਜਾਬੀ ਨੌਜਵਾਨ ਦੀ ਮੌਤ

**ਕਪੂਰਥਲਾ:** ਇੰਗਲੈਂਡ 'ਚ ਪੜ੍ਹਾਈ ਕਰਨ ਗਏ ਕਸਬਾ ਕਾਲਾ ਸੰਘਿਆਂ ਦੇ 20 ਸਾਲਾ ਨੌਜਵਾਨ ਦੀ ਭੇਤਭਰੀ ਹਾਲਤ 'ਚ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਪ੍ਰੀਤ ਵਰਮਾ ਪੁੱਤਰ ਨਵੀਨ ਵਰਮਾ ਕੁਝ ਮਹੀਨੇ ਪਹਿਲਾਂ ਸਟੱਡੀ ਵੀਜ਼ੇ 'ਤੇ ਇੰਗਲੈਂਡ ਗਿਆ ਸੀ ਤੇ ਉਹ ਇੰਗਲੈਂਡ ਦੇ ਇਕ ਟਾਪੂ ਟਿੱਕੀ 'ਤੇ ਕੰਮ ਕਰਦਾ ਸੀ। ਪਰਿਵਾਰਕ ਸੂਤਰਾਂ ਅਨੁਸਾਰ ਪ੍ਰੀਤ ਦੀ ਲਾਸ਼ ਇਕ ਹੋਟਲ 'ਚੋਂ ਮਿਲੀ ਹੈ।

KHALSA
INSURANCE AGENCY, INC.
WE NOW INSURE IN 33 STATES
LARGEST INDEPENDENT INSURANCE BROKERS
REPRESENTING OVER 100 A+ RATED COMPANIES



TAXI—CABS · LIMOUSINES
COMMERCIAL AUTO



Gas Stations, Repair Shops, Liquor/Grocery Stores, Restaurants, 99 Cent stores, Hotels & Motels

*Licensed in:* Alabama • Arkansas • Arizona • California • Colorado • Connecticut • DC • Georgia • Florida • Idaho • Iowa Indiana • Illinois • Kansas • Louisiana • Maryland • Mississippi • Michigan • Minnesota • Nevada • New Jersey • New York New Mexico • Oregon • Ohio • Oklahoma • Pennsylvania • Texas • Utah • Virginia • Vermont Washington • Wisconsin

WWW.KHALSAINSURANCE.COM
California License # 0F89805
3750 McKee Road, Suite A • San Jose, CA 95127 • Fax 408.493.4552
408-272-2500 • 1-800-954-5409

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

ਪੰਜਾਬ ਟਾਈਮਜ਼

ਸਨਿਚਰਵਾਰ, 25 ਦਸੰਬਰ 2010

## ਭਾਰਤ ਦਾ ਹਿੰਦੂਤਵ ਅਤਿਵਾਦ

ਵਿਕੀਲੀਕਸ ਰਾਹੀਂ ਕਾਂਗਰਸੀ ਲੀਡਰ ਰਾਹੁਲ ਗਾਂਧੀ ਦੇ ਹਵਾਲੇ ਨਾਲ ਹਿੰਦੂ ਅਤਿਵਾਦ ਬਾਰੇ ਗੱਲ ਉਡਣ ਤੋਂ ਕੱਟੜ ਹਿੰਦੂ ਜਥੇਬੰਦੀਆਂ ਦੇ ਨੁਮਾਇੰਦੇ ਪਿੱਟ ਹੀ ਉਠੇ ਹਨ। ਹੁਣ ਤੱਕ ਇਨ੍ਹਾਂ ਜਥੇਬੰਦੀਆਂ ਨੇ ਹੀ ਨਹੀਂ ਸਗੋਂ ਧਰਮ ਨਿਰਪੱਖ ਕਹਾਉਂਦੀ ਕਾਂਗਰਸ ਨੇ ਵੀ ਅਤਿਵਾਦ ਦਾ ਨਾਂ ਘੱਟ-ਗਿਣਤੀਆਂ ਲਈ ਰਾਖਵਾਂ ਰੱਖਿਆ ਹੋਇਆ ਸੀ। ਇਸੇ ਆਧਾਰ ਉਤੇ ਮੀਡੀਆ ਅਤੇ ਹੋਰ ਸਾਧਨਾਂ ਰਾਹੀਂ ਇੰਨਾ ਭਿਅੰਕਰ ਪ੍ਰਚਾਰ ਕੀਤਾ ਜਾਂਦਾ ਸੀ ਕਿ ਘੱਟ-ਗਿਣਤੀਆਂ ਬਾਰੇ ਬੋਲਿਆ ਹਰ ਝੂਠ ਸੱਚ ਬਣਾ ਕੇ ਲੋਕਾਂ ਨੂੰ ਪਰੋਸਿਆ ਜਾਂਦਾ ਰਿਹਾ। ਅੱਜਕੱਲ੍ਹ ਜਿਸ ਤਰ੍ਹਾਂ ਮੁਸਲਮਾਨਾਂ ਨੂੰ ਅਤਿਵਾਦ ਨਾਲ ਜੋੜ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਹਰ ਮੁਸਲਮਾਨ ਨੂੰ ਅਤਿਵਾਦੀ ਗਰਦਾਨ ਕੇ ਕਟਹਿਰੇ ਵਿਚ ਖੜ੍ਹਾ ਦਿੱਤਾ ਗਿਆ ਹੈ, ਉਸੇ ਤਰ੍ਹਾਂ ਹੀ ਦੋ-ਢਾਈ ਦਹਾਕੇ ਪਹਿਲਾਂ ਸਿੱਖਾਂ ਨਾਲ ਕੀਤਾ ਗਿਆ ਸੀ। ਅਸਲ ਵਿਚ ਇਉਂ ਵੱਡੇ ਪੱਧਰ 'ਤੇ ਰਾਣੇ ਸਥਾਪਤ ਕਰਕੇ ਕਿਸੇ ਨੂੰ ਵੀ ਮਾਰਨਾ ਜਾਂ ਹਮਲਾ ਕਰਨਾ ਮੁਕਾਬਲਤਨ ਸੌਖਾ ਹੋ ਜਾਂਦਾ ਹੈ। ਇਸੇ ਪ੍ਰਚਾਰ ਦਾ ਹੀ ਸਿਖ਼ਰ ਸੀ ਕਿ 2001 ਵਿਚ ਗੁਜਰਾਤ ਵਿਚ ਮੁਸਲਮਾਨਾਂ ਦਾ ਅਤੇ 1984 ਵਿਚ ਸਿੱਖਾਂ ਦਾ ਕਤਲ-ਇ-ਆਮ ਕੀਤਾ ਗਿਆ।

ਵਿਕੀਲੀਕਸ ਨੇ ਹੋਰ ਸੈਕੜੇ ਖੁਲਾਸਿਆਂ ਦੇ ਨਾਲ ਨਾਲ ਇਕ ਖੁਲਾਸਾ ਇਹ ਵੀ ਕੀਤਾ ਹੈ ਕਿ ਭਾਰਤ ਦੇ ਬਹੁਤੇ ਮੁਸਲਮਾਨਾਂ ਦਾ ਝੁਕਾਅ ਅਤਿਵਾਦ ਜਾਂ ਅਤਿਵਾਦੀ ਕਾਰਵਾਈਆਂ ਵੱਲ ਨਹੀਂ ਹੈ। ਸਿੱਖਾਂ ਬਾਰੇ ਵੀ ਉਦੋਂ ਇਹੀ ਸੱਚ ਸੀ ਪਰ ਸਿਆਸਤ ਦੀ ਲੋੜ ਵਿਚੋਂ ਨਿਕਲਿਆ ਪ੍ਰਚਾਰ ਇੰਨਾ ਕੂੜ ਤੋਲਦਾ ਅਤੇ ਐਨਾ ਕੌੜਾ ਬੋਲਦਾ ਹੈ ਕਿ ਅਸਲ ਗੱਲ ਦੀ ਥਾਵੇਂ ਗਲਤ ਗੱਲਾਂ ਨੂੰ ਹੀ ਸਹੀ ਮੰਨ ਲਿਆ ਜਾਂਦਾ ਹੈ। ਇਹ ਸਾਡੇ ਸਮਿਆਂ ਦਾ ਦੁਖਾਂਤ ਹੈ ਜਿਸ ਨੇ ਹਰ ਵਾਰ ਜ਼ਖ਼ਮਾਂ ਨੂੰ ਇੰਨਾ ਛਿੱਲਿਆ ਹੈ ਕਿ ਇਹ ਆਖ਼ਰਕਾਰ ਨਾਸੂਰ ਬਣ ਗਏ। ਭਾਰਤ ਵਿਚ ਸਿਆਸਤ ਦਾ ਇਹ ਮਾੜਾ ਪੱਖ ਅਕਸਰ ਉਭਰਦਾ ਹੈ ਅਤੇ ਮਾਨਵਤਾ ਦਾ ਡਾਢਾ ਨੁਕਸਾਨ ਕਰਕੇ ਅਗਲੀ ਵਾਰ ਲਈ ਫਿਰ ਸ਼ਹਿ ਕੇ ਬੈਠ ਜਾਂਦਾ ਹੈ।

ਇਸ ਤੋਂ ਪਹਿਲਾਂ ਵੀ ਜਿਸ ਤਰ੍ਹਾਂ ਅਜਮੇਰ ਬੰਬ ਧਮਾਕਿਆਂ ਵਿਚ ਹਿੰਦੂ ਕੱਟੜਪੰਥੀ ਜਥੇਬੰਦੀ ਆਰ.ਐਸ.ਐਸ. ਦੇ ਲੀਡਰਾਂ ਦਾ ਨਾਂ ਵੱਜਿਆ ਹੈ ਅਤੇ ਇਸ ਤੋਂ ਪਹਿਲਾਂ ਸਾਧਵੀ ਪ੍ਰਗਿਆ ਤੋਂ ਗੱਲ ਤੁਰਦੀ-ਤੁਰਦੀ ਫ਼ੌਜ ਦੇ ਇਕ ਕੈਪਟਨ ਤੱਕ ਪੁੱਜੀ ਸੀ, ਉਸ ਤੋਂ ਜ਼ਾਹਿਰ ਹੈ ਕਿ ਹਿੰਦੂ ਕੱਟੜਪੰਥੀ ਜਥੇਬੰਦੀਆਂ ਹੱਥਾਂ ਵਿਚ ਪਲੀਤਾ ਫੜੀ ਖੜ੍ਹੀਆਂ ਹਨ। ਉੜੀਸਾ ਵਿਚ ਜਿਸ ਢੰਗ ਨਾਲ ਆਸਟਰੇਲੀਆ ਦੇ ਈਸਾਈ ਮਿਸ਼ਨਰੀ ਨੂੰ ਮਾਸੂਮ ਬੱਚਿਆਂ ਸਣੇ ਜ਼ਿੰਦਾ ਸਾੜਿਆ ਗਿਆ ਸੀ, ਉਹ ਘਟਨਾ ਵੀ ਅਜੇ ਤੱਕ ਸਭ ਨੂੰ ਯਾਦ ਹੈ।

ਇਕ ਸਮਾਂ ਸੀ ਜਦੋਂ ਦੇਸ਼ ਦੀ ਸਭ ਤੋਂ ਵੱਡੀ ਜਮਾਤ-ਕਾਂਗਰਸ ਨੇ ਦਲਿਤਾਂ ਨੂੰ ਵੋਟ ਬੈਂਕ ਬਣਾ ਕੇ ਸਿਆਸਤ ਕੀਤੀ। ਕਾਂਗਰਸ ਦੀ ਇਹ ਸਿਆਸਤ ਲੰਮਾ ਸਮਾਂ ਅਤੇ ਧੜੱਲੇ ਨਾਲ ਚੱਲੀ। ਇਸ ਨੂੰ ਖਿੱਚਵੀਂ ਸੱਟ ਬਹੁਜਨ ਸਮਾਜ ਪਾਰਟੀ ਦੀ ਚੜ੍ਹਤ ਨੇ ਮਾਰੀ ਜਦੋਂ ਸਦੀਆਂ ਤੋਂ ਲਤਾੜੇ ਦਲਿਤ, ਨਿਰੋਲ ਦਲਿਤਾਂ ਲਈ ਬਣਾਈ ਇਸ ਪਾਰਟੀ ਦੁਆਲੇ ਲਾਮਬੰਦ ਹੋ ਗਏ। ਕਮਿਊਨਿਸਟਾਂ ਨੂੰ ਦਲਿਤਾਂ ਦੇ ਇਸ ਵਰਤਾਰੇ ਦੀ ਸਮਝ ਬਹੁਤ ਪਛੜ ਕੇ ਲੱਗੀ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ ਅਤੇ ਭਾਂਤ-ਸੁਭਾਂਤੀ ਸਿਆਸਤ ਦਾ ਤੀਰ ਕਮਾਨੋਂ ਨਿਕਲ ਚੁੱਕਾ ਸੀ। ਇਸੇ ਦੌਰਾਨ ਜਦੋਂ ਖੇਤਰੀ ਪਾਰਟੀਆਂ ਦਾ ਜ਼ਮਾਨਾ ਆਇਆ ਤਾਂ ਕੇਂਦਰੀ ਪਾਰਟੀਆਂ ਨੇ ਵੱਖ-ਵੱਖ ਸੂਬਿਆਂ ਵਿਚ ਆਪਣੀ ਸਹੂਲਤ ਮੁਤਾਬਕ ਸਿਆਸਤ ਕੀਤੀ। ਪੰਜਾਬ ਵਿਚ ਇਸ ਦੀ ਸਿਆਸਤ ਦਾ ਰੰਗ ਇੰਨਾ ਵਿਤਕਰੇ ਵਾਲਾ ਹੋ ਗੁਜ਼ਰਿਆ ਕਿ ਗੱਲ, ਗੋਲੀ ਤੱਕ ਪੁੱਜ ਗਈ। ਕੱਚੀ ਸਿਆਸੀ ਸੂਝ ਕਾਰਨ ਇਸ ਦਾ ਜੋ ਖਮਿਆਜ਼ਾ ਸੂਬੇ ਦੇ ਲੋਕਾਂ ਨੇ ਭੁਗਤਿਆ, ਉਹ ਇਕ ਡਰਾਉਣੇ ਸੁਪਨੇ ਦੀ ਨਿਆਈਂ ਹੈ। ਇਸ ਨੂੰ ਯਾਦ ਕਰਾਂਗੇ ਤਾਂ ਜ਼ਖ਼ਮ ਰਿਸਣੇ ਸ਼ੁਰੂ ਹੋ ਜਾਣਗੇ; ਜੇ ਭੁੱਲ ਜਾਵਾਂਗੇ ਤਾਂ ਭਵਿੱਖ ਲਈ ਰਾਹ ਲੱਭਣ ਵਿਚ ਦਿੱਕਤ ਆਵੇਗੀ!

ਦੇਸ਼ ਦੀਆਂ ਦੋ ਮੁੱਖ ਸਿਆਸੀ ਧਿਰਾਂ-ਕਾਂਗਰਸ ਅਤੇ ਭਾਜਪਾ (ਜੋ ਆਰ.ਐਸ.ਐਸ. ਦਾ ਸਿਆਸੀ ਵਿੰਗ ਹੈ ਅਤੇ ਦੇਸ਼ ਵਿਚ ਹਿੰਦੂਤਵ ਲਈ ਸਭ ਕੁਝ ਮਲੀਆਮੇਟ ਕਰਨ ਦੀ ਰੁਚੀ ਰੱਖਦੀ ਹੈ), ਜਿਸ ਢੰਗ ਨਾਲ ਧਾਰਮਿਕ ਜਨੂੰਨ ਨੂੰ ਮੌਕੇ-ਬੇਮੌਕੇ ਵਰਤਦੀਆਂ ਰਹੀਆਂ ਹਨ, ਹੁਣ ਉਸ ਵਰਤਾਰੇ ਨੂੰ ਸਮਝਣ/ਸਮਝਾਉਣ ਦੀ ਲੋੜ ਹੈ। ਘੱਟ-ਗਿਣਤੀਆਂ ਦੀ ਗੱਡੀ ਇਸ ਵਰਤਾਰੇ ਨੂੰ ਸਮਝੇ ਬਗ਼ੈਰ ਹੁਣ ਚੱਲ ਨਹੀਂ ਸਕਦੀ ਕਿਉਂਕਿ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਜਿਸ ਤਰ੍ਹਾਂ ਦੀ ਸਫ਼ਬੰਦੀ ਬਣ ਰਹੀ ਹੈ ਅਤੇ ਹਾਲਾਤ ਜਿਸ ਪਾਸੇ ਜਾ ਰਹੇ ਹਨ, ਪਾਸਾ ਮੱਲਣ ਵੇਲੇ ਇਨ੍ਹਾਂ ਸਭ ਵਰਤਾਰਿਆਂ ਨੂੰ ਧਿਆਨ ਵਿਚ ਰੱਖਣਾ ਪਵੇਗਾ। ਇਸੇ ਪ੍ਰਸੰਗ ਵਿਚ ਪਹਿਲਾਂ ਕੀਤੀਆਂ ਲੜਾਈਆਂ ਨੂੰ ਨਵੇਂ ਸਿਰਿਓਂ ਘੋਖਣ ਦੀ ਲੋੜ ਹੈ। ਪਿਛਲੇ ਕੁਝ ਸਾਲਾਂ ਤੋਂ ਭਾਰਤ ਦੇ ਖਾਸੇ ਬਾਰੇ ਲਗਾਤਾਰ ਪਰਖ-ਪੜਚੋਲ ਅਤੇ ਟਿੱਪਣੀਆਂ ਕਰਦੀ ਆ ਰਹੀ ਲੇਖਕਾ ਅਰੁੰਧਤੀ ਰਾਏ ਇਸ ਮਾਮਲੇ ਵਿਚ ਸੇਧ ਹਾਸਲ ਕਰਨ ਦਾ ਜ਼ਰੀਆ ਹੋ ਸਕਦੀ ਹੈ। ਉਸ ਨੇ ਹੋਰ ਗੱਲਾਂ ਦੇ ਨਾਲ ਨਾਲ ਭਾਰਤ ਨੂੰ ਹਿੰਦੂਵਾਦੀ ਕਾਰਪੋਰੇਟ ਸਟੇਟ ਆਖਿਆ ਹੈ। ਹਿੰਦੂਵਾਦੀ ਭਾਰਤ ਦੀ ਵਿਆਖਿਆ ਕਰਨ/ਕਰਾਉਣ ਦੀ ਲੋੜ ਨਹੀਂ ਹੈ। ਇਸ ਦੀ ਮਾਰ ਗਾਹੇ-ਬਗਾਹੇ ਲਗਾਤਾਰ ਪੈਂਦੀ ਰਹੀ ਹੈ ਅਤੇ ਇਸ ਦਾ ਝੱਲ ਅਸੀਂ ਹੱਡੀਂ ਹੰਢਾ ਚੁੱਕੇ ਹਾਂ। ਲੋੜ 'ਕਾਰਪੋਰੇਟ' ਸ਼ਬਦ ਅਤੇ ਇਸ ਦੇ ਖਾਸੇ ਉਤੇ ਕੇਂਦਰਤ ਕਰਨ ਤੇ ਇਸ ਨੂੰ ਸਮਝਣ ਦੀ ਹੈ। ਇਹ ਸ਼ਬਦ ਅਤੇ ਇਸ ਦਾ ਸੰਸਾਰ ਜਿਸ ਢੰਗ ਨਾਲ ਫੈਲ ਰਿਹਾ ਹੈ, ਉਸ ਨਾਲ ਆਰਥਿਕ ਗੁਲਾਮੀ ਦੀ ਅਲਾਮਤ ਤਾਂ ਸਿਰ ਚੁੱਕ ਹੀ ਰਹੀ ਹੈ, ਪਛਾਣ ਦੇ ਮਸਲਿਆਂ ਉਤੇ ਵੀ ਮਿੱਟੀ ਪਾਉਣ ਦੇ ਯਤਨ ਹੌਲੀ-ਹੌਲੀ ਹੋ ਰਹੇ ਹਨ। ਪੰਜਾਬ, ਖਾਸ ਕਰਕੇ ਸਿੱਖਾਂ ਲਈ ਇਸ ਦੇ ਅਰਥ ਬੜੇ ਡੂੰਘੇ ਹਨ। ਉਥੇ ਤਾਂ ਅਜੇ ਪਹਿਲੀਆਂ ਲੜਾਈਆਂ ਦੇ ਰਾਹ, ਇਕ ਲਿਹਾਜ ਨਾਲ ਬੰਦ ਹੋਏ ਪਏ ਹਨ, ਇਸ ਕਾਰਪੋਰੇਟ ਹੱਲੇ ਲਈ ਤਾਂ ਤਿਆਰੀ ਹੀ ਕੋਈ ਨਹੀਂ ਹੈ। ਕੱਟੜਪੰਥੀਆਂ ਅਤੇ ਕਾਰਪੋਰੇਟ ਦੇ ਇਸ ਚੁਤਰਫ਼ੇ ਹੱਲੇ ਨਾਲ ਲੜਾਈ ਦਾ ਮੂੰਹ-ਮੁਹਾਂਦਰਾ ਵੀ ਚੁਤਰਫ਼ਾ ਅਤੇ ਚੌੜੇਰਾ ਹੋਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੰਤ, ਸਿਆਸਤਦਾਨ ਤੇ ਸਿੱਖ!

ਬਾਣੀ ਵਿਚ 'ਨਿਖੱਟੂ' ਗਰਦਾਨਿਆ ਏ, ਜਿਨ੍ਹਾਂ ਵਿਹਲੀਆਂ ਖਾਣੀਆਂ ਧਾਰੀਆਂ ਨੇ।  
ਪੈਰੀਂ ਹੱਥ ਲੁਆਉਣ ਜੋ 'ਸੇਵਕਾਂ' ਤੋਂ, ਫਿਟਕਾਂ ਬਾਬੇ ਨੇ ਤਿੱਖੀਆਂ ਮਾਰੀਆਂ ਨੇ।  
ਆਪੋ ਆਪਣੀ ਜਾਤ ਦੇ ਸੰਤ ਮੱਲੇ, ਪੂਜਾ-ਪਾਠ ਦੀਆਂ 'ਵਿਧੀਆਂ' ਨਿਆਰੀਆਂ ਨੇ।  
ਕਿਰਤ, ਵੰਡ ਕੇ ਛਕਣ ਤੇ ਨਾਮ ਜਪਣਾ, ਗੱਲਾਂ ਤਿੰਨੋਂ ਹੀ ਮਨੋ ਵਿਸਾਰੀਆਂ ਨੇ।  
ਸਿਆਸਤਦਾਨ ਤੇ ਬੂਬਨੇ ਸਾਧ 'ਕੱਠੇ, ਠੱਗਣ ਵਾਸਤੇ ਪਾਲਦੇ ਯਾਰੀਆਂ ਨੇ।  
ਸਿੱਖ ਘਿਰ ਗਿਆ ਇਨ੍ਹਾਂ ਦੇ ਵਿਚ ਏਦਾਂ, ਪੰਛੀ ਘੇਰਿਆ ਜਿਵੇਂ ਸ਼ਿਕਾਰੀਆਂ ਨੇ!

# ਮਨੁੱਖੀ ਵਿਕਾਸ: ਪੂੰਜੀਵਾਦ/ਸਮਾਜਵਾਦ ਤੋਂ ਵਿਸਮਾਦੀ ਵਿਵਸਥਾ ਵੱਲ

ਸੁਰਿੰਦਰ ਸਿੰਘ ਤੇਜ

ਵਿਸਮਾਦ ਗੁਰਬਾਣੀ ਦਾ ਅੰਤਰੀਵੀ ਅੰਗ ਹੈ। ਇਸ ਸ਼ਬਦ ਦਾ ਅਰਥ ਹੈ ਰੂਹਾਨੀ ਤ੍ਰਿਪਤੀ ਜਾਂ ਆਤਮ-ਆਨੰਦ ਦੀ ਅਵਸਥਾ। ਅੱਜ ਇਹੀ ਅਧਿਆਤਮਕ ਸੰਕਲਪ ਸੰਸਾਰਕ ਸੰਕਲਪ ਜਾਂ ਸਿਧਾਂਤ ਬਣਦਾ ਜਾ ਰਿਹਾ ਹੈ। ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਾਂਗ ਆਤਮ-ਆਨੰਦ ਵੀ ਮਨੁੱਖੀ ਵਿਕਾਸ ਦੇ ਕੌਮਾਂਤਰੀ ਪੈਮਾਨੇ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਇਸ ਪੈਮਾਨੇ ਨੂੰ ਕੁੱਲ ਕੌਮੀ ਆਨੰਦ (ਗਰੌਸ ਨੈਸ਼ਨਲ ਹੈਪੀਨੈਸ ਜਾਂ ਜੀ.ਐਨ.ਪੀ.) ਦਾ ਨਾਂ ਦਿੱਤਾ ਗਿਆ ਹੈ। ਆਨੰਦਵਾਦ ਰੂਪੀ ਇਹ ਸੰਕਲਪ ਪ੍ਰਾਚੀਨ ਵਰਤਾਰੇ ਦੀ ਨਵੇਂ ਸਿਧਾਂਤ ਦੇ ਰੂਪ ਵਿਚ ਤਾਕਤ ਅਤੇ ਵਿਸ਼ਾਲਤਾ ਦਾ ਲਖਾਇਕ ਬਣ ਚੁੱਕਾ ਹੈ।

ਪਿਛਲੀ ਸਦੀ ਦੋ ਮੁੱਖ ਵਿਚਾਰਧਾਰਾਵਾਂ-ਪੂੰਜੀਵਾਦ ਅਤੇ ਸਮਾਜਵਾਦ (ਜਾਂ ਸਾਮਵਾਦ) ਦੀ ਸਰਦਾਰੀ ਦੀ ਸਦੀ ਸੀ। ਜਦੋਂ ਬਰਲਿਨ ਦੀ ਦੀਵਾਰ ਢਹਿ-ਢੇਰੀ ਹੋ ਗਈ ਅਤੇ ਸੋਵੀਅਤ ਸੰਘ ਦੇ ਟੁਕੜੇ ਹੋ ਗਏ ਤਾਂ ਸਾਮਵਾਦੀ ਵਿਚਾਰਧਾਰਾ ਦੀ ਸਰਦਾਰੀ ਵੀ ਪਸਤ ਹੋ ਗਈ। ਪੂੰਜੀਵਾਦ ਦਾ ਗ਼ਲਬਾ ਤਾਂ ਪਹਿਲਾਂ ਹੀ ਸੀ, ਖਪਤਕਾਰੀ ਪ੍ਰਬੰਧ ਅਤੇ ਖੁੱਲ੍ਹੀ ਮੰਡੀ ਦੇ ਸੰਕਲਪ ਪ੍ਰਤੀ ਲੋਕ ਮੋਹ ਕਾਰਨ ਇਹ ਗ਼ਲਬਾ ਹੋਰ ਵੀ ਮਜ਼ਬੂਤ ਹੋ ਗਿਆ। ਇਕ ਸਮਾਂ ਸੀ ਜਦੋਂ ਦੁਨੀਆਂ ਦੇ ਬਹੁਤੇ ਸਾਰੇ ਹਿੱਸੇ ਵਿਚ 'ਪੂੰਜੀਵਾਦੀ' ਕਹਿਲਾਉਣ ਤੋਂ ਵੱਡੇ-ਵੱਡੇ ਨੇਤਾ ਵੀ ਝਿਜਕਦੇ ਸਨ ਪਰ ਮੱਧ-ਵਰਗੀ ਸਮਾਜ ਦੇ ਤੇਜ਼ੀ ਨਾਲ ਉਭਾਰ ਅਤੇ ਇਸ ਸਮਾਜ ਦੀਆਂ ਖਪਤਕਾਰੀ ਲਾਲਸਾਵਾਂ ਨੇ ਪੂੰਜੀਵਾਦ ਨੂੰ ਨਵਾਂ ਸਨਮਾਨਤ ਬਾਣਾ ਬਖ਼ਸ਼ ਦਿੱਤਾ। ਪੂੰਜੀਵਾਦੀ ਹੋਣ ਨੂੰ ਗੁਨਾਹ ਨਹੀਂ, ਪ੍ਰਾਪਤੀ ਸਮਝਿਆ ਜਾਣ ਲੱਗਾ। ਪੂੰਜੀਵਾਦੀ ਪ੍ਰਬੰਧ ਦੀ ਇਨਸਾਨੀ ਰੱਤ ਨਿਚੋੜਨ ਵਾਲੀ ਬਿਰਤੀ ਨੂੰ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਦਾ ਆਧਾਰ ਮੰਨਿਆ ਜਾਣ ਲੱਗਾ-ਅਜਿਹਾ 'ਖ਼ੁਸ਼ਹਾਲ' ਸਮਾਜ ਜਿੱਥੇ ਵੱਧ ਮਿਹਨਤ, ਵੱਧ ਲਗਨ, ਵੱਧ ਨਿਸ਼ਠਾ ਅਤੇ ਵੱਧ ਕੰਮ ਕਰਨ ਦੀ ਬਿਰਤੀ ਦੀ ਵੱਧ ਕੀਮਤ ਪਵੇਗੀ। ਅਸਲੀਅਤ ਭਾਵੇਂ ਇਹ ਨਹੀਂ ਪਰ ਇਸ ਮ੍ਰਿਗਤ੍ਰਿਸ਼ਨਾ ਤੋਂ ਮੱਧ ਵਰਗ ਅਜੇ ਤਕ ਮੁਕਤ ਨਹੀਂ ਹੋਇਆ। ਹਰ ਵਿਵਸਥਾ ਵਿਚ ਕੁਪ੍ਰਭਾਵ ਜਾਂ ਔਗੁਣ ਨਿਹਿਤ ਹਨ। ਮੱਧਵਰਗੀ ਮ੍ਰਿਗਤ੍ਰਿਸ਼ਨਾ ਵਿਸ਼ਵ-ਵਿਆਪੀ ਹੋਣ ਕਾਰਨ ਇਸ ਦੇ ਕੁਪ੍ਰਭਾਵ ਵੀ ਬਹੁਤ ਛੇਤੀ ਸਾਹਮਣੇ ਆ ਗਏ।

ਬੇਹਿਸਾਬਾ ਪਦਾਰਥਵਾਦ ਅਤੇ ਬੇਲੋੜੀ ਮੁਕਾਬਲੇਬਾਜ਼ੀ ਸਿਰਫ਼ ਕਾਰੋਬਾਰੀ ਪੱਧਰ ਤਕ ਸੀਮਤ ਨਹੀਂ ਰਹੀ। ਇਹ ਜ਼ਿੰਦਗੀ ਦੀ ਜੁਗਤ ਬਣਦੀ ਜਾ ਰਹੀ ਹੈ। ਇਸ ਦੇ ਸਿੱਟੇ ਵਜੋਂ ਜਿੱਥੇ ਚਿੱਟ-ਕਾਲਰੀ ਸਮਾਜਿਕ ਅਪਰਾਧਾਂ ਦੀ ਗਿਣਤੀ ਅਤੇ ਵਿਆਪਕਤਾ ਵਧੀ ਹੈ, ਉਥੇ ਜ਼ਿਹਨੀ ਤੇ ਜਿਨਸੀ ਬਿਮਾਰਾਂ ਦੀ ਸੰਖਿਆ ਵਿਚ ਵੀ ਨਿਰੰਤਰ ਇਜ਼ਾਫ਼ਾ ਹੁੰਦਾ ਜਾ ਰਿਹਾ ਹੈ।

ਅਜਿਹੇ ਆਲਮ ਵਿਚ ਜਿੱਥੇ ਰੱਬ ਦਾ ਸਹਾਰਾ ਮੰਗਣ ਵਾਲਿਆਂ ਦੀਆਂ ਸਫ਼ਾਂ ਵਧਦੀਆਂ-ਫੁਲਦੀਆਂ ਸੁਭਾਵਿਕ ਹੀ ਹਨ, ਉਥੇ ਬੌਧਿਕ ਤ੍ਰਿਪਤੀ ਲਈ ਕਿਸੇ ਨਵੇਂ ਵਾਦ ਜਾਂ ਸਿਧਾਂਤ ਦਾ ਪੱਲਾ ਫੜਨ ਦਾ ਪ੍ਰਚਲਨ ਵੀ ਰੋਕਿਆ ਨਹੀਂ ਜਾ ਸਕਦਾ। ਸਰਵੇਖਣ ਦਰਸਾਉਂਦੇ ਹਨ ਕਿ ਨਵੀਂ ਪੀੜ੍ਹੀ, ਖ਼ਾਸ ਕਰਕੇ ਪੜ੍ਹੀ-ਲਿਖੀ ਤੇ 'ਪ੍ਰੋਫੈਸ਼ਨਲ' ਨਵੀਂ ਪੀੜ੍ਹੀ ਵਿਚ ਆਸਤਿਕਤਾ ਦੀਆਂ ਜੜ੍ਹਾਂ ਮਜ਼ਬੂਤ ਹੋਈਆਂ ਹਨ। ਇਹ ਵੀ ਸਪਸ਼ਟ ਹੋ ਚੁੱਕਾ ਹੈ ਕਿ ਦੁਨੀਆਂ ਅਜਿਹੀ ਵਿਚਾਰਧਾਰਾ ਦੀ ਭਾਲ ਵਿਚ ਹੈ ਜਿਹੜੀ ਆਰਥਿਕ ਵਿਕਾਸ ਅਤੇ ਆਤਮਿਕ ਸੰਤੁਸ਼ਟੀ ਦਾ ਸੁਮੇਲ ਹੋਵੇ। ਜੀ.ਐਨ.ਐਚ. ਜਾਂ ਕੁਲ ਕੌਮੀ ਆਨੰਦ ਦਾ ਸੰਕਲਪ ਇਸੇ ਤਲਾਸ਼ ਦੀ ਹੀ ਉਪਜ ਹੈ। ਜੀ.ਐਨ.ਐਚ. ਨੂੰ ਪੂੰਜੀਵਾਦ ਤੇ ਸਾਮਵਾਦ ਰੂਪੀ ਦੋ ਵਿਰੋਧੀ ਧਰੁਵਾਂ ਦਰਮਿਆਨ ਕੇਂਦਰ ਬਿੰਦੂ ਮੰਨਿਆ ਜਾਂਦਾ ਹੈ ਜੋ ਇਨ੍ਹਾਂ ਦੋਵਾਂ ਵਾਦਾਂ ਦੀਆਂ ਵਧੀਕੀਆਂ ਅਤੇ ਅਸੰਜਮਤਾਵਾਂ ਤੋਂ ਬਚਣ ਦਾ ਸਾਧਨ ਵੀ ਹੈ, ਅਤੇ ਆਤਮ-ਤ੍ਰਿਪਤੀ ਦਾ ਮਾਧਿਅਮ ਵੀ।

ਜੀ.ਐਨ.ਐਚ. ਨੂੰ ਸਿਧਾਂਤਕ ਜਾਮਾ ਸਭ ਤੋਂ ਪਹਿਲਾਂ ਭੂਟਾਨ ਦੇ ਚੌਥੇ ਨਰੇਸ਼, ਜਿਗਮੇ ਸਿੰਗਏ ਵਾਂਗਚੱਕ ਨੇ ਪਹਿਨਾਇਆ। ਉਂਜ, ਉਨ੍ਹਾਂ ਨੇ ਇਸ ਨੂੰ ਸਿਧਾਂਤ ਵਾਂਗ ਨਹੀਂ ਬਲਕਿ ਮਨੁੱਖੀ ਲਾਲਸਾਵਾਂ ਅਤੇ ਸਮਾਜਿਕ-ਰਾਜਨੀਤਕ-ਆਰਥਿਕ ਵਾਤਾਵਰਨ ਦੇ ਤਕਾਜ਼ਿਆਂ ਦਰਮਿਆਨ ਤਾਲਮੇਲ ਤੇ ਤਵਾਜ਼ਨ ਬਿਠਾਉਣ ਦੇ ਸਲੀਕੇ ਦੇ ਰੂਪ ਵਿਚ ਪੇਸ਼ ਕੀਤਾ। ਕੁਦਰਤ ਨੇ ਭੂਟਾਨ ਨੂੰ ਇਸ ਸੰਕਲਪ ਦੇ ਪੋਸ਼ਣ ਲਈ ਢੁਕਵਾਂ ਵਾਤਾਵਰਨ ਵੀ ਬਖ਼ਸ਼ਿਆ ਹੋਇਆ ਹੈ। ਇਤਿਹਾਸਕ ਤੌਰ 'ਤੇ ਇਹ ਦੇਸ਼ ਕਦੇ ਵੀ ਕਿਸੇ ਹੋਰ ਮੁਲਕ ਦੀ ਬਸਤੀ ਨਹੀਂ ਰਿਹਾ। ਇਸ ਦੀ ਵਸੋਂ ਅਤੇ ਸਮਾਜ ਆਪਣੇ ਸਭਿਆਚਾਰ ਤੇ ਵਿਰਸੇ ਨਾਲ ਹਮੇਸ਼ਾ ਇਕ-ਮਿਕ ਰਹੇ ਹਨ। ਫਿਰ, ਇਹ ਦੇਸ਼ ਸੰਸਾਰੀਕਰਨ ਦੀ ਦੌੜ ਵਿਚ ਦਾਖ਼ਲ ਜ਼ਰੂਰ ਹੋਇਆ ਪਰ ਆਪਣੀ ਦੌੜ ਦੀ ਰਫ਼ਤਾਰ ਆਪਣੀਆਂ ਲੋੜਾਂ ਤੇ ਸੀਮਾਵਾਂ ਤੱਕ ਹੀ ਸੀਮਤ ਰੱਖਣ ਦਾ ਟੀਚਾ ਚੁਣਿਆ ਅਤੇ ਹੁਣ ਤਕ ਇਸ ਵਿਚ ਕਾਮਯਾਬ ਵੀ ਹੋਇਆ ਹੈ। ਸਭ ਤੋਂ ਵੱਡੀ ਗੱਲ ਇਹ ਸੀ ਕਿ ਇਸ ਦੇਸ਼ ਨੂੰ ਅਜਿਹਾ ਸਮਰਾਟ ਮਿਲਿਆ ਜੋ ਭਵਿੱਖਮੁਖੀ ਹੋਣ ਦੇ ਬਾਵਜੂਦ ਆਪਣੇ ਲੋਕਾਂ ਤੇ ਦੇਸ਼ ਦੀ ਭਲਾਈ ਦੀਆਂ ਹੱਦਬੰਦੀਆਂ ਨੂੰ ਸਮਝਣ ਦੀ ਦਿੱਬ-ਦ੍ਰਿਸ਼ਟੀ ਨਾਲ ਲੈਸ ਸੀ। ਇਹ ਉਹੀ ਸਮਰਾਟ ਸੀ ਜਿਸ ਨੇ ਖ਼ੁਦ ਆਪਣੇ ਅਹੁਦੇ ਨੂੰ ਰਸਮੀ ਬਣਾਉਂਦਿਆਂ ਭੂਟਾਨ ਵਿਚ ਲੋਕਤੰਤਰ ਦੀ ਬੁਨਿਆਦ ਰੱਖੀ। ਉਸ ਦੇ ਆਲੋਚਕ ਉਸ ਬਾਰੇ ਕੁਝ ਵੀ ਕਹਿਣ ਅਤੇ ਭੂਟਾਨ ਦੀ ਗੁਰਬਤ ਵਲ ਕਿੰਨੀਆਂ ਵੀ ਉਂਗਲਾਂ ਕਿਉਂ ਨਾ ਉਠਾਉਣ, ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਆਲੇ-ਦੁਆਲੇ ਦੇ ਇਲਾਕੇ ਵਿਚ ਵਿਆਪਕ ਹਿੰਸਕ ਗਤੀਵਿਧੀਆਂ ਦੇ ਬਾਵਜੂਦ ਭੂਟਾਨੀ ਸਮਾਜ ਵਿਚ ਸੁਖ-ਸ਼ਾਂਤੀ ਹੈ ਅਤੇ ਦੰਗਿਆਂ ਫ਼ਸਾਦਾਂ ਦੀ ਕੋਈ ਖ਼ਬਰ ਨਹੀਂ ਮਿਲਦੀ।

ਜੀ.ਡੀ.ਪੀ. ਵਧਾਉਣ ਦੀ ਹੋੜ ਵਿਚ ਗ੍ਰਸਤ ਆਲਮੀ ਮੰਡੀ ਨੇ ਵੀ ਹੁਣ ਜੀ.ਐਨ.ਐਚ. ਦੇ ਸੰਕਲਪ ਨੂੰ ਹੁੰਗਾਰਾ ਦੇਣਾ ਸ਼ੁਰੂ ਕਰ ਦਿੱਤਾ ਹੈ। ਸੰਯੁਕਤ ਰਾਸ਼ਟਰ ਨੇ ਇਸ ਸੰਕਲਪ ਨੂੰ ਰਸਮੀ ਅਤੇ ਸਿਧਾਂਤਕ ਮਾਨਤਾ ਦੇ ਕੇ ਮਨੁੱਖੀ ਵਿਕਾਸ ਦੇ ਸੂਚਕ-ਅੰਕ ਵਜੋਂ ਪ੍ਰਵਾਨਣਾ ਸ਼ੁਰੂ ਕਰ ਦਿੱਤਾ ਹੈ। ਮੱਧਵਰਗੀ ਮਾਨਸਿਕਤਾ ਨੂੰ ਵੀ ਇਹ ਸੰਕਲਪ 'ਗਲੈਮਰਸ' ਲੱਗਣ ਲੱਗਾ ਹੈ। ਇਸ ਕਿਸਮ ਦੀ ਮਾਨਤਾ ਇਸ ਸੰਕਲਪ ਵਿਚ ਵਿਗਾੜ ਵੀ ਪੈਦਾ ਕਰ ਸਕਦੀ ਹੈ। ਇਕ ਮੁੱਖ ਖ਼ਤਰਾ ਇਹ ਹੈ ਕਿ ਇਸ ਸੰਕਲਪ ਨੂੰ ਹਰ ਕਿਸਮ ਦੇ ਪਦਾਰਥਵਾਦ ਦੇ ਵਿਰੋਧੀ ਜਾਂ ਬਦਲ ਦੇ ਰੂਪ ਵਿਚ ਪੇਸ਼ ਕੀਤਾ ਜਾਣ ਲੱਗਾ ਹੈ। ਪਦਾਰਥਵਾਦ ਮਨੁੱਖੀ ਲੋੜ ਹੈ, ਮਨੁੱਖੀ ਸੁਭਾਅ ਦਾ ਅੰਗ ਹੈ, ਮਨੁੱਖੀ ਡੀ.ਐਨ.ਏ. ਦਾ ਅਹਿਮ ਅੰਸ਼ ਹੈ। ਮਨੁੱਖ ਲਈ ਇਹ ਖ਼ੁਸ਼ੀ ਦਾ ਸਾਧਨ ਵੀ ਹੈ। ਦੁਨੀਆਂ ਵਿਚ ਕੋਈ, ਕਿੱਥੇ ਵੀ, ਕਿਉਂ ਨਾ ਵਸਿਆ ਹੋਵੇ, ਆਰਥਿਕ ਖ਼ੁਸ਼ਹਾਲੀ ਦਾ ਲਾਭ ਲੈਣਾ ਲੋਚਦਾ ਹੈ। ਪਦਾਰਥਕ ਵਸਤਾਂ ਹਾਸਲ ਕਰਨ ਤੋਂ ਇਨਸਾਨ ਨੂੰ ਖ਼ੁਸ਼ੀ ਮਿਲਦੀ ਹੈ ਚਾਹੇ ਉਹ ਥੋੜ੍ਹ-ਚਿਰੀ ਹੋਵੇ ਜਾਂ ਦੀਰਘਕਾਲੀਨ। ਅਜਿਹੀ ਖ਼ੁਸ਼ੀ ਹਾਸਲ ਕਰਨ ਦੀ ਚਾਹਤ ਜਾਂ ਉਮਾਹ ਹੀ ਇਨਸਾਨੀ ਪ੍ਰਗਤੀ ਦਾ ਆਧਾਰ ਰਹੀ ਹੈ। ਟੈਕਨਾਲੋਜੀ ਖੋਜਣਾ, ਅਪਨਾਉਣਾ ਅਤੇ ਇਸ ਤੋਂ ਲਾਭ ਲੈਣਾ ਮਨੁੱਖੀ ਵਡਿਆਈ ਹੈ, ਔਗੁਣ ਨਹੀਂ। ਜੇਕਰ ਜੀ.ਐਨ.ਐਚ. ਦੇ ਸਿਧਾਂਤ ਦੇ ਆਧਾਰ 'ਤੇ ਮਨੁੱਖੀ ਉਮਾਹਾਂ ਅਤੇ ਇੱਛਾਵਾਂ ਨਾਲ ਜੁੜੇ ਸੁਭਾਵਿਕ ਪਦਾਰਥਕ ਮਨੋਵੇਗਾਂ ਨੂੰ ਤ੍ਰਿਸਕਾਰਿਆ ਜਾਂਦਾ ਹੈ ਤਾਂ ਇਹ ਇਸ ਸਿਧਾਂਤ ਦੀ ਹੀ ਬੇਕਦਰੀ ਹੈ। ਜੀ.ਐਨ.ਐਚ. ਸੰਸਾਰਕ ਮੋਹ-ਮਾਇਆ ਤਿਆਗਣ ਦੀ ਗੱਲ ਨਹੀਂ ਕਰਦਾ, ਇਹ ਮੋਹ ਮਾਇਆ ਤੇ ਇਨਸਾਨੀ ਕਦਰਾਂ ਦਰਮਿਆਨ ਸੰਤੁਲਨ ਤੋਂ ਮਿਲਣ ਵਾਲੀ ਤਸੱਲੀ ਨੂੰ ਬੇਲੋੜੇ ਦੁਨਿਆਵੀ ਬਖੇੜਿਆਂ ਤੋਂ ਬਚਣ ਦਾ ਮਾਰਗ ਮੰਨਦਾ ਹੈ। ਤਿਆਗ ਦੀ ਥਾਂ ਮੱਧ-ਮਾਰਗੀ ਪਹੁੰਚ ਇਸ ਸੰਕਲਪ ਦਾ ਖਾਸਾ ਵੀ ਹੈ ਅਤੇ ਖਾਕਾ ਵੀ। ਇਸੇ ਕਾਰਨ ਇਸ ਨੂੰ ਆਦਰਸ਼ਕ ਜੀਵਨ ਜਾਚ ਦਾ ਰੁਤਬਾ ਦੇਣਾ ਜਾਂ ਇਕੋ ਇਕ ਸਹੀ ਜਾਂ ਸਰਬ-ਸ੍ਰੇਸ਼ਠ ਮਾਰਗ ਮੰਨਣਾ ਜਾਇਜ਼ ਨਹੀਂ। ਇਹ ਵਰਤਮਾਨ ਦੀ ਲੋੜ ਹੈ, ਭਵਿੱਖਮੁਖੀ ਸੇਧ ਨਹੀਂ।

ਜੀ.ਐਨ.ਐਚ. ਦੇ ਸੰਕਲਪ ਦੀ ਮਜ਼ਬੂਤੀ, ਅਸਲੀ ਦੁਨੀਆਂ ਦੇ ਅਸਲੀ ਬਾਸ਼ਿੰਦਿਆਂ ਦੀਆਂ ਅਸਲੀ ਲੋੜਾਂ ਨੂੰ ਸਮਝਣ ਵਿਚ ਹੈ। ਇਹ ਆਦਰਸ਼ਵਾਦੀ ਵਿਚਾਰਧਾਰਾ ਨਹੀਂ ਬਲਕਿ ਇਹ ਤਾਂ ਅਮਲੀ ਸੋਚ 'ਤੇ ਵੱਧ ਨਿਰਭਰ ਹੈ। ਇਹ ਸਭਿਆਚਾਰਕ ਜੜ੍ਹਾਂ ਤੇ ਪਛਾਣ ਦੇ ਮਹੱਤਵ 'ਤੇ ਜ਼ੋਰ ਦਿੰਦਾ ਹੈ ਅਤੇ ਵਿਸ਼ਵੀਕਰਨ ਦੇ ਪਸਾਰੇ ਦੇ ਬਾਵਜੂਦ ਇਨ੍ਹਾਂ ਨੂੰ ਬਚਾਉਣ ਦੀ ਗੱਲ ਕਰਦਾ ਹੈ ਪਰ ਇਹ ਜ਼ੋਰ ਸਹਿ-ਹੋਂਦ ਲਈ ਹੈ, ਪੁਰਾਤਨਤਾ ਨੂੰ ਹੀ ਘੁੱਟ ਕੇ ਫੜੀ ਰੱਖਣ ਜਾਂ ਨਵੀਨਤਾ ਨੂੰ ਦੁਰਕਾਰਨ ਲਈ ਨਹੀਂ। ਜੀ.ਐਨ.ਐਚ. ਦਾ ਫਲਸਫਾ ਇਹੀ ਕਹਿੰਦਾ ਹੈ ਕਿ ਸਾਨੂੰ ਧੁਰ ਅੰਦਰੋਂ ਇਸ ਗੱਲ ਲਈ ਤਿਆਰ ਰਹਿਣਾ ਚਾਹੀਦਾ ਹੈ ਕਿ ਪਰਿਵਰਤਨ ਇਕ ਅਮਿੱਟ ਵਰਤਾਰਾ ਹੈ। ਤਬਦੀਲੀਆਂ ਆਉਣੀਆਂ ਹੀ ਹਨ। ਇਨ੍ਹਾਂ ਤੋਂ ਬਚਿਆ ਨਹੀਂ ਜਾ ਸਕਦਾ ਪਰ ਪਰਿਪੱਕ ਤੇ ਸਥਿਰ ਸਮਾਜ, ਤਬਦੀਲੀ ਦੀ ਰਫ਼ਤਾਰ, ਮਿਕਦਾਰ ਤੇ ਦਿਸ਼ਾ ਖ਼ੁਦ ਤੈਅ ਕਰਨ ਦੇ ਸਮਰੱਥ ਹੋਣੇ ਚਾਹੀਦੇ ਹਨ। ਸਬੰਧਤ ਸਮਾਜਾਂ ਦੇ ਮੈਂਬਰਾਂ ਨੂੰ ਅਜਿਹੀ ਸੂਝ-ਬੂਝ ਨਾਲ ਲੈਸ ਕਰਨਾ ਜੀ.ਐਨ.ਐਚ. ਦੇ ਫਲਸਫੇ ਦਾ ਮੁੱਖ ਅੰਗ ਹੈ।

ਖ਼ੁਸ਼ੀ ਜਾਂ ਆਨੰਦ ਨੂੰ ਮਾਪਣ ਲਈ ਕੋਈ ਪੈਮਾਨਾ ਨਹੀਂ ਬਣਿਆ। ਕਿਸ ਨੂੰ ਖ਼ੁਸ਼ੀ ਕਿਸ ਗੱਲ ਤੋਂ ਮਿਲੇਗੀ, ਇਸ ਬਾਰੇ ਕੋਈ ਦੂਜਾ ਕੁਝ ਵੀ ਤੈਅ ਨਹੀਂ ਕਰ ਸਕਦਾ। ਹਾਂ, ਸਮਾਜਿਕ ਖ਼ੁਸ਼ੀ ਜ਼ਰੂਰ ਤੈਅ ਕੀਤੀ ਜਾ ਸਕਦੀ ਹੈ। ਭੂਟਾਨ ਦੁਨੀਆਂ ਦਾ ਪਹਿਲਾ ਅਜਿਹਾ ਦੇਸ਼ ਹੈ ਜਿਸ ਨੇ ਆਪਣੇ ਨਾਗਰਿਕਾਂ ਦੇ ਜੀਵਨ ਮਿਆਰਾਂ ਦਾ ਜਾਇਜ਼ਾ ਲੈਣ ਲਈ ਨਵਾਂ ਨਿਵੇਕਲਾ ਪ੍ਰਿਜ਼ਮ ਤਿਆਰ ਕੀਤਾ ਹੈ। ਇਸ ਪ੍ਰਿਜ਼ਮ-ਜੀ.ਐਨ.ਐਚ. ਦੇ ਚਾਰ ਬੁਨਿਆਦੀ ਥੰਮ ਹਨ: ਚੌਗਿਰਦੇ ਦੀ ਸੰਭਾਲ ਬਾਰੇ ਚਿੰਤਾ, ਆਪਣੇ ਸਭਿਆਚਾਰ ਤੇ ਪਛਾਣ ਬਾਰੇ ਸੰਵੇਦਨਾ, ਸੁਸ਼ਾਸਨ (ਚੰਗੇ ਸਰਕਾਰੀ ਪ੍ਰਬੰਧ) ਦੀ ਲੋੜ ਅਤੇ ਆਰਥਿਕ ਵਿਕਾਸ ਲਈ ਲੋੜੀਂਦੇ ਸਰੋਤਾਂ ਦੀ ਸਹੀ ਤੇ ਨਿਆਂਸੰਗਤ ਵਰਤੋਂ। ਸੰਯੁਕਤ ਰਾਸ਼ਟਰ ਦੀ ਸਾਲ 2009 ਦੀ ਮਨੁੱਖੀ ਵਿਕਾਸ ਰਿਪੋਰਟ ਆਰਥਿਕ ਖ਼ੁਸ਼ਹਾਲੀ ਪੱਖੋਂ ਭੂਟਾਨ ਨੂੰ ਦੁਨੀਆਂ ਦੇ 192 ਦੇਸ਼ਾਂ ਵਿਚੋਂ 112ਵੇਂ ਸਥਾਨ 'ਤੇ ਰੱਖਦੀ ਹੈ ਪਰ ਆਰਥਿਕ ਤੇ ਸਮਾਜਿਕ ਤਸੱਲੀ ਪੱਖੋਂ ਇਸੇ ਮੁਲਕ ਨੂੰ ਪਹਿਲਾ ਸਥਾਨ ਦਿੰਦੀ ਹੈ। ਦੋਵਾਂ ਵਿਚੋਂ ਅਸਲ ਪ੍ਰਾਪਤੀ ਕਿਹੜੀ ਹੈ, ਇਸ ਦਾ ਅੰਦਾਜ਼ਾ ਪਾਠਕ ਆਪ ਹੀ ਲਗਾ ਸਕਦੇ ਹਨ।

*(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

# ਲੰਮੇ ਸਮੇਂ ਪਿੱਛੋਂ ਭਾਰਤ ਦੀ ਸੁਰੱਖਿਆ ਕੌਂਸਲ 'ਚ ਵਾਪਸੀ

**ਸੰਯੁਕਤ ਰਾਸ਼ਟਰ:** ਭਾਰਤ 19 ਸਾਲਾਂ ਦੇ ਲੰਮੇ ਸਮੇਂ ਪਿੱਛੋਂ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਦੇ ਗੈਰ- ਸਥਾਈ ਮੈਂਬਰ ਵਜੋਂ ਸੇਵਾ ਨਿਭਾਉਣ ਲਈ ਤਿਆਰ ਹੈ। ਭਾਰਤ 1 ਜਨਵਰੀ 2011 'ਚ ਦੱਖਣੀ ਅਫਰੀਕਾ, ਕੋਲੰਬੀਆ, ਜਰਮਨੀ ਅਤੇ ਪੁਰਤਗਾਲ ਨਾਲ ਦੋ ਸਾਲ ਦੇ ਸਮੇਂ ਲਈ ਸੁਰੱਖਿਆ ਕੌਂਸਲ ਦਾ ਮੈਂਬਰ ਬਣੇਗਾ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਫ਼ੀਰ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਪਿਛਲੇ ਸਾਲ ਤੋਂ ਅਸੀਂ ਕਈ ਮਸਲਿਆਂ 'ਤੇ ਆਪਣੇ ਸਟੈਂਡ ਨੂੰ ਮੁੜ ਪੁਖਤਾ ਕੀਤਾ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਮਨੁੱਖੀ ਅਧਿਕਾਰਾਂ ਬਾਰੇ ਮਸਲੇ ਅਸੀਂ ਜ਼ਿਆਦਾ ਤੀਬਰਤਾ ਨਾਲ ਚੁੱਕਾਂਗੇ।

ਸ੍ਰੀ ਪੁਰੀ ਨੇ ਕਿਹਾ ਕਿ ਸਾਨੂੰ ਆਪਣੇ ਹਿੱਤਾਂ ਦੇ ਨਾਲ-ਨਾਲ ਸੰਯੁਕਤ ਰਾਸ਼ਟਰ ਦੇ ਸਥਾਈ ਮੈਂਬਰਾਂ ਦੇ ਹਿੱਤਾਂ ਨਾਲ ਸਮਾਨਤਾ ਬਿਠਾਉਣ ਵਿਚ ਕੋਈ ਦਿੱਕਤ ਨਹੀਂ ਆਏਗੀ। ਮੇਰਾ ਮੰਨਣਾ ਹੈ ਕਿ ਜ਼ਿਆਦਾਤਰ ਮਸਲਿਆਂ 'ਤੇ ਸਭ ਦੀ ਰਾਇ ਸਾਂਝੀ ਹੈ। ਇਸ ਦਾ ਪਤਾ ਈਰਾਨ ਦੇ ਮਸਲੇ ਤੋਂ ਚੱਲਦਾ ਹੈ, ਜਿਸ 'ਤੇ ਭਾਰਤ, ਈਰਾਨ ਵਿਰੁੱਧ ਮਤੇ ਉਪਰ ਵੋਟ ਪਾਉਣ ਦੀ ਬਜਾਏ ਗੈਰ-ਹਾਜ਼ਰ ਰਿਹਾ।

**ਇਰਾਕ ਤੋਂ ਰੋਕਾਂ ਹਟਾਈਆਂ:** ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਨੇ ਇਰਾਕ ਦੀ ਖ਼ੁਦਮੁਖ਼ਤਾਰੀ ਨੂੰ ਮਜ਼ਬੂਤ ਕਰਨ, ਸੱਦਾਮ ਹੁਸੈਨ ਦੇ ਸ਼ਾਸਨ ਸਮੇਂ ਲਾਈਆਂ ਪ੍ਰਮਾਣੂ ਪਾਬੰਦੀਆਂ ਹਟਾਉਣ ਤੇ 1990 ਦੇ ਵਿਵਾਦਤ ਤੇਲ ਬਦਲੇ ਖ਼ੁਰਾਕ ਪ੍ਰੋਗਰਾਮ ਨੂੰ ਖ਼ਤਮ ਕਰਨ ਲਈ ਮਤੇ ਪਾਸ ਕਰ ਦਿੱਤੇ ਹਨ।

ਅਮਰੀਕਾ ਦੇ ਉਪ-ਰਾਸ਼ਟਰਪਤੀ ਜੋਇ ਬਿਡੇਨ ਦੀ ਪ੍ਰਧਾਨਗੀ ਹੇਠ ਹੋਏ ਵਿਸ਼ੇਸ਼ ਸੈਸ਼ਨ ਵਿਚ 15 ਮੁਲਕਾਂ ਦੀ ਇਸ ਕੌਂਸਲ ਨੇ ਇਰਾਕ ਲਈ ਵਿਕਾਸ ਫੰਡ ਦੇ ਕੌਮਾਂਤਰੀ ਕੰਟਰੋਲ ਨੂੰ ਵੀ ਖ਼ਤਮ ਕਰ ਦਿੱਤਾ।

# ਕਸ਼ਮੀਰ ਦੀ ਆਜ਼ਾਦੀ ਲਹਿਰ:ਕੁਝ ਉਘੜਵੇਂ ਪੱਖ

*ਪਿਛਲੇ ਕੁਝ ਮਹੀਨਿਆਂ ਤੋਂ ਕਸ਼ਮੀਰੀ ਲੋਕਾਂ ਦੇ ਸੰਘਰਸ਼ ਦੀ ਧਾਰ ਡਾਢੀ ਤਿੱਖੀ ਹੋਈ ਹੈ। ਸਾਲ 1989 ਜਦੋਂ ਤੋਂ ਰਿਆਸਤ ਵਿਚ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਅਰੰਭ ਹੋਇਆ, ਇਹ ਪਹਿਲੀ ਵਾਰ ਸੀ ਕਿ ਲੋਕ ਬੰਦੂਕਾਂ ਦੀ ਥਾਂ ਨਿਹੱਥੇ ਸੜਕਾਂ ਉਤੇ ਨਿਕਲ ਆਏ ਅਤੇ ਸੁਰੱਖਿਆ ਬਲਾਂ ਦੀ ਹਰ ਕਾਰਵਾਈ ਅਸਫ਼ਲ ਬਣਾ ਦਿੱਤੀ। ਕਰਫ਼ਿਊ ਤੱਕ ਦੀ ਪ੍ਰਵਾਹ ਨਹੀਂ ਕੀਤੀ। ਸੀਨਿਆਂ ਉਤੇ ਗੋਲੀਆਂ ਖਾਧੀਆਂ। ਇਸ ਬਗ਼ਾਵਤ ਵਿਚ 110 ਨੌਜਵਾਨਾਂ ਦੀਆਂ ਜਾਨਾਂ ਗਈਆਂ ਪਰ ਲੋਕਾਂ ਨੇ ਇਕ ਵੀ ਕਦਮ ਪਿੱਛੇ ਨਹੀਂ ਹਟਾਇਆ। ਪੰਜਾਬ ਦੇ ਕਮਿਊਨਿਸਟ ਇਨਕਲਾਬੀ ਮਰਹੂਮ ਹਰਭਜਨ ਸੋਹੀ ਨੇ ਚਿਰ ਪਹਿਲਾਂ ਕਸ਼ਮੀਰ ਦੀ ਕੌਮੀ ਲਹਿਰ ਦਾ ਗੰਭੀਰ ਮੁਤਾਲਾ ਕਰਦਾ ਲੰਮਾ ਲੇਖ ਲਿਖਿਆ ਸੀ। ਕਸ਼ਮੀਰੀ ਲਹਿਰ ਦੇ ਪ੍ਰਸੰਗ ਵਿਚ ਇਸ ਲੇਖ ਵਿਚ ਕੀਤੀਆਂ ਗੱਲਾਂ ਅਤੇ ਉਠਾਏ ਨੁਕਤੇ ਅੱਜ ਵੀ ਉਤਨੇ ਹੀ ਸਾਰਥਕ ਹਨ ਅਤੇ ਲਹਿਰ ਨੂੰ ਸਮਝਣ-ਸਮਝਾਉਣ ਦੇ ਪੱਖ ਤੋਂ ਮਹੱਤਵਪੂਰਨ ਹਨ। ਇਸ ਲੇਖ ਦਾ ਇਕ ਹਿੱਸਾ ਇਥੇ ਛਾਪਿਆ ਜਾ ਰਿਹਾ ਹੈ। ਕਸ਼ਮੀਰੀ ਲਹਿਰ ਦੇ ਪਿਛੋਕੜ ਬਾਰੇ ਲੇਖ ਦਾ ਦੂਜਾ ਹਿੱਸਾ ਅਗਲੇ ਅੰਕ ਵਿਚ ਛਾਪਿਆ ਜਾਵੇਗਾ। -ਸੰਪਾਦਕ*

**ਪ੍ਰੋ. ਹਰਭਜਨ ਸੋਹੀ**

ਕਸ਼ਮੀਰੀ ਲਹਿਰ ਗੁੰਝਲਦਾਰ ਸਿਆਸੀ ਤਸਵੀਰ ਪੇਸ਼ ਕਰਦੀ ਹੈ। ਆਪਣੇ ਸਿਆਸੀ ਮੰਤਵ, ਲੀਡਰਸ਼ਿਪ, ਤਾਕਤਾਂ ਦੀ ਕਤਾਰਬੰਦੀ ਅਤੇ ਕਾਰਵਾਈ ਮਾਰਗ ਪੱਖੋਂ ਇਹ ਅਜੇ ਤਕ ਗੰਧਲੀ ਅਵਸਥਾ ਵਿਚ ਹੀ ਹੈ। ਘੁੰਮਣਘੇਰੀਆਂ ਦੀ ਇਸ ਹਾਲਤ ਵਿਚ ਵੀ, ਇਸ ਦੇ ਸਿਆਸੀ ਨਕਸ਼ ਉਘੜਨ ਦਾ ਅਮਲ ਜਾਰੀ ਹੈ। ਮੌਜੂਦਾ ਜੱਦੋਜਹਿਦ ਦੇ ਇਨ੍ਹਾਂ ਜ਼ਾਹਰਾ ਪੱਖਾਂ 'ਤੇ ਆਧਾਰਤ ਫੌਰੀ ਮੰਤਵ ਪੱਖੋਂ ਇਸ ਦਾ ਮੋਟਾ ਸਿਆਸੀ ਮੁਲਾਂਕਣ ਕੀਤਾ ਜਾ ਸਕਦਾ ਹੈ। ਇਸ ਦੇ ਕੁਝ ਹਾਂ-ਪੱਖੀ ਪਹਿਲੂ ਹਨ ਜਿਨ੍ਹਾਂ ਅੰਦਰ ਇਸ ਜੱਦੋਜਹਿਦ ਦੀ ਤਾਕਤ ਸਮੋਈ ਹੋਈ ਹੈ; ਪਰ ਇਸ ਦੇ ਕੁਝ ਨਾਂਹ-ਪੱਖੀ ਪਹਿਲੂ ਵੀ ਹਨ ਜਿਹੜੇ ਕੌਮੀ ਲਹਿਰ ਵਜੋਂ ਇਸ ਦੀਆਂ ਸੀਮਤਾਈਆਂ ਅਤੇ ਕਮਜ਼ੋਰੀਆਂ ਨੂੰ ਦਰਸਾਉਂਦੇ ਹਨ।

ਕਸ਼ਮੀਰੀ ਕੌਮੀ ਲਹਿਰ ਦਾ ਉਘੜਵਾਂ ਹਾਂ-ਪੱਖੀ ਪਹਿਲੂ, ਇਸ ਵਿਚ ਕਸ਼ਮੀਰੀ ਲੋਕਾਂ ਦੀ ਵਿਸ਼ਾਲ ਅਤੇ ਡੂੰਘੀ ਜਨਤਕ ਸ਼ਮੂਲੀਅਤ ਹੈ। ਭਾਰਤ ਸਰਕਾਰ ਦੇ ਅਧਿਕਾਰੀਆਂ ਵੱਲੋਂ ਮਜਬੂਰੀਵਸ ਸਰਕਾਰੀ ਕੁਫਰ ਤੋਲਣ, ਖ਼ਬਰਾਂ ਦਬਾਉਣ ਅਤੇ ਗ਼ਲਤ ਸੂਚਨਾ ਮੁਹਿੰਮਾਂ ਚਲਾਉਣ ਦੇ ਬਾਵਜੂਦ ਲਹਿਰ ਦਾ ਜਨਤਕ ਖ਼ਾਸਾ ਬਾਕਾਇਦਾ ਨਸ਼ਰ ਹੋਇਆ ਹੈ। ਕਸ਼ਮੀਰੀ ਲੋਕ ਹਰ ਮੌਕੇ 'ਤੇ ਭਾਰਤੀ ਰਿਆਸਤ ਦੇ ਸ਼ਾਹੀ ਫ਼ੁਰਮਾਨਾਂ ਦੀ ਜਨਤਕ ਉਲੰਘਣਾ ਦਾ ਮੁਜ਼ਾਹਰਾ ਕਰਦੇ ਆ ਰਹੇ ਹਨ।

ਕਸ਼ਮੀਰੀ ਲੋਕਾਂ ਦੀ ਦ੍ਰਿੜ੍ਹਤਾ, ਸ਼ਮੂਲੀਅਤ ਦੀ ਧੂਹ ਅਤੇ ਨਿਡਰਤਾ ਦੇ ਦਰਸ਼ਨੀ ਨਜ਼ਾਰੇ, ਕਸ਼ਮੀਰੀ ਖਾੜਕੂ ਟੋਲਿਆਂ ਅਤੇ ਅਰਧ-ਸੈਨਿਕ ਬਲਾਂ ਵਿਚਾਲੇ ਹਥਿਆਰਬੰਦ ਟੱਕਰਾਂ ਨਾਲੋਂ, ਬਾਗ਼ੀ ਨਿਹੱਥੇ ਜਨਸਮੂਹਾਂ ਵੱਲੋਂ ਅਰਧ-ਸੈਨਿਕ ਬਲਾਂ ਨਾਲ ਟਕਰਾਅ ਸਮੇਂ ਵੱਧ ਦੇਖਣ ਨੂੰ ਮਿਲ ਰਹੇ ਹਨ। ਇਹ ਪੱਖ ਦਰਸਾਉਂਦਾ ਹੈ ਕਿ ਇਸ ਜੱਦੋਜਹਿਦ ਨੇ ਕਸ਼ਮੀਰੀ ਜਨਤਾ ਨੂੰ ਸਿਆਸੀ ਜ਼ਿੰਦਗੀ ਦੇ ਖੇਤਰ ਵਿਚ ਸਰਗਰਮ ਕੀਤਾ ਹੈ। ਇਹ ਘਟਨਾ ਵਿਕਾਸ ਵਿਸ਼ਾਲ ਸਿਆਸੀ ਅਰਥ-ਸੰਭਾਵਨਾਵਾਂ ਰੱਖਦਾ ਹੈ ਜਿਹੜੀਆਂ ਇਸ ਲਹਿਰ ਦੇ ਫੌਰੀ ਪ੍ਰਸੰਗ ਤੋਂ ਪਰ੍ਹੇ ਦੂਰ ਤਕ ਜਾਂਦੀਆਂ ਹਨ। ਪਹਿਲਾਂ ਹੀ, ਕਸ਼ਮੀਰੀ ਸਮਾਜ ਦੀਆਂ ਹੇਠਲੀਆਂ ਪਰਤਾਂ ਜੁਲਾਹਿਆਂ, ਦਸਤਕਾਰਾਂ, ਛੋਟੇ ਦੁਕਾਨਦਾਰਾਂ, ਛੋਟੇ ਸਰਕਾਰੀ ਮੁਲਾਜ਼ਮਾਂ ਤੇ ਆਮ ਮਜ਼ਦੂਰਾਂ ਆਦਿ ਦੀ ਜਨਤਕ ਸ਼ਮੂਲੀਅਤ ਕਰ ਕੇ ਰਾਤੋ-ਰਾਤ ਧਨਾਢ ਬਣੇ ਠੇਕੇਦਾਰਾਂ, ਨੌਕਰਸ਼ਾਹਾਂ ਅਤੇ ਭ੍ਰਿਸ਼ਟ ਸਿਆਸਤਦਾਨਾਂ (ਜਿਹੜੇ ਮੌਜੂਦਾ ਢਾਂਚੇ ਹੇਠ ਵਧਦੇ-ਫੁਲਦੇ ਹਨ ਤੇ ਜਿਨ੍ਹਾਂ ਦੀ ਸ਼ਾਹੀਆਨਾ ਤਰਜ਼-ਇ-ਜ਼ਿੰਦਗੀ ਆਮ ਲੋਕਾਂ ਦੀ ਥੁੜਾਂ ਮਾਰੀ ਸਮਾਜਕ ਹੋਂਦ ਦਾ ਮੂੰਹ ਚਿੜਾਉਂਦੀ ਹੈ) ਦੀ ਛੋਟੀ ਸਥਾਨਕ ਪੇਪੜੀ ਖ਼ਿਲਾਫ਼ ਉਨ੍ਹਾਂ ਦਾ ਸਮਾਜਕ ਗ਼ੁੱਸਾ, ਭਾਰਤੀ ਗਲਬੇ ਖ਼ਿਲਾਫ਼ ਉਨ੍ਹਾਂ ਦੇ ਕੌਮੀ ਗ਼ੁੱਸੇ ਦੇ ਜੁੜਵੇਂ ਲੜ ਵਜੋਂ ਹੀ ਵਹਿ ਰਿਹਾ ਹੈ। ਲਹਿਰ ਦੇ ਫੌਰੀ ਪ੍ਰਸੰਗ ਵਿਚ ਇਸ ਪੱਖ ਨੇ ਲਹਿਰ ਨੂੰ ਨਾ ਸਿਰਫ਼ ਸਿਆਸੀ ਵਜ਼ਨ ਹੀ ਮੁਹੱਈਆ ਕੀਤਾ ਹੈ ਜਿਸ ਨੂੰ ਕੋਈ ਵੀ ਗੰਭੀਰ ਸਿਆਸੀ ਤਾਕਤ ਰੱਦ ਕਰਨ ਦਾ ਜੋਖ਼ਮ ਨਹੀਂ ਉਠਾ ਸਕਦੀ ਸਗੋਂ ਇਸ ਨੂੰ ਸਿਆਸੀ ਦਮ-ਖਮ ਵੀ ਬਖ਼ਸ਼ਿਆ ਹੈ ਜਿਸ ਨੂੰ ਭਾਰਤੀ ਰਾਜ ਸ਼ਕਤੀ ਦੇ ਦਰੜ ਮਾਂਜੇ ਵੀ ਖ਼ਤਮ ਨਹੀਂ ਕਰ ਸਕਦੇ, ਲਹਿਰ ਨੂੰ ਭਾਵੇਂ ਕਿਹੋ ਜਿਹੇ ਵੀ ਉਤਰਾਵਾਂ-ਚੜ੍ਹਾਵਾਂ ਵਿਚੋਂ ਦੀ ਲੰਘਣਾ ਪਵੇ।

ਇਸ ਜੱਦੋਜਹਿਦ ਦਾ ਇਕ ਹੋਰ ਹਾਂ-ਪੱਖੀ ਪਹਿਲੂ ਇਹ ਹੈ ਕਿ ਲਹਿਰ ਉਪਰ ਧਾਰਮਿਕ ਪੱਖ ਦੀ ਮੋਹਰ ਛਾਪ ਹੋਣ ਦੇ ਬਾਵਜੂਦ ਇਸ ਵਿਚ ਫ਼ਿਰਕੂ ਰੁਝਾਨ ਭਾਰੂ ਨਹੀਂ ਹੋਇਆ ਅਤੇ ਕਸ਼ਮੀਰੀ ਲਹਿਰ ਦੀਆਂ ਪਹਿਲੀਆਂ ਜੱਦੋਜਹਿਦਾਂ ਦੀਆਂ ਗ਼ੈਰ ਫ਼ਿਰਕੂ ਰਵਾਇਤਾਂ ਨੂੰ ਮੁੱਖ ਤੌਰ 'ਤੇ ਬਰਕਰਾਰ ਰੱਖਿਆ ਹੈ। ਇਸ ਜੱਦੋਜਹਿਦ ਦਾ ਦੇਖਣ ਨੂੰ ਨਾ-ਕਾਬਿਲ-ਇ-ਗ਼ੌਰ ਲਗਦਾ ਇਹ ਪੱਖ ਕੁਝ ਇਤਫ਼ਾਕੀਆ ਕਾਰਨਾਂ ਦੇ ਜ਼ੋਰਦਾਰ ਉਲਟ ਦਬਾਅ ਦੀ ਹਾਲਤ ਵਿਚ ਅਹਿਮੀਅਤ ਅਖ਼ਤਿਆਰ ਕਰ ਲੈਂਦਾ ਹੈ। ਭਾਰਤੀ ਹਾਕਮ ਜਮਾਤਾਂ ਨੇ ਪਿਛਲੇ ਦਹਾਕੇ ਦੌਰਾਨ ਦੇਸ਼ ਭਰ ਵਿਚ ਫ਼ਿਰਕੂ ਬੇਭਰੋਸਗੀ ਅਤੇ ਤਣਾਅ ਦਾ ਮਾਹੌਲ ਖੜ੍ਹਾ ਕੀਤਾ ਹੈ। ਜਿਸ ਢੰਗ ਨਾਲ ਹਿੰਦੂ ਮੁੜ-ਸੁਰਜੀਤੀ ਅਤੇ ਫ਼ਿਰਕੂ ਸ਼ਾਵਨਵਾਦ ਨੂੰ ਉਭਾਰਿਆ ਗਿਆ ਹੈ ਅਤੇ ਭਿਆਨਕ ਆਕਾਰ ਅਖ਼ਤਿਆਰ ਕਰ ਲੈਣ ਦੀ ਇਜਾਜ਼ਤ ਦਿੱਤੀ ਗਈ ਹੈ, ਇਸ ਨੇ ਵੱਖ-ਵੱਖ ਧਾਰਮਿਕ ਘੱਟ-ਗਿਣਤੀਆਂ, ਵਿਸ਼ੇਸ਼ ਕਰਕੇ ਮੁਸਲਿਮ ਫ਼ਿਰਕੇ ਵਿਚ ਅਸੁਰੱਖਿਆ ਦੀ ਭਾਵਨਾ ਨੂੰ ਅੱਡੀ ਲਾਈ ਹੈ। ਭਾਰਤੀ ਰਾਜ 'ਤੇ ਪ੍ਰਚਾਰੇ ਜਾਂਦੇ ਧਰਮ ਨਿਰਪੱਖ ਕਿਰਦਾਰ ਬਾਰੇ ਉਨ੍ਹਾਂ 'ਚ ਗੰਭੀਰ ਸ਼ੰਕੇ ਖੜ੍ਹੇ ਕੀਤੇ ਹਨ ਅਤੇ ਘੱਟ-ਗਿਣਤੀ ਫ਼ਿਰਕੂ ਸ਼ਾਵਨਵਾਦ ਦੀ ਚੱਕੀ ਵਿਚ ਬੁੱਕਾਂ ਭਰ-ਭਰ ਪਾਈਆਂ ਹਨ। ਜੰਮੂ-ਕਸ਼ਮੀਰ ਦਾ ਸੂਬਾ ਭਾਰਤ ਵਿਚ ਮੁਸਲਮਾਨ ਬਹੁਗਿਣਤੀ ਵਾਲਾ ਇਕੋ-ਇਕ ਸੂਬਾ ਹੈ। ਭਾਰਤੀ ਹਾਕਮਾਂ ਹੱਥੋਂ ਕਸ਼ਮੀਰੀ ਲੋਕਾਂ ਦੇ ਹੁੰਦੇ ਵਿਤਕਰੇ ਅਤੇ ਅਪਮਾਨ ਨੂੰ, ਇਹ ਤੱਥ ਮੁਸਲਮਾਨ ਫ਼ਿਰਕਾਪ੍ਰਸਤ ਤੱਤਾਂ ਲਈ ਭਾਰਤੀ ਰਾਜ ਦੇ ਧਾਰਮਿਕ ਪੱਖਪਾਤ ਦੇ ਨਤੀਜੇ ਵਜੋਂ ਪੇਸ਼ ਕਰਨ ਨੂੰ ਸਹਿਲ ਬਣਾ ਦਿੰਦਾ ਹੈ। ਭਾਰਤੀ ਹਾਕਮਾਂ ਦੀਆਂ ਕਸ਼ਮੀਰ ਵਾਸੀਆਂ ਤੇ ਜੰਮੂ ਵਾਸੀਆਂ ਵਿਚਕਾਰ ਅਤੇ ਰਵਾਇਤੀ ਤੌਰ 'ਤੇ ਸਹੂਲਤੋਂ ਸੱਖਣੀ ਕਸ਼ਮੀਰ ਮੁਸਲਮਾਨ ਆਬਾਦੀ ਤੇ ਸਹੂਲਤ ਪ੍ਰਾਪਤ ਕਸ਼ਮੀਰੀ ਪੰਡਿਤਾਂ ਦੀ ਆਬਾਦੀ (ਜਿਹੜੇ ਜੰਮੂ ਕਸ਼ਮੀਰ ਦੀ ਸ਼ਹਿਨਸ਼ਾਹੀ ਰਿਆਸਤ ਵੇਲੇ ਜ਼ਮੀਨ ਮਾਲਕੀ ਵਿਚ ਵੱਡੇ ਹਿੱਸੇਦਾਰ ਸਨ ਅਤੇ ਅੱਜ ਭਾਰਤੀ ਅਤੇ ਸੂਬਈ ਅਫ਼ਸਰਸ਼ਾਹੀ ਦੀਆਂ ਉਚ ਪਦਵੀਆਂ 'ਤੇ ਬਿਰਾਜਮਾਨ ਹਨ) ਵਿਚਕਾਰ ਵਿਰੋਧਤਾਈਆਂ ਨੂੰ ਤਿੱਖਿਆਂ ਕਰਨ ਅਤੇ ਵਰਤਣ ਦੀਆਂ ਸ਼ਾਤਰਾਨਾ ਕੋਸ਼ਿਸ਼ਾਂ, ਕਸ਼ਮੀਰੀ ਲੋਕਾਂ ਦੇ ਕੌਮੀ ਸਮਾਜਕ ਕਸ਼ਟਾਂ ਹੇਠਲੇ ਕਾਰਨਾਂ ਦੀ ਅਜਿਹੀ ਤਸਵੀਰ ਨੂੰ ਹੋਰ ਉਘਾੜ ਦਿੰਦੀਆਂ ਹਨ।

"ਮੁਸਲਮਾਨ ਉਮਾ" ਖ਼ਾਸ ਕਰਕੇ ਜੰਮੂ-ਕਸ਼ਮੀਰ ਦੇ ਮੁਸਲਮਾਨਾਂ ਦੇ ਹੱਕਾਂ ਬਾਰੇ ਆਪਣੇ ਨਕਲੀ ਲਗਾਅ ਅਤੇ ਇਮਦਾਦ ਦਾ ਢੰਢੋਰਾ ਪਿੱਟ-ਪਿੱਟ ਕੇ ਪਾਕਿਸਤਾਨੀ ਹਾਕਮ ਖੁੱਲ੍ਹੇਆਮ ਅਤੇ ਲਗਾਤਾਰ ਇਸ ਨੂੰ ਫ਼ਿਰਕੂ ਸਮੱਸਿਆ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਅਖ਼ੀਰ ਵਿਚ ਲਹਿਰ, ਕਸ਼ਮੀਰੀ ਮੁਸਲਮਾਨ ਮੂਲਵਾਦੀ ਸ਼ਕਤੀਆਂ-ਮੁੱਖ ਤੌਰ 'ਤੇ ਜਮਾਤ-ਇ-ਇਸਲਾਮੀ ਅਤੇ ਇਸ ਦਾ ਫ਼ੌਜੀ ਲੜ ਹਿਜ਼ਬੁਲ ਮੁਜਾਹਿਦੀਨ ਦੇ ਦਬਾਅ ਅਧੀਨ ਹੈ ਜਿਹੜੀਆਂ ਲਹਿਰ 'ਤੇ ਕਾਬਜ਼ ਹੋਣ ਲਈ ਅਤੇ ਇਸ ਨੂੰ ਫ਼ਿਰਕੂ ਲੀਹਾਂ 'ਤੇ ਤੋਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਇਨ੍ਹਾਂ ਸਾਰੇ ਗੰਧਲਾਊ ਕਾਰਨਾਂ ਦੇ ਸਨਮੁੱਖ, ਮੌਜੂਦਾ ਲਹਿਰ ਦੀ ਇਹ ਕੋਈ ਛੋਟੀ ਪ੍ਰਾਪਤੀ ਨਹੀਂ ਹੈ ਕਿ ਇਸ ਨੇ ਹੁਣ ਤਕ ਇਸ ਫ਼ਿਰਕੂ ਛੂਤ ਨੂੰ ਕੋਈ ਬਹੁਤੀ ਥਾਂ ਨਹੀਂ ਦਿੱਤੀ।

ਮੌਜੂਦਾ ਲਹਿਰ ਦਾ ਇਕ ਹੋਰ ਕੁਝ ਹੱਦ ਤਕ ਹਾਂ-ਪੱਖੀ ਪਹਿਲੂ ਇਹ ਹੈ ਕਿ ਕੌਮੀ "ਆਜ਼ਾਦੀ" ਦੇ ਵਿਚਾਰ ਨੇ ਕਸ਼ਮੀਰੀ ਜਨਤਾ ਦੇ ਮਨਾਂ ਨੂੰ ਮੱਲ ਲਿਆ ਹੈ। ਭਾਰੂ ਲੋਕ ਰੌਂਅ ਇਸ ਮਿਸ਼ਰੇ ਰਾਹੀਂ ਚੰਗੀ ਤਰ੍ਹਾਂ ਜ਼ਾਹਿਰ ਹੋ ਰਿਹਾ ਹੈ। "ਹਮੇਂ ਔਰ ਬਾਦਸ਼ਾਹੀ ਨਹੀਂ ਚਾਹੀਏ" (ਅਸੀਂ ਬੇਗਾਨਾ ਰਾਜ ਨਹੀਂ ਚਾਹੁੰਦੇ) ਭਾਰਤੀ ਰਾਜ ਨਿਸ਼ਚਿਤ ਰੂਪ ਵਿਚ ਰੱਦ ਕਰ ਦਿੱਤਾ ਹੈ। ਸਵੈ-ਰਾਜ ਲਈ ਕਸ਼ਮੀਰੀ ਲੋਕਾਂ ਦੀ ਤਾਂਘ ਅੰਦਰ ਕੇਂਦਰ ਦੀ ਸਰਪ੍ਰਸਤੀ ਹੇਠ ਸਥਾਨਕ ਪਾਰਲੀਮਾਨੀ ਸਿਆਸਤਦਾਨਾਂ ਦੀ ਕਿਸੇ ਵੀ ਜੁੰਡਲੀ ਦੀ ਸਰਕਾਰ ਸ਼ਾਮਲ ਨਹੀਂ ਹੈ। ਨਾਮ-ਨਿਹਾਦ ਪਾਰਲੀਮਾਨੀ ਜਮਹੂਰੀਅਤ ਦਾ ਭਾਰਤੀ ਨਮੂਨਾ, ਨਿਆਈਂ ਅਤੇ ਨੁਮਾਇੰਦਾ ਨਾ ਹੋਣ ਕਰਕੇ ਕਸ਼ਮੀਰੀ ਨੌਜਵਾਨਾਂ ਦੀਆਂ ਨਜ਼ਰਾਂ ਵਿਚ ਅਤੇ ਕਸ਼ਟਾਂ ਭਰੀਆਂ ਜੀਊਣ ਹਾਲਾਤ ਨੂੰ ਸੁਧਾਰਨ ਵਿਚ ਇਸ ਦਾ ਕੋਈ ਰੋਲ ਨਾ ਹੋਣ ਕਰਕੇ ਸ਼ਹਿਰੀ ਗ਼ਰੀਬਾਂ ਦੀਆਂ ਨਜ਼ਰਾਂ ਵਿਚ ਬਦਨਾਮ ਹੋ ਚੁੱਕਿਆ ਹੈ।




ਕੌਮੀ "ਆਜ਼ਾਦੀ" ਦੇ ਵਿਚਾਰ ਨੇ ਕਸ਼ਮੀਰੀ ਜਨਤਾ ਦੇ ਮਨਾਂ ਨੂੰ ਮੱਲ ਲਿਆ ਹੈ। ਭਾਰੂ ਲੋਕ ਰੌਂਅ ਇਸ ਮਿਸ਼ਰੇ ਰਾਹੀਂ ਚੰਗੀ ਤਰ੍ਹਾਂ ਜ਼ਾਹਿਰ ਹੋ ਰਿਹਾ ਹੈ। "ਹਮੇਂ ਔਰ ਬਾਦਸ਼ਾਹੀ ਨਹੀਂ ਚਾਹੀਏ" (ਅਸੀਂ ਬੇਗਾਨਾ ਰਾਜ ਨਹੀਂ ਚਾਹੁੰਦੇ) ਭਾਰਤੀ ਰਾਜ ਨਿਸ਼ਚਿਤ ਰੂਪ ਵਿਚ ਰੱਦ ਕਰ ਦਿੱਤਾ ਹੈ। ਲਹਿਰ ਉਪਰ ਧਾਰਮਿਕ ਪੱਖ ਦੀ ਮੋਹਰ ਛਾਪ ਹੋਣ ਦੇ ਬਾਵਜੂਦ ਇਸ ਵਿਚ ਫ਼ਿਰਕੂ ਰੁਝਾਨ ਭਾਰੂ ਨਹੀਂ ਹੋਇਆ ਅਤੇ ਕਸ਼ਮੀਰੀ ਲਹਿਰ ਦੀਆਂ ਪਹਿਲੀਆਂ ਜੱਦੋਜਹਿਦਾਂ ਦੀਆਂ ਗ਼ੈਰ ਫ਼ਿਰਕੂ ਰਵਾਇਤਾਂ ਨੂੰ ਮੁੱਖ ਤੌਰ 'ਤੇ ਬਰਕਰਾਰ ਰੱਖਿਆ ਹੈ। ਇਸ ਜੱਦੋਜਹਿਦ ਦਾ ਦੇਖਣ ਨੂੰ ਨਾ-ਕਾਬਿਲ-ਇ-ਗ਼ੌਰ ਲਗਦਾ ਇਹ ਪੱਖ ਕੁਝ ਇਤਫ਼ਾਕੀਆ ਕਾਰਨਾਂ ਦੇ ਜ਼ੋਰਦਾਰ ਉਲਟ ਦਬਾਅ ਦੀ ਹਾਲਤ ਵਿਚ ਅਹਿਮੀਅਤ ਅਖ਼ਤਿਆਰ ਕਰ ਲੈਂਦਾ ਹੈ।

ਭਾਰਤ ਦੇ ਦੂਜੇ ਹਿੱਸਿਆਂ ਅੰਦਰ ਪ੍ਰਚਲਤ ਪ੍ਰਭਾਵ ਦੇ ਉਲਟ ਕਸ਼ਮੀਰੀਆਂ ਦੀ ਬਹੁਗਿਣਤੀ ਅਜੇ ਵੀ ਪਾਕਿਸਤਾਨ ਨਾਲ ਮਿਲਣ ਦੀ ਇੱਛੁਕ ਨਹੀਂ ਹੈ। ਅਜਿਹਾ ਪ੍ਰਭਾਵ ਬਣਾਉਣ ਦਾ ਇਕ ਕਾਰਨ ਆਮ ਭਾਰਤੀਆਂ ਵੱਲੋਂ ਪਾਕਿਸਤਾਨ ਅਤੇ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਦੇ ਹਿੱਸੇ ਵਿਚਕਾਰ ਵੱਖਰੇਵਾਂ ਨਾ ਕਰਨ ਦੀ ਅਣਚਾਹੀ ਰੁਚੀ ਹੈ। (ਉਸੇ ਤਰ੍ਹਾਂ ਜਿਵੇਂ ਉਹ ਭਾਰਤ ਅਤੇ ਭਾਰਤੀ ਕਬਜ਼ੇ ਹੇਠਲੇ ਕਸ਼ਮੀਰ ਵਿਚਕਾਰ ਵੱਖਰੇਵਾਂ ਨਹੀਂ ਕਰਦੇ) ਪੂਰਵ-1947 ਦੀ ਬੰਗਾਲ ਅਤੇ ਪੰਜਾਬ ਦੀ ਵੰਡ ਜਿਸ ਨੇ ਵਸੋਂ ਦੇ ਖ਼ੂਨੀ ਫ਼ਿਰਕੂ ਤਬਾਦਲੇ ਰਾਹੀਂ ਇਨ੍ਹਾਂ ਕੌਮੀਅਤਾਂ ਦੀ ਹੋਣੀ 'ਤੇ ਮੋਹਰ ਲਾ ਦਿੱਤੀ ਸੀ, ਦੇ ਉਲਟ ਕਸ਼ਮੀਰੀ ਕੌਮੀਅਤ ਨੂੰ ਸਿਰਫ਼ ਗੋਲੀਬੰਦੀ ਰਾਹੀਂ ਹੀ ਦੁਫਾੜ ਕਰ ਦਿੱਤਾ ਹੈ ਅਤੇ ਧੱਕੇ ਨਾਲ ਹੀ ਭਾਰਤੀ ਤੇ ਪਾਕਿਸਤਾਨੀ ਫ਼ੌਜਾਂ ਨੇ ਅਲਹਿਦਾ ਰੱਖਿਆ ਹੈ। ਇਸ ਤਰ੍ਹਾਂ ਵਾਦੀ ਦੇ ਕਸ਼ਮੀਰੀਆਂ ਲਈ "ਪਾਰ" (ਗੋਲੀਬੰਦੀ ਰੇਖਾ ਦਾ ਦੂਜਾ ਪਾਸਾ) ਦਾ ਅਰਥ ਪਹਿਲ ਪ੍ਰਥਮੇ ਉਨ੍ਹਾਂ ਦੀ ਕੌਮੀਅਤ ਅਤੇ ਭੂਮੀ ਦਾ ਦੂਜਾ ਅੱਧ ਹੈ। ਪਾਕਿਸਤਾਨ ਅੰਦਰ ਸਥਿਤ ਦੂਸਰੇ ਅੱਧ ਨਾਲ ਆਪਣੇ ਆਪ ਨੂੰ ਜੋੜ ਕੇ ਵੇਖਣ ਅਤੇ ਖਿੱਚ ਦੀ ਉਨ੍ਹਾਂ ਦੀ ਭਾਵਨਾ ਦਾ ਆਪਣੇ ਆਪ ਹੀ ਇਹ ਅਰਥ ਨਹੀਂ ਕੱਢਣਾ ਚਾਹੀਦਾ ਕਿ ਇਹ ਪਾਕਿਸਤਾਨ ਨਾਲ ਮਿਲਣ ਲਈ ਤਹੂ ਹਨ। ਭਾਰਤੀ ਰਾਜ ਨਾਲ ਗੰਭੀਰ ਵਿਗਾੜ ਅਤੇ ਗ਼ੁੱਸੇ ਦੇ ਬਾਵਜੂਦ ਉਨ੍ਹਾਂ ਦਾ ਇਹ ਸਿੱਧੜ ਅਰਥ ਨਹੀਂ ਹੈ ਕਿ ਇਹ ਭਾਰਤ ਤੋਂ ਅਲਹਿਦਾ ਹੋਣਾ ਚਾਹੁੰਦੇ ਹਨ ਅਤੇ ਪਾਕਿਸਤਾਨ ਨਾਲ ਮਿਲਣਾ ਚਾਹੁੰਦੇ ਹਨ। ਉਨ੍ਹਾਂ ਦਾ ਮੁੱਖ ਜ਼ੋਰ ਇਸ ਨੁਕਤੇ ਉਤੇ ਹੈ ਕਿ ਉਹ ਹੀ ਕਸ਼ਮੀਰ ਦੀ ਹੋਣੀ ਦਾ ਫ਼ੈਸਲਾ ਕਰਨ ਦਾ ਹੱਕ ਰੱਖਦੇ ਹਨ। ਭਾਰਤ ਜਾਂ ਪਾਕਿਸਤਾਨ ਨਹੀਂ। ਇਹ ਜਜ਼ਬਾਤ, ਵਾਦੀ ਤਕ ਹੀ ਸੀਮਤ ਨਹੀਂ ਸਗੋਂ ਕਸ਼ਮੀਰ ਦੇ ਦੂਜੇ ਅੱਧ ਵਿਚ ਵੀ ਮੌਜੂਦ ਹਨ।

ਮੌਜੂਦਾ ਲਹਿਰ ਦਾ ਮੁੱਖ ਨਾਂਹ-ਪੱਖੀ ਪਹਿਲੂ ਵਿਚਾਰਧਾਰਕ ਅਤੇ ਸਿਆਸੀ ਤੌਰ 'ਤੇ ਬਿਲਕੁਲ ਹੀ ਦਿਸ਼ਾਹੀਣ ਖਾਸਾ ਹੈ। ਇਸ ਵਜ੍ਹਾ ਕਰਕੇ ਇਸ ਦੀਆਂ ਦੂਸਰੀਆ ਕਈ ਸੀਮਤਾਈਆਂ ਅਤੇ ਕਮਜ਼ੋਰੀਆਂ ਇਸ ਨਾਂਹ-ਪੱਖੀ ਪੱਖ ਵਿਚੋਂ ਉਪਜਦੀਆਂ ਹਨ ਜਾਂ ਇਸ ਨਾਲ ਜੁੜਦੀਆਂ ਹਨ। ਜਨਤਕ ਉਭਾਰ ਦਾ ਬਹੁਤਾ ਕਰਕੇ ਆਪ ਮੁਹਾਰਾ ਖਾਸਾ ਜਿਹੜਾ ਫ਼ੌਰੀ ਪ੍ਰਸੰਗ ਵਿਚ ਲਹਿਰ ਦਾ ਮਜ਼ਬੂਤ ਨੁਕਤਾ ਹੈ; ਇਸ ਦੇ ਨਾਲ ਹੀ ਲਹਿਰ ਦੀ ਮੌਜੂਦਾ ਲੀਡਰਸ਼ਿਪ ਦੇ ਸਿਆਸੀ ਪੇਤਲੇਪਣ ਅਤੇ ਭਾਂਤ-ਸੁਭਾਂਤੀ ਹੋਣ ਦੇ ਪ੍ਰਸੰਗ ਵਿਚ ਇਹ ਯੁੱਧਨੀਤਕ ਹਰਜਾ ਬਣ ਜਾਂਦਾ ਹੈ। ਆਪ-ਮੁਹਾਰੀ ਜਨਤਕ ਲਹਿਰ, ਵੱਧ ਤੋਂ ਵੱਧ ਇਸ ਦੇ ਸਮਾਜਕ ਮੰਤਵਾਂ ਨੂੰ ਜ਼ਾਹਿਰ ਕਰਦੀ ਹੈ-ਨਾਂਹ-ਪੱਖੀ ਤੌਰ 'ਤੇ ਭਾਰਤੀ ਰਾਜ ਸ਼ਕਤੀ ਨੂੰ ਸਰਗਰਮ ਰੂਪ ਵਿਚ ਰੱਦ ਕਰਨ ਰਾਹੀਂ ਅਤੇ ਹਾਂ-ਪੱਖੀ ਤੌਰ 'ਤੇ ਖ਼ੁਦਮੁਖ਼ਤਿਆਰੀ ਅਤੇ ਸਵੈ-ਰਾਜ ਬਾਰੇ ਧੁੰਦਲੇ ਵਿਚਾਰਾਂ ਰਾਹੀਂ। ਸਿਰਫ਼ ਲਹਿਰ ਦੀ ਸਿਆਸੀ ਲੀਡਰਸ਼ਿਪ ਹੀ ਲਹਿਰ ਦੇ ਨਿਸ਼ਾਨੇ ਅਤੇ ਦਿਸ਼ਾ ਨੂੰ ਤੈਅ ਕਰ ਕੇ ਅਜਿਹੇ ਵਿਚਾਰਾਂ ਨੂੰ ਨਿਸ਼ਚਿਤਤਾ, ਸਪਸ਼ਟਤਾ ਅਤੇ ਵਿਸ਼ਾਲਤਾ ਦੇ ਸਕਦੀ ਹੈ ਪਰ ਸਿਆਸੀ ਲੀਡਰਸ਼ਿਪ ਪੱਖੋਂ ਸਮੁੱਚੇ ਰੂਪ ਵਿਚ ਜਨਤਕ ਲਹਿਰ ਨੂੰ ਦਿੱਤਾ ਗਿਆ ਠੋਸ ਪ੍ਰੋਗਰਾਮ ਦੋ ਨੁਕਾਤੀ ਹੀ ਹੈ-ਭਾਰਤੀ ਫ਼ੌਜ ਨੂੰ ਕਸ਼ਮੀਰ ਵਿਚੋਂ ਬਾਹਰ ਕੱਢਣਾ ਅਤੇ ਰਾਇ-ਸ਼ੁਮਾਰੀ। ਇਹ ਕਸ਼ਮੀਰੀ ਲੋਕਾਂ ਦੀਆਂ ਹੱਕੀ ਮੰਗਾਂ ਹੋ ਸਕਦੀਆਂ ਹਨ ਅਤੇ ਸੰਖੇਪ ਕਾਰਵਾਈ ਪ੍ਰੋਗਰਾਮ ਕੁਝ ਸਿਆਸੀ ਸਮਾਜਕ ਮੰਤਵਾਂ ਨੂੰ ਹਾਸਲ ਕਰਨ ਲਈ ਸਿਆਸੀ ਸਾਧਨ ਵਜੋਂ ਐਨ ਸੂਤ ਬੈਠਦੀਆਂ ਹਨ। ਇਹ ਸਿਆਸੀ ਸਮਾਜਕ ਮੰਤਵ ਅਣ-ਬਿਆਨਿਆ ਰਹਿਣ ਕਰਕੇ ਲੀਡਰਸ਼ਿਪ ਦਾ ਇਹ ਦੋ ਨੁਕਾਤੀ ਪ੍ਰੋਗਰਾਮ ਉਸ ਸਿਆਸੀ ਭਵਿੱਖ ਨਕਸ਼ੇ ਤੋਂ ਅੱਗੇ ਨਹੀਂ ਜਾਂਦਾ ਜਿਸ ਨੂੰ ਜਨਤਕ ਲਹਿਰ ਪਹਿਲਾਂ ਹੀ ਪ੍ਰਗਟ ਕਰ ਰਹੀ ਹੈ।

ਮੁਸਲਮਾਨ ਮੂਲਵਾਦੀ ਸ਼ਕਤੀਆਂ ਵੱਲੋਂ ਆਪਣੀ ਸਮਾਜਕ ਵਿਚਾਰਧਾਰਾ ਦੇ ਦਿਵਾਲੀਏਪਣ ਅਤੇ ਆਪਣੇ ਸਮਾਜਕ ਮਨਸੂਬਿਆਂ ਦੇ ਸਨਾਤਨੀ ਖਾਸੇ ਨੂੰ ਢਕਣ ਲਈ ਲਹਿਰ ਦੇ ਸਿਆਸੀ ਸਮਾਜਕ ਮੰਤਵਾਂ ਸਬੰਧੀ ਧਾਰਮਿਕ ਧੂਹ ਪਾਊ ਲਫ਼ਾਜ਼ੀ ਦੀ ਵਰਤੋਂ ਕੋਈ ਹੈਰਾਨੀ ਵਾਲੀ ਗੱਲ ਨਹੀਂ।

ਲਹਿਰ ਉਪਰ ਸਿਆਸੀ ਅਗਵਾਈ ਸਥਾਪਤ ਕਰਨ ਲਈ ਮੁਕਾਬਲਾ ਕਰ ਰਹੇ ਸਾਰੇ ਗਰੁੱਪਾਂ ਵਿਚੋਂ ਜੇ.ਕੇ.ਐਲ.ਐਫ਼. ਸਭ ਤੋਂ ਮਹੱਤਵਪੂਰਨ ਅਤੇ ਮੁਕਾਬਲਤਨ ਚੰਗੀ ਤਰ੍ਹਾਂ ਜਥੇਬੰਦ ਗਰੁੱਪ ਹੈ। ਇਹ ਗਰੁੱਪ ਕਸ਼ਮੀਰ ਦੇ ਖ਼ੁਦਮੁਖ਼ਤਿਆਰ, ਧਰਮ ਨਿਰਲੇਪ ਅਤੇ ਨਿਰਪੱਖ (ਨਿਊਟਰਲ) ਰਾਜ ਦੇ ਸਿਆਸੀ ਨਿਸ਼ਾਨੇ ਦੀ ਦਿੱਖ ਨਾਲ ਅੱਗੇ ਆਇਆ ਹੈ। ਇਸ ਦੇ ਮਾਮਲੇ ਵਿਚ ਵੀ 'ਖ਼ੁਦਮੁਖ਼ਤਿਆਰ ਕਮਸ਼ੀਰ' ਦਾ ਮਤਲਬ ਭਾਰਤ ਅਤੇ ਪਾਕਿਸਤਾਨ ਤੋਂ ਅਲਹਿਦਾ ਰਾਜ ਤੋਂ ਹੀ ਹੈ। ਜੇ ਜਮਹੂਰੀਅਤ ਸਬੰਧੀ ਰਾਜ ਦੇ ਖਾਸੇ ਦੇ ਸਭ ਤੋਂ ਜਾਨਦਾਰ ਪੱਖ ਨੂੰ ਨਜ਼ਰਅੰਦਾਜ਼ ਕਰਨ ਦੀ ਗੱਲ ਨੂੰ ਪਾਸੇ ਵੀ ਛੱਡ ਦੇਈਏ ਤਾਂ ਵੀ ਤਜਵੀਜ਼ਸ਼ੁਦਾ ਕਸ਼ਮੀਰੀ ਰਾਜ ਦੀ ਇਸ ਖ਼ੁਦਮੁਖ਼ਤਿਆਰੀ ਦੇ ਸਿਆਸੀ ਤੱਤ ਵੱਲੀ ਇਸ਼ਾਰਾ ਤਕ ਵੀ ਨਹੀਂ ਕੀਤਾ ਗਿਆ। ਇਸ ਪੈਂਤੜੇ ਨਾਲ ਕਸ਼ਮੀਰੀ ਲੋਕਾਂ ਦੇ ਕੌਮੀ ਦਾਬੇ ਅਤੇ ਪਛੜੇਵੇਂ ਨੂੰ ਤੱਤ ਰੂਪ ਵਿਚ ਅਣਛੂਹਿਆਂ ਹੀ ਛੱਡ ਦਿੱਤਾ ਹੈ। ਕੌਮੀ ਦਾਬੇ ਦੇ ਤੱਤ ਨੂੰ ਅਤੇ ਸਿੱਟੇ ਵਜੋਂ ਕੌਮੀ ਆਪਾ-ਨਿਰਣੇ ਨੂੰ ਯਾਨੀ ਸਾਮਰਾਜੀ ਨਵ-ਬਸਤੀਵਾਦ ਦੇ ਮੁਕਾਬਲੇ ਕਸ਼ਮੀਰੀ ਲੋਕਾਂ ਦੇ ਸਥਾਨ ਨੂੰ ਮੌਜੂਦਾ ਜੇ.ਕੇ.ਐਲ.ਐਫ਼. ਲੀਡਰਸ਼ਿਪ ਵੱਲੋਂ ਮੁਖ਼ਾਤਿਬ ਹੋਣ ਦੀ ਨਾ-ਕਾਬਲੀਅਤ ਅਤੇ ਨਾ-ਰਜ਼ਾਮੰਦੀ ਕਸ਼ਮੀਰੀ ਕੌਮੀ ਲਹਿਰ ਨੂੰ ਲਹਿਰ ਦੀ ਆਪਮੁਹਾਰੀ ਸਿਆਸੀ ਸੋਝੀ ਦੀ ਪੱਧਰ 'ਤੇ ਹੀ ਬੰਨ੍ਹ ਮਾਰਨ ਦਾ ਕੰਮ ਕਰਦੀ ਹੈ।

ਇਸ ਤਰ੍ਹਾਂ ਕਰਨ ਨਾਲ ਲਹਿਰ ਆਪਣੇ ਫ਼ਰੇਬੀ ਦੁਸ਼ਮਣਾਂ ਅਤੇ ਨਕਲੀ ਦੋਸਤਾਂ ਦੇ ਸਿਆਸੀ ਦਬਾਵਾਂ ਅਤੇ ਸਾਜ਼ਿਸ਼ਾਂ ਦਾ ਸਾਹਮਣਾ ਕਰਨ ਲਈ ਕਮਜ਼ੋਰ ਹੁੰਦੀ ਹੈ। ਭਾਰਤੀ ਰਾਜ ਖ਼ਿਲਾਫ਼ ਹਥਿਆਰ ਚੁੱਕਣ ਦੇ ਬਾਵਜੂਦ ਇਹ ਗੱਲ ਮੌਜੂਦਾ ਜੇ.ਕੇ.ਐਲ.ਐਫ਼. ਲੀਡਰਾਂ ਦੇ ਸਿਆਸੀ ਨਜ਼ਰੀਏ ਬਾਰੇ ਇਸ ਕਿਸਮ ਦੀ ਨਿਰਖ ਨੂੰ ਹੋਰ ਮਜ਼ਬੂਤ ਕਰਦਾ ਹੈ। ਕਸ਼ਮੀਰੀ ਕੌਮੀ ਸਵਾਲ ਬਾਰੇ ਜੇ.ਕੇ.ਐਲ.ਐਫ਼. ਲੀਡਰਸ਼ਿਪ ਦੇ ਸਿਆਸੀ ਨਜ਼ਰੀਏ ਅੰਦਰ ਇਹ ਬੁਨਿਆਦੀ ਕਜ ਹੀ ਸਭ ਤੋਂ ਪਹਿਲਾ ਕਾਰਨ ਹੈ ਕਿ ਇਹ ਕਸ਼ਮੀਰ ਦੇ ਪੇਂਡੂ ਖੇਤਰਾਂ ਅੰਦਰ ਖਾਸਾ ਵਧਾਰਾ ਕਰਨ ਦੇ ਕਾਬਿਲ ਕਿਉਂ ਨਹੀਂ ਹੋ ਸਕੀ। ਕਿਉਂਕਿ ਸ਼ਹਿਰੀ ਨੀਮ-ਬੁਰਜ਼ੂਆਜੀ ਦੇ ਉਲਟ ਕਸ਼ਮੀਰ ਦੀ ਕਿਸਾਨੀ ਨੂੰ 'ਖ਼ੁਦਮੁਖ਼ਤਿਆਰੀ' ਦੇ ਧੁੰਦਲੇ ਨਾਅਰੇ ਨਾਲ ਉਠਾਉਣਾ ਬਹੁਤ ਹੀ ਮੁਸ਼ਕਲ ਹੈ ਜਿਹੜਾ ਇਸ ਨੂੰ ਕੌਮੀ ਦਾਬੇ ਅਤੇ ਜਬਰਾਂ ਦੇ ਕਿਸਾਨੀ ਵੱਲੋਂ ਹੰਢਾਏ ਠੋਸ ਤਜਰਬੇ ਨਾਲ ਨਹੀਂ ਜੋੜਦਾ। (ਇਸੇ ਕਸ਼ਮੀਰੀ ਕਿਸਾਨੀ ਨੇ ਬੀਤੇ ਵਿਚ ਮਹਾਰਾਜਾ ਹਰੀ ਸਿੰਘ ਦੇ ਆਪਾ-ਸ਼ਾਹ ਰਾਜ ਖ਼ਿਲਾਫ਼ ਜਗੀਰਦਾਰੀ ਵਿਰੋਧੀ ਘੋਲ ਦੇ ਸੱਦੇ ਨੂੰ ਅਥਾਹ ਹੁੰਗਾਰਾ ਭਰਿਆ ਸੀ) ਇਹੀ ਕਾਰਨ ਹੈ ਕਿ ਜੇ.ਕੇ.ਐਲ.ਐਫ਼. ਲੀਡਰਸ਼ਿਪ ਇਨਸਾਫ਼ ਦੇ ਨਾਂ 'ਤੇ ਦੂਸਰੀਆਂ ਕੌਮਾਂ ਤੋਂ ਮਦਦ ਮੰਗਦੀ ਹੈ ਪਰ ਇਹ ਕੌਮੀ ਦਾਬੇ ਤੋਂ ਮੁਕਤੀ ਦੇ ਸਾਂਝੇ ਹਿਤਾਂ ਦੇ ਨਾਂ 'ਤੇ ਭਾਰਤ ਅਤੇ ਪਾਕਿਸਤਾਨ ਦੀਆਂ ਵੱਖੋ-ਵੱਖਰੀਆਂ ਕੌਮੀਅਤਾਂ ਤੋਂ ਮਦਦ ਨਹੀਂ ਮੰਗਦੀ ਅਤੇ ਨਾ ਹੀ ਮੰਗ ਸਕਦੀ ਹੈ। ਭਾਰਤ ਤੇ ਪਾਕਿਸਤਾਨ ਦੀਆਂ ਲਿਤਾੜੀਆਂ ਕੌਮੀਅਤਾਂ ਤੋਂ ਭਰਾਤਰੀ ਮਦਦ ਦੇ ਵਾਜਬ ਦਾਅਵੇ ਨੂੰ ਇਸ ਤਰ੍ਹਾਂ ਛੱਡ ਕੇ ਜੇ.ਕੇ.ਐਲ.ਐਫ਼. ਲੀਡਰਸ਼ਿਪ ਗੋਲੀਬੰਦੀ ਦੀ ਰੇਖਾ ਦੇ ਦੂਸਰੇ ਪਾਸਿਓਂ ਹਮਾਇਤ ਅਤੇ ਮਦਦ ਲੈਣ ਲਈ ਉਨ੍ਹਾਂ ਸ਼ਕਤੀਆਂ (ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਦੇ ਅਧਿਕਾਰੀ ਅਤੇ ਭਾਰਤੀ ਕਬਜ਼ੇ ਹੇਠਲੇ ਕਸ਼ਮੀਰ ਦੇ ਮੁਸਲਮਾਨ ਮੂਲਵਾਦੀ ਗਰੁੱਪ) ਨਾਲ ਮੌਕਾਪ੍ਰਸਤ ਗਠਜੋੜ ਕਰਨ ਜਾਂ ਸਮਝੌਤੇਵਾਦੀ ਰੁਖ਼ ਅਪਣਾਉਣ ਲਈ ਮਜਬੂਰ ਹੋਈ ਹੈ ਜਿਨ੍ਹਾਂ ਦੇ ਸਿਆਸੀ ਮੰਤਵ ਇਸ ਦੇ ਆਪਣੇ ਸਿਆਸੀ ਮੰਤਵਾਂ ਨਾਲ ਟਕਰਾਉਂਦੇ ਹਨ।

ਮੌਜੂਦਾ ਲਹਿਰ ਦਾ ਹੋਰ ਉਘੜਵਾਂ ਨਾਂਹ-ਪੱਖੀ ਪਹਿਲੂ ਇਸ ਦੀ ਮੁੱਖ ਧਾਰਾ ਵੱਲੋਂ ਕੁਝ ਮੁਸਲਮਾਨ ਮੂਲਵਾਦੀ ਜਥੇਬੰਦੀਆਂ, ਮੁੱਖ ਤੌਰ 'ਤੇ ਹਿਜ਼ਬੁਲ ਮੁਜਾਹਿਦੀਨ ਦੀਆਂ ਫ਼ਿਰਕੂ ਫਾਸ਼ੀ ਕਾਰਵਾਈਆਂ ਨਾਲੋਂ ਸਪਸ਼ਟ ਨਿਖੇੜਾ ਕਰਨ ਵਿਚ ਨਾਕਾਮੀ ਹੈ। ਇਸ ਤੋਂ ਵੀ ਜ਼ਿਆਦਾ ਕਿੰਨੇ ਹੀ ਨਾਂਹ-ਪੱਖੀ ਹਾਲਾਤ-ਅੰਸ਼ਾਂ ਦੀ ਅੰਤਰਕਿਰਿਆ ਕਰਕੇ ਅਤੇ ਜੇ.ਕੇ.ਐਲ.ਐਫ਼. ਲੀਡਰਸ਼ਿਪ ਦੀਆਂ ਗੰਭੀਰ ਸਿਆਸੀ ਸੀਮਤਾਈਆਂ ਕਰਕੇ, ਇਸ ਗੱਲ ਦੀ ਸਪਸ਼ਟ ਗੁੰਜਾਇਸ਼ ਹੈ ਕਿ ਇਹ ਸ਼ਕਤੀਆਂ ਲਹਿਰ ਦੇ ਉਤੋਂ ਦੀ ਪੈ ਜਾਣ ਅਤੇ ਹਕੀਕੀ ਤੌਰ 'ਤੇ ਇਸ ਨੂੰ ਆਤਮ-ਤਬਾਹੀ ਦੇ ਰਾਹ ਖਿੱਚ ਕੇ ਲੈ ਜਾਣ।

*(ਬਾਕੀ ਸਫ਼ਾ 22 'ਤੇ)*

# ਚਾਚੇ ਚੰਡੀਗੜ੍ਹੀਏ ਦਾ ਬਾਬਾ ਫ਼ਿਕਰਮੰਦ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

"ਮੈਂ 'ਖਿਆ ਕੀਹਦਾ ਟੈਲੀਫ਼ੋਨ ਸੀ?...ਕੌਣ ਮਰ ਗਿਆ?" ਬਾਬੇ ਨੇ ਉਭੜਵਾਹਿਆਂ ਮੈਨੂੰ ਪੁੱਛਿਆ।

ਮੈਂ ਹੱਸਦਿਆਂ ਕਿਹਾ, "ਬਾਬਾ ਜੀ, ਸੌਂ ਜਾਵੋ, ਕੋਈ ਨਹੀਂ ਮਰਿਆ। ਮੈਂ ਤਾਂ ਸੰਧੂ ਸਾਹਿਬ ਬਾਰੇ ਕਹਿ ਰਿਹਾ ਹਾਂ ਕਿ ਉਹਦੀ ਲੱਖ ਰੁਪਏ ਦੀ ਲਾਟਰੀ ਨਿਕਲੀ ਹੈ। ਉਹ 'ਤਰ' ਗਿਆ ਤਰ!"

ਕਿਸੇ ਦੋਸਤ ਨਾਲ ਜੱਟ ਦੀ ਕਿਸਮਤ ਬਾਰੇ ਮੇਰੀ ਟੈਲੀਫ਼ੋਨ 'ਤੇ ਗੱਲ ਹੋ ਰਹੀ ਸੀ। ਬਾਬਾ ਜੀ ਮੂੰਹ ਉਪਰ ਰਜਾਈ ਲੈਣ ਲੱਗੇ। ਫੇਰ ਬੋਲੇ, "ਤਰ ਕਾਹਦਾ ਗਿਆ? ਜਿਹਦੀ ਲੱਖ ਰੁਪਏ ਦੀ ਲਾਟਰੀ ਨਿਕਲ ਆਈ, ਸਮਝੋ ਮਰ ਗਿਆ। ਉਹਨੇ ਪੈ ਜਾਣਾ ਹੈ ਅੱਯਾਸ਼ੀ ਦੇ ਰਾਹ। ਨਾ ਓਸ ਨੇ ਏਦੂੰ ਬਾਅਦ ਹੱਡ-ਭੰਨਵੀਂ ਮਿਹਨਤ ਕਰਨੀ ਹੈ, ਨਾ ਸਿਹਤ ਰਹਿਣੀ ਹੈ, ਨਾ ਹਾਜ਼ਮਾ ਕੰਮ ਕਰੇਗਾ...ਨਾ ਕੋਈ ਚੀਜ਼ ਪਚਣੀ ਹੈ। ਰੁਪਈਆ ਕਾਹਦਾ ਮਿਲਿਆ ਹੈ, ਉਸ ਨੂੰ ਤਾਂ ਜ਼ਹਿਰ ਦਾ ਕੁੱਜਾ ਮਿਲ ਗਿਆ। ਅੱਜ ਨਹੀਂ ਤਾਂ ਕੱਲ੍ਹ ਮਰੇਗਾ...ਅਮੀਰ ਆਦਮੀ ਭਲਾ ਤੰਦਰੁਸਤ ਕਿਵੇਂ ਰਹਿ ਸਕਦਾ ਹੈ?"

ਸੱਚੀ-ਮੁੱਚੀਂ ਸਾਡੇ ਬਾਬਾ ਜੀ ਅਜੀਬ ਹਸਤੀ ਹਨ। ਸਾਰੀ ਦੁਨੀਆਂ ਦੀ ਪਰਲੋ ਇਨ੍ਹਾਂ ਦੇ ਸੀਨੇ ਵਿਚ ਇਕੱਠੀ ਹੋਈ ਪਈ ਏ। ਜ਼ਰਾ-ਜ਼ਰਾ ਗੱਲ 'ਤੇ ਇਨ੍ਹਾਂ ਨੂੰ ਤਬਾਹੀ ਦਿਸਣ ਲੱਗ ਪੈਂਦੀ ਹੈ। ਸਾਡਾ ਨੌਕਰ ਬੱਚੇ ਨੂੰ ਸਾਈਕਲ 'ਤੇ ਬਿਠਾ ਕੇ ਬਾਜ਼ਾਰ ਲੈ ਲਿਆ, ਬਾਬਾ ਜੀ ਨੇ ਦੁਹਾਈ ਪਾ ਦਿੱਤੀ, "ਜਿਹੋ ਜਿਹਾ ਉੱਲੂ ਹਰੀਆ, ਉਹੋ ਜਿਹੇ ਉੱਲੂ ਤੁਸੀਂ! ਬੱਚੇ ਨੂੰ ਸਾਈਕਲ ਦੇ ਡੰਡੇ 'ਤੇ ਬਿਠਾ ਕੇ ਬਾਜ਼ਾਰ ਜਾਣ ਹੀ ਕਿਉਂ ਦਿੱਤਾ? ਅੱਵਲ ਤਾਂ ਸਾਈਕਲ ਦੀਆਂ ਬ੍ਰੇਕਾਂ ਹੋਣੀਆਂ ਈ ਨ੍ਹੀਂ...ਜੇ ਹੋਈਆਂ ਵੀ ਤਾਂ ਬਾਜ਼ਾਰ ਵਿਚ ਜਾ ਕੇ ਖ਼ਰਾਬ ਹੋ ਜਾਣੀਆਂ ਹਨ। ਨੌਕਰ ਤੇ ਬੱਚਾ ਦੋਵੇਂ ਧੜੈਂ ਕਰ ਕੇ ਡਿੱਗਣਗੇ! ਉਹ ਜ਼ਰੂਰ ਕਾਸੇ 'ਚ ਵੱਜਣਗੇ। ਬੱਚਾ ਲਹੂਲੁਹਾਨ ਹੋ ਜਾਣਾ ਹੈ। ਨੌਕਰ ਦੀ ਲੱਤ-ਬਾਂਹ ਟੁੱਟ ਜਾਣੀ ਹੈ। ਸਾਈਕਲ ਵੈਸੇ ਹੀ ਚੀਕਰੂੰ-ਚੀਕਰੂੰ ਹੋ ਜਾਏਗਾ!"

ਬਾਬਾ ਜੀ ਨੇ ਇਸ ਕਿਆਸੀ ਹਾਦਸੇ ਦਾ ਐਸਾ ਨਕਸ਼ਾ ਖਿੱਚਿਆ ਕਿ ਸਾਰਾ ਟੱਬਰ ਅਰਦਾਸਾਂ ਕਰਨ ਲੱਗ ਪਿਆ। ਸਾਨੂੰ ਸਭ ਨੂੰ ਖਾਣਾ-ਪੀਣਾ ਭੁੱਲ ਗਿਆ। ਹਰ ਕੋਈ ਬੱਚੇ ਤੇ ਨੌਕਰ ਦੀ ਸੁਖ ਮੰਗ ਰਿਹਾ ਸੀ ਪਰ ਮੈਂ, ਨਾਲ-ਨਾਲ ਸਾਈਕਲ ਦੀ ਵੀ 'ਸੁਖ' ਮੰਗ ਰਿਹਾ ਸਾਂ ਕਿਉਂਕਿ ਘਰ ਵਿਚ ਮੇਰੀ ਪ੍ਰਾਪਰਟੀ ਤਾਂ ਇਹੋ ਸਾਈਕਲ ਸੀ। ਥੋੜ੍ਹੀ ਦੇਰ ਬਾਅਦ ਬੱਚਾ ਤੇ ਨੌਕਰ ਹੱਸਦੇ-ਖੇਡਦੇ ਘਰ ਆ ਗਏ। ਬੱਚਾ ਟੌਫ਼ੀਆਂ ਖਾ ਰਿਹਾ ਸੀ ਤੇ ਮਣ-ਮਣ ਦੀਆਂ ਗੱਲਾਂ ਮਾਰ ਰਿਹਾ ਸੀ। ਨੌਕਰ ਮੇਰੇ ਸਾਈਕਲ 'ਤੇ ਝੂਟੇ ਲੈ ਕੇ ਪ੍ਰਸੰਨ ਸੀ। ਮੈਂ ਆਉਂਦਿਆਂ ਹੀ ਉਨ੍ਹਾਂ ਤੋਂ ਪੁੱਛਿਆ, "ਕਿਉਂ ਹਰੀ ਰਾਮ, ਤੁਸੀਂ ਠੀਕ-ਠਾਕ ਆ ਗਏ?"

"ਜੀ ਹਾਂ..."

"ਕਿਧਰੇ ਕੋਈ ਐਕਸੀਡੈਂਟ ਤਾਂ ਨਹੀਂ ਹੋਇਆ?"

"ਜੀ ਨਹੀਂ।"

"ਤੈਨੂੰ ਕੋਈ ਐਸਾ ਫ਼ਿਕਰ ਤਾਂ ਨਹੀਂ ਸੀ ਵੱਢ-ਵੱਢ ਖਾ ਰਿਹਾ ਕਿ ਤੁਸੀਂ ਦੋਵੇਂ ਕਾਸੇ ਹੇਠਾਂ ਨਾ ਆ ਜਾਵੋ?"

"ਨਹੀਂ ਜੀ"

"ਤੁਹਾਨੂੰ ਇਸ ਗੱਲ ਦਾ ਵੀ ਕੋਈ ਅਹਿਸਾਸ ਸੀ ਕਿ ਨਹੀਂ, ਕਿ ਘਰੇ ਚਿੰਤਾ ਹੋ ਰਹੀ ਹੋਵੇਗੀ?"

"ਜੀ ਨਹੀਂ"

ਲਓ ਸੁਣੋ...ਜੋ ਫ਼ਿਕਰ ਸਾਨੂੰ ਚਿੰਬੜਿਆ ਹੋਇਆ ਸੀ, ਉਹ ਹਰੀ ਰਾਮ ਦੇ ਨੇੜ ਦੀ ਵੀ ਨਹੀਂ ਸੀ ਲੰਘਿਆ! ਬੱਚਾ ਤਾਂ ਵੈਸੇ ਹੀ ਐਨਾ ਪ੍ਰਸੰਨ ਸੀ ਕਿ ਖ਼ਿਆਲ ਹੀ ਨਹੀਂ ਸੀ ਕੀਤਾ ਜਾ ਸਕਦਾ ਕਿ ਉਸ ਦੇ ਮਨ ਵਿਚ ਕੋਈ ਖ਼ਤਰਾ ਆ ਸਕਦਾ ਹੈ ਪਰ ਬਾਬੇ ਹੁਰਾਂ ਨੂੰ ਕੌਣ ਸਮਝਾਏ?

ਇਕ ਦਿਨ ਅਸੀਂ ਬਾਬੇ ਹੁਰਾਂ ਨੂੰ ਭਾਖੜਾ ਦੀ ਸੈਰ ਕਰਵਾਉਣ ਲੈ ਲਏ। ਕਿਸੇ ਦੀ ਕਾਰ ਮੰਗੀ, ਕਾਰ ਵਾਲਾ ਆਪ ਕਾਰ ਚਲਾ ਰਿਹਾ ਸੀ। ਬਾਬੇ ਹੁਰਾਂ ਨੂੰ ਉਸ ਦੇ ਬਰਾਬਰ ਵਾਲੀ ਸੀਟ 'ਤੇ ਬਿੱਠਾ ਦਿੱਤਾ। ਮੈਂ ਤੇ ਮੇਰਾ ਛੋਟਾ ਵੀਰ ਪਿਛਲੀ ਸੀਟ 'ਤੇ ਬੈਠੇ ਸਾਂ। ਜਦੋਂ ਕੋਈ ਹੋਰ ਗੱਡੀ ਅੱਗੋਂ ਜਾਂ ਪਿੱਛੋਂ ਕੋਲ ਦੀ ਲੰਘੇ ਤਾਂ ਬਾਬੇ ਹੁਰੀਂ ਝਟ 'ਬਚੀਂ ਓਏ ਬਚੀਂ' ਕਰਨ ਲੱਗ ਪੈਣ। ਗੱਡੀ ਵਾਲਾ ਮਿੱਤਰ ਕਹਿਣ ਲੱਗਾ, "ਬਾਬਾ ਜੀ, ਫ਼ਿਕਰ ਨਾ ਕਰੋ। ਮੈਂ ਬੰਬਈ, ਕਲਕੱਤੇ ਵਿਚ ਗੱਡੀਆਂ ਚਲਾਈਆਂ ਹਨ, ਮੈਨੂੰ ਟਰੈਫ਼ਿਕ ਦੀ ਸਾਰੀ ਸਮਝ ਹੈ।" ਪਰ ਬਾਬਾ ਜੀ ਕਿੱਥੋਂ ਮੰਨਣ? ਰੋਪੜ ਦੇ ਨੇੜੇ ਜਾ ਕੇ ਜਦੋਂ ਭਾਖੜਾ ਨਹਿਰ ਦਿਸੀ ਤਾਂ ਬਾਬੇ ਹੋਰੀਂ ਕੁਝ ਘਬਰਾਹਟ ਵਿਚ ਆ ਗਏ। ਨਹਿਰ ਦੇ ਪੁਲ ਵੱਲੋਂ ਗੱਡਾ ਆ ਰਿਹਾ ਸੀ। ਬਾਬਾ ਜੀ ਕਹਿਣ ਲੱਗੇ, "ਲਓ...ਜੇ ਔਸ ਗੱਡੇ ਤੋਂ ਬਚ ਗਏ ਤਾਂ ਭਾਖੜਾ ਪੁੱਜ ਜਾਵਾਂਗੇ ਪਰ ਉਸ ਗੱਡੇ ਵਾਲੇ ਦੇ ਬਲ੍ਹਦ ਬੇਕਾਬੂ ਹੋਏ ਲਗਦੇ ਹਨ। ਉਨ੍ਹਾਂ ਨੇ ਜ਼ਰੂਰ ਗੱਡਾ ਕਾਰ ਵਿਚ ਮਾਰਨਾ ਹੈ। ਕਾਰ ਉਲਟ ਕੇ ਨਹਿਰ ਵਿਚ ਜਾ ਡਿੱਗੇਗੀ। ਹੋਰ ਦੋ-ਚਾਰ ਮਿੰਟਾਂ ਤਕ ਸਾਡੀਆਂ ਚਹੁੰਆਂ ਦੀਆਂ ਲਾਸ਼ਾਂ ਨਹਿਰ ਵਿਚ ਮਰੀਆਂ ਮੱਛੀਆਂ ਵਾਂਗ ਤਰਦੀਆਂ ਫਿਰਨਗੀਆਂ।"

ਅਸੀਂ ਭਾਖੜਾ ਦੀ ਸੈਰ ਪਿੱਛੋਂ ਸਹੀ-ਸਲਾਮਤ ਘਰ ਮੁੜੇ ਤਾਂ ਇਕ ਪੁਰਾਣਾ ਦੋਸਤ ਮਿਲਣ ਆਇਆ ਹੋਇਆ ਸੀ ਜੋ ਅੱਜ ਕੱਲ੍ਹ ਹਾਈਕੋਰਟ ਵਿਚ ਪ੍ਰੈਕਟਿਸ ਕਰਦਾ ਸੀ। ਲੱਖਾਂ ਰੁਪਏ ਉਸ ਦੀ ਜਾਇਦਾਦ ਸੀ। ਉਸ ਦੇ ਵੱਡੇ-ਵਡੇਰਿਆਂ ਨੂੰ ਲੋਕ ਹੱਥੀਂ ਛਾਂਵਾਂ ਕਰਦੇ ਸਨ। ਉਹ ਮੇਰੇ ਨਾਲ ਸਲਾਹ ਕਰਨ ਆਇਆ ਸੀ ਕਿ ਉਸ ਨੂੰ ਇਲੈਕਸ਼ਨ ਲੜਨੀਂ ਚਾਹੀਦੀ ਹੈ ਕਿ ਨਹੀਂ? ਉਸ ਦੇ ਜਿੱਤਣ 'ਤੇ ਵਜ਼ੀਰ ਬਣਨ ਦੀ ਪੱਕੀ ਆਸ ਸੀ। ਬਾਬਾ ਜੀ ਨੇ ਸਾਡੀਆਂ ਗੱਲਾਂ ਸੁਣ ਲਈਆਂ। ਨੇੜੇ ਆ ਕੇ ਪੁੱਛਣ ਲੱਗੇ, "ਕੌਣ ਆਇਆ ਹੈ?" ਮੈਂ ਕਿਹਾ, "ਬਾਬਾ ਜੀ, ਸੁਹਿੰਦਰ ਪਾਲ ਹੁਰੀਂ ਆਏ ਹਨ।"

"ਹੱਛਾ, ਤਾਂ ਇਹ ਇਲੈਕਸ਼ਨ ਲੜਨਾ ਚਾਹੁੰਦੇ ਹਨ!" ਬਾਬੇ ਨੇ ਸਾਡੀ ਗੱਲਬਾਤ ਦਾ ਨਿਚੋੜ ਕੱਢਦਿਆਂ ਪੁੱਛਿਆ।

"ਜੀ ਹਾਂ, ਮੈਂ ਇਲੈਕਸ਼ਨ ਲੜਨਾ ਚਾਹੁੰਦਾ ਹਾਂ ਤੇ ਮੇਰੇ ਬਿਨਾਂ ਮੁਕਾਬਲੇ ਜਿੱਤ ਜਾਣ ਦੀ ਆਸ ਹੈ," ਸੁਹਿੰਦਰਪਾਲ ਨੇ ਬੜੀ ਨਿਮਰਤਾ ਨਾਲ ਬਾਬਾ ਜੀ ਨੂੰ ਦੱਸਿਆ। ਬਾਬਾ ਜੀ ਕਹਿਣ ਲੱਗੇ, "ਵੇਖੀਂ...ਸਾਊ, ਏਸ ਗੇੜ 'ਚ ਨਾ ਫਸ ਜਾਵੀਂ। ਅੱਜ ਕੱਲ੍ਹ ਵੋਟਰਾਂ ਦਾ ਕੋਈ ਇਤਬਾਰ ਨਹੀਂ। ਹਰ ਵੋਟਰ ਸਮਝਦਾ ਹੈ ਕਿ ਮੈਂ ਐਮ.ਐਲ.ਏ. ਦਾ ਪਿਉ ਹਾਂ! ਪਾਉਣੀ ਸਿਰਫ਼ ਪਰਚੀ ਹੁੰਦੀ ਹੈ, ਪਰ ਮਿੰਨਤਾਂ ਏਨੀਆਂ ਕਰਵਾਉਂਦੇ ਹਨ ਕਿ ਕੋਈ ਗ਼ੈਰਤਮੰਦ ਬੰਦਾ ਕਰ ਨਾ ਸਕੇ। ਤੇਰੇ ਪਾਸ ਤੇਰੇ ਬਾਪ-ਦਾਦੇ ਦਾ ਧਨ ਹੈ...ਭੋਰ ਭੋਰ ਖਾਹ! ਤੂੰ ਇਲੈਕਸ਼ਨਾਂ ਤੋਂ ਕੀ ਲੈਣਾ ਹੈ। ਨਹੀਂ ਤਾਂ ਲੱਖਾਂ ਰੁਪਏ ਗਵਾ ਬੈਠੇਂਗਾ, ਹਾਰ ਤੂੰ ਫੇਰ ਵੀ ਜਾਣਾ ਹੈ। ਦਰ-ਦਰ ਮੰਗਦਾ ਫਿਰੇਂਗਾ, ਠੂਠਾ ਤੇਰੇ ਹੱਥ 'ਚ ਹੋਵੇਗਾ, ਬਗਲੀ ਤੇਰੇ ਗਲ ਵਿਚ ਹੋਵੇਗੀ ਤੇ ਰਾਮ-ਰਾਮ ਤੇਰੇ ਮੂੰਹ 'ਚ ਹੋਵੇਗਾ। ਸੌ ਤੇਰੀ ਜਾਨ ਦੇ ਦੁਸ਼ਮਣ ਹੋ ਜਾਣੇ ਹਨ। ਉਹ ਅੱਡ ਤੇਰੇ ਮਗਰ ਤੋਏ ਤੋਏ ਕਰਦੇ ਫਿਰਨਗੇ!!"

ਸੁਹਿੰਦਰਪਾਲ ਅਜੇ 'ਆਸ਼ੀਰਵਾਦ' ਲੈ ਕੇ ਹੀ ਗਿਆ ਸੀ ਕਿ ਪਿੰਡ ਦੀ ਡਿਸਪੈਂਸਰੀ ਦਾ ਨਵਾਂ ਡਾਕਟਰ ਬਾਬਾ ਜੀ ਨੂੰ ਮਿਲਣ ਆ ਗਿਆ। ਮੈਂ ਬਾਬਾ ਜੀ ਨਾਲ ਉਸ ਦੀ ਜਾਣ-ਪਛਾਣ ਕਰਵਾਈ, "ਇਹ ਡਾਕਟਰ ਸੇਵਾ ਰਾਮ ਚੋਪੜਾ ਹਨ। ਸਰਕਾਰ ਨੇ ਨੀਤੀ ਬਣਾਈ ਹੈ ਕਿ ਡਾਕਟਰ ਕੋਰਸ ਪਾਸ ਕਰਨ ਪਿੱਛੋਂ ਪਹਿਲਾਂ ਪਿੰਡਾਂ 'ਚ ਜਾ ਕੇ ਕੰਮ ਕਰਨ ਫੇਰ ਉਨ੍ਹਾਂ ਨੂੰ ਸ਼ਹਿਰਾਂ ਦੇ ਹਸਪਤਾਲਾਂ ਵਿਚ ਲਾਇਆ ਜਾਵੇ।" ਬਾਬਾ ਜੀ ਨੇ ਗਹੁ ਨਾਲ ਡਾਕਟਰ ਚੋਪੜਾ ਵੱਲ ਵੇਖਿਆ ਤੇ ਕਹਿਣ ਲੱਗੇ, "ਇਹ ਤਾਂ ਬੋਦੇ ਚੋਪੜੀ ਫਿਰਦਾ ਹੈ। ਮੈਂ ਨਹੀਂ ਇਹਨੂੰ ਇਸ ਪਿੰਡ ਵਿਚ ਰਹਿਣ ਦੇਣਾ। ਪਿੰਡ ਦੀ ਸੇਵਾ ਕਰਨ ਨੂੰ ਇਹ ਛੋਕਰੇ ਹੀ ਰਹਿ ਗਏ ਹਨ?...ਇਹਨੇ ਕੋਈ ਇਥੇ ਲੋਕਾਂ ਦੀਆਂ ਮੱਲ੍ਹਮ-ਪੱਟੀਆਂ ਕਰਨੀਆਂ ਨੇ? ਇਹਨੇ ਕਿਸੇ ਨਾ ਕਿਸੇ ਕੁੜੀ ਦਾ 'ਮਹੀਂਵਾਲ' ਬਣ ਬੈਠਣਾ ਹੈ। ਇਹ ਕੋਈ ਨਾ ਕੋਈ ਕਾਲੀ ਕਰਤੂਤ ਕਰੇਗਾ। ਅਸੀਂ ਬਾਜ ਆਏ ਐਹੋ ਜਿਹੇ ਡਾਕਟਰਾਂ ਤੋਂ। ਸਰਕਾਰ ਨੇ ਪਿੰਡਾਂ 'ਚ ਭੇਜਣੇ ਹਨ ਤਾਂ ਬਾਲ-ਬੱਚੇਦਾਰ ਡਾਕਟਰ ਭੇਜੇ।"

ਵਿਚਾਰਾ ਡਾਕਟਰ ਬਥੇਰੀਆਂ ਸਫ਼ਾਈਆਂ ਦਿੰਦਾ ਰਿਹਾ ਪਰ ਬਾਬਾ ਜੀ ਨੇ ਇਕ ਨਾ ਸੁਣੀ! ਕਹਿਣ ਲੱਗੇ, "ਜੇ ਤੂੰ ਜ਼ਿਆਦਾ ਚਪੜ-ਚਪੜ ਕੀਤੀ ਤਾਂ ਮੈਂ ਸਿੱਧਾ ਗਵਰਨਰ ਕੋਲ ਜਾਵਾਂਗਾ...ਨਹੀਂ ਤਾਂ ਚੁੱਪ ਕਰ ਕੇ ਆਪਣੀ ਬਦਲੀ ਕਰਵਾ ਲੈ, ਜਿਥੋਂ ਆਇਆ ਏਂ, ਉਥੇ ਚਲਿਆ ਜਾਹ!"

ਬੀਬੀ ਪਾਲੀ ਦੇ ਰਿਸ਼ਤੇ ਦੀ ਗੱਲ ਚੱਲ ਰਹੀ ਸੀ। ਸਾਡੀ ਭੂਆ ਦੇ ਪੁੱਤ ਦੀ ਚਿੱਠੀ ਆਈ। ਮੈਂ ਬਾਬਾ ਜੀ ਨੂੰ ਪੜ੍ਹ ਕੇ ਸੁਣਾ ਦਿੱਤੀ। ਉਸ ਵਿਚ ਲਿਖਿਆ ਸੀ, "ਘਰ ਬੜਾ ਵੱਡਾ ਹੈ, ਮੁੰਡੇ ਦੇ ਪਿਓ ਪਾਸ ਦੋ ਟਰੈਕਟਰ ਤੇ ਚਾਰ ਦੂਸਰੇ ਹਲ ਹਨ। ਪਿਛਲੇ ਸਾਲ ਪੰਜਾਹ ਹਜ਼ਾਰ ਦੀ ਕਪਾਹ ਤੇ ਸਵਾ ਲੱਖ ਰੁਪਏ ਦੀ ਕਣਕ ਹੋਈ ਸੀ। ਮੁੰਡਾ ਦਸਵੀਂ ਪਾਸ ਹੈ। ਇਕ ਭੈਣ ਤੇ ਇਕ ਭਰਾ ਹੈ। ਉਹ ਦੋਵੇਂ ਵਿਆਹੇ ਹੋਏ ਹਨ। ਮੁੰਡਾ ਬੜਾ ਹੀ ਸੋਹਣਾ ਤੇ ਨੇਕ ਹੈ। ਮਾਂ-ਬਾਪ ਨੂੰ ਦਾਜ ਦਾ ਕੋਈ ਲਾਲਚ ਨਹੀਂ। ਮੈਂ ਤਾਂ ਕਹਿੰਦਾ ਹਾਂ ਪਾਂਧਾ ਨਾ ਪੁੱਛੋ! ਫੌਰਨ ਰਿਸ਼ਤਾ ਪੱਕਾ ਕਰ ਦਿਓ।" ਪਰ ਬਾਬਾ ਜੀ ਚਿੱਠੀ ਸੁਣ ਕੇ ਬੋਲੇ, "ਇਥੇ ਤਾਂ ਬਿਲਕੁਲ ਰਿਸ਼ਤਾ ਨਹੀਂ ਕਰਨਾ ਚਾਹੀਦਾ। ਕੁੜੀ ਸਾਰਾ ਦਿਨ ਸੀਰੀਆਂ ਦੀਆਂ ਰੋਟੀਆਂ ਹੀ ਪਕਾਉਂਦੀ ਰਵ੍ਹੇਗੀ? ਦਸਵੀਂ ਪਾਸ ਮੁੰਡੇ ਨੂੰ ਤਾਂ ਅੱਜ ਕੱਲ੍ਹ ਕੋਈ ਚਪੜਾਸੀ ਨਹੀਂ ਰੱਖਦਾ! ਜੇ ਕੱਲ੍ਹ ਨੂੰ ਪਿਉ ਨੂੰ ਸ਼ਰਾਬ ਜਾਂ ਜੂਏ ਦੀ ਆਦਤ ਪੈ ਜਾਵੇ, ਉਹ ਸਾਰੀ ਜ਼ਮੀਨ ਵੇਚ ਦੇਵੇ ਜਾਂ ਗਹਿਣੇ ਧਰ ਦੇਵੇ ਤਾਂ ਮੁੰਡਾ ਕੀ ਕਰੇਗਾ? ਫੇਰ ਜਿਨ੍ਹਾਂ ਦੀ ਡੇਢ ਲੱਖ ਦੀ ਫ਼ਸਲ ਹੋ ਗਈ, ਉਹ ਕਿਸੇ ਨਾ ਕਿਸੇ ਨਾਲ ਲੜੇ ਬਗ਼ੈਰ ਰਹਿ ਕਿਵੇਂ ਸਕਦੇ ਹਨ? ਜੱਟ ਤਾਂ ਖੜ੍ਹੀ ਫ਼ਸਲ ਵੇਖ ਕੇ ਹੀ ਕਤਲ ਕਰ ਦਿੰਦਾ ਹੈ। ਹੋ ਸਕਦਾ ਹੈ, ਮੁੰਡਾ ਆਪਣੇ ਪਿਉ ਨੂੰ ਹੀ ਮਾਰ ਦੇਵੇ! ਕੁੜੀ ਫੇਰ ਜੇਲ੍ਹ 'ਚ ਮੁਲਾਕਾਤ ਕਰਨ ਜਾਇਆ ਕਰੇਗੀ? ਇਹ ਸਾਕ ਨਹੀਂ ਹੋਣਾ ਚਾਹੀਦਾ, ਮੈਂ ਐਸੇ ਸਾਕ ਦੇ ਸਖ਼ਤ ਵਿਰੁਧ ਹਾਂ।"

ਅੰਮਾ ਜੀ ਪੇਕੀਂ ਜਾਣਾ ਚਾਹੁੰਦੇ ਸਨ। ਉਨ੍ਹਾਂ ਦੇ ਭਤੀਜੇ ਦੀ ਲੜਕੀ ਦਾ ਵਿਆਹ ਸੀ। ਅੰਮਾ ਜੀ ਨੇ ਬਾਬਾ ਜੀ ਕੋਲੋਂ ਪੇਕੀਂ ਜਾਣ ਦੀ ਆਗਿਆ ਮੰਗੀ। ਬਾਬਾ ਜੀ ਕਹਿਣ ਲੱਗੇ, "ਜ਼ਨਾਨੀ ਭਾਵੇਂ ਮਰਨ ਕਿਨਾਰੇ ਪੁੱਜੀ ਹੋਵੇ ਪਰ ਪੇਕਿਆਂ ਦਾ ਖਹਿੜਾ ਨਹੀਂ ਛੱਡਦੀ। ਫੇਰ ਉਥੇ ਜਾ ਕੇ ਵਿਹਰ ਜਾਏਂਗੀ। ਜਿਹੋ ਜਿਹੀ ਮਹਿੰ ਛੱਪੜ ਵਿਚੋਂ ਕੱਢ ਲਈ, ਉਹੋ ਜਿਹੀ ਜ਼ਨਾਨੀ ਪੇਕਿਆਂ ਘਰੋਂ ਮੋੜ ਲਿਆਂਦੀ। ਜੇ ਤੂੰ ਕਿਸੇ ਦੇ ਮਰਨ 'ਤੇ ਮੁਕਾਣ ਜਾਣਾ ਹੁੰਦਾ ਤਾਂ ਰੋ-ਪਿੱਟ ਕੇ ਵੇਲੇ ਸਿਰ ਆ ਜਾਣਾ ਸੀ ਪਰ ਹੁਣ ਤੂੰ ਚੱਲੀਂ ਏਂ ਵਿਆਹ। ਤੈਨੂੰ ਪੇਕੀਂ ਜਾ ਕੇ ਆਪਣਾ ਬਚਪਨ ਯਾਦ ਆਏਗਾ, ਤੂੰ ਉਥੇ ਗਿੱਧੇ ਪਾਵੇਂਗੀ, ਨੱਚੇਂਗੀ! ਤੂੰ ਏਸ ਤਰ੍ਹਾਂ ਨੱਚਦੀ-ਟੱਪਦੀ ਨੇ ਕੋਈ ਨਾ ਕੋਈ ਲੱਤ-ਗੋਡਾ ਤੁੜਵਾ ਲੈਣਾ ਏਂ। ਆਪਣਾ ਬੁਢਾਪਾ ਤਾਂ ਖ਼ਰਾਬ ਕਰੇਂਗੀ ਹੀ ਨਾਲ ਸਾਨੂੰ ਵੀ ਮਾਰੇਂਗੀ! ਹੋਰ ਤਾਂ ਹੋਰ, ਜੇ ਵਿਆਹ 'ਚ ਲੱਡੂ-ਜਲੇਬੀਆਂ ਵੱਧ ਖਾ ਗਈ ਜਾਂ ਕੋਈ ਹੋਰ ਬਦਪਰਹੇਜ਼ੀ ਹੋ ਗਈ ਤਾਂ ਤੂੰ ਉਂਜ ਮਰ ਜਾਣਾ ਏਂ। ਓਧਰ ਵਿਆਹ ਵਾਲੇ ਰੋਂਦੇ ਫਿਰਨਗੇ ਤੇ ਏਧਰ ਮੈਂ ਧਾਹਾਂ ਮਾਰਦਾ ਫਿਰਾਂਗਾ। ਤੂੰ ਜਿਊਂਦੀ ਬੈਠੀ ਏਂ ਤਾਂ ਇਹੇ ਪੋਤੇ-ਪੋਤਰੀਆਂ ਵੀ ਰੋਟੀ-ਟੁੱਕ ਪੁੱਛ ਲੈਂਦੇ ਨੇ। ਜਿੱਦਣ ਤੇਰਾ ਘੁੱਗੂ ਵੱਜ ਗਿਆ, ਨਾਲ ਹੀ ਮੇਰਾ ਵੀ 'ਸੰਖ ਪੂਰਿਆ' ਜਾਣਾ ਹੈ!"

('ਮੈਨੂੰ ਮੈਥੋਂ ਬਚਾਓ' ਪੁਸਤਕ ਵਿਚੋਂ)

## ਦੇਵਨੀਤ ਦੀਆਂ ਕਵਿਤਾਵਾਂ

### ਬਾਹੀ ਤੇ ਬੈਠੀ ਜ਼ਮੀਨ

**(ਅਜਮੇਰ ਔਲਖ ਲਈ)**

ਅੱਜ ਤਕ ਤਾਂ
'ਜਮੇਰੋ ਛੜੇ ਜੇਠ ਮੂਹਰੇ
ਨਹੁੰ ਤੋਂ ਵੱਧ ਨੰਗੀ ਨਹੀਂ ਸੀ ਹੋਈ
ਉਸ ਕੋਲ ਜੇਠ ਲਈ
ਤੱਤੀ ਚਾਹ ਦੀ ਗੜਵੀ ਹੈ
ਗੜਵੀ ਸੋਚਦੀ ਹੈ :
ਜਿਸ ਢੇਰੀ 'ਤੇ ਕਰਤਾਰਾ ਛੜਾ ਬੈਠੈ
ਓਡੀ ਤੇ ਏਸ ਬੇਚਾਰੀ ਦੇ ਤਿੰਨ ਐਂ
ਜ਼ਮੀਨ ਤੇ ਔਰਤ 'ਚ ਕੀ ਅੰਤਰ ਹੈ
ਦੋਵੇਂ ਵਾਹੀਆਂ ਜਾਣ 'ਤੇ
ਜੰਮ ਦਿੰਦੀਆਂ ਹਨ।
ਹਲ ਬਦਲਣ ਨਾਲ ਕੀ ਫਰਕ ਪੈਂਦੈ
'ਜਮੇਰੋ ਅੱਜ ਕਰਤਾਰੇ ਦੀ ਬਾਹੀ
'ਤੇ ਬੈਠ ਗਈ ਹੈ।
ਚੁੱਲ੍ਹੇ 'ਚ ਭੁੱਬਲ 'ਤੇ ਕਣੀਆਂ
ਪੈਣ ਲੱਗਦੀਆਂ ਹਨ...

### ਤਾਏ ਦੇ ਪੰਜ ਦਰਿਆ

ਬਾਪੂ ਤੋਂ ਤਾਏ ਦਾ
ਸਿਰ ਪਾਟ ਗਿਆ ਹੈ ਪਾਣੀ ਪਿੱਛੇ
ਦੋ-ਸਾਲੀ 'ਚ ਅੰਦਰ ਬੈਠੈ ਬਾਪੂ
ਮਾਂ ਘਰੇ 'ਕੱਲੀ ਰਹਿ ਗਈ ਹੈ
ਮੈਂ ਅਤੇ ਮੇਰਾ ਬਸਤਾ
ਸਕੂਲੋਂ ਆਉਂਦਾ ਹਾਂ... ਇਕ ਦਿਨ
ਵਿਹੜੇ 'ਚ ਵੱਡਾ ਫੁੱਫੜ
ਗਾਲ੍ਹਾਂ ਕੱਢੀ ਜਾਂਦੈ:
'ਮੈਨੂੰ ਨੀ ਪਤਾ
ਜਿਵੇਂ ਮਰਜ਼ੀ, ਜੀਹਤੋ ਮਰਜ਼ੀ ਮੰਗਾ
ਮੈਨੂੰ ਹੁਣੇ ਬੋਤਲ ਚਾਹੀਦੀ ਐ'
ਮਾਂ ਸਿਆਣੀ ਬਣੀ ਖੜ੍ਹੀ ਹੈ:
'ਭਾਈ! ਮੈਂ ਤੇਰੇ ਭੈਣਾਂ ਦੀ ਥਾਂ ਆਂ
ਤੂੰ ਐਂ ਨਾ ਬੋਲ, ਜਰਾਂਦ ਤਾਂ ਕਰ
ਮੁੰਡਾ ਆ ਜਾਂਦੈ ਹੁਣੇ ਸਕੂਲੋਂ'
ਮੈਨੂੰ ਫੁੱਫੜ ਤੋਂ ਡਰ ਲਗਦੈ
'ਮੈਨੂੰ ਕਿਸੇ ਭੈਣ ਦੀ ਲੋੜ ਨੀ
ਤੂੰ ਬੋਤਲ ਮੰਗਵਾ, ਉਹ ਵੀ ਹੁਣੇ'
ਸਾਂਝੀ ਕੰਧ 'ਤੇ ਤਾਇਆ ਆ ਖੜ੍ਹਾ ਹੈ:
'ਜੱਟਾ ਹੁਣ ਕੱਢ ਗਾਲ੍ਹ, ਸਾਲਾ ਨੰਗ
ਅਸੀਂ ਲੱਖ ਲੜੇ ਹੋਈਏ ਭਾਈ ਭਾਈ
ਬੇਗਾਨਾ ਜੱਟ ਗਾਲ੍ਹ ਕੱਢ ਜੇ!'
ਤਾਏ ਦੀ ਡਾਂਗ ਨੇ
ਫੁੱਫੜ ਦੀ ਗਾਲ੍ਹ
ਵਿਚਾਲਿਓਂ ਭੰਨ ਦਿੱਤੀ ਹੈ
ਪੰਜ ਦਰਿਆਵਾਂ ਦਾ ਲੇਖ ਮੈਨੂੰ
ਯਾਦ ਹੋ ਗਿਆ ਹੈ ਅੱਜ...

### ਮਨਮੋਹਨ ਸਿੰਘ ਬਨਾਮ ਬਨਵਾਰੀ

ਲੇਬਰ ਚੌਕ 'ਚ ਕਾਮਿਆਂ ਦੇ ਇਕੱਠ 'ਚੋਂ
ਕਾਹਲੀ ਕਾਹਲੀ ਨਿਕਲ ਰਿਹਾ ਹੈ ਬਨਵਾਰੀ
ਉਸ ਦੇ ਲਿਬਾਸ ਤੋਂ ਉਹ
ਕਾਮਾ ਦਿਸਦਾ ਹੈ ਭਿਖਾਰੀ ਨਹੀਂ
ਸਾਥੀ ਆਵਾਜ਼ ਦੇਂਦਾ ਹੈ:
ਬਨਵਾਰੀ ਬਾਤ ਸੁਨ
ਨਹੀਂ-ਮੈਂ ਕਾਮ ਪਰ ਜਾ ਰਹਾ ਹੂੰ
ਬਨਵਾਰੀ ਦੀਆਂ ਨਿੱਕੀਆਂ
ਤੇਜ਼ ਤੇਜ਼ ਗੋਲ ਅੱਖਾਂ 'ਚ
ਕੰਮ ਦਾ ਚਾਅ ਤੇ ਤੇਜ਼ੀ ਹੈ
ਕੰਮ 'ਤੇ ਜਾ ਰਿਹਾ ਹੈ-ਬਨਵਾਰੀ
ਹੁਣ ਖਤਮ ਹੋ ਜਾਵੇਗਾ ਰੀਸੈਸ਼ਨ...

### ਸਿਰਜਣਾ ਹੀ ਐਂ ਕਰਦੀ ਹੈ

**(ਗੁਰਚਰਨ ਚਾਹਲ ਭੀਖੀ ਲਈ)**

ਆਪਣੇ ਅਫ਼ਸਰੀ ਮਿਜ਼ਾਜ 'ਚ
ਕੋਕਾ ਕੋਲੇ ਅਫ਼ਸਰੀ ਲਿਬਾਸ 'ਚ
ਆਪਣੇ ਦਫਤਰ ਬੈਠਾ ਹੈ-ਅਫ਼ਸਰ
ਉਸ ਦਾ ਮਿੱਤਰ
ਉਹ ਤਾਂ ਲਿਬੜੇ ਤਿਬੜੇ ਪੈਰਾਂ ਵਰਗਾ ਹੈ
ਸਾਰੇ ਦਾ ਸਾਰਾ
ਕੁਰਸੀ 'ਤੇ ਬੈਠ ਜੁੱਤੀ ਲਾਹ
ਮੇਜ਼ 'ਤੇ ਲੱਤਾਂ ਰੱਖਦਾ ਹੈ।
ਬਾਰ ਦੇ ਸਟੂਲ ਨੂੰ ਪਿਆਰ ਨਾਲ ਕਹਿੰਦਾ ਹੈ:
ਫੌਜੀਆ ਚਾਹ ਲਿਆ
ਚਾਂਭਲਿਆ, ਲਾਚੜਿਆ ਫੱਕਤ ਜੱਟ...

### ਤਿੰਨ ਕੱਪ ਚਾਹ

ਨੰਜਨ ਤਾਂ
ਚਾਹ ਦੇ ਖੋਖੇ ਕੋਲ ਖੜਾ ਹੈ 'ਕੱਲਾ
ਤਿੰਨ ਕੱਪ ਚਾਹ ਬਣਾ ਭੀਮ
ਦੋ ਸਾਥੀ ਨੀ ਦੀਂਹਦੇ ਤੇਰੇ
ਮੈਂ ਤਿੰਗਣਾ ਕੰਮ ਕਰਦਾਂ
'ਕੱਲਾ ਪੀਊਂ ਸਾਰੀ ਚਾਹ...

## ਗੁਰ ਪੂਰੈ ਮੇਰੀ ਰਾਖਿ ਲਈ

ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ
ਬਿਲਾਵਲ *ਮਹਲਾ 5*
ਗੁਰ ਪੂਰੈ ਮੇਰੀ ਰਾਖਿ ਲਈ
ਅੰਮ੍ਰਿਤ ਨਾਮੁ ਰਿਦੈ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ
ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ
ਕਰਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ
ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ
ਚਰਨ ਕਮਲ ਰਖੁ ਮਨ ਮਾਹੀ
ਤਾਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ

ਇਸ ਤਰਕੀ ਬਾਣੀ ਦੇ ਸ਼ਬਦ ਦੀ ਰਚਨਾ ਸਾਹਿਬ ਸ੍ਰੀ ਗੁਰੂ ਅਰਜਨ ਜੀ ਕਰ ਰਹੇ ਹਨ ਅਤੇ ਬਖ਼ਸ਼ਿਸ਼ ਕਰਦੇ ਹਨ ਕਿ ਜੋ ਜੀਵ ਪੂਰੇ ਗੁਰੂ 'ਤੇ ਓਟ ਰੱਖਦਾ ਹੈ, ਗੁਰੂ ਸਦਾ ਹੀ ਉਸ ਦੀ ਪੱਤ ਰੱਖਦੇ ਹਨ।

ਗੁਰ ਪੂਰੈ ਮੇਰੀ ਰਾਖਿ ਲਈ
ਅੰਮ੍ਰਿਤ ਨਾਮੁ ਰਿਦੈ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ

ਗੁਰੂ ਦੇਵ ਫ਼ਰਮਾਉਂਦੇ ਹਨ ਕਿ ਹੇ ਭਾਈ! ਵਿਕਾਰਾਂ ਨਾਲ ਭਰੇ ਹੋਏ ਇਸ ਸੰਸਾਰ ਵਿਚ ਮੇਰੇ ਪੂਰੇ ਗੁਰੂ ਨੇ ਮੇਰੀ ਇੱਜ਼ਤ-ਪੱਤ ਰੱਖ ਲਈ ਹੈ ਕਿਉਂਕਿ ਪੂਰੇ ਗੁਰੂ ਦੀ ਮਿਹਰ ਸਦਕਾ ਹੀ ਪ੍ਰਭੂ ਦਾ ਨਾਮ ਮੇਰੇ ਅੰਦਰ ਵਸਿਆ ਹੈ ਅਤੇ ਉਸ ਨਾਮ-ਰੂਪੀ ਅੰਮ੍ਰਿਤ ਨਾਲ ਹੀ ਜੋ ਕਈ ਜਨਮਾਂ ਦੀ ਪਾਪਾਂ ਦੀ ਮੈਲ ਸੀ, ਉਹ ਦੂਰ ਹੋ ਗਈ ਹੈ।

ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ
ਕਰਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ

ਹੇ ਭਾਈ! ਪੂਰੇ ਗੁਰੂ ਦੇ ਦੱਸੇ ਅਨੁਸਾਰ ਜਦੋਂ ਤੋਂ ਮੈਂ ਹਰੀ ਪ੍ਰਭੂ ਦਾ ਨਾਮ ਜਪਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਹੀ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ; ਇਹ ਦੂਤ ਦੁਸ਼ਟ ਜੋ ਵੈਰੀ ਸਨ, ਸਾਰੇ ਹੀ ਦੌੜ ਗਏ ਹਨ ਅਤੇ ਹੇ ਭਾਈ! ਮੇਰੇ ਉਸ ਮਾਲਿਕ ਪ੍ਰਭੂ ਦਾ ਪ੍ਰਤਾਪ ਕੈਸਾ ਹੈ, ਉਹ ਬਹੁਤ ਵੱਡੀ ਤਾਕਤ ਵਾਲਾ ਹੈ। ਸੋ, ਹੁਣ ਇਨ੍ਹਾਂ ਦੂਤਾਂ ਦੁਸ਼ਮਣਾਂ ਵਿਚੋਂ ਕੋਈ ਵੀ ਮੇਰਾ ਕੁਝ ਨਹੀਂ ਵਿਗਾੜ ਸਕਦਾ ਕਿਉਂਕਿ ਮੇਰੇ ਪ੍ਰਭੂ ਦਾ ਨਾਮ ਮੇਰੇ ਕੋਲ ਹੈ।

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ
ਚਰਨ ਕਮਲ ਰਖੁ ਮਨ ਮਾਹੀ
ਤਾਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ

ਹੇ ਭਾਈ! ਪੂਰੇ ਗੁਰੂ ਦੀ ਕ੍ਰਿਪਾ ਨਾਲ ਹੀ ਉਸ ਸੋਹਣੇ ਪ੍ਰਭੂ ਦੇ ਚਰਨ ਕਮਲ ਮੇਰੇ ਹਿਰਦੇ ਵਿਚ ਵਸੇ ਹਨ ਅਤੇ ਹੁਣ ਉਹ ਹੀ ਮੇਰਾ ਆਸਰਾ ਅਤੇ ਆਧਾਰ ਹਨ। ਹੇ ਭਾਈ, ਮੈਂ ਅਪਨੇ ਪ੍ਰਭੂ ਦੇ ਨਾਮ ਨੂੰ ਸਿਮਰ ਸਿਮਰ ਕੇ ਭਾਵ ਉਸ ਦੀ ਯਾਦ ਵਿਚ ਜੁੜ ਕੇ ਆਨੰਦ ਪ੍ਰਾਪਤ ਕਰਦਾ ਹਾਂ ਅਤੇ ਇਹ ਨਾਨਕ ਦਾਸ ਹੁਣ ਉਸ ਸੋਹਣੇ ਪ੍ਰਭੂ ਦੀ ਸ਼ਰਨ ਵਿਚ ਹੀ ਜਾ ਪਿਆ ਹੈ ਜਿਸ ਪ੍ਰਭੂ ਪ੍ਰੀਤਮ ਤੋਂ ਵੱਡਾ ਹੋਰ ਕੋਈ ਵੀ ਨਹੀਂ ਹੈ। ਭਾਵ ਉਹ ਮੇਰਾ ਪ੍ਰਭੂ ਸਭ ਤੋਂ ਵੱਡਾ ਹੈ ਅਤੇ ਉਸੇ ਪ੍ਰਭੂ ਦੀ ਸ਼ਰਨ ਪਿਆਂ ਹੀ ਸਾਰੇ ਆਤਮਿਕ ਤੇ ਸੰਸਾਰਕ ਸੁੱਖ ਪ੍ਰਾਪਤ ਹੁੰਦੇ ਹਨ।

ਆਓ, ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿਚ ਚੱਲੀਏ!!

***-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ, 916-687-3536***


ਯਾਰਾਂ ਦਾ ਟਰੱਕ ਬੱਲੀਏ,
ਹੁਣ ਏ ਪੀ ਪੈਟਰੋ ਤੋਂ ਤੇਲ ਪਵਾਵੇ...
AP
AMERICAN PETRO
ਸਭ ਤੋਂ ਵਧੀਆ
ਸਹੂਲਤਾਂ ਵਾਲਾ
Truck Stop
*2 Cent/Gallon Rebate
* Cash/Credit Card/Fleet Card (Same Price on All)
ਸਹੂਲਤਾਂ
*ਸਸਤਾ Diesel
*Liquor Bar
*ਪੰਜਾਬੀ ਢਾਬਾ
*Liquor Store
Taste of India
ਪੰਜਾਬੀ ਢਾਬਾ
ਕੀਮਤਾਂ ਬਹੁਤ ਹੀ ਵਾਜਬ !
ਇਥੇ ਹਰ ਰੋਜ਼ ਮੱਕੀ ਦੀਆਂ ਤਾਜ਼ੀਆਂ ਰੋਟੀਆਂ ਤੇ ਤਾਜ਼ਾ ਸਾਗ ਮਿਲਦਾ ਹੈ।
ਇਥੇ ਆਓ, ਬੈਠ ਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਓ...। ਸੁਆਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਹੋਵੇ ਤੇ ਘਰ ਦੀ...।
Brand New Shower ਹੈ।
ਨਹਾਓ ਤੇ ਫਰੈਸ਼ ਹੋ ਕੇ ਕੰਮ 'ਤੇ ਜਾਓ।
Spiceland, Indiana
I-70, Exit 123
Call: 765-987-8786


ਅਮਰੀਕੀ ਪੰਜਾਬੀਆਂ ਦੇ ਦਿਲਾਂ ਦੀ ਧੜਕਣ
gPunjab TV
Programing Highlights
ਖਬਰ ਪੰਜਾਬ
Khabar Punjab
News from Punjab
ਪਿੰਡ ਗਲੋਬ
Pind Globe
Panel discussion on Punjabi Diaspora issues
News
Panel Discussions
Views
Talk Shows
ਖਬਰ ਇੰਡੀਆ
Khabar India
India's National News Bulletin
ਵੈਸਟਰਨ ਟਾਈਮ
Western Times
News from North America
Interviews
Features
Available only on:
DishNetwork on Channel no. 621
Call to subscribe 1 888 723 0195
To Advertise Your Business, Call:
1-877-321-1331
or send email at: info@gpunjabtv.com
Our Advertisement Rates Start $1/per second

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵ

ਸ਼ਿਕਾਗੋ: ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ ਸਤੰਬਰ ਮਹੀਨੇ ਕਰਵਾਏ ਗਏ ਵਿਸ਼ਵ ਕਬੱਡੀ ਕੱਪ ਲਈ ਸਹਿਯੋਗ ਦੇਣ ਵਾਲੀਆਂ ਸੰਸਥਾਵਾਂ, ਸਪਾਂਸਰਾਂ ਅਤੇ ਸੱਜਣਾਂ ਦਾ ਸਨਮਾਨ ਤੇ ਧੰਨਵਾਦ ਕਰਨ ਲਈ ਇਕ ਸਮਾਗਮ ਇਥੇ ਨਾਰਥ ਸ਼ੋਰ ਬੈਂਕੁਇਟ ਹਾਲ, ਦੀਵਾਨ ਐਵਨਿਊ, ਸ਼ਿਕਾਗੋ ਵਿਚ ਲੰਘੀ 19 ਦਸੰਬਰ ਨੂੰ ਕੀਤਾ ਗਿਆ।

ਇਸ ਮੌਕੇ ਹਾਜ਼ਰ ਸੱਜਣਾਂ ਵਿਚ ਮਿਲਵਾਕੀ ਤੋਂ ਸਤਵੰਤ ਸਿੰਘ ਕਾਲੇਕਾ, ਬਿਕਰਮਜੀਤ ਸਿੰਘ ਸੇਖੋਂ, ਜਗਜੀਤ ਸਿੰਘ ਸਿੱਧੂ, ਕੁਲਵਿੰਦਰ ਸਿੰਘ ਸੂਸ, ਰੁਪਿੰਦਰ ਸਿੰਘ ਅਰੋੜਾ, ਲਖਵਿੰਦਰ ਸਿੰਘ ਸੇਖੋਂ, ਹਰਿੰਦਰ ਸਿੰਘ ਧਾਲੀਵਾਲ, ਪਰਮਜੀਤ ਸਿੰਘ ਸਿੱਧੂ ਮਰਾਜ; ਮਿਸ਼ੀਗਨ ਤੋਂ ਰਣਬੀਰ ਸਿੰਘ ਲਾਲੀ, ਕੁਲਦੀਪ ਸਿੰਘ ਗਿੱਲ, ਕੁਲਵਿੰਦਰ ਸਿੰਘ ਗਿੱਲ, ਸਿਕੰਦਰ ਸਿੰਘ, ਅਵਤਾਰ ਸਿੰਘ, ਹਰਦੇਵ ਸਿੰਘ, ਬਲਦੇਵ ਸਿੰਘ; ਇੰਡੀਆਨਾ ਤੋਂ ਰਾਜਿੰਦਰ ਸਿੰਘ ਬੈਂਸ, ਸਰਵਣ ਸਿੰਘ ਟਿਵਾਣਾ, ਪੀ ਏ ਯੂ ਪ੍ਰਧਾਨ ਮਨਦੀਪ ਸਿੰਘ ਭੂਰਾ, ਗੁਰਿੰਦਰ ਗਿੱਲ, ਜੱਸੀ ਧਾਲੀਵਾਲ, ਯਾਦਵਿੰਦਰ ਖਟਕੜ, ਏ ਜੇ ਭਾਰਦਵਾਜ, ਤੇਜਾ ਸਿੰਘ ਨਾਰੰਗ, ਕੁਲਦੀਪ ਸਿੰਘ ਲੰਗ, ਸਤਵਿੰਦਰ ਸਿੰਘ ਸੱਤਾ, ਸਿਕੰਦਰ ਸਿੰਘ ਬਿੱਟੂ,

ਤਸਵੀਰਾਂ































# ਲੋਂ ਸਪਾਂਸਰਾਂ ਅਤੇ ਸਹਿਯੋਗੀਆਂ ਲਈ ਧੰਨਵਾਦ ਸਮਾਗਮ

ਦੀ ਜ਼ੁਬਾਨੀ

ਗੁਰਬਚਨ ਸਿੰਘ ਪੱਪੂ (ਸਾਬਕਾ ਚੇਅਰਮੈਨ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ); ਵਾਕੀਗਨ ਤੋਂ ਨਾਜਰ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਲੱਕੀ ਤੇ ਜੱਸੀ ਸਹੋਤਾ, ਗੁਰ ਸਿੰਘ (ਸੈਫਰਨ ਰੈਸਟੋਰੈਂਟ); ਸ਼ਿਕਾਗੋ ਤੋਂ ਨਿੱਕ ਗਾਖਲ, ਰੌਣ ਸੰਘਾ, ਰਾਏ ਸੰਘਾ, ਸੁਖਮੇਲ ਸਿੰਘ ਅਟਵਾਲ, ਅਮਰੀਕ ਸਿੰਘ (ਅਮਰ ਕਾਰਪੈਟਸ), ਰਵੀ ਕੁਮਾਰ (ਆਰ ਕੇ ਕਾਰਪੈਟਸ), ਰੋਮੀ ਗਰੇਵਾਲ (ਪੰਜਾਬ ਸਵੀਟਸ), ਜਵਾਰ ਅਤੇ ਆਮੀਨ (ਬਲੂ ਰਿਬਨ ਕੈਬ ਕੰਪਨੀ), ਜੱਸੀ ਤੇ ਆਰਿਫ (ਅਲ ਮਦੀਨਾ), ਜਸਵੀਰ ਸੋਢੀ, ਗੁਰਮੀਤ ਅਟਵਾਲ, ਪਰਮਜੀਤ ਸਿੰਘ ਖੰਗੂੜਾ, ਅਜਮੇਰ ਸਿੰਘ ਲੱਖਣ, ਗੁਰ ਸਿੰਘ ਸਰਕਾਰੀਆ, ਮੇਜਰ ਸਿੰਘ ਮੱਲ੍ਹੀ, ਜਰਨੈਲ ਸਿੰਘ ਮੱਲੀ, ਜਸਕਰਨ ਸਿੰਘ ਧਾਲੀਵਾਲ, ਸਤਿੰਦਰ ਸਿੰਘ ਸੁਸਾਣਾ, ਅਮਰੀਕ ਸਿੰਘ ਏ ਪੀ, ਕਿਰਪਾਲ ਸਿੰਘ ਭੰਗੂ, ਭਜਨ ਸਿੰਘ ਕਲਸੀ, ਚਮਨ ਲਾਲ, ਕਸ਼ਮੀਰ ਸਿੰਘ, ਸੰਤੋਖ ਸਿੰਘ, ਜਿੰਮੀ ਸਿੰਘ, ਹਰਦੀਪ ਸਿੰਘ ਗਰੇਵਾਲ, ਰਾਜਅਮਰ ਸਿੰਘ, ਡਾ. ਮਨਅਮਰ ਸਿੰਘ, ਅਸ਼ੋਕ ਕੁਮਾਰ, ਜਸਪਾਲ ਮਾਇਰ ਅਤੇ ਸਹਿਯੋਗੀ ਸੰਸਥਾਵਾਂ ਦੇ ਬਹੁਤ ਸਾਰੇ ਹੋਰ ਨੁਮਾਇੰਦੇ ਮੌਜੂਦ ਸਨ।



















ਕੈਪਟਨ ਅਮਰਿੰਦਰ ਸਿੰਘ

# ਪੰਜਾਬੀਆਂ ਦੀ ਆਵਾਜ਼ ਤੇ ਹਰਮਨ ਪਿਆਰੇ ਨੇਤਾ ਅਤੇ ਹਲਕਾ ਭੁਲੱਥ ਤੋਂ ਐਮ ਐਲ ਏ



ਸੁਖਪਾਲ ਸਿੰਘ ਖਹਿਰਾ

## ਸ. ਸੁਖਪਾਲ ਸਿੰਘ ਖਹਿਰਾ ਨੂੰ ਮਿਲਵਾਕੀ ਆਉਣ 'ਤੇ

# ਨਿੱਘੀ ਜੀ ਆਇਆਂ ਨੂੰ

## ਸਵਾਗਤੀ ਪਾਰਟੀ

**24 ਦਸੰਬਰ, 2010**
(ਦਿਨ ਸ਼ੁਕਰਵਾਰ)
ਦੁਪਹਿਰ 1 ਤੋਂ 3 ਵਜੇ ਤੱਕ

**ਮਹਾਰਾਜਾ ਰੈਸਟੋਰੈਂਟ**
1550 North Farwell Avenue,
Milwaukee, WI 53202, Ph: (414) 276-2250

## ਸਵਾਗਤਕਰਤਾ

ਕੁਲਵੰਤ ਸਿੰਘ ਢਿੱਲੋਂ (ਹਿਬਤਪੁਰ)
ਪ੍ਰਧਾਨ
ਫੋਨ:414-248-2792

ਹਰਵਿੰਦਰ ਸਿੰਘ (ਲਾਲੀ) ਸਿੱਧੂ
ਸੀਨੀਅਰ ਮੀਤ ਪ੍ਰਧਾਨ
ਫੋਨ: 414-788-9813

ਪਰਮਜੀਤ ਸਿੰਘ ਬਿਲਕੂ
ਫੋਨ: 262-993-5800

ਹਰਜੀਤ ਸਿੰਘ ਸੰਧਰ
ਜਨਰਲ ਸਕੱਤਰ
ਫੋਨ: 414-807-5934

ਦਰਸ਼ਨ ਸਿੰਘ ਗਰੇਵਾਲ
ਸਕੱਤਰ

ਹਰਵਿੰਦਰ ਸਿੰਘ ਲਾਡੀ
ਕੈਸ਼ੀਅਰ
414-862-7694

ਬਹਾਦਰ ਸਿੰਘ ਬੋਪਾਰਾਏ
ਫੋਨ: 414-217-5012

ਜਗਦੀਸ਼ਰ ਸਿੰਘ ਕਲੇਰ
ਫੋਨ: 414-460-7118

ਸਤਵਿੰਦਰ ਸਿੰਘ ਪੌਪੀ
ਫੋਨ: 414-406-9016
ਅੰਮ੍ਰਿਤਪਾਲ ਸਿੰਘ ਗਿੱਲ
ਸੁਖਜਿੰਦਰ ਸਿੰਘ ਜੌੜਾ

## ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਮਿਲਵਾਕੀ (ਵਿਸਕਾਨਸਿਨ)

# ਮਹਾਨ ਚਿੰਤਕ ਹਰਿੰਦਰ ਮਹਿਬੂਬ

*'ਪੰਜਾਬ ਟਾਈਮਜ਼' ਦੇ ਪਾਠਕ ਪਟਿਆਲਾ ਸ਼ਹਿਰ 'ਚ ਕੁਲਵੰਤ ਸਿੰਘ ਗਰੇਵਾਲ, ਹਰਦਿਲਜੀਤ ਸਿੰਘ ਲਾਲੀ, ਹਰਿੰਦਰ ਸਿੰਘ ਮਹਿਬੂਬ, ਡਾ. ਗੁਰਭਗਤ ਸਿੰਘ, ਸਤਿੰਦਰ ਸਿੰਘ ਨੂਰ ਅਤੇ ਨਵਤੇਜ ਭਾਰਤੀ ਵਰਗੀਆਂ ਹਸਤੀਆਂ ਨੂੰ ਨਮਾਇਆ ਕਰਨ ਵਾਲੇ ਭੂਤਵਾੜੇ ਦੇ ਅਦਭੁਤ ਸਭਿਆਚਾਰਕ ਵਰਤਾਰੇ ਤੋਂ ਭਲੀਭਾਂਤ ਵਾਕਫ ਹੋਣਗੇ। ਇਹ ਵਰਤਾਰਾ ਇਕ ਰੂਹਾਨੀ ਕ੍ਰਾਂਤੀ ਸੀ, ਖਿੱਤਾ ਆਧਾਰਤ ਇਕ ਮਿੰਨੀ ਰਿਨੇਸਾਂ ਸੀ। ਇਹ ਸਭ ਹਸਤੀਆਂ ਗਿਆਨ ਪ੍ਰਾਪਤੀ ਦੀ ਲਲਕ ਵਿਚ ਜਿਥੇ ਇਕ ਤਾਰ ਵਿਚ ਪਰੋਈਆਂ ਹੋਈਆਂ ਸਨ, ਉਥੇ ਉਨ੍ਹਾਂ ਦੇ ਵਿਚਾਰਧਾਰਕ ਅਕੀਦਿਆਂ ਵਿਚ ਅਕਸਰ ਹੀ ਜ਼ਿਮੀਂ-ਅਸਮਾਨ ਵਰਗੇ ਅੰਤਰ ਵੀ ਮੌਜੂਦ ਸਨ। ਮਸਲਨ ਸਵਰਗੀ ਹਰਿੰਦਰ ਸਿੰਘ ਮਹਿਬੂਬ ਅਤੇ ਨਵਤੇਜ ਭਾਰਤੀ ਨੂੰ ਹੀ ਲੈ ਲਵੋ। ਇਨ੍ਹਾਂ ਦਾ ਆਪਸੀ ਮੋਹ ਦਾ ਰਿਸ਼ਤਾ ਜਾਂ ਸਾਂਝ ਤਾਂ ਸ਼ਾਇਦ ਕਿਸੇ ਦੰਤ-ਕਥਾ ਵਾਂਗ ਸੀ ਪਰ ਵਿਚਾਰਾਂ ਦਾ ਵਖਰੇਵਾਂ ਵੀ ਕਿਸੇ ਦੰਤ-ਕਥਾ ਨਾਲੋਂ ਘੱਟ ਨਹੀਂ ਸੀ। ਜ਼ਾਹਰ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਹਰਿੰਦਰ ਸਿੰਘ ਮਹਿਬੂਬ ਲਈ ਤਾਂ 20ਵੀਂ ਸਦੀ ਦੀ ਸਭ ਤੋਂ ਮਹਾਨ ਸਿੱਖ ਹਸਤੀ ਸਨ ਜਦੋਂ ਕਿ ਉਨ੍ਹਾਂ ਦੇ ਹੀ ਇਸ ਪਰਮ ਮਿੱਤਰ ਨਵਤੇਜ ਭਾਰਤੀ ਹੋਰਾਂ ਦਾ ਕਹਿਣਾ ਸੀ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਸੰਤ ਜਰਨੈਲ ਸਿੰਘ ਹੋਰੀਂ ਵੀ ਉਨ੍ਹਾਂ ਦੇ ਜਨਮ ਅਸਥਾਨ ਪਿੰਡ ਰੋਡੇ ਦੇ ਜੰਮਪਲ ਸਨ ਤਾਂ ਉਨ੍ਹਾਂ ਨੇ ਉਸ ਤੋਂ ਬਾਅਦ ਆਪਣੇ ਜੱਦੀ ਪਿੰਡ ਬਾਰੇ ਦੱਸਣ ਤੋਂ ਹੀ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਸੀ। ਸੂਝਵਾਨ ਪਾਠਕ ਹਥਲੇ ਨਿਬੰਧ ਤੋਂ ਭਲੀਭਾਂਤ ਜਾਣ ਜਾਣਗੇ ਕਿ ਉਨ੍ਹਾਂ ਵਿਚਾਲੇ ਲਗਾਤਾਰ ਕਿੰਨਾ ਤਿੱਖਾ ਵਿਚਾਰਧਾਰਕ ਤਣਾਉ ਸਦਾ ਹੀ ਬਣਿਆ ਰਿਹਾ ਸੀ। -ਸੰਪਾਦਕ*

**-ਨਵਤੇਜ ਭਾਰਤੀ**

ਕਈ ਵਰ੍ਹੇ ਪਹਿਲਾਂ ਦੀ ਗੱਲ ਹੈ। ਦਾਸਤੋਵਸਕੀ ਬਾਰੇ ਬੋਲਦਿਆਂ ਹਰਿੰਦਰ ਮਹਿਬੂਬ ਨੇ ਮੈਨੂੰ ਕਿਹਾ, "ਮੇਰੇ ਮਰਨ ਪਿੱਛੋਂ ਮੇਰੇ 'ਤੇ ਸੁਹਣਾ ਜਿਹਾ ਲੇਖ ਲਿਖੀਂ।"

"ਸਿਫ਼ਤ ਵਿਚ...?" ਮੈਂ ਪੁੱਛਿਆ।

ਉਹ ਮੇਰੇ ਵੱਲ ਕੁਨੱਖਾ ਝਾਕਿਆ। ਆਪਣੀ ਸਿਫ਼ਤ ਤੋਂ ਉਹ ਸਤਿਆ ਹੋਇਆ ਸੀ ਪਰ ਇਸ ਨਾਲ ਸੁਲ੍ਹਾ ਵੀ ਕੀਤੀ ਹੋਈ ਸੀ। ਉਹਨੂੰ ਸਿਫ਼ਤ ਦੀ ਓਨੀ ਲਾਲਸਾ ਨਹੀਂ ਸੀ, ਜਿੰਨੀ ਲੋੜ ਸੀ। ਇਹਨੂੰ ਉਹ ਲੋਕਾਂ ਦੀ ਸੁਰਤ ਬਦਲਣ ਲਈ ਵਰਤਣਾ ਚਾਹੁੰਦਾ ਸੀ ਪਰ ਸਿਫ਼ਤ ਲੇਖਕ ਦੇ ਆਪਣੇ ਵੱਸ ਨਹੀਂ ਹੁੰਦੀ। ਪਹਿਲਾਂ ਸਿਫ਼ਤੀਆਂ ਦੇ ਹੱਥ ਹੁੰਦੀ ਹੈ ਕਿੰਨੀ ਤੇ ਕਿਹੋ ਜਿਹੀ ਕਰਨੀ ਹੈ। ਫੇਰ ਸਿਫ਼ਤਫ਼ਰੋਸ਼ਾਂ ਦੇ ਹੱਥ ਵਿਚ; ਕਿਵੇਂ ਵੇਚਣੀ-ਵੱਟਣੀ ਤੇ ਸਿਆਸਤ ਕਰਨੀ ਹੈ। ਹਰਿੰਦਰ ਨੂੰ ਤਾਂ ਸੌਦਾ ਕਰਨਾ ਹੀ ਨਹੀਂ ਆਉਂਦਾ ਸੀ। ਆਲੂ-ਗੋਭੀ, ਮਿਰਚ-ਮਸਾਲਾ ਖ਼ਰੀਦਣ ਵੇਲੇ ਵੀ ਹਰਫਲ ਜਾਂਦਾ ਸੀ। ਉਹ ਆਪਣੀ ਸਿਫ਼ਤ ਨੂੰ ਲੋਕ ਭਲੇ ਲਈ ਵਰਤਣ ਵਿਚ ਆਪ ਵਰਤਿਆ ਗਿਆ।

ਇਕ ਵਾਰ ਮੈਂ ਉਹਨੂੰ ਪੁੱਛਿਆ, ਜਿਹੜੇ ਲੋਕ ਪੂਰਨ ਸਿੰਘ ਨੂੰ 'ਜਾਹਨ ਸਾਈਮਨ ਨੂੰ ਖੁੱਲ੍ਹੀ ਚਿੱਠੀ' ਲਿਖਣ ਕਰਕੇ ਹੀ ਜਾਣਦੇ ਹਨ, ਉਹ ਉਹਨੂੰ ਕਿੰਨਾ ਕੁ ਜਾਣਦੇ ਹਨ?

"ਆਪਣੀ ਹੋਂਦ ਦੇ ਮਹਾਂ ਸੰਘਰਸ਼ ਵਿਚ ਜੂਝਦੀਆਂ ਕੌਮਾਂ ਕਿਸੇ ਲੇਖਕ ਨੂੰ ਆਪਣੇ ਈ ਤਰਕ ਨਾਲ ਵੇਖਦੀਆਂ ਨੇ," ਉਹਨੇ ਉਤਰ ਦਿੱਤਾ।

ਮੈਂ ਉਹਦੇ ਮੂੰਹ ਵੱਲ ਵੇਖਣ ਲੱਗ ਪਿਆ। ਇਹ ਕੋਈ ਉਤਰ ਨਹੀਂ ਸੀ। ਭਾਰਾ ਜਿਹਾ ਪੱਥਰ ਮੇਰੇ ਵੱਲ ਵਗ੍ਹਾ ਮਾਰਿਆ ਸੀ। ਪਹਿਲੀ ਵਾਰ ਉਹ ਇੰਨਾ ਵਿੰਗ-ਤੜਿੰਗਾ ਹੋ ਕੇ ਬੋਲਿਆ ਸੀ। ਉਹ ਤਾਂ ਸਿੱਧੀ ਗੱਲ ਕਰਨ ਵਾਲਾ ਬੰਦਾ ਸੀ। ਜੋ ਜੀਅ ਆਉਂਦਾ, ਕਹਿ ਦਿੰਦਾ ਸੀ। ਲਗਮਾਤਰ, ਕੰਨਾ, ਸਿਹਾਰੀ, ਬਿਹਾਰੀ ਨਹੀਂ ਸੀ ਲਾਉਂਦਾ। ਮੈਨੂੰ ਯਾਦ ਹੈ ਕਿ ਇਕ ਦਿਨ ਭੂਤਵਾੜੇ ਵਿਚ ਮਾਓ ਦੀਆਂ ਕਵਿਤਾਵਾਂ ਅਨੁਵਾਦ ਕਰਦਾ-ਕਰਦਾ ਉਹ ਮੰਜੀ 'ਤੇ ਲੇਟ ਗਿਆ। ਅੱਖਾਂ ਮੀਚ ਲਈਆਂ, ਕਹਿੰਦਾ, "ਆਲਸ ਵੀ ਕੋਈ ਦੈਵੀ ਅਵਸਥਾ ਐ। ਇਸੇ ਵਿਚੋਂ ਕਲਾ ਪੈਦਾ ਹੁੰਦੀ ਐ।" ਮੈਂ ਕਿਹਾ, "ਕਵੀ ਜੀ, ਇਨਕਲਾਬ ਪਿੱਛੋਂ ਆਲਸੀਆਂ ਲਈ ਕੋਈ ਥਾਂ ਨਹੀਂ ਹੋਣੀ।"

"ਇਹ ਟੈਰੇ ਦਾ ਇਨਕਲਾਬ ਐ ਫੇਰ। ਇਹੋ ਜਿਹਾ ਇਨਕਲਾਬ ਕੋਈ ਦਾਸਤੋਵਸਕੀ ਪੈਦਾ ਨਹੀਂ ਕਰ ਸਕਦਾ," ਉਹ ਮੰਜੀ ਤੋਂ ਉਠ ਖੜ੍ਹਾ ਹੋਇਆ। ਹੱਥ ਵਿਚ ਮਾਓ, ਹੋਂਠਾਂ 'ਤੇ ਗ਼ਾਲਿਬ, ਉਹ ਵਿਹੜੇ ਵਿਚ ਗੇੜੇ ਕੱਢਣ ਲੱਗ ਪਿਆ:

ਦਿਲ ਢੂੰਡਤਾ ਹੈ ਫਿਰ ਵਹੀ ਫ਼ੁਰਸਤ ਕੇ ਰਾਤ ਦਿਨ।

ਬੈਠੇ ਰਹੇਂ ਤਸੱਵਰੁ-ਇ-ਜਾਨਾ ਕਿਏ ਹੂਏ...।

ਪੂਰਨ ਸਿੰਘ ਨੂੰ ਉਹ ਲੂੰ ਲੂੰ ਵਿਚੋਂ ਪਿਆਰ ਕਰਦਾ ਸੀ। ਉਹਨੂੰ ਸਾਈਮਨ ਵਾਲੀ ਚਿੱਠੀ ਲਿਖਣ ਵਾਲੇ ਪੂਰਨ ਸਿੰਘ ਨਾਲ ਮੇਚਣਾ ਉਹ ਸਹਾਰ ਨਹੀਂ ਸਕਦਾ ਸੀ। ਇਹ ਪੂਰਨ ਸਿੰਘ ਦੀ ਸਿਆਸੀ ਵਰਤੋਂ ਸੀ। ਸਿਆਸਤ ਬੰਦੇ ਨੂੰ ਉਨਾ ਕੁ ਵਰਤਦੀ ਹੈ, ਜਿੰਨੀ ਲੋੜ ਹੁੰਦੀ ਹੈ। ਬਾਕੀ ਨੂੰ ਕੱਟ ਕੇ ਸੁੱਟ ਦਿੰਦੀ ਹੈ। ਉਹ ਚੁੱਪ ਸੀ। ਉਹਦੀ ਚੁੱਪ ਵਿਚ ਦੁੱਖ ਸੀ। ਦੁੱਖ ਵਿਚੋਂ ਬਾਹਰ ਕੱਢਣ ਲਈ ਮੈਂ ਬੇਕਿਰਕ ਹੋ ਕੇ ਕਿਹਾ:

"ਹੋ ਸਕਦੈ ਤੈਨੂੰ ਵੀ ਲੋਕ ਏਸੇ ਕਰਕੇ ਹੀ ਜਾਣਨ ਕਿ ਤੂੰ 'ਨੀਂਦਾਂ ਦਾ ਕਤਲ' ਤੇ 'ਸ਼ਹੀਦ ਦਾ ਗ਼ਜ਼ਬ' ਕਵਿਤਾ ਜਾਂ 'ਸਹਿਜੇ ਰਚਿਓ ਖ਼ਾਲਸਾ' ਦਾ ਲੇਖਕ ਹੈਂ!"

ਹਰਿੰਦਰ ਨੇ ਮੇਰੇ ਵੱਲ ਬਸ ਘੂਰ ਕੇ ਵੇਖਿਆ। ਚੁੱਪ ਰਿਹਾ। ਤੇ ਬਹੁਤ ਦਿਨ ਮੇਰੇ ਨਾਲ ਗੁੱਸੇ ਰਿਹਾ। ਤੇ ਫੇਰ ਉਸ ਦਿਨ ਦਾਸਤੋਵਸਕੀ ਦੀ ਗੱਲ ਵਿਚ ਮੈਨੂੰ ਕਿਹਾ ਸੀ, ਮੇਰੇ ਮਰਨ ਪਿੱਛੋਂ ਮੇਰੇ 'ਤੇ ਸੁਹਣਾ ਜਿਹਾ ਲੇਖ ਲਿਖੀਂ।

ਹਰਿੰਦਰ ਚਾਹੁੰਦਾ ਸੀ, ਉਹਨੂੰ ਲੋਕ ਉਹਦੇ ਮਹਾਂ ਕਾਵਿ ਵਿਚੋਂ ਵੇਖਣ। 'ਸਹਿਜੇ ਰਚਿਓ ਖ਼ਾਲਸਾ' ਨੂੰ ਉਹ 'ਹਿਸਾਬੀ ਦਲੀਲਬਾਜ਼ੀ' ਅਤੇ 'ਝਨਾਂ ਦੀ ਰਾਤ' ਨੂੰ ਉਹ ਮਹਾਂ ਕਾਵਿ ਦੀ ਵਰਣਮਾਲਾ ਸਮਝਦਾ ਸੀ। 'ਝਨਾਂ ਦੀ ਰਾਤ' ਦੇ ਮੁਖਬੰਦ ਦੇ ਅੰਤ ਵਿਚ ਉਹ ਕਹਿੰਦਾ ਹੈ:

"ਹੁਣ ਮੇਰਾ ਕਵੀ-ਮਨ ਦਿਸਦੀ ਅਸਲੀਅਤ ਦੀ ਜ਼ਮੀਨ ਉਤੇ ਖਲੋ ਕੇ 'ਸਹਿਜੇ ਰਚਿਓ ਖ਼ਾਲਸਾ' ਵਿਚ ਆਖੀਆਂ ਗੱਲਾਂ ਦੀ ਹੋਰ ਸਫ਼ਾਈ ਦੇਣ ਲਈ ਹਿਸਾਬੀ ਦਲੀਲਾਂ ਵਿਚ ਨਹੀਂ ਪੈਣਾ ਚਾਹੁੰਦਾ, ਮੈਂ ਕਿਸੇ ਲੰਮੀ ਕਾਵਿ ਸਿਰਜਣਾ ਦੇ ਵਿਜੈਈ ਜਲਾਲ ਰਾਹੀਂ ਹੀ ਉਸ ਦੇ ਸੱਚ ਨੂੰ ਸਥਾਪਤ ਕਰਨ ਲਈ ਤ੍ਰਿਖਾਵੰਤ ਹਾਂ। ਇਹ ਕਵਿਤਾਵਾਂ (ਝਨਾਂ ਦੀ ਰਾਤ) ਵਿਚਕਾਰਲਾ ਪੜਾਅ ਹਨ। ਇਹ ਅਗਲੀ ਕਵਿਤਾ ਨੂੰ ਸਮਝਣ ਲਈ ਵਰਣਮਾਲਾ ਹਨ...।"

ਹਰਿੰਦਰ ਇਸ ਵਿਚਕਾਰਲੇ ਪੜਾਅ ਤੋਂ ਲੰਘ ਰਿਹਾ ਸੀ। ਉਸ ਦੇ ਪ੍ਰਸ਼ੰਸਕ ਉਥੇ ਹੀ ਖੜ੍ਹੇ ਸਨ। ਸ਼ਰਧਾਵਾਨਾਂ ਨੂੰ ਸ਼ਰਧਾ ਤੁਰਨ ਨਹੀਂ ਦਿੰਦੀ, ਨਾ ਨੀਤੀਵਾਨਾਂ ਨੂੰ ਨੀਤੀ। ਮੱਥਾ ਤੁਰਦੇ ਪੈਰਾਂ 'ਤੇ ਨਹੀਂ ਟਿਕਦਾ। ਪੈਰ ਨਾ ਰੁਕਣ ਤਾਂ ਉਨ੍ਹਾਂ ਦੀਆਂ ਖੜਾਵਾਂ ਵਰਤ ਲਈਆਂ ਜਾਂਦੀਆਂ ਹਨ। ਮੈਨੂੰ ਹਰਿੰਦਰ ਨੇ ਦੱਸਿਆ ਸੀ 'ਇਲਾਹੀ ਨਦਰ ਦੇ ਪੈਂਡੇ' ਨਾਲੋਂ ਅਜੇ ਵੀ 'ਸਹਿਜੇ ਰਚਿਓ ਖ਼ਾਲਸਾ' ਅਤੇ 'ਝਨਾਂ ਦੀ ਰਾਤ' ਵਧੇਰੇ ਪੜ੍ਹੀ ਜਾ ਰਹੀ ਹੈ।

ਮੈਂ ਉਸ ਦਾ ਪ੍ਰਸ਼ੰਸਕ ਨਹੀਂ ਸੀ, ਮਿੱਤਰ ਸੀ। ਸਾਡੇ ਵਿਚ ਅਨੇਕਾਂ ਮਤਭੇਦ ਸਨ ਪਰ ਮੈਨੂੰ ਉਹਦੇ ਅੰਦਰ ਆਉਣ-ਜਾਣ ਦੀ ਖੁੱਲ੍ਹ ਸੀ। ਉਹ ਆਪਣੇ ਆਪ ਕੋਲੋਂ ਲੁਕਾਉਣ ਵਾਲੀਆਂ ਗੱਲਾਂ ਵੀ ਮੈਨੂੰ ਦੱਸ ਦਿੰਦਾ ਸੀ ਅਤੇ ਆਪ ਕਈ ਵਾਰ ਭੁੱਲ ਜਾਂਦਾ ਸੀ। ਮੈਂ ਉਹਦੀ ਦੂਜੀ ਸਿਮਰਤੀ (ਮੈਮਰੀ ਡਰਾਈਵ) ਸੀ।

ਹਰਿੰਦਰ ਅੰਦਰੋਂ ਉਦਾਸ ਸੀ। ਇਹ ਉਦਾਸੀ ਪਿੰਡੇ ਦੀ ਨਹੀਂ, ਪਿੰਡ (ਵਿਸ਼ਵ) ਦੀ ਸੀ। ਇਹ ਗੱਲ ਨਹੀਂ ਕਿ ਉਹਨੂੰ ਪਿੰਡੇ ਦਾ ਦੁੱਖ ਨਹੀਂ ਸੀ। ਉਹ ਅੰਤਿਮ ਸੁਆਸ ਤਕ ਇਹਦੀ ਭਖ਼ਦੀ ਤਵੀ 'ਤੇ ਬੈਠਾ ਰਿਹਾ ਹੈ ਪਰ ਇਕ ਸ਼ਬਦ ਨੂੰ ਵੀ ਸੇਕ ਨਹੀਂ ਲੱਗਣ ਦਿੱਤਾ। ਉਹਦੀ ਕਵਿਤਾ ਸਰੀਰ ਜਸ਼ਨ ਤੇ ਰਸ ਕਸ ਤੋਂ ਵਿਰਵੀ ਵੀ ਨਹੀਂ। ਉਹ ਕਿਹੜੇ ਸਰੀਰ ਵਿਚ ਬਹਿ ਕੇ ਲਿਖਦਾ ਸੀ, ਇਹ ਗੱਲ ਵੀ ਗੌਲਣਯੋਗ ਹੈ।

ਉਹਦੀ ਉਦਾਸੀ ਹੱਦ ਦੀ ਸੀ। ਵਿਸ਼ਵ ਦੇ ਵਿਨਾਸ਼ ਦੀ। ਮ੍ਰਿਤੂ ਤੋਂ ਕੁਝ ਦਿਨ ਪਹਿਲਾਂ ਜਦੋਂ ਉਹ ਸਰੀਰਕ ਪੀੜ ਨਾਲ ਨਿਢਾਲ ਸੀ, ਮੇਰੇ ਨਾਲ ਗੱਲਾਂ ਕਰਦਿਆਂ ਕਹਿੰਦਾ 'ਸਾਡੀ ਪਿਆਰੀ ਧਰਤੀ ਤਬਾਹ ਹੋਈ ਜਾ ਰਹੀ ਹੈ।' ਮੈਂ ਕਿਹਾ, "ਕਵੀ ਜੀ, ਚਿੰਤਾ ਨਾ ਕਰੋ, ਕਿਤੇ ਨਾ ਕਿਤੇ ਘਾਹ ਦੀਆਂ ਤਿੜ੍ਹਾਂ ਬਚੀਆਂ ਰਹਿ ਜਾਣਗੀਆਂ।" ਉਹ ਧੀਮੀ ਆਵਾਜ਼ ਵਿਚ ਬੋਲਿਆ, "ਸਹੀ ਹੈ, ਗੁਰੂ ਜੀ ਵੀ ਏਹੀ ਧਰਵਾਸ ਦਿੰਦੇ ਹਨ, 'ਦਾਵਾ ਅਗਨ ਬਹੁਤ ਤ੍ਰਿਣ ਜਾਲੇ ਕੋਈ ਹਰਿਆ ਬੂਟਾ ਰਹਿਓ ਰੀ।"

ਉਹਦਾ ਮੇਰੇ ਨਾਲ ਇਹ ਅੰਤਿਮ ਬਚਨ ਸੀ। ਸਾਡੀ ਪੀੜ੍ਹੀ ਵਿਚ ਧਰਤੀ ਦੀ ਇੰਨੀ ਚਿੰਤਾ ਕਰਨ ਵਾਲਾ ਮੈਨੂੰ ਕੋਈ ਹੋਰ ਕਵੀ ਨਹੀਂ ਦਿਸਦਾ। ਨਵੀਂ ਕਵਿਤਾ ਸੰਸਕ੍ਰਿਤੀ ਦੇ ਪ੍ਰਸੰਗ ਤੋਂ ਵਿਜੋਗੀ ਗਈ ਹੈ। ਨਿਕ-ਸੁਕ ਦੇ ਵੇਰਵਿਆਂ ਦੀ ਤਸਵੀਰਕਸ਼ੀ ਵਿਚ ਖਚਿਤ ਹੋ ਗਈ ਹੈ। ਹਰਿੰਦਰ ਨੂੰ ਸਿਮਰਦਿਆਂ ਮੈਨੂੰ ਉਹ ਕਵੀ ਯਾਦ ਆਉਂਦੇ ਹਨ ਜਿਹੜੇ ਧਰਤੀ ਦੀ ਚਿੰਤਾ ਕਰਦੇ ਹਨ।

ਹਰਿੰਦਰ ਦਾ ਵਿਸ਼ਵਾਸ ਸੀ, ਵਿਸ਼ਵ ਦੇ ਸਰਵਨਾਸ਼ ਨੂੰ ਕੇਵਲ ਗੁਰੂਸੁਰਤ ਹੀ ਬਚਾ ਸਕਦੀ ਹੈ। ਉਹ ਵੀ ਕਵਿਤਾ ਰਾਹੀਂ।

ਕਵਿਤਾ 'ਤੇ ਏਡਾ ਵੱਡਾ ਦਾਈਆ ਮੈਨੂੰ ਹੈਰਾਨ ਕਰਦਾ ਹੈ। ਅੱਜ ਕੱਲ੍ਹ ਬਹੁਤੇ ਕਵੀ ਤਾਂ ਆਪ ਵੀ ਕਵਿਤਾ ਨੂੰ ਫ਼ਾਲਤੂ ਸਮਝਣ ਲੱਗ ਪਏ ਹਨ। ਇਸ ਗੱਲੋਂ ਹਰਿੰਦਰ ਦੀ ਕਵਿਤਾ ਪੜ੍ਹਨਾ ਕਵਿਤਾ 'ਤੇ ਮਾਣ ਕਰਨਾ ਹੈ। ਆਪਣੇ ਕਵੀ ਹੋਣ 'ਤੇ ਮਾਣ ਕਰਨਾ ਹੈ।

ਅਸੀਂ ਹਰਿੰਦਰ ਦੇ ਚਿੰਤਨ 'ਤੇ ਸ਼ੰਕਾ ਕਰ ਸਕਦੇ ਹਾਂ ਪਰ ਉਸ ਦੀ ਚਿੰਤਾ 'ਤੇ ਨਹੀਂ। ਤੇ ਕਵਿਤਾ ਦੇ ਪ੍ਰਾਣ ਚਿੰਤਨ ਵਿਚ ਨਹੀਂ, ਚਿੰਤਾ ਵਿਚ ਹੁੰਦੇ ਹਨ।

ਮੈਨੂੰ ਹਰਿੰਦਰ ਇਸ ਗੱਲੋਂ ਵੀ ਚੰਗਾ ਲੱਗਦਾ ਹੈ ਕਿ ਉਹ ਆਪਣੇ ਆਪ ਨੂੰ ਵਿਸ਼ਵ ਦੇ ਮਹਾਂ ਕਵੀਆਂ ਨਾਲ ਮੇਚਦਾ ਸੀ। ਉਹ ਦਾਂਤੇ ਨੂੰ ਵਿਸ਼ਵ ਦਾ ਸਰਵੋਤਮ ਕਵੀ ਮੰਨਦਾ ਸੀ ਤੇ ਉਹਤੋਂ ਅੱਗੇ ਨਿਕਲਣ ਦੀ ਦਾਈ ਲਾਈ ਹੋਈ ਸੀ। ਇਕ ਚਿੱਠੀ ਵਿਚ ਉਹ ਲਿਖਦਾ ਹੈ, ਜੇ ਤੈਨੂੰ ਮੈਂ ਸ਼ੇਖ਼ਚਿਲੀ ਲੱਗਦਾ ਹਾਂ ਤਾਂ ਮੈਨੂੰ ਸ਼ੇਖ਼ਚਿਲੀਆਂ ਮਾਰ ਲੈਣ ਦੇ। ਉਹਦੇ ਵਿਚ ਹੋਮਰ, ਦਾਂਤੇ, ਮਿਲਟਨ, ਸ਼ੈਕਸਪੀਅਰ, ਵਾਲਟ ਵਿਟਮੈਨ ਤੇ ਤਾਲਸਤਾਏ ਦੇ ਆਕਾਸ਼ ਵਿਚ ਉਡਣ ਦਾ ਜੇਰਾ ਸੀ।

ਇਹ ਲੇਖ ਜਦੋਂ ਅਰੰਭ ਕੀਤਾ, ਉਹ ਜਿਉਂਦਾ ਸੀ। ਅਸੀਂ ਇਕ-ਦੂਜੇ ਬਾਰੇ ਕਦੇ ਨਹੀਂ ਲਿਖਿਆ ਸੀ। ਮੈਂ ਇਹ ਨੇਮ ਤੋੜ ਕੇ ਉਹਨੂੰ ਹੈਰਾਨ ਕਰਨਾ ਚਾਹੁੰਦਾ ਸੀ ਪਰ ਉਹਨੇ ਮੈਨੂੰ ਇਹ ਨੇਮ ਤੋੜਨ ਨਾ ਦਿੱਤਾ। ਮੈਨੂੰ ਉਹਦੇ 'ਤੇ ਗ਼ੁੱਸਾ ਹੈ। ਲੇਖ ਸਮਾਪਤ ਹੋਣ ਤੋਂ ਪਹਿਲਾਂ ਉਹ ਉਨ੍ਹਾਂ ਲੇਖਕਾਂ ਦੀ ਸੰਗਤ ਵਿਚ ਰਲ ਗਿਆ ਜਿਨ੍ਹਾਂ ਨਾਲ ਉਹ ਉਡਣਾ ਚਾਹੁੰਦਾ ਸੀ। ਤੇ ਸਾਡੇ ਆਸਮਾਨ ਨੂੰ ਹੋਰ ਉਚਾ ਕਰਨਾ ਚਾਹੁੰਦਾ ਸੀ। ਉਹਦੇ ਉਤੇ 'ਸੁਹਣਾ ਲੇਖ' ਲਿਖਣ ਦੀ ਦਾਈ ਅਜੇ ਮੇਰੇ ਸਿਰ ਹੈ।

#



*ਪ੍ਰੋ. ਭੁਪਿੰਦਰ ਸਿੰਘ, ਹਰਿੰਦਰ ਸਿੰਘ ਮਹਿਬੂਬ, ਲਾਲੀ ਬਾਬਾ ਤੇ ਗੁਰਦਿਆਲ ਸਿੰਘ ਬੱਲ ਸਾਂਝ ਦੇ ਕੁਝ ਪਲਾਂ ਦੌਰਾਨ*

# ਆਸਟਰੇਲੀਆ ਵੱਲੋਂ ਅਸਾਂਜ ਨੂੰ ਕਲੀਨ ਚਿੱਟ

**ਮੈਲਬਰਨ:** ਵਿਕੀਲੀਕਸ ਵੈੱਬਸਾਈਟ ਦੇ ਕਰਤਾ-ਧਰਤਾ ਜੂਲੀਅਨ ਅਸਾਂਜ ਨੂੰ ਆਸਟਰੇਲੀਆ ਪੁਲਿਸ ਵੱਲੋਂ ਕਲੀਨ ਚਿੱਟ ਦੇ ਦਿੱਤੀ ਗਈ ਹੈ। ਪੁਲੀਸ ਮੁਤਾਬਕ ਅਸਾਂਜ ਨੇ ਆਪਣੇ ਮੁਲਕ 'ਚ ਕਿਸੇ ਵੀ ਤਰ੍ਹਾਂ ਕਾਨੂੰਨ ਦੀ ਉਲੰਘਣਾ ਨਹੀਂ ਕੀਤੀ।

ਪੁਲਿਸ ਨੇ ਕਿਹਾ ਕਿ ਆਸਟਰੇਲੀਅਨ ਫੈਡਰਲ ਪੁਲਿਸ (ਏ.ਐਫ.ਪੀ) ਨੇ ਪ੍ਰਾਪਤ ਵਸਤਾਂ ਦੀ ਜਾਂਚ ਕਰ ਲਈ ਹੈ ਤੇ ਮੁਲਕ 'ਚ ਕਿਸੇ ਅਪਰਾਧਕ ਮਾਮਲੇ ਵਿਚ ਉਸ ਦੀ ਸ਼ਮੂਲੀਅਤ ਦੀ ਪੁਸ਼ਟੀ ਨਹੀਂ ਹੋ ਸਕੀ। ਪਹਿਲਾਂ ਵੈੱਬਸਾਈਟ 'ਤੇ ਸੂਚਨਾ ਲੀਕ ਹੋਣ ਦੀ ਨਿਖੇਧੀ ਕਰਨ ਵਾਲੀ ਆਸਟਰੇਲੀਆ ਦੀ ਪ੍ਰਧਾਨ ਮੰਤਰੀ ਜੂਲੀਆ ਗਿਲਾਰਡ ਨੇ ਕਿਹਾ ਹੈ ਕਿ ਉਸ ਦਾ ਮੰਨਣਾ ਹੈ ਕਿ ਕੂਟਨੀਤਕ ਸੁਨੇਹੇ ਲੀਕ ਕਰਨਾ ਬਹੁਤ ਹੀ ਗੈਰ-ਜ਼ਿੰਮੇਵਾਰਾਨਾ ਕਾਰਵਾਈ ਸੀ ਪਰ ਉਨ੍ਹਾਂ ਨੇ ਪੁਲਿਸ ਵੱਲੋਂ ਕੱਢੇ ਸਿੱਟੇ ਨੂੰ ਸਹੀ ਕਰਾਰ ਦਿੱਤਾ।

ਦੂਜੇ ਪਾਸੇ ਅਟਾਰਨੀ ਜਨਰਲ ਰਾਬਰਟ ਮੈਕਕਲੀਲੈਂਡ ਨੇ ਕਿਹਾ ਕਿ ਇਹ ਮਾਮਲਾ ਪੁਲਿਸ ਨੂੰ ਸੌਂਪ ਕੇ ਸਰਕਾਰ ਨੇ ਸਿਆਣਪ ਤੋਂ ਕੰਮ ਲਿਆ ਹੈ। ਦੱਸਣਯੋਗ ਹੈ ਕਿ ਪਹਿਲਾਂ ਪ੍ਰਧਾਨ ਮੰਤਰੀ ਜੂਲੀਆ ਗਿਲਾਰਡ ਨੇ ਅਸਾਂਜ ਦੀਆਂ ਕਾਰਵਾਈਆਂ ਨੂੰ ਗੈਰ-ਕਾਨੂੰਨੀ ਕਰਾਰ ਦਿੰਦੇ ਹੋਏ ਇਨ੍ਹਾਂ ਦੀ ਨਿਖੇਧੀ ਕੀਤੀ ਸੀ। ਇਸ ਮਗਰੋਂ ਆਪਣੀ ਸੁਰ ਨਰਮ ਕਰਦਿਆਂ ਗਿਲਾਰਡ ਨੇ ਕਿਹਾ ਕਿ ਅਮਰੀਕੀ ਕੇਬਲਾਂ ਦੀ ਚੋਰ ਗੈਰ-ਕਾਨੂੰਨੀ ਕਾਰਵਾਈ ਸੀ ਜਦੋਂਕਿ ਜੂਲੀਆਂ ਅਸਾਂਜ ਨੇ ਇਸ 'ਚ ਬਹੁਤ ਹੀ ਗੈਰ-ਜ਼ਿੰਮੇਵਾਰੀ ਵਾਲੀ ਭੂਮਿਕਾ ਨਿਭਾਈ ਸੀ।

**ਜੂਲੀਅਨ ਅਸਾਂਜ ਰਿਹਾਅ:**

ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜੇ ਨੂੰ 16 ਦਸੰਬਰ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਲੰਦਨ ਹਾਈ ਕੋਰਟ 'ਚੋਂ 2 ਲੱਖ ਪੌਂਡ ਦੇ ਮੁਚੱਲਕੇ 'ਤੇ ਜ਼ਮਾਨਤ ਮਿਲੀ ਹੈ। ਅਦਲਾਤ ਨੇ ਉਸ ਨੂੰ ਪਾਸਪੋਰਟ ਜਮ੍ਹਾ ਕਰਵਾਉਣ ਦਾ ਅਦੇਸ਼ ਦਿੱਤਾ ਹੈ। ਅਸਾਂਜੇ ਨੇ ਆਪਣੇ ਰਿਹਾਈ ਤੋਂ ਬਾਅਦ ਆਪਣੇ ਸਮਰਥਕਾਂ ਦਾ ਉਸ ਦੀ ਜ਼ਮਾਨਤ ਦੇਣ ਤੇ ਉਸ ਨਾਲ ਚਟਾਨ ਵਾਂਗ ਖੜ੍ਹੇ ਹੋਣ ਲਈ ਧੰਨਵਾਦ ਕੀਤਾ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ ਕਿ ਭਾਵੇਂ ਉਸ ਨੂੰ ਹਾਲੇ ਨਿਆਂ ਨਹੀਂ ਮਿਲਿਆ ਹੈ ਪਰ ਨਿਆਂ ਮਿਲਣ ਦੀ ਉਮੀਦ ਅਜੇ ਨਹੀਂ ਛੱਡੀ ਹੈ। ਉਨ੍ਹਾਂ ਕਿਹਾ ਕਿ ਉਹ ਆਪਣਾ ਕੰਮ ਜਾਰੀ ਰੱਖੇਗਾ। ਜ਼ਿਕਰਯੋਗ ਹੈ ਕਿ ਅਸਾਂਜੇ ਨੇ ਅਮਰੀਕਾ ਦੇ ਖ਼ੁਫ਼ੀਆ ਦਸਤਾਵੇਜ਼ਾਂ ਨੂੰ ਜੱਗ ਜ਼ਾਹਰ ਕਰ ਦਿੱਤਾ ਸੀ ਜਿਸ ਕਾਰਨ ਅਮਰੀਕਾ ਸਣੇ ਪੂਰੀ ਦੁਨੀਆ 'ਚ ਭੜਥੂ ਪੈ ਗਿਆ ਸੀ। ਅਮਰੀਕੀ ਨੈੱਟਵਰਕ ਨੇ ਵਿਕੀਲੀਕਸ ਵੈੱਬਸਾਈਟ ਨੂੰ ਆਪਣੀਆਂ ਸੇਵਾਵਾਂ ਦੇਣੀਆਂ ਬੰਦ ਕਰ ਦਿੱਤੀਆਂ ਸਨ। ਬੀਤੇ ਦਿਨੀਂ ਅਸਾਂਜੇ ਨੂੰ ਦੋ ਸਵੀਡਨ ਔਰਤਾਂ ਨਾਲ ਜਿਨਸੀ ਛੇੜਛਾੜ ਤੇ ਜਬਰ ਜਨਾਹ ਦੇ ਮਾਮਲੇ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸ ਨੇ ਅੱਠ ਦਿਨ ਲੰਦਨ ਦੀ ਜੇਲ੍ਹ 'ਚ ਬਿਤਾਏ ਹਨ। ਵਕੀਲਾਂ ਨੇ ਦੂਜੀ ਵਾਰ ਅਸਾਂਜੇ ਖ਼ਿਲਾਫ਼ ਰਿੱਟ ਕੀਤੀ ਸੀ ਪਰ ਉਹ ਅਸਫਲ ਹੋ ਗਏ।



ਅਸਾਂਜ ਨੂੰ ਡਰ ਹੈ ਕਿ ਅਮਰੀਕਾ ਉਸ ਨੂੰ ਫੌਜ ਦੀ ਜਸੂਸੀ ਦੇ ਦੋਸ਼ 'ਚ ਫਸਾਉਣ ਦੀ ਤਿਆਰੀ ਕਰ ਰਿਹਾ ਹੈ ਤੇ ਉਸ ਨੂੰ ਅਮਰੀਕਾ ਹਵਾਲੇ ਕੀਤਾ ਜਾ ਸਕਦਾ ਹੈ। ਆਪਣੀ ਰਿਹਾਈ ਤੋਂ ਪਿਛੋਂ ਅਸਾਂਜ ਨੇ ਕਿਹਾ ਹੈ ਕਿ "ਅਮਰੀਕਾ ਮੈਨੂੰ ਜਾਸੂਸੀ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰਨਾ ਚਾਹੁੰਦਾ ਹੈ ਤੇ ਮੈਨੂੰ ਡਰ ਹੈ ਕਿ ਮੇਰੀ ਆਜ਼ਾਦੀ ਥੋੜ ਦੇਰ ਦੀ ਹੈ ਤੇ ਅਮਰੀਕਾ ਉਸ ਦੀ ਹਵਾਲਗੀ ਦੀ ਕੋਸ਼ਿਸ਼ ਕਰ ਸਕਦਾ ਹੈ। ਅਸਾਂਜ ਦਾ 600 ਏਕੜ ਸੁਫੋਲਕ ਅਸਟੇਟ ਵਿਖੇ ਆਪਣੀ ਮਾਤਾ ਨਾਲ ਭਾਵੁਕ ਮਿਲਾਪ ਹੋਇਆ ਤੇ ਇੱਥੇ ਉਹ ਘਰ ਵਿਚ ਹੀ ਨਜ਼ਰਬੰਦ ਸੀ।

## ਅਮਰੀਕੀ ਡਰੋਨ ਹਮਲੇ 'ਚ ਕਮਾਂਡਰ ਸਣੇ 26 ਅਤਿਵਾਦੀ ਹਲਾਕ

**ਪਿਸ਼ਾਵਰ:** ਅਮਰੀਕੀ ਡਰੋਨਾਂ ਵੱਲੋਂ ਉੱਤਰ-ਪੱਛਮੀ ਪਾਕਿਸਤਾਨ ਦੇ ਗੜਬੜ ਵਾਲੇ ਖ਼ੈਬਰ ਕਬਾਇਲੀ ਖੇਤਰ 'ਚ 17 ਦਸੰਬਰ ਨੂੰ ਅਤਿਵਾਦੀਆਂ ਦੀਆਂ ਛੁਪਣਗਾਹਾਂ 'ਤੇ ਕੀਤੇ ਗਏ ਤਿੰਨ ਵੱਖ-ਵੱਖ ਹਮਲਿਆਂ 'ਚ ਇਕ ਕਮਾਂਡਰ ਸਣੇ 26 ਅਤਿਵਾਦੀ ਮਾਰੇ ਗਏ।

ਸਰਕਾਰੀ ਸੂਤਰਾਂ ਅਨੁਸਾਰ ਖ਼ੈਬਰ ਕਬਾਇਲੀ ਏਜੰਸੀ ਦੇ ਤਿਰਾਹ ਖੇਤਰ 'ਚ ਪਾਬੰਦੀਸ਼ੁਦਾ ਜਥੇਬੰਦੀ ਲਸ਼ਕਰ-ਏ-ਇਸਲਾਮ ਦੇ ਤਿੰਨ ਟਿਕਾਣਿਆਂ 'ਤੇ ਕਈ ਮਿਜ਼ਾਈਲਾਂ ਦਾਗੀਆਂ ਗਈਆਂ। ਪਹਿਲੇ ਦੋ ਹਮਲਿਆਂ 'ਚ ਇਕ ਕਮਾਂਡਰ ਸਮੇਤ ਵੀਹ ਅਤਿਵਾਦੀ ਜਦੋਂਕਿ ਤੀਜੇ ਹਮਲੇ 'ਚ ਛੇ ਅਤਿਵਾਦੀ ਮਾਰੇ ਗਏ। ਸੂਤਰਾਂ ਮੁਤਾਬਕ ਹਮਲਿਆਂ 'ਚ ਕਈ ਅਤਿਵਾਦੀ ਜ਼ਖ਼ਮੀ ਹੋ ਗਏ। ਤਿਰਾਹ ਘਾਟੀ ਦੇ ਸੰਗਾਣਾ 'ਚ ਲਸ਼ਕਰ-ਏ-ਇਸਲਾਮ ਦੇ ਟਿਕਾਣੇ 'ਤੇ ਜਥੇਬੰਦੀ ਦੇ ਮੁਖੀ ਮੰਗਲ ਬਾਗ ਅਫ਼ਰੀਦੀ ਦੀ ਮੌਜੂਦਗੀ ਬਾਰੇ ਸੂਚਨਾ ਮਿਲਣ ਪਿਛੋਂ ਤੀਜਾ ਹਮਲਾ ਕੀਤਾ ਗਿਆ। ਖ਼ੈਬਰ ਕਬਾਇਲੀ ਖੇਤਰ ਵਿਚ ਅਮਰੀਕੀ ਡਰੋਨ ਹਮਲੇ ਇਸ ਕਰਕੇ ਅਹਿਮ ਹਨ ਕਿਉਂਕਿ ਇਹ ਖੇਤਰ ਖ਼ੈਬਰ-ਪਖ਼ਤੂਨਖ਼ਵਾ ਸੂਬੇ ਦੀ ਰਾਜਧਾਨੀ ਪਿਸ਼ਾਵਰ ਨੇੜੇ ਸਥਿਤ ਹੈ।

ਅਫ਼ਗਾਨਿਸਤਾਨ ਵਿਚਲੀਆਂ ਅਮਰੀਕੀ ਤੇ ਨਾਟੋ ਸੈਨਾਵਾਂ ਲਈ ਸਪਲਾਈ ਦੇ ਮੁੱਖ ਰੂਟ ਖ਼ੈਬਰ ਵਿਚ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਤੇ ਲਸ਼ਕਰ-ਏ-ਇਸਲਾਮ ਸਮੇਤ ਕਈ ਅਤਿਵਾਦੀ ਸੰਗਠਨ ਸਰਗਰਮ ਹਨ। ਅਤਿਵਾਦੀ ਅਕਸਰ ਹੀ ਖ਼ੈਬਰ ਰਸਤੇ ਬਲਾਂ ਲਈ ਸਾਮਾਨ ਲਿਜਾ ਰਹੇ ਵਾਹਨਾਂ 'ਤੇ ਹਮਲੇ ਕਰਦੇ ਹਨ।

# ਕਸ਼ਮੀਰ ਅਤੇ ਕਬਾਇਲੀ ਇਲਾਕੇ ਦੀ ਜੰਗ ਦਾ ਅਸਲ ਮਕਸਦ ਕੋਈ ਹੋਰ!

***ਕਬਾਇਲੀ ਖਿੱਤੇ ਵਿਚ ਚੱਲ ਰਹੀ ਜੰਗ ਦੇ ਦੋ ਨਿਸ਼ਾਨੇ ਹਨ। ਅਮਰੀਕਾ ਤੇ ਉਸ ਦੇ ਇਤਿਹਾਦੀਆਂ ਦੀਆਂ ਵਿਰੋਧੀ ਤਨਜ਼ੀਮਾਂ ਦਾ ਖ਼ਾਤਮਾ ਅਤੇ ਇਸ ਦੇ ਨਾਲ-ਨਾਲ ਇਸ ਖਿੱਤੇ 'ਤੇ ਕਬਜ਼ਾ, ਧਰਤੀ ਹੇਠਲੇ ਕੁਦਰਤੀ ਖਜ਼ਾਨਿਆਂ ਦੇ ਭੰਡਾਰ ਆਪਣੀ ਵਰਤੋਂ ਵਿਚ ਲਿਆਉਣਾ ਅਤੇ ਇਸ ਖਿੱਤੇ ਦੀ ਅਰਬਾਂ ਦੀ ਆਬਾਦੀ ਨੂੰ ਆਪਣਾ ਗੁਲਾਮ ਬਣਾ ਕੇ ਰੱਖਣਾ। ਲੋਕ ਸਮਝਦੇ ਹਨ ਕਿ ਅਮਰੀਕੀ ਤੇ ਯੂਰਪੀ ਸਾਮਰਾਜ ਈਸਟ ਇੰਡੀਆ ਕੰਪਨੀ ਦਾ ਨਵਾਂ ਰੂਪ ਹੈ ਜੋ ਇਸ ਖਿੱਤੇ 'ਤੇ ਕਬਜ਼ੇ ਲਈ ਭਰਪੂਰ ਜੰਗੀ ਯਤਨ ਕਰ ਰਿਹਾ ਹੈ।***

ਹਿੰਦੁਸਤਾਨ ਦੀ ਵੰਡ ਕਰੋੜਾਂ ਅਮਨਪਸੰਦ ਹਿੰਦੁਸਤਾਨੀਆਂ ਦੇ ਦਿਲਾਂ ਨੂੰ ਨਾ ਵੰਡ ਸਕੀ ਪਰ ਇਸ ਵੰਡ ਤੋਂ ਬਾਅਦ ਇਸ ਖਿੱਤੇ ਵਿਚ ਧਾਰਮਿਕ ਨਫ਼ਰਤ ਮਜ਼ਹਬੀ ਇੰਤਹਾਪਸੰਦੀ ਅਤੇ ਅਤਿਵਾਦ ਦੀ ਅਜਿਹੀ ਅੱਗ ਲੱਗੀ ਜੋ ਵਧਦੀ-ਵਧਦੀ ਹੁਣ ਨਰਕ ਰੂਪ ਧਾਰ ਚੁੱਕੀ ਹੈ। ਇਸ ਨਰਕ ਵਿਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦਾ ਕਬਾਇਲੀ ਇਲਾਕਾ ਅਤੇ ਪਾਕਿਸਤਾਨ ਤੇ ਹਿੰਦੁਸਤਾਨ ਦੇ ਵੀ ਬਹੁਤ ਸਾਰੇ ਇਨਸਾਨ ਜ਼ਿੰਦਗੀ ਦੀ ਬਾਜ਼ੀ ਹਾਰ ਰਹੇ ਹਨ।

ਅਫ਼ਗਾਨਿਸਤਾਨ ਤੇ ਪਾਕਿਸਤਾਨ ਦੇ ਕਬਾਇਲੀ ਇਲਾਕਿਆਂ ਵਿਚ ਅਮਰੀਕੀ ਤੇ ਨਾਟੋ ਫ਼ੌਜਾਂ ਜਿਨ੍ਹਾਂ ਦੀ ਅਗਵਾਈ ਅਮਰੀਕੀ ਜਰਨੈਲ ਕਰ ਰਹੇ ਹਨ, ਵੱਲੋਂ ਅਫ਼ਗਾਨਿਸਤਾਨ ਤੇ ਫਾਟਾ ਦੇ ਇਲਾਕੇ ਵਿਚ ਹੌਲਨਾਕ ਜੰਗ ਲੜੀ ਜਾ ਰਹੀ ਹੈ ਜਿਸ ਨੂੰ ਅਤਿਵਾਦ ਵਿਰੁਧ ਅਤੇ ਦੁਨੀਆਂ ਵਿਚ ਅਮਨ ਕਾਇਮ ਕਰਨ ਦਾ ਯਤਨ ਵੀ ਕਿਹਾ ਜਾ ਰਿਹਾ ਹੈ।

ਇਹ ਜੰਗ ਤਾਲਿਬਾਨ ਅਤੇ ਉਨ੍ਹਾਂ ਦੇ ਦਹਿਸ਼ਤਗਰਦ ਸਾਥੀਆਂ ਦੇ ਨਾਲ-ਨਾਲ ਹਜ਼ਾਰਾਂ ਬੇਕਸੂਰ ਔਰਤਾਂ-ਮਰਦਾਂ ਤੇ ਮਾਸੂਮ ਬੱਚਿਆਂ ਨੂੰ ਵੀ ਮੌਤ ਦੇ ਘਾਟ ਉਤਾਰ ਰਹੀ ਹੈ। ਤਾਲਿਬਾਨ ਵਿਰੁਧ ਭਰਪੂਰ ਤੇ ਮਾਡਰਨ ਜੰਗ, ਗ਼ਲਤ ਅੰਦਾਜ਼ੇ ਅਤੇ ਢੰਗ ਨਾਲ ਲੜੀ ਜਾ ਰਹੀ ਹੈ। ਇਹੋ ਕਾਰਨ ਹੈ ਕਿ ਪਾਕਿਸਤਾਨ, ਫਾਟਾ ਤੇ ਅਫ਼ਗਾਨਿਸਤਾਨ ਦੇ ਕਰੋੜਾਂ ਅਮਨਪਸੰਦ ਲੋਕ ਜੋ ਇਸ ਜੰਗ ਦੇ ਜ਼ਬਰਦਸਤ ਹਾਮੀ ਸਨ, ਹੁਣ ਇਸ ਜੰਗ ਦੇ ਖਿਲਾਫ਼ ਹੁੰਦੇ ਜਾ ਰਹੇ ਹਨ; ਜਿਵੇਂ ਲੰਮੇ ਸਮੇਂ ਤੱਕ ਭਾਰਤੀ ਕਸ਼ਮੀਰ ਵਿਚ ਕਈ ਲੜਾਕੂ ਤਨਜ਼ੀਮਾਂ ਵੱਲੋਂ ਲੜੀ ਜਾਣ ਵਾਲੀ ਅਸਿੱਧੀ ਜੰਗ ਆਪਣੀ ਹਮਾਇਤ ਗੁਆ ਚੁੱਕੀ ਹੈ। ਕਸ਼ਮੀਰ ਵਿਚ ਲੜਨ ਵਾਲੀਆਂ ਤਨਜ਼ੀਮਾਂ ਨੇ ਹੁਣ ਆਤਮਘਾਤੀ ਹਮਲਿਆਂ ਰਾਹੀਂ ਹਜ਼ਾਰਾਂ ਪਾਕਿਸਤਾਨੀਆਂ ਨੂੰ ਵੀ ਮਾਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਵਿਚ ਫ਼ੌਜੀ ਜਵਾਨ, ਪੁਲਿਸ ਵਿਭਾਗ ਦੇ ਜਵਾਨ, ਮਾਸੂਮ ਬੱਚੇ ਤੇ ਔਰਤਾਂ ਵੀ ਸ਼ਾਮਿਲ ਹਨ। ਸੈਂਕੜੇ ਪੀਰਾਂ-ਫ਼ਕੀਰਾਂ ਅਤੇ ਦਰਵੇਸ਼ਾਂ ਦੇ ਮਜ਼ਾਰ ਵੀ ਇਨ੍ਹਾਂ ਅਤਿਵਾਦੀਆਂ, ਆਤਮਘਾਤੀ ਹਮਲਿਆਂ ਅਤੇ ਬੰਬ ਧਮਾਕਿਆਂ ਰਾਹੀਂ ਢਹਿ-ਢੇਰੀ ਕਰ ਦਿੱਤੇ ਗਏ ਹਨ।

ਪਾਕਿਸਤਾਨ ਦੇ ਕਰੋੜਾਂ ਲੋਕ ਇਨ੍ਹਾਂ ਤਨਜ਼ੀਮਾਂ ਲਸ਼ਕਰ-ਇ-ਝੰਗਵੀ, ਜੈਸ਼-ਇ-ਮੁਹੰਮਦ, ਹਰਕਤ-ਉਲ-ਅਨਸਾਰ, ਲਸ਼ਕਰ-ਇ-ਤੋਇਬਾ, ਸਪਾਹ-ਇ-ਸਹਾਬਾ, ਸਪਾਹ-ਇ-ਮੁਹੰਮਦ ਨੂੰ ਨਫ਼ਰਤ ਕਰਦੇ ਹਨ ਤੇ ਇਨ੍ਹਾਂ ਤੋਂ ਖੌਫ਼ ਵੀ ਖਾਂਦੇ ਹਨ। ਇਹ ਤਨਜ਼ੀਮਾਂ ਹੁਣ ਪਾਕਿਸਤਾਨੀ ਤਾਲਿਬਾਨ ਨਾਲ ਰਲ ਕੇ ਆਤਮਘਾਤੀ ਹਮਲਿਆਂ ਅਤੇ ਬੰਬ ਧਮਾਕਿਆਂ ਰਾਹੀਂ ਹਜ਼ਾਰਾਂ ਮਾਸੂਮ ਪਾਕਿਸਤਾਨੀਆਂ ਨੂੰ ਮਾਰ ਰਹੀਆਂ ਹਨ।

ਕਸ਼ਮੀਰ ਵਿਚ ਅਸਿੱਧੀ ਜੰਗ ਦੀ ਨਾਕਾਮੀ ਦਾ ਗੁੱਸਾ ਬੇਕਸੂਰ ਪਾਕਿਸਤਾਨੀ ਜਨਤਾ ਅਤੇ ਸੁਰੱਖਿਆ ਬਲਾਂ ਦੇ ਜਵਾਨਾਂ ਨੂੰ ਮਾਰ ਕੇ ਕੱਢਿਆ ਜਾ ਰਿਹਾ ਹੈ। ਇਨ੍ਹਾਂ ਤਨਜ਼ੀਮਾਂ ਨੇ ਪਾਕਿਸਤਾਨੀ ਤਾਲਿਬਾਨ ਨਾਲ ਰਲ ਕੇ ਪਾਕਿਸਤਾਨੀ ਸੁਰੱਖਿਆ ਬਲਾਂ, ਖਾਸ ਤੌਰ 'ਤੇ ਫ਼ੌਜ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ।

ਜਨਰਲ (ਰਿਟਾਇਰਡ) ਪਰਵੇਜ਼ ਮੁਸ਼ੱਰਫ਼ ਜੋ ਪਾਕਿਸਤਾਨ ਫ਼ੌਜ ਦੇ ਮੁਖੀ, ਰਾਸ਼ਟਰਪਤੀ ਤੇ ਚੀਫ਼ ਐਗਜ਼ੈਕਟਿਵ ਵੀ ਰਹੇ ਹਨ, ਨੇ ਜਰਮਨੀ ਦੇ ਇਕ ਮੈਗਜ਼ੀਨ ਨੂੰ ਇੰਟਰਵਿਊ ਦਿੰਦੇ ਹੋਏ ਕਿਹਾ ਕਿ ਪਾਕਿਸਤਾਨ ਦੀ ਫ਼ੌਜ ਭਾਰਤੀ ਕਸ਼ਮੀਰ ਵਿਚ ਹਿੰਦੁਸਤਾਨੀ ਫ਼ੌਜ ਨਾਲ ਲੜਨ ਲਈ ਕਈ ਲੜਾਕੂ ਜਥੇ ਬਣਾ ਕੇ ਭੇਜਦੀ ਰਹੀ ਹੈ ਤਾਂ ਕਿ ਕਸ਼ਮੀਰ ਬਾਰੇ ਗੱਲਬਾਤ ਲਈ ਹਿੰਦੁਸਤਾਨੀ ਸਰਕਾਰ ਨੂੰ ਮਜਬੂਰ ਕੀਤਾ ਜਾ ਸਕੇ।

ਜਨਰਲ ਮੁਸ਼ੱਰਫ਼ ਦੇ ਕਸ਼ਮੀਰ ਬਾਰੇ ਇਸ ਇੰਟਰਵਿਊ ਨੇ ਕਸ਼ਮੀਰ ਮਸਲੇ ਦਾ ਸਾਰਾ ਦ੍ਰਿਸ਼ ਹੀ ਬਦਲ ਕੇ ਰੱਖ ਦਿੱਤਾ ਹੈ। ਪਾਕਿਸਤਾਨੀ ਫ਼ੌਜੀ ਜਰਨੈਲ ਹੋਣ ਜਾਂ ਸਿਆਸੀ ਲੀਡਰਸ਼ਿਪ, ਇਨ੍ਹਾਂ ਪਿਛਲੇ 50 ਸਾਲਾਂ ਤੋਂ ਪਾਕਿਸਤਾਨੀ ਕੌਮ ਨੂੰ ਹਿੰਦੁਸਤਾਨ ਨਾਲ ਝਗੜੇ ਦਾ ਸਬੱਬ ਬਣੇ ਸਾਰੇ ਮਸਲਿਆਂ ਬਾਰੇ ਕਦੀ ਸੱਚੀ ਗੱਲ ਅਤੇ ਸਹੀ ਹਕੀਕਤ ਨਹੀਂ ਦੱਸੀ। ਇਹ ਲੀਡਰਸ਼ਿਪ ਕਰਦੀ ਕੁਝ ਰਹੀ ਹੈ ਤੇ ਕੌਮ ਨੂੰ ਦੱਸਦੀ ਕੁਝ ਹੋਰ ਰਹੀ ਹੈ। ਇਹ ਲੀਡਰਸ਼ਿਪ ਪਿਛਲੀ ਅੱਧੀ ਸਦੀ ਤੋਂ ਪਾਕਿਸਤਾਨੀ ਕੌਮ ਦੇ ਦਿਲਾਂ ਵਿਚ ਹਿੰਦੁਸਤਾਨ ਤੇ ਹਿੰਦੁਸਤਾਨੀਆਂ ਬਾਰੇ ਨਫ਼ਰਤ ਤੇ 'ਕਰੱਸ਼ ਇੰਡੀਆ' ਦੇ ਜਜ਼ਬਾਤ ਭਰਨ ਦੇ ਯਤਨ ਕਰਦੀ ਰਹੀ ਹੈ ਪਰ ਇਸ ਨਾਅਹਿਲ ਲੀਡਰਸ਼ਿਪ ਨੇ ਤਬਾਹ ਪਾਕਿਸਤਾਨ ਨੂੰ ਹੀ ਕਰਾ ਦਿੱਤਾ ਅਤੇ 1971 'ਚ ਪਾਕਿਸਤਾਨੀ ਫ਼ੌਜ ਦੀ ਕੰਡ ਲਵਾ ਕੇ ਰੱਖ ਦਿੱਤੀ।

ਲੀਡਰਸ਼ਿਪ ਦੇ ਹਜ਼ਾਰਾਂ ਯਤਨਾਂ ਦੇ ਬਾਵਜੂਦ ਹਿੰਦੁਸਤਾਨ ਅਤੇ ਹਿੰਦੁਸਤਾਨੀਆਂ ਬਾਰੇ ਨਫ਼ਰਤ ਦੇ ਇਹ ਜਜ਼ਬਾਤ ਪਾਕਿਸਤਾਨੀ ਕੌਮ ਦੇ ਮਨਾਂ ਵਿਚ ਨਹੀਂ ਸਮਾ ਸਕੇ। ਜੋ ਸਾਦਾ ਅਤੇ ਭੋਲੇ ਪਾਕਿਸਤਾਨੀ ਹਿੰਦੁਸਤਾਨ ਵਿਰੁਧ ਮੀਡੀਆ ਪ੍ਰਾਪੇਗੰਡਾ ਤੋਂ ਮੁਤਾਸਰ ਵੀ ਸਨ, ਉਨ੍ਹਾਂ ਦੇ ਦਿਲਾਂ ਵਿਚੋਂ ਵੀ ਹਿੰਦੁਸਤਾਨ ਤੇ ਹਿੰਦੁਸਤਾਨੀਆਂ ਬਾਰੇ ਨਫ਼ਰਤ ਦਾ ਲਾਵਾ ਭਾਫ਼ ਬਣ ਕੇ ਉਡਦਾ ਜਾ ਰਿਹਾ ਹੈ। ਪਾਕਿਸਤਾਨੀ ਕੌਮ ਭਾਰਤੀ ਸਲਾਮਤੀ ਲਈ ਦੁਆਗੋਹ (ਅਰਦਾਸ ਕਰਦੀ) ਹੈ ਅਤੇ ਚਾਹੁੰਦੀ ਹੈ ਕਿ ਅਸੀਂ ਸੱਚੇ-ਸੁੱਚੇ ਦੋਸਤਾਂ ਵਾਂਗ ਰਹੀਏ। ਦਰਅਸਲ ਹਿੰਦੁਸਤਾਨ ਨਾਲ ਨੇੜਤਾ ਅਤੇ ਦੋਸਤਾਨਾ ਸਬੰਧਾਂ ਬਾਰੇ ਪਾਕਿਸਤਾਨੀ ਕੌਮ ਦਾ ਮੂੰਹ ਚੜ੍ਹਦੇ ਪਾਸੇ ਵੱਲ ਹੈ ਪਰ ਪਾਕਿਸਤਾਨੀ ਨੀਤੀ-ਘਾੜਿਆਂ ਅਫਸਰਸ਼ਾਹਾਂ, ਫ਼ੌਜ ਤੇ ਸਿਆਸੀ ਲੀਡਰਸ਼ਿਪ ਦਾ ਮੂੰਹ ਲਹਿੰਦੇ ਪਾਸੇ ਵੱਲ ਹੈ। ਅੱਜ ਵਾਹਗਾ ਬਾਰਡਰ ਖੋਲ੍ਹ ਕੇ ਦੇਖ ਲਿਆ ਜਾਵੇ। ਪਾਕਿਸਤਾਨੀ ਦੀਵਾਨਗੀ ਤੇ ਜਨੂੰਨ 'ਚ ਡੁੱਬੇ ਲੋਕ ਸਰਹੱਦੋਂ ਪਾਰ ਹਿੰਦੁਸਤਾਨੀਆਂ ਦੇ ਸੀਨੇ ਜਾ ਲੱਗਣਗੇ।

ਜਨਰਲ ਪਰਵੇਜ਼ ਮੁਸ਼ੱਰਫ਼ ਜਿਸ ਨੇ 1998 ਵਿਚ ਫ਼ੌਜ ਦਾ ਮੁਖੀ ਬਣਨ ਤੋਂ ਬਾਅਦ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼, ਹਵਾਈ ਸੈਨਾ ਦੇ ਮੁਖੀ ਤੇ ਜਲ ਸੈਨਾ ਦੇ ਮੁਖੀ ਨੂੰ ਭਰੋਸੇ ਵਿਚ ਲਏ ਬਿਨਾਂ ਕਾਰਗਿਲ 'ਤੇ ਫ਼ੌਜਾਂ ਚਾੜ੍ਹ ਦਿੱਤੀਆਂ ਸਨ, ਫ਼ੌਜੀ ਜਵਾਨਾਂ ਲਈ ਰਾਸ਼ਨ ਅਤੇ ਹਥਿਆਰਾਂ ਦੀ ਸਪਲਾਈ ਦਾ ਵੀ ਮੁਨਾਸਿਬ ਢੰਗ ਨਾਲ ਪ੍ਰਬੰਧ ਨਹੀਂ ਸੀ ਕਰ ਸਕਿਆ। ਪਾਕਿਸਤਾਨ ਦੀ ਪੂਰੀ ਦੁਨੀਆ ਵਿਚ ਜੱਗ ਹੱਸਾਈ ਹੋਈ। ਇਸ ਦੇ ਨਾਲ-ਨਾਲ ਸ਼ਰਮਨਾਕ ਹਾਰ ਦਾ ਵੀ ਸਾਹਮਣਾ ਕਰਨਾ ਪਿਆ। ਇਸ ਕਾਰਨ ਪੂਰੀ ਪਾਕਿਸਤਾਨੀ ਫ਼ੌਜ ਦਾ ਨੈਤਿਕ ਪਤਨ ਵੀ ਹੋਇਆ।

ਪਾਕਿਸਤਾਨ ਦੀ ਕੋਈ ਵੀ ਲੀਡਰਸ਼ਿਪ ਇਸ ਕਾਬਲ ਨਹੀਂ ਹੈ ਜੋ ਇਸ ਮੁਲਕ ਦੇ ਫ਼ੌਜੀ, ਸਿਆਸੀ ਤੇ ਮੁਆਸੀ (ਸਨਅਤ-ਜ਼ਰਾਇਤ-ਤਾਲੀਮ) ਆਦਿ ਮਾਮਲੇ ਸਹੀ ਢੰਗ ਅਤੇ ਸਫਲਤਾ ਨਾਲ ਚਲਾ ਸਕੇ। ਨਾਲਾਇਕ ਅਤੇ ਭ੍ਰਿਸ਼ਟ ਲੀਡਰਸ਼ਿਪ ਕਾਰਨ ਹੀ ਪਾਕਿਸਤਾਨ ਤੇਜ਼ੀ ਨਾਲ ਨਾਕਾਮ ਰਿਆਸਤ ਵੱਲ ਵਧ ਰਿਹਾ ਹੈ। ਅਤਿਵਾਦ ਤੇ ਭ੍ਰਿਸ਼ਟਾਚਾਰ ਸਬੰਧੀ ਕਿਸੇ ਵੀ ਯੋਜਨਾਬੰਦੀ ਦਾ ਨਾ ਹੋਣਾ, ਕੋਈ ਦ੍ਰਿਸ਼ਟੀਕੋਣ ਨਾ ਹੋਣਾ, ਬੋਲੀ ਦੀ ਬੁਨਿਆਦ 'ਤੇ ਸੂਬਾਈ ਕੌਮਾਂ, ਪੰਜਾਬੀਆਂ, ਬਲੋਚੀਆਂ, ਪਠਾਣਾਂ ਅਤੇ ਸਿੰਧੀਆਂ ਵਿਚਕਾਰ ਨਫ਼ਰਤ। ਇਹ ਹੈ ਪਾਕਿਸਤਾਨ ਦੀ ਸਲਾਮਤੀ 'ਤੇ ਲਟਕਦੀ ਹੋਈ ਤਲਵਾਰ।

ਪਾਕਿਸਤਾਨ ਦੀ 17 ਕਰੋੜ ਜਨਤਾ ਨੂੰ ਪਾਕਿਸਤਾਨ ਚਾਹੀਦਾ ਹੈ ਪਰ ਲਗਦਾ ਹੈ ਕਿ ਇਸ ਮੁਲਕ ਦੀ ਸਿਆਸੀ ਲੀਡਰਸ਼ਿਪ ਦਾ ਪਾਕਿਸਤਾਨ ਤੋਂ ਦਿਲ ਭਰ ਗਿਆ ਹੈ। ਜਦ ਤੱਕ ਜਨਰਲ ਮੁਸ਼ੱਰਫ਼ ਅਤੇ ਇਸੇ ਤਰ੍ਹਾਂ ਦੇ ਹੋਰ ਪਾਕਿਸਤਾਨੀ ਲੀਡਰਾਂ ਨੂੰ ਸਿਆਸਤ ਅਤੇ ਸੱਤਾ ਤੋਂ ਬਾਹਰ ਨਾ ਕੀਤਾ ਗਿਆ, ਇਹ ਮੁਲਕ ਨਹੀਂ ਬਚ ਸਕਦਾ। ਪਾਕਿਸਤਾਨ ਦੀ ਅਜਿਹੀ ਲੀਡਰਸ਼ਿਪ ਹੀ

**ਲਹਿੰਦੇ ਪੰਜਾਬ ਤੋਂ ਤਾਹਿਰ ਮਹਿਮੂਦ**

ਹਿੰਦੁਸਤਾਨ ਅਤੇ ਪਾਕਿਸਤਾਨ ਦਰਮਿਆਨ ਮਜ਼ਬੂਤ ਦੋਸਤੀ ਤੇ ਜਨਤਕ ਨੇੜਤਾ ਦੇ 60 ਸਾਲ ਪੁਰਾਣੇ ਸੁਪਨੇ ਨੂੰ ਹਕੀਕਤ ਬਣਾਉਣ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਹੈ।

ਕਬਾਇਲੀ ਇਲਾਕਾ ਖਾਸ ਤੌਰ 'ਤੇ ਉੱਤਰੀ ਤੇ ਦੱਖਣੀ ਵਜ਼ੀਰਸਤਾਨ ਵਿਚ ਡਰੋਨ ਹਮਲੇ, ਤਾਲਿਬਾਨ ਅਤੇ ਇਨ੍ਹਾਂ ਦੀਆਂ ਹਮਾਇਤੀ ਅਤਿਵਾਦੀ ਤਨਜ਼ੀਮਾਂ ਵਿਰੁਧ ਕੀਤੇ ਜਾ ਰਹੇ ਹਨ ਪਰ ਇਨ੍ਹਾਂ ਡਰੋਨ ਹਮਲਿਆਂ 'ਚ ਸੈਂਕੜੇ ਬੇਕਸੂਰ ਔਰਤਾਂ, ਬੱਚੇ ਤੇ ਆਮ ਲੋਕ ਵੀ ਹਲਾਕ ਹੋ ਰਹੇ ਹਨ। ਹੈਰਾਨੀ ਤੇ ਦੁੱਖ ਵਾਲੀ ਗੱਲ ਹੈ ਕਿ ਅਮਰੀਕਨ ਤੇ ਇਨ੍ਹਾਂ ਦੀਆਂ ਇਤਿਹਾਦੀ ਫ਼ੌਜਾਂ ਹਰ ਕਬਾਇਲੀ ਨੂੰ ਤਾਲਿਬਾਨ ਸਮਝਦੀਆਂ ਹਨ ਅਤੇ ਇਸ ਦੇ ਨਾਲ-ਨਾਲ ਕਬਾਇਲੀ ਇਲਾਕੇ ਵਿਚ ਲੜਨ ਵਾਲੀ ਪਾਕਿਸਤਾਨੀ ਫ਼ੌਜ ਦੇ ਜਵਾਨਾਂ ਨੂੰ ਵੀ ਇਸੇ ਨਜ਼ਰ ਤੇ ਸੋਚ ਨਾਲ ਵੇਖਿਆ ਜਾਂਦਾ ਹੈ।

30 ਸਤੰਬਰ, 2010 ਨੂੰ ਖੁਰਮ ਏਜੰਸੀ ਦੇ ਇਲਾਕੇ, ਜੋ ਅਫ਼ਗਾਨ ਸਰਹੱਦ ਦੇ ਨਾਲ ਲਗਦਾ ਹੈ, ਵਿਚ ਨਾਟੋ ਫ਼ੌਜ ਦੇ ਹੈਲੀਕਾਪਟਰਾਂ ਨੇ ਫ਼ਰੰਟੀਅਰ ਐਸਕਾਊਟਸ (ਪਾਕਿਸਤਾਨੀ ਫ਼ੌਜ ਦਾ ਹਿੱਸਾ) ਦੇ ਜਵਾਨਾਂ 'ਤੇ ਫਾਇਰ ਖੋਲ੍ਹ ਦਿੱਤਾ ਜਿਸ ਕਾਰਨ 3 ਪਾਕਿਸਤਾਨੀ ਫ਼ੌਜੀ ਜਵਾਨ ਸ਼ਹੀਦ ਅਤੇ ਦਰਜਨ ਦੇ ਲਗਭਗ ਜ਼ਖਮੀ ਹੋ ਗਏ। ਅਮਰੀਕੀ ਅਤੇ ਨਾਟੋ ਫ਼ੌਜਾਂ ਨੂੰ ਸਾਰਾ ਜੰਗੀ ਸਾਮਾਨ, ਤੇਲ, ਖਾਣ-ਪੀਣ ਦੀਆਂ ਵਸਤਾਂ ਕਰਾਚੀ ਬੰਦਰਗਾਹ ਤੋਂ ਭੇਜਿਆ ਜਾਂਦਾ ਹੈ। ਤੇਲ ਨਾਲ ਭਰ ਕੇ ਤੇਲ ਟੈਂਕਰ, ਅਸਲ੍ਹਾ ਅਤੇ ਖਾਣ-ਪੀਣ ਦੀਆਂ ਵਸਤਾਂ ਨਾਲ ਭਰੇ ਕੰਟੇਨਰ ਕਰਾਚੀ ਬੰਦਰਗਾਹ ਤੋਂ ਤੁਰਖ਼ਮ ਦੇ ਰਸਤੇ ਅਫ਼ਗਾਨਿਸਤਾਨ ਭੇਜੇ ਜਾਂਦੇ ਹਨ। ਇਹੋ ਹੀ ਅਫ਼ਗਾਨਿਸਤਾਨ ਵਿਚ ਲੜਨ ਵਾਲੀਆਂ ਫ਼ੌਜਾਂ ਦੀ ਸਪਲਾਈ ਲਾਈਨ ਹੈ ਜਿਸ 'ਤੇ ਅਫ਼ਗਾਨਿਸਤਾਨ ਵਿਚ ਲੜੀ ਜਾਣ ਵਾਲੀ ਜੰਗ ਦਾ ਦਾਰੋਮਦਾਰ ਹੈ। ਜੇ ਇਹ ਸਪਲਾਈ ਲਾਈਨ ਕੱਟ ਦਿੱਤੀ ਜਾਵੇ ਤਾਂ ਇਤਿਹਾਦੀ ਫ਼ੌਜਾਂ ਅਫ਼ਗਾਨਿਸਤਾਨ ਅੰਦਰ ਇਕ ਮਹੀਨੇ ਤੋਂ ਵੱਧ ਨਹੀਂ ਲੜ ਸਕਦੀਆਂ। ਇਹ ਸਪਲਾਈ ਲਾਈਨ ਕਰਾਚੀ ਬੰਦਰਗਾਹ ਤੋਂ ਸ਼ੁਰੂ ਹੋ ਕੇ ਸਿੰਧ, ਪੰਜਾਬ ਅਤੇ ਬਲੋਚਿਸਤਾਨ ਵਿਚੋਂ ਹੁੰਦੀ ਹੋਈ ਤੋਰਖ਼ਮ 'ਤੇ ਜਾ ਮੁੱਕਦੀ ਹੈ। ਇਹ ਕੁੱਲ 1500 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਬਣਦਾ ਹੈ। ਇਹ ਰਸਤਾ ਪਾਕਿਸਤਾਨ ਦੇ ਅਹਿਮ ਸ਼ਹਿਰਾਂ ਵਿਚੋਂ ਗੁਜ਼ਰਦਾ ਹੈ। ਕਰਾਚੀ, ਸ਼ਿਕਾਰਪੁਰ, ਰਾਵਲਪਿੰਡੀ, ਇਸਲਾਮਾਬਾਦ, ਪਿਸ਼ਾਵਰ ਤੋਂ ਹੋ ਕੇ ਤੋਰਖ਼ਮ ਦੇ ਰਸਤੇ ਅਫ਼ਗਾਨਿਸਤਾਨ ਤੱਕ ਜਾਂਦਾ ਹੈ।

ਤਾਲਿਬਾਨ ਤਨਜ਼ੀਮਾਂ ਵੱਲੋਂ ਰਾਕਟਾਂ ਤੇ ਗੋਲੀਆਂ ਦਾ ਮੀਂਹ ਵਰ੍ਹਾ ਕੇ ਇਸ ਰਸਤੇ 'ਤੇ ਜਾਂਦੇ ਮਾਲ ਨਾਲ ਭਰੇ ਕੰਟੇਨਰਾਂ ਤੇ ਆਇਲ ਟੈਂਕਰਾਂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਤਬਾਹ ਕਰ ਦਿੱਤਾ ਜਾਂਦਾ ਹੈ। ਇੰਜ ਅਮਰੀਕੀ ਤੇ ਨਾਟੋ ਫ਼ੌਜਾਂ ਨੂੰ ਹਰ ਗੁਜ਼ਰਦੇ ਮਹੀਨੇ ਅਰਬਾਂ ਡਾਲਰ ਦਾ ਨੁਕਸਾਨ ਪਹੁੰਚ ਰਿਹਾ ਹੈ। ਅਮਰੀਕੀ ਤੇ ਨਾਟੋ ਫ਼ੌਜਾਂ ਦਾ ਇੰਨਾ ਨੁਕਸਾਨ ਤਾਂ ਅਫ਼ਗਾਨਿਸਤਾਨ ਅੰਦਰ ਵਿੱਢੀ ਲੜਾਈ ਕਾਰਨ ਵੀ ਨਹੀਂ ਹੋ ਰਿਹਾ। ਅਮਰੀਕੀ ਹਵਾਈ ਸੈਨਾ ਵੱਲੋਂ ਕਬਾਇਲੀ ਇਲਾਕੇ ਵਿਚ ਜਿੰਨੇ ਜ਼ਿਆਦਾ ਡਰੋਨ ਹਮਲੇ ਕੀਤੇ ਜਾਂਦੇ ਹਨ, ਓਨੇ ਹੀ ਜ਼ਿਆਦਾ ਹਮਲੇ ਤਾਲਿਬਾਨ ਵੱਲੋਂ ਸਪਲਾਈ ਰੋਡ 'ਤੇ ਜਾ ਰਹੇ ਫ਼ੌਜੀ ਸਾਜ਼ੋ-ਸਾਮਾਨ ਨਾਲ ਭਰੇ (ਜਿਨ੍ਹਾਂ ਵਿਚ ਹੈਲੀਕਾਪਟਰ ਵੀ ਖੋਲ੍ਹ ਕੇ ਭਰੇ ਹੁੰਦੇ ਹਨ) ਸੈਂਕੜੇ ਕੰਟੇਨਰਾਂ ਤੇ ਆਇਲ ਟੈਂਕਰਾਂ 'ਤੇ ਹੋ ਰਹੇ ਹਨ।

ਅਮਰੀਕਾ ਨੇ ਜਦ 2001 ਵਿਚ ਅਫ਼ਗਾਨਿਸਤਾਨ 'ਤੇ ਹਮਲਾ ਕੀਤਾ ਸੀ ਤਾਂ ਜਨਰਲ ਪਰਵੇਜ਼ ਮੁਸ਼ੱਰਫ਼, ਜੋ ਉਸ ਸਮੇਂ ਫ਼ੌਜ ਦੇ ਮੁਖੀ ਸਨ, ਨੇ ਪਾਕਿਸਤਾਨ ਦੇ 5 ਹਵਾਈ ਅੱਡੇ ਅਮਰੀਕੀ ਫ਼ੌਜ ਦੇ ਹਵਾਲੇ ਕਰ ਦਿੱਤੇ ਸਨ। ਅਫ਼ਗਾਨਿਸਤਾਨ ਅੰਦਰ ਸਾਰਾ ਫ਼ੌਜੀ ਐਕਸ਼ਨ ਪਾਕਿਸਤਾਨ ਦੇ ਇਲਾਕੇ ਤੋਂ ਹੀ ਕੀਤਾ ਜਾਂਦਾ ਸੀ। ਅਮਰੀਕੀ ਤੇ ਨਾਟੋ ਫ਼ੌਜਾਂ ਪਾਕਿਸਤਾਨ ਦੇ ਰਸਤੇ ਹੀ ਅਫ਼ਗਾਨਿਸਤਾਨ ਜਾਂਦੀਆਂ ਸਨ। ਸਾਰਾ ਫ਼ੌਜੀ ਸਾਮਾਨ ਤੇ ਤੇਲ ਵੀ ਪਾਕਿਸਤਾਨ ਦੇ ਰਸਤੇ ਹੀ ਅਫ਼ਗਾਨਿਸਤਾਨ ਜਾਂਦਾ ਸੀ ਤੇ ਹੁਣ ਵੀ ਜਾ ਰਿਹਾ ਹੈ। ਇਉਂ ਅਫ਼ਗਾਨਿਸਤਾਨ ਵਿਚ ਹੋ ਰਹੀ ਜੰਗ ਨੇ ਪਾਕਿਸਤਾਨ ਨੂੰ ਵੀ ਲਪੇਟ ਵਿਚ ਲੈ ਲਿਆ। ਆਤਮਘਾਤੀ ਹਮਲਿਆਂ ਤੇ ਬੰਬ ਧਮਾਕਿਆਂ ਕਾਰਨ ਪਾਕਿਸਤਾਨ ਨੂੰ 60 ਅਰਬ ਡਾਲਰ ਤੋਂ ਵੱਧ ਦਾ ਨੁਕਸਾਨ ਉਠਾਉਣਾ ਪਿਆ। 9 ਕਰੋੜ ਪਾਕਿਸਤਾਨੀ ਹੁਣ ਗਰੀਬ ਨਹੀਂ, ਬਲਕਿ ਭੁੱਖ-ਨੰਗ ਦਾ ਸ਼ਿਕਾਰ ਹੋ ਗਏ ਹਨ। ਮੁਲਕ ਦਿਵਾਲੀਆ ਹੋ ਰਿਹਾ ਹੈ ਪਰ ਇਸ ਹਾਲਤ ਵਿਚ ਪਹੁੰਚਾਉਣ ਵਾਲੀ ਪਾਕਿਸਤਾਨੀ ਲੀਡਰਸ਼ਿਪ ਹਾਲੇ ਵੀ ਰਹਿੰਦੇ-ਖੂੰਹਦੇ ਆਖਰੀ ਸਾਹਾਂ 'ਤੇ ਪਹੁੰਚੇ ਇਸ ਮੁਲਕ ਨੂੰ ਲੁੱਟ-ਲੁੱਟ ਕੇ ਦੂਜੇ ਅਮੀਰ ਮੁਲਕਾਂ ਵਿਚ ਕੀਮਤੀ ਫਲੈਟ ਅਤੇ ਮਹੱਲ ਖਰੀਦ ਰਹੀ ਹੈ।

ਖੁਰਮ ਏਜੰਸੀ ਵਿਚ ਨਾਟੋ ਫ਼ੌਜਾਂ ਵੱਲੋਂ ਹੈਲੀਕਾਪਟਰਾਂ ਰਾਹੀਂ ਕੀਤੀ ਗਈ ਫਾਈਰਿੰਗ ਕਾਰਨ ਪਾਕਿਸਤਾਨੀ ਫ਼ੌਜੀਆਂ ਦੀ ਸ਼ਹਾਦਤ ਅਤੇ ਦਰਜਨਾਂ ਦੇ ਜ਼ਖ਼ਮੀ ਹੋਣ ਦੀ ਵਜ੍ਹਾ ਨਾਲ ਬੰਦੂਕ ਰੱਖਣ ਵਾਲਾ ਆਮ ਪਾਕਿਸਤਾਨੀ ਵੀ ਹੁਣ ਜਜ਼ਬਾਤੀ ਹੋ ਕੇ ਤੇਲ ਟੈਂਕਰਾਂ ਅਤੇ ਕੰਟੇਨਰਾਂ 'ਤੇ ਹਮਲੇ ਕਰ ਰਿਹਾ ਹੈ। ਆਮ ਪਾਕਿਸਤਾਨੀ ਹੁਣ ਇਹ ਤਸਲੀਮ ਕਰਨ ਨੂੰ ਤਿਆਰ ਨਹੀਂ ਕਿ ਅਮਰੀਕਾ ਅਤੇ ਇਸ ਦੀ ਇਤਿਹਾਦੀ ਫ਼ੌਜ ਵੱਲੋਂ ਲੜੀ ਜਾਣ ਵਾਲੀ ਜੰਗ ਅਲ-ਕਾਇਦਾ ਅਤੇ ਤਾਲਿਬਾਨ ਖਿਲਾਫ਼ ਹੈ। ਉਹ ਸਮਝਦੇ ਹਨ ਕਿ ਇਹ ਜੰਗ ਇਸ ਖਿੱਤੇ 'ਤੇ ਕਬਜ਼ਾ ਕਰਨ ਲਈ ਜੰਗੀ ਕਾਰਵਾਈ ਹੈ ਜਿਸ ਨੂੰ ਅਤਿਵਾਦ ਵਿਰੁਧ ਲੜੀ ਜਾਣ ਵਾਲੀ ਜੰਗ ਦਾ ਨਾਂ ਦੇ ਦਿੱਤਾ ਗਿਆ ਹੈ। ਇਸ ਜੰਗ ਦੇ ਦੋ ਨਿਸ਼ਾਨੇ ਹਨ। ਅਮਰੀਕਾ ਤੇ ਉਸ ਦੇ ਇਤਿਹਾਦੀਆਂ ਦੀਆਂ ਵਿਰੋਧੀ ਤਨਜ਼ੀਮਾਂ ਦਾ ਖ਼ਾਤਮਾ ਅਤੇ ਇਸ ਦੇ ਨਾਲ-ਨਾਲ ਇਸ ਖਿੱਤੇ 'ਤੇ ਕਬਜ਼ਾ, ਧਰਤੀ ਹੇਠਲੇ ਕੁਦਰਤੀ ਖਜ਼ਾਨਿਆਂ ਦੇ ਭੰਡਾਰ ਆਪਣੀ ਵਰਤੋਂ ਵਿਚ ਲਿਆਉਣਾ, ਇਸ ਖਿੱਤੇ ਦੀ ਅਰਬਾਂ ਦੀ ਆਬਾਦੀ ਨੂੰ ਆਪਣਾ ਗੁਲਾਮ ਬਣਾ ਕੇ ਰੱਖਣਾ। ਲੋਕ ਸਮਝਦੇ ਹਨ ਕਿ ਅਮਰੀਕੀ ਤੇ ਯੂਰਪੀ ਸਾਮਰਾਜ ਈਸਟ ਇੰਡੀਆ ਕੰਪਨੀ ਦਾ ਨਵਾਂ ਰੂਪ ਹੈ ਜੋ ਇਸ ਖਿੱਤੇ 'ਤੇ ਕਬਜ਼ੇ ਲਈ ਭਰਪੂਰ ਜੰਗੀ ਯਤਨ ਕਰ ਰਿਹਾ ਹੈ।

ਹੁਣ ਨਾਟੋ ਤੇ ਅਮਰੀਕਾ ਦੀ ਸਿਆਸੀ ਤੇ ਫ਼ੌਜੀ ਲੀਡਰਸ਼ਿਪ ਨੂੰ ਇਸ ਨੀਤੀ 'ਤੇ ਸਹਿਮਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਇਸ ਖਿੱਤੇ ਵਿਚ ਅਤਿਵਾਦ ਵਿਰੁਧ ਹੋਣ ਵਾਲੀ ਜੰਗ ਨੂੰ ਕੇਵਲ ਅਤਿਵਾਦੀਆਂ ਖਿਲਾਫ਼ ਹੀ ਲੜੇ, ਚਾਹੇ ਉਹ ਤਾਲਿਬਾਨ ਹੋਣ ਜਾਂ ਦੂਜੀਆਂ ਅਤਿਵਾਦੀ ਜਥੇਬੰਦੀਆਂ। ਡਰੋਨ ਹਮਲਿਆਂ ਦੀ ਗ਼ਲਤ ਵਰਤੋਂ ਅਤੇ ਨਾਟੋ ਫ਼ੌਜਾਂ ਵੱਲੋਂ ਪਾਕਿਸਤਾਨੀ ਫ਼ੌਜ 'ਤੇ ਹਮਲੇ ਇਸ ਜੰਗ ਨੂੰ ਗ਼ਲਤ ਰੂਪ ਅਤੇ ਗ਼ਲਤ ਰਾਹ 'ਤੇ ਲੈ ਜਾਣਗੇ। ਪਾਕਿਸਤਾਨ ਦੇ ਕਰੋੜਾਂ ਅਮਨਪਸੰਦ ਲੋਕ ਇਸ ਜੰਗ ਖਿਲਾਫ਼ ਉਠ ਖੜ੍ਹੇ ਹੋਣਗੇ। ਹਿੰਦੁਸਤਾਨ ਦੀ ਸਰਕਾਰ ਨੂੰ ਵੀ ਅਮਰੀਕੀ ਤੇ ਨਾਟੋ ਫ਼ੌਜਾਂ ਦੀ ਜੰਗੀ ਨੀਤੀ ਨੂੰ ਬਦਲਣ ਲਈ ਆਪਣਾ ਸਫ਼ਾਰਤੀ ਕਿਰਦਾਰ ਅਦਾ ਕਰਨਾ ਚਾਹੀਦਾ ਹੈ ਕਿਉਂਕਿ ਅਮਰੀਕੀ ਤੇ ਨਾਟੋ ਫ਼ੌਜਾਂ ਵੱਲੋਂ ਤਾਲਿਬਾਨ ਤੇ ਦੂਜੀਆਂ ਅਤਿਵਾਦੀ ਤਨਜ਼ੀਮਾਂ ਖਿਲਾਫ਼ ਲੜੀ ਜਾਣ ਵਾਲੀ ਇਸ ਜੰਗ ਦੀ ਹਾਰ ਪਾਕਿਸਤਾਨ ਦੀ ਮੁਕੰਮਲ ਤਬਾਹੀ ਤੇ ਹਿੰਦੁਸਤਾਨ ਦੀ ਅਖੰਡਤਾ ਲਈ ਘਾਤਕ ਸਾਬਤ ਹੋਵੇਗੀ।

ਇਸ ਖਿੱਤੇ ਦੇ ਮੁਲਕ ਅਮਰੀਕੀ ਤੇ ਨਾਟੋ ਫ਼ੌਜਾਂ ਨਾਲ ਮੁਨਾਸਿਬ ਢੰਗ ਨਾਲ ਰਲ ਕੇ ਹੀ ਅਤਿਵਾਦ ਵਿਰੁਧ ਹਰਦੀ ਹੋਈ ਇਸ ਜੰਗ ਨੂੰ ਫਤਿਹ ਵਿਚ ਬਦਲ ਸਕਦੇ ਹਨ ਅਤੇ ਇਸ ਫਤਿਹ ਵਿਚ ਪਾਕਿਸਤਾਨ ਤੋਂ ਬਾਅਦ ਸਭ ਤੋਂ ਵੱਡਾ ਕਿਰਦਾਰ ਹਿੰਦੁਸਤਾਨ ਦਾ ਬਣ ਸਕਦਾ ਹੈ। ਇੰਜ ਇਸ ਖਿੱਤੇ ਵਿਚ ਪਾਕਿਸਤਾਨ ਅਤੇ ਹਿੰਦੁਸਤਾਨ, ਦੋਵਾਂ ਦਾ ਚੰਗਾ ਪ੍ਰਭਾਵ ਬਣੇਗਾ। ਕੇਂਦਰੀ ਏਸ਼ੀਆ ਦੀ ਰਾਹਦਾਰੀ ਦਾ ਗੇਟ ਹਿੰਦੁਸਤਾਨ ਲਈ ਖੁੱਲ੍ਹ ਜਾਏਗਾ। ਇਹ ਗੱਲ ਹਿੰਦੁਸਤਾਨੀ ਨੀਤੀ-ਘਾੜਿਆਂ ਅਤੇ ਆਮ ਸ਼ਹਿਰੀਆਂ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਗੁਆਂਢੀਆਂ ਦੇ ਘਰ ਦੀ ਤਬਾਹੀ 'ਤੇ ਖੁਸ਼ੀਆਂ ਮਨਾਉਣਾ ਕਦੀ-ਕਦੀ ਆਪਣੇ ਘਰ ਦਾ ਵੀ ਰੋਣਾ ਬਣ ਜਾਂਦਾ ਹੈ। ਇਹ ਪੰਜਾਬ ਦੇ ਇਕ ਪੁੱਤਰ ਦੀ ਨੇਕ ਤੇ ਦੋਸਤਾਨਾ ਸਲਾਹ ਹੈ। ਸਲਾਹ ਤਾਂ ਸਿਆਣੇ ਕਹਿੰਦੇ ਹਨ, ਕੰਧ ਦੀ ਵੀ ਲੈਣੀ ਚਾਹੀਦੀ ਹੈ।

# ਅਮਰੀਕਾ ਦਾ ਉਭਰਦੀਆਂ ਆਰਥਿਕ ਤਾਕਤਾਂ ਨਾਲ ਨੇੜਤਾ ਵਧਾਉਣ ਦਾ ਅਹਿਦ

**ਵਾਸ਼ਿੰਗਟਨ:** ਇੱਕੀਵੀਂ ਸਦੀ ਲਈ ਆਪਣੀ ਵਿਦੇਸ਼ ਨੀਤੀ ਦਾ ਖਾਕਾ ਪੇਸ਼ ਕਰਦਿਆਂ ਅਮਰੀਕਾ ਨੇ ਟਕਰਾਅ ਤੋਂ ਬਚਣ, ਮੰਡੀਆਂ ਖੋਲ੍ਹਣ ਤੇ ਖਤਰੇ ਘਟਾਉਣ ਲਈ 'ਗੈਰ-ਫੌਜੀ ਸੱਤਾ ਰਾਹੀਂ ਮੋਹਰੀ ਬਣਨ' ਦਾ ਤਹੱਈਆ ਕੀਤਾ ਹੈ ਤੇ ਉਭਰ ਰਹੀਆਂ ਆਰਥਿਕ ਸ਼ਕਤੀਆਂ ਭਾਰਤ ਨੇ ਚੀਨ ਨਾਲ ਉਸਾਰੂ ਰਿਸ਼ਤੇ ਕਾਇਮ ਕਰਨ ਦਾ ਵੀ ਫੈਸਲਾ ਲਿਆ ਹੈ।

ਇਸ ਨਵੀਂ ਨੀਤੀ ਤਹਿਤ ਅਮਰੀਕੀ ਸਫੀਰਾਂ ਦੀ ਭੂਮਿਕਾ ਮੁੱਖ ਕਾਰਜਕਾਰੀ ਅਫਸਰ (ਸੀ.ਈ.ਓ.) ਦੀ ਹੋਏਗੀ ਜੋ ਅਜਿਹੇ ਬਹੁ-ਏਜੰਸੀ ਸਬੰਧ ਸਥਾਪਤ ਕਰਨ 'ਚ ਅਹਿਮ ਭੂਮਿਕਾ ਨਿਭਾਉਣਗੇ। ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਕਿਹਾ ਹੈ ਕਿ ਅਮਰੀਕਾ 21ਵੀਂ ਸਦੀ 'ਚ ਬਦਲਦੇ ਸਫਾਰਤੀ ਤੇ ਵਿਕਾਸ ਦ੍ਰਿਸ਼ ਦਾ ਆਦੀ ਬਣੇਗਾ। ਸ੍ਰੀਮਤੀ ਕਲਿੰਟਨ ਨੇ ਕਿਹਾ ਕਿ ਸਿਵਲੀਅਨ ਸੱਤਾ ਰਾਹੀਂ ਅੱਗੇ ਵਧਣ ਨਾਲ ਜਾਨ ਤੇ ਮਾਲ ਦੋਵੇਂ ਸਲਾਮਤ ਰਹਿੰਦੇ ਹਨ। ਵਿਦੇਸ਼ ਮੰਤਰੀ ਨੇ ਚਹੁੰ-ਸਾਲਾ ਸਫਾਰਤੀ ਤੇ ਵਿਕਾਸ ਰੀਵਿਊ (ਕਿਊ.ਡੀ.ਡੀ.ਆਰ.) ਰਿਲੀਜ਼ ਕਰਦਿਆਂ ਇਹ ਖੁਲਾਸੇ ਕੀਤੇ। ਦੋ ਸਾਲ ਪਹਿਲਾਂ ਵਿਦੇਸ਼ ਮੰਤਰੀ ਬਣਦਿਆਂ ਸਾਰ ਕਲਿੰਟਨ ਨੇ ਇਸ ਰੀਵਿਊ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਨੀਤੀ 'ਚ ਅਮਰੀਕੀ ਸਫੀਰਾਂ ਤੇ ਮਿਸ਼ਨਾਂ ਦੇ ਮੁਖੀਆਂ ਦੀ ਭੂਮਿਕਾ ਅਹਿਮ ਹੋਵੇਗੀ ਜਿਨ੍ਹਾਂ ਨੂੰ ਅਮਰੀਕਾ ਵੱਲੋਂ ਵਾਧੂ ਅਧਿਕਾਰ ਦਿੱਤੇ ਜਾਣਗੇ ਤੇ ਬਹੁ-ਏਜੰਸੀ ਮਿਸ਼ਨਾਂ ਦੇ ਸੀ.ਈ.ਓਜ਼ ਵਜੋਂ ਉਨ੍ਹਾਂ ਨੂੰ ਜਵਾਬਦੇਹ ਮੰਨਿਆ ਜਾਵੇਗਾ।

ਸ੍ਰੀਮਤੀ ਕਲਿੰਟਨ ਨੇ ਦੱਸਿਆ ਕਿ ਮਿਸ਼ਨ ਮੁਖੀਆਂ ਤੇ ਡਿਪਟੀ ਮੁਖੀਆਂ ਦੀ ਚੋਣ ਵੀ ਅੰਤਰ-ਏਜੰਸੀ ਨਾਲ ਤਜਰਬੇ ਨੂੰ ਮੁੱਖ ਰੱਖ ਕੇ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਹੀ ਪਹੁੰਚ, ਸਿਖਲਾਈ ਤੇ ਲੀਡਰਸ਼ਿਪ ਨਾਲ ਅਮਰੀਕੀ ਸਫੀਰ ਤੇ ਵਿਕਾਸ ਮਾਹਰ, ਸੰਕਟ ਦੇ ਖਤਰਨਾਕ ਹੋਣ ਤੋਂ ਪਹਿਲਾਂ ਹੀ



ਇਸ ਨੂੰ ਟਾਲਣ ਦੇ ਸਮਰੱਥ ਹੋਣਗੇ ਤੇ ਆਰਥਿਕ ਵਾਧੇ ਲਈ ਨਵੇਂ ਮੌਕੇ ਪੈਦਾ ਕਰਨਗੇ। ਵਿਦੇਸ਼ ਮੰਤਰੀ ਅਨੁਸਾਰ ਇਸ ਤਰ੍ਹਾਂ ਅਮਰੀਕਾ ਨੂੰ ਭਾਰ ਵੰਡਾਉਣ ਲਈ ਨਵੇਂ ਭਾਈਵਾਲ ਤੇ ਮੁਸ਼ਕਲਾਂ ਦੇ ਨਵੇਂ ਹੱਲ ਲੱਭਣਗੇ ਜਦਕਿ ਇਸ ਤਰ੍ਹਾਂ ਨਾ ਕਰਨ 'ਤੇ ਇਨ੍ਹਾਂ ਕੰਮਾਂ ਲਈ ਫੌਜੀ ਤਾਕਤ ਦੀ ਵਰਤੋਂ ਕਰਨੀ ਪੈਣੀ ਹੈ। ਉਨ੍ਹਾਂ ਨੇ ਕਿਹਾ ਕਿ ਅਫਗਾਨਿਸਤਾਨ ਤੇ ਇਰਾਕ ਸਣੇ ਹੋਰ ਨਾਜ਼ੁਕ ਥਾਵਾਂ 'ਤੇ ਨਾਲ-ਨਾਲ ਅਮਰੀਕਾ ਦੀ ਫੌਜੀ ਭਾਈਵਾਲੀ ਬਣੀ ਰਹੇ।

# ਜੱਜਾਂ ਦੀ ਬਿਆਨਬਾਜ਼ੀ ਨਾਲ ਨਿਆਂਪਾਲਿਕਾ ਹੋਈ ਤੂੰਬੇ ਤੂੰਬੇ

**ਜਤਿੰਦਰ ਪਨੂੰ**

ਕਿਸੇ ਵੀ ਝਗੜੇ ਦੇ ਨਿਬੇੜੇ ਦਾ ਕੰਮ ਆਖ਼ਰ ਨੂੰ ਕਿਸੇ ਜੱਜ ਨੇ ਕਰਨਾ ਹੁੰਦਾ ਹੈ। ਜੱਜ ਦੀ ਜ਼ਿੰਮੇਵਾਰੀ ਇਹੋ ਜਿਹੀ ਹੈ ਕਿ ਉਹ ਵਿਅਕਤੀ ਸਿਆਣਾ ਵੀ ਹੋਣਾ ਚਾਹੀਦਾ ਹੈ, ਈਮਾਨ ਵਾਲਾ ਵੀ ਅਤੇ ਪੱਖਪਾਤ ਦੀ ਭਾਵਨਾ ਤੋਂ ਰਹਿਤ ਵੀ। ਉਸ ਤੋਂ ਨਿਜੀ ਜੀਵਨ ਵਿਚ ਵੀ ਸਵੱਛਤਾ ਦੀ ਆਸ ਕੀਤੀ ਜਾਂਦੀ ਹੈ। ਜਿਹੜਾ ਜੱਜ ਆਪਣੇ ਨਿਜੀ ਜੀਵਨ ਵਿਚ ਭਾਈ-ਭਤੀਜਾਵਾਦ ਜਾਂ ਹੋਰ ਭਾਵਨਾਵਾਂ ਦਾ ਡੰਗਿਆ ਹੋਵੇ, ਇਨਸਾਫ਼ ਦੀ ਕੁਰਸੀ 'ਤੇ ਬੈਠ ਕੇ ਵੀ ਉਹ ਤੱਕੜੀ ਦੇ ਪੱਲੇ ਸਾਵੇਂ ਨਹੀਂ ਰੱਖ ਸਕਦਾ। ਜੇ ਰੱਖ ਵੀ ਲਵੇ ਤਾਂ ਉਸ ਦੇ ਨਿਜ ਬਾਰੇ ਜਾਣਨ ਵਾਲੇ ਲੋਕਾਂ ਦੇ ਮਨ ਵਿਚ ਇਹ ਗੱਲ ਕਿਤੇ ਨਾ ਕਿਤੇ ਜ਼ਰੂਰ ਰਹਿ ਜਾਵੇਗੀ ਕਿ ਇਸ ਬੰਦੇ ਦਾ ਯਕੀਨ ਨਹੀਂ ਕੀਤਾ ਜਾ ਸਕਦਾ। ਬਿਹਤਰ ਹੈ ਕਿ ਇਹੋ ਜਿਹੇ ਜੱਜ ਖ਼ੁਦ ਹੀ ਕਹਿ ਦੇਣ ਕਿ ਉਹ ਇਹ ਜ਼ਿੰਮੇਵਾਰੀ ਨਿਭਾਉਣ ਤੋਂ ਕਿਸੇ ਕਾਰਨ ਪਰ੍ਹੇ ਰਹਿਣਾ ਚਾਹੁੰਦੇ ਹਨ ਤੇ ਇੰਜ ਕਰਨ ਦਾ ਕੋਈ ਕਾਰਨ ਦੱਸਣ ਦੀ ਵੀ ਲੋੜ ਨਹੀਂ। ਬਹੁਤ ਮੌਕੇ ਅਜਿਹੇ ਆਏ ਹਨ ਜਦੋਂ ਕੁਝ ਜੱਜਾਂ ਨੇ ਇੱਦਾਂ ਕੀਤਾ ਹੈ ਅਤੇ ਉਨ੍ਹਾਂ ਦਾ ਇਸ ਨਾਲ ਸਤਿਕਾਰ ਹੀ ਵਧਿਆ ਹੈ ਪਰ ਬਹੁਤ ਸਾਰੇ ਮੌਕੇ ਇਹੋ ਜਿਹੇ ਵੀ ਆਏ ਹਨ ਜਦੋਂ ਜੱਜਾਂ ਨੇ ਆਪਣੇ ਉਤੇ ਉਠ ਰਹੀਆਂ ਉਂਗਲਾਂ ਦੀ ਵੀ ਪ੍ਰਵਾਹ ਨਹੀਂ ਕੀਤੀ। ਕਈ ਮੌਕੇ ਇੱਦਾਂ ਦੇ ਵੀ ਆਏ ਜਦੋਂ ਇਕ ਜਾਂ ਦੂਜੀ ਧਿਰ ਨੇ ਜੱਜ ਦੀ ਈਮਾਨਦਨਾਰੀ ਉਤੇ ਹੀ ਕਿੰਤੂ ਕਰ ਦਿੱਤਾ ਪਰ ਇਸ ਨੂੰ ਅਣਗੌਲਿਆ ਕਰ ਦਿੱਤਾ ਗਿਆ।



ਜਦੋਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਬਦਨਾਮੀ ਖੱਟ ਚੁੱਕੇ ਮੁਖੀ ਰਵੀ ਸਿੱਧੂ ਨੂੰ ਰਿਸ਼ਵਤ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਦੀ ਜਾਂਚ ਦੌਰਾਨ ਹਾਈਕੋਰਟ ਦੇ ਤਿੰਨ ਜੱਜਾਂ ਦੇ ਨਾਂ ਚਰਚਾ ਵਿਚ ਆਏ ਤਾਂ ਸਾਰੇ ਲੋਕ ਸੁੰਨ ਰਹਿ ਗਏ। ਅਸੀਂ ਉਨ੍ਹੀਂ ਦਿਨੀਂ ਪੰਜਾਬ ਦੇ ਤਿੰਨ ਉਘੇ ਕਾਨੂੰਨਦਾਨਾਂ ਨੂੰ ਉਚੇਚੇ ਮਿਲੇ ਸਾਂ ਜਿਨ੍ਹਾਂ ਵਿਚ ਇਕ ਤਾਂ ਪੰਜਾਬ ਦੇ ਦੋ ਵਾਰੀ ਐਡਵੋਕੇਟ ਜਨਰਲ ਰਹਿ ਚੁੱਕੇ ਸਨ, ਦੂਜੇ ਉਘੇ ਬਾਰ ਐਟ ਲਾਅ ਦੀ ਡਿਗਰੀ ਵਾਲੇ ਬਜ਼ੁਰਗ ਅਤੇ ਤੀਜੇ ਹਾਈਕੋਰਟ ਦੇ ਰਿਟਾਇਰ ਹੋ ਚੁੱਕੇ ਜੱਜ ਸਾਹਿਬ। ਤਿੰਨਾਂ ਅੱਗੇ ਅਸੀਂ ਇਕੋ ਸਵਾਲ ਉਠਾਇਆ ਸੀ ਕਿ ਪਾਪਾਂ ਤੋਂ ਮੁਕਤੀ ਲਈ ਆਮ ਲੋਕ ਗੰਗਾ ਦਾ ਇਸ਼ਨਾਨ ਕਰਨ ਜਾਂਦੇ ਹਨ ਪਰ ਜੇ ਗੰਗੋਤਰੀ ਵਿਚ ਹੀ ਗੰਦ ਪੈ ਜਾਵੇ ਫੇਰ ਉਨ੍ਹਾਂ ਦਾ ਕੀ ਕਰਨਾ ਚਾਹੀਦਾ ਹੈ? ਸਪਸ਼ਟ ਕਰਨ ਦੀ ਲੋੜ ਨਹੀਂ ਸੀ ਪਈ ਕਿ ਅਸੀਂ ਪੁੱਛਿਆ ਕੀ ਹੈ? ਉਹ ਤਿੰਨੇ ਸਮਝ ਗਏ ਸਨ ਅਤੇ ਤਿੰਨਾਂ ਦਾ ਮਿਲਦਾ-ਜੁਲਦਾ ਸਾਂਝਾ ਜਵਾਬ ਇਹ ਸੀ ਕਿ ਜੇ ਗੰਗੋਤਰੀ ਕੰਢੇ ਬੈਠਿਆਂ ਨੂੰ ਹੀ ਇਸ ਦੀ ਸੜ੍ਹਿਆਂਦ ਨਹੀਂ ਆਉਂਦੀ। ਉਹ ਇਸੇ ਵਿਚ ਸੰਤੁਸ਼ਟ ਹਨ ਤਾਂ ਬਾਹਰ ਦਾ ਕੋਈ ਕੁਝ ਨਹੀਂ ਕਰ ਸਕਦਾ? ਪਿਛਲੇ ਮਹੀਨੇ ਅਸੀਂ ਖਰੜ ਦੀ ਕਚਹਿਰੀ ਵਿਚ ਵਕੀਲਾਂ ਦੇ ਸੈਮੀਨਾਰ ਵਿਚ ਗਏ ਸਾਂ, ਓਥੇ ਵੀ ਇਹੋ ਸਵਾਲ ਵਿਚਾਰਿਆ ਜਾ ਰਿਹਾ ਸੀ ਕਿ ਨਿਆਂਪਾਲਿਕਾ ਦਾ ਅਕਸ ਜਿਵੇਂ ਧੁਆਂਖਿਆ ਜਾ ਰਿਹਾ ਹੈ, ਜੇ ਇਸ ਬਾਰੇ ਕੁਝ ਕੀਤਾ ਨਾ ਗਿਆ ਤਾਂ ਮੁਲਕ ਦੀ ਬੜੀ ਬਦਕਿਸਮਤੀ ਹੋਵੇਗੀ। ਹੁਣ ਜਦੋਂ ਭਾਰਤ ਦੀ ਸੁਪਰੀਮ ਕੋਰਟ ਦੇ ਇਕ ਸਾਬਕਾ ਮੁੱਖ ਜੱਜ ਅਤੇ ਇਕ ਮੌਜੂਦਾ ਜੱਜ ਵਿਚਾਲੇ ਬਿਆਨਬਾਜ਼ੀ ਨੇ ਅਖ਼ਬਾਰਾਂ ਦੇ ਪੰਨੇ ਮੱਲ ਲਏ ਹਨ, ਇਹ ਸਵਾਲ ਅੱਗੇ ਨਾਲੋਂ ਵੀ ਵੱਧ ਮਹੱਤਵ ਅਖ਼ਤਿਆਰ ਕਰ ਗਿਆ ਹੈ।

ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਦੀ ਚਰਚਾ ਤਾਂ ਆਮ ਹੁੰਦੀ ਹੈ ਪਰ ਇਸ ਨੂੰ ਰੋਕਣ ਬਾਰੇ ਇਸ ਨਾਲ ਜੁੜੇ ਬਹੁਤੇ ਲੋਕ ਖ਼ਾਹਿਸ਼ਮੰਦ ਨਹੀਂ ਜਾਪਦੇ। ਕੁਝ ਲੋਕ ਨਿਜੀ ਜਾਂ ਸੰਸਥਾ ਦੇ ਪੱਧਰ ਉਤੇ ਕੰਮ ਕਰ ਰਹੇ ਹਨ ਪਰ ਉਹ ਵੀ ਕਦੋਂ ਤਕ ਕਰਨਗੇ? ਜੇ ਭਰਵਾਂ ਹੁੰਗਾਰਾ ਹੀ ਨਹੀਂ ਮਿਲਦਾ ਤਾਂ ਅੱਕ ਕੇ ਉਹ ਵੀ ਛੱਡ ਜਾਣਗੇ। ਹੁੰਗਾਰਾ ਕਿਸ ਨੇ ਦੇਣਾ ਹੈ, ਇਹ ਤਾਂ ਨਿਆਂਪਾਲਿਕਾ ਜਾਣੇ; ਧਿਆਨ ਖਿੱਚਣ ਵਾਲੇ ਕੁਝ ਕੇਸ ਅਸੀਂ ਵੀ ਗਿਣਾ ਸਕਦੇ ਹਾਂ।

ਸਾਡੇ ਸਾਹਮਣੇ ਇਕ ਕੇਸ ਹੈ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਜੱਜ ਜਸਟਿਸ ਨਿਰਮਲ ਯਾਦਵ ਦਾ। ਸਭ ਨੂੰ ਪਤਾ ਹੈ ਕਿ ਦੋ ਜੱਜਾਂ ਦਾ ਨਾਂ ਮਿਲਦਾ ਹੋਣ ਕਰਕੇ ਉਸ ਨੂੰ ਭੇਜੇ ਗਏ ਪੈਸੇ ਜਸਟਿਸ ਨਿਰਮਲਜੀਤ ਕੌਰ ਦੇ ਘਰ ਜਾ ਪਹੁੰਚੇ ਸਨ ਅਤੇ ਜਸਟਿਸ ਨਿਰਮਲਜੀਤ ਕੌਰ ਨੇ ਪੁਲਿਸ ਨੂੰ ਸ਼ਿਕਾਇਤ ਕਰ ਦਿੱਤੀ ਸੀ। ਕੇਸ ਬਹੁਤਾ ਉਲਝਾਵਾਂ ਨਾ ਹੁੰਦੇ ਹੋਏ ਵੀ ਉਲਝਾ ਦਿੱਤਾ ਗਿਆ ਤੇ ਜਸਟਿਸ ਨਿਰਮਲ ਯਾਦਵ ਨੂੰ ਇਥੋਂ ਦੂਜੀ ਹਾਈਕੋਰਟ ਵਿਚ ਭੇਜ ਦਿੱਤਾ ਗਿਆ। ਜੇ ਕੱਲ੍ਹ ਨੂੰ ਸਾਬਤ ਹੋ ਜਾਵੇ ਕਿ ਉਸ ਕੇਸ ਵਿਚ ਜਸਟਿਸ ਨਿਰਮਲ ਯਾਦਵ ਝੂਠ ਬੋਲਦੀ ਰਹੀ ਸੀ ਤਾਂ ਉਸ ਵੱਲੋਂ ਦਿੱਤੇ ਕਈ ਫ਼ੈਸਲੇ ਵੀ ਸੁਪਰੀਮ ਕੋਰਟ ਵਿਚ ਇਸ ਚਰਚਾ ਸਮੇਤ ਚੁਣੌਤੀ ਲਈ ਪੇਸ਼ ਹੋ ਸਕਦੇ ਹਨ ਕਿ 'ਫ਼ੈਸਲਾ ਦੇਣ ਵਾਲੀ ਜੱਜ ਬਾਰੇ ਤਾਂ ਪਤਾ ਹੀ ਹੈ।' ਕੀ ਉਸ ਕਿਸਮ ਦੀ ਹਾਲਤ ਪੈਦਾ ਹੋਣ ਤੋਂ ਬਚਣ ਲਈ ਇਹ ਚੰਗਾ ਨਹੀਂ ਸੀ ਕਿ ਜਸਟਿਸ ਨਿਰਮਲ ਯਾਦਵ ਨੂੰ ਉਸ ਦਾ ਮਾਮਲਾ ਨਿਬੜਨ ਤਕ ਨਿਆਂ ਦੀ ਕੁਰਸੀ ਤੋਂ ਪਾਸੇ ਰੱਖਿਆ ਜਾਂਦਾ? ਜਸਟਿਸ ਦਿਨਾਕਰਨ ਅਤੇ ਜਸਟਿਸ ਸੋਮਿਤਰਾ ਸੇਨ ਦੇ ਮਾਮਲੇ ਵਿਚ ਵੀ ਇਹੋ ਕੀਤਾ ਜਾ ਸਕਦਾ ਸੀ ਪਰ ਕੀਤਾ ਨਾ ਜਾਣ ਕਰਕੇ ਹਰ ਕਿਸੇ ਨੂੰ ਉਂਗਲ ਉਠਾਉਣ ਦਾ ਮੌਕਾ ਮਿਲ ਰਿਹਾ ਹੈ।

ਦਿੱਲੀ ਹਾਈਕੋਰਟ ਦੇ ਉਸ ਜੱਜ ਦਾ ਕਿੱਸਾ ਵੀ ਸਭ ਨੂੰ ਯਾਦ ਰੱਖਣਾ ਚਾਹੀਦਾ ਹੈ ਜਿਸ ਨੇ ਕੁਝ ਸਾਲ ਪਹਿਲਾਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਦਲੀਲ ਉਸ ਨੇ ਇਹ ਵਰਤੀ ਸੀ ਕਿ ਘਰ ਦੇ ਇਕ ਜੀਅ ਦੀ ਸਿਹਤ ਠੀਕ ਨਹੀਂ ਰਹਿੰਦੀ ਪਰ ਅਸਲ ਵਿਚ ਮਾਮਲਾ ਉਹ ਵੀ ਨਿਆਂਪਾਲਿਕਾ ਦਾ ਅਕਸ ਖ਼ਰਾਬ ਕਰਨ ਵਾਲਾ ਸੀ। ਦਿੱਲੀ ਅਤੇ ਉਸ ਦੇ ਨਾਲ ਲੱਗਦੇ ਰਾਜ ਦੇ ਇਕ ਵੱਡੇ ਸ਼ਹਿਰ ਵਿਚ ਇਕੋ ਵਕਤ ਕੁਝ ਥਾਈਂ ਛਾਪੇ ਮਾਰੇ ਗਏ ਸਨ। ਉਸ ਸ਼ਹਿਰ ਦੀ ਵਿਕਾਸ ਅਥਾਰਟੀ ਦੇ ਨੇਮਾਂ-ਕਾਨੂੰਨਾਂ ਦੀ ਉਲੰਘਣਾ ਦੇ ਦੋਸ਼ ਹੇਠ ਜਿਸ ਕੰਪਨੀ ਵਿਰੁਧ ਛਾਪੇ ਮਾਰੇ ਗਏ, ਉਸ ਦਾ ਇਹੋ ਕੇਸ ਹਾਈਕੋਰਟ ਦੇ ਉਸ ਜੱਜ ਕੋਲ ਚੱਲ ਰਿਹਾ ਸੀ ਅਤੇ ਉਸ ਕੇਸ ਦਾ ਹੁਕਮ ਲਿਖਣ ਲਈ ਫ਼ਾਈਲਾਂ ਜੱਜ ਨੇ ਆਪਣੇ ਘਰ ਮੰਗਵਾ ਲਈਆਂ ਸਨ। ਜਦੋਂ ਉਸ ਕੰਪਨੀ ਦੇ ਦਫ਼ਤਰ ਵਿਚ ਛਾਪਾ ਵੱਜਾ ਤਾਂ ਉਹ ਫ਼ਾਈਲਾਂ, ਜਿਹੜੀਆਂ ਜੱਜ ਦੇ ਘਰ ਹੋਣੀਆਂ ਚਾਹੀਦੀਆਂ ਸਨ, ਕੰਪਨੀ ਦੇ ਦਫ਼ਤਰ ਵਿਚ ਮਿਲ ਗਈਆਂ। ਸਾਫ਼ ਹੈ ਕਿ ਜੱਜ ਦੀ ਉਸ ਕੰਪਨੀ ਵਾਲਿਆਂ ਨਾਲ ਇੰਨੀ ਸਾਂਝ ਸੀ ਕਿ ਕੋਰਟ ਕੇਸ ਦੀਆਂ ਫ਼ਾਈਲਾਂ ਵੀ ਕੰਪਨੀ ਦੇ ਦਫ਼ਤਰ ਭੇਜ ਦਿੱਤੀਆਂ ਸਨ ਤਾਂ ਜੋ ਉਹ ਆਪਣੀ ਮਰਜ਼ੀ ਦਾ ਹੁਕਮ ਵੀ ਖ਼ੁਦ ਹੀ ਲਿਖਵਾ ਕੇ ਭੇਜ ਦੇਣ। ਇਹ ਸੰਗੀਨ ਮਾਮਲਾ ਸੀ ਜਿਸ ਦਾ ਨਿਆਂਪਾਲਿਕਾ ਨਾਲ ਜੁੜੇ ਹੋਏ ਲੋਕਾਂ ਨੂੰ ਸਖ਼ਤ ਨੋਟਿਸ ਲੈਣਾ ਚਾਹੀਦਾ ਸੀ ਪਰ ਲਿਆ ਨਹੀਂ ਸੀ ਗਿਆ ਅਤੇ ਥੋੜ੍ਹੇ ਚਿਰ ਬਾਅਦ ਆਮ ਲੋਕਾਂ ਦੇ ਵੀ ਚੇਤੇ ਵਿਚੋਂ ਵਿਸਰ ਗਿਆ ਸੀ।

ਅਸੀਂ ਜਸਟਿਸ ਰਾਮਾਸਵਾਮੀ ਜਾਂ ਕਿਸੇ ਹੋਰ ਦਾ ਕਿੱਸਾ ਨਹੀਂ ਫੋਲਾਂਗੇ ਸਗੋਂ ਇਸ ਦੀ ਥਾਂ ਇਹ ਕਹਿਣਾ ਚਾਹਾਂਗੇ ਕਿ ਸਿਰਫ਼ ਜੱਜਾਂ ਦਾ ਕਿਉਂ? ਕਈ ਵਕੀਲਾਂ ਦਾ ਕਿਰਦਾਰ ਵੀ ਕਦੇ-ਕਦਾਈਂ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ। ਹਾਲੇ ਕੁਝ ਚਿਰ ਹੋਇਆ ਪੰਜਾਬ ਨਾਲ ਸਬੰਧਤ ਇਕ ਜੱਜ ਪੈਸੇ ਲੈਂਦਾ ਚੰਡੀਗੜ੍ਹ ਵਿਚ ਫੜਿਆ ਗਿਆ ਤੇ ਉਸ ਦੇ ਨਾਲ ਜਲੰਧਰ ਦੇ ਇਕ ਸੈਸ਼ਨ ਜੱਜ ਦਾ ਨਾਂ ਵੀ ਚਰਚਾ ਵਿਚ ਆ ਗਿਆ। ਉਸ ਸੈਸ਼ਨ ਜੱਜ ਦਾ ਸਬੰਧ ਜਲੰਧਰ ਨਾਲ ਹੋਣ ਕਰਕੇ ਸਭ ਤੋਂ ਵੱਧ ਰੌਲਾ ਵੀ ਜਲੰਧਰ ਵਿਚ ਹੀ ਪੈਣਾ ਸੀ। ਕੁਝ ਵਕੀਲਾਂ ਨੇ ਜੱਜਾਂ ਦੇ ਭ੍ਰਿਸ਼ਟਾਚਾਰ ਦੀ ਕਹਾਣੀ ਪਾਈ ਤੇ ਕੁਝ ਹੋਰਨਾਂ ਨੇ ਇਹ ਗੱਲ ਚੁੱਕੀ ਕਿ ਕੁਝ ਵਕੀਲ ਵੀ ਕੁਝ ਜੱਜਾਂ ਨਾਲ ਮਿਲ ਕੇ ਇਹ 'ਕਾਰੋਬਾਰ' ਕਰ ਰਹੇ ਹਨ। ਇਹ ਗੱਲ ਵੀ ਕੁਝ ਵਕੀਲਾਂ ਨੇ ਕਹਿ ਦਿੱਤੀ ਕਿ ਕੁਝ ਵਕੀਲ ਜੱਜਾਂ ਦੀ 'ਸੇਵਾ' ਲਈ ਆਪਣੇ ਨਾਲ ਸਹਾਇਕ ਰੱਖੀਆਂ ਕੁੜੀਆਂ ਦੀ ਵਰਤੋਂ ਕਰਦੇ ਹਨ ਪਰ ਇਹ ਕਹਿੰਦਿਆਂ ਕਿਸੇ ਵਕੀਲ ਦਾ ਨਾਂ ਨਹੀਂ ਸੀ ਲਿਆ ਗਿਆ ਅਤੇ ਨਾ ਇਹ ਦੱਸਿਆ ਗਿਆ ਸੀ ਕਿ ਇੱਦਾਂ ਕਰਨ ਵਾਲੇ ਜਲੰਧਰ ਦੇ ਵਕੀਲ ਹਨ ਜਾਂ ਕਿਸੇ ਹੋਰ ਸ਼ਹਿਰ ਦੇ? ਅਗਲੇ ਦਿਨ ਦੇ ਕੁਝ ਅਖ਼ਬਾਰਾਂ ਵਿਚ ਦੋ ਵਕੀਲਾਂ ਦੇ ਨਾਂ ਹੇਠ ਇਸ ਦਾ ਖੰਡਨ ਕਰਦੇ ਬਿਆਨ ਛਪੇ ਕਿ ਉਹ ਤਾਂ ਅਜਿਹਾ ਕੰਮ ਨਹੀਂ ਕਰਦੇ। ਸਿਰਫ਼ ਉਨ੍ਹਾਂ ਦੋ ਵਕੀਲਾਂ ਨੂੰ ਇਹ ਕਹਿਣ ਦੀ ਲੋੜ ਕਿਉਂ ਪਈ ਕਿ ਉਹ ਇੱਦਾਂ ਨਹੀਂ ਕਰਦੇ? ਬਿਆਨ ਪੜ੍ਹ ਕੇ ਲੋਕ ਹੱਸਦੇ ਸਨ। ਇੱਦਾਂ ਕਈ ਥਾਂ ਹੁੰਦਾ ਸੁਣੀਂਦਾ ਹੈ ਜਿਸ ਦਾ ਚੰਗਾ ਪ੍ਰਭਾਵ ਨਹੀਂ ਪੈਂਦਾ।

ਹੁਣੇ-ਹੁਣੇ ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈਕੋਰਟ ਵਿਚ 'ਅੰਕਲ ਜੱਜ' ਦੇ ਵਰਤਾਰੇ ਬਾਰੇ ਟਿੱਪਣੀ ਕਰ ਕੇ ਸਭ ਨੂੰ ਹਲੂਣ ਦਿੱਤਾ ਹੈ। ਸੁਪਰੀਮ ਕੋਰਟ ਨੇ ਟਿੱਪਣੀ ਭਾਵੇਂ ਉਥੋਂ ਬਾਰੇ ਕੀਤੀ ਹੈ ਪਰ ਇਹੋ ਚਰਚਾ ਕਈ ਵਾਰ ਪੰਜਾਬ-ਹਰਿਆਣਾ ਹਾਈਕੋਰਟ ਦੀ ਬਾਰ ਵਿਚ ਵੀ ਛਿੜ ਚੁੱਕੀ ਹੈ। ਇਕ ਹੋਰ ਮਾੜਾ ਪੱਖ ਪੰਜਾਬ ਵਿਚ ਵੀ ਦੇਖਿਆ ਗਿਆ ਹੈ ਕਿ ਕੁਝ ਜੱਜਾਂ ਮੂਹਰੇ ਕੇਸ ਦੀ ਪੈਰਵੀ ਕਰਨ ਲਈ ਉਸ ਥਾਂ ਤੋਂ ਵਕੀਲ ਲਿਆਂਦਾ ਜਾਂਦਾ ਹੈ, ਜਿਥੇ ਉਹ ਜੱਜ ਸਾਹਿਬ, ਜੱਜ ਬਣਨ ਤੋਂ ਪਹਿਲਾਂ ਵਕਾਲਤ ਕਰਦੇ ਰਹੇ ਹੁੰਦੇ ਹਨ। ਕਈ ਵਾਰ ਉਚ ਅਦਾਲਤਾਂ ਵਿਚ ਵੀ ਇਹ ਹੁੰਦਾ ਹੈ ਕਿ ਜੇ ਪੰਜਾਬ ਦਾ ਕੋਈ ਜੱਜ ਕਰਨਾਟਕ ਵਿਚ ਬਦਲ ਗਿਆ ਤਾਂ ਓਥੇ ਉਹ ਕੇਸ ਲੜਨ ਲਈ ਵਕੀਲ ਚੰਡੀਗੜ੍ਹ ਤੋਂ ਲਿਜਾਇਆ ਜਾਵੇ। ਦੇਖਣ ਵਾਲੀ ਗੱਲ ਇਹ ਹੈ ਕਿ ਕੀ ਉਹ ਵਕੀਲ ਪਹਿਲਾਂ ਵੀ ਕਦੇ ਉਸ ਹਾਈਕੋਰਟ ਵਿਚ ਕੇਸ ਲੜਨ ਗਿਆ ਸੀ ਜਾਂ ਨਹੀਂ? ਸਿਰਫ਼ ਇਸੇ ਵਰਤਾਰੇ ਦੀ ਘੋਖ ਹੀ ਕਰ ਲਈ ਜਾਵੇ ਤਾਂ ਕਈ ਹਾਈਕੋਰਟਾਂ ਵਿਚ ਚੱਲਦੇ ਜਾਂ ਚੱਲ ਚੁੱਕੇ ਕਈ ਕੇਸਾਂ ਦੇ ਫ਼ੈਸਲਿਆਂ ਦੀ ਮੁੜ ਤੋਂ ਸਮੀਖਿਆ ਕਰਨ ਦੀ ਲੋੜ ਮਹਿਸੂਸ ਕੀਤੀ ਜਾ ਸਕਦੀ ਹੈ।

ਹੁਣ ਆਈਏ ਇਕ ਚਲੰਤ ਮਾਮਲੇ ਵੱਲ। ਆਮ ਹਾਲਾਤ ਵਿਚ ਸੁਪਰੀਮ ਕੋਰਟ ਦੇ ਸੇਵਾ ਨਿਭਾ ਰਹੇ ਜੱਜ ਬਿਆਨਬਾਜ਼ੀ ਵਿਚ ਨਹੀਂ ਉਲਝਦੇ ਪਰ ਭਾਰਤ ਦੇ ਇਕ ਸਾਬਕਾ ਮੁੱਖ ਜੱਜ ਨੇ ਹਾਲਤ ਇਹੋ ਜਿਹੀ ਬਣਾ ਦਿੱਤੀ ਕਿ ਮੌਜੂਦਾ ਜੱਜ ਜਸਟਿਸ ਗੋਖਲੇ ਨੂੰ ਇਸ ਬਾਰੇ ਚੁੱਪ ਤੋੜਨੀ ਪਈ ਹੈ। ਮਾਮਲਾ ਇਹ ਵੀ ਉਸੇ ਸਾਬਕਾ ਮੰਤਰੀ ਏ. ਰਾਜਾ ਨਾਲ ਜੁੜਿਆ ਪਿਆ ਹੈ ਜਿਸ ਦੇ ਸਪੈਕਟ੍ਰਮ ਘੁਟਾਲੇ ਨੇ ਭਾਰਤ ਦੀ ਪਾਰਲੀਮੈਂਟ ਦਾ ਸਮਾਗਮ ਇੱਕੀ ਦਿਨ ਜਾਮ ਕਰੀ ਰੱਖਿਆ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਬਾਰੇ ਸੁਪਰੀਮ ਕੋਰਟ ਅੰਦਰ ਪਹਿਲੀ ਵਾਰੀ ਟਿੱਪਣੀਆਂ ਤਕ ਦੀ ਨੌਬਤ ਲੈ ਆਂਦੀ ਸੀ। ਰਾਜਾ ਉਤੇ ਦੋਸ਼ ਲੱਗ ਰਿਹਾ ਹੈ ਕਿ ਉਸ ਨੇ ਪਿਛਲੇ ਸਾਲ ਮਦਰਾਸ ਹਾਈਕੋਰਟ ਦੇ ਇਕ ਜੱਜ ਨੂੰ ਕਿਸੇ ਕੇਸ ਬਾਰੇ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਕ ਵਕੀਲ ਨੇ ਜਾ ਕੇ ਜਸਟਿਸ ਰਘੂਪਤੀ ਨੂੰ ਮੋਬਾਈਲ ਫੋਨ ਫੜਾ ਕੇ ਕਿਹਾ ਸੀ ਕਿ ਕੇਂਦਰੀ ਮੰਤਰੀ ਏ. ਰਾਜਾ ਉਨ੍ਹਾਂ ਨਾਲ ਗੱਲ ਕਰਨਾ ਚਾਹੁੰਦੇ ਹਨ। ਮਾਣਯੋਗ ਜੱਜ ਨੇ ਸੱਚਮੁਚ ਮਾਣਯੋਗ ਵਿਹਾਰ ਕੀਤਾ ਅਤੇ ਫੋਨ ਸੁਣਨ ਤੋਂ ਇਨਕਾਰ ਕਰ ਕੇ ਇਸ ਦੀ ਸ਼ਿਕਾਇਤ ਹਾਈਕੋਰਟ ਦੇ ਮੁੱਖ ਜੱਜ ਨੂੰ ਵੀ ਕਰ ਦਿੱਤੀ। ਉਸ ਵੇਲੇ ਉਸ ਹਾਈਕੋਰਟ ਦੇ ਮੁੱਖ ਜੱਜ ਜਸਟਿਸ ਗੋਖਲੇ ਜੋ ਹੁਣ ਦੇਸ਼ ਦੀ ਸੁਪਰੀਮ ਕੋਰਟ ਦੇ ਜੱਜ ਬਣ ਚੁੱਕੇ ਹਨ, ਨੇ ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਨੂੰ ਇਸ ਦੀ ਜਾਣਕਾਰੀ ਦੇਣ ਲਈ ਪੱਤਰ ਲਿਖਿਆ ਅਤੇ ਜਸਟਿਸ ਰਘੂਪਤੀ ਦੀ ਚਿੱਠੀ ਦੀ ਨਕਲ ਵੀ ਨਾਲ ਭੇਜ ਦਿੱਤੀ ਸੀ। ਅਗਲਾ ਕੰਮ ਜਸਟਿਸ ਬਾਲਾਕ੍ਰਿਸ਼ਨਨ ਨੂੰ ਕਰਨਾ ਬਣਦਾ ਸੀ।

ਮਾਮਲਾ ਧੁਖਦਾ ਰਿਹਾ ਅਤੇ ਹੁਣ ਜਦੋਂ ਉਸ ਫੋਨ ਫੜਾਉਣ ਵਾਲੇ ਵਕੀਲ ਵਿਰੁਧ ਕਾਰਵਾਈ ਹੋਣ ਦੀ ਘੜੀ ਆਈ ਹੈ ਤਾਂ ਸਾਬਕਾ ਮੰਤਰੀ ਏ. ਰਾਜਾ ਦਾ ਵਿਹਾਰ ਵੀ ਚਰਚਾ ਵਿਚ ਆ ਗਿਆ ਅਤੇ ਇਹ ਵੀ ਕਿ ਭਾਰਤ ਦੇ ਉਦੋਂ ਦੇ ਮੁੱਖ ਜੱਜ ਨੇ ਕੋਈ ਕਾਰਵਾਈ ਕਿਉਂ ਨਹੀਂ ਸੀ ਕੀਤੀ? ਇਥੇ ਆ ਕੇ ਅਹੁਦਾ ਛੱਡ ਚੁੱਕੇ ਮੁੱਖ ਜੱਜ ਜਸਟਿਸ ਬਾਲਾਕ੍ਰਿਸ਼ਨਨ ਇਹ ਕਹਿਣ ਲੱਗ ਪਏ ਕਿ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਹੀ ਨਹੀਂ ਸੀ ਮਿਲੀ। ਜਦੋਂ ਉਸ ਵਕਤ ਦੇ ਮਦਰਾਸ ਹਾਈਕੋਰਟ ਦੇ ਮੁੱਖ ਜੱਜ ਜਸਟਿਸ ਗੋਖਲੇ ਵੱਲੋਂ ਲਿਖੀ ਚਿੱਠੀ ਬਾਰੇ ਦੱਸਿਆ ਗਿਆ ਤਾਂ ਬਾਲਾਕ੍ਰਿਸ਼ਨਨ ਨੇ ਇਹ ਆਖ ਦਿੱਤਾ ਕਿ ਉਸ ਚਿੱਠੀ ਵਿਚ ਉਦੋਂ ਦੇ ਮੰਤਰੀ ਏ.ਰਾਜਾ ਦਾ ਜ਼ਿਕਰ ਨਹੀਂ ਸੀ। ਇਥੇ ਆ ਕੇ ਮੌਜੂਦਾ ਜੱਜ ਜਸਟਿਸ ਗੋਖਲੇ ਨੇ ਚੁੱਪ ਤੋੜੀ ਅਤੇ ਜਨਤਕ ਬਿਆਨ ਜਾਰੀ ਕਰ ਕੇ ਕਿਹਾ ਕਿ ਚਿੱਠੀ ਦੇ ਨਾਲ ਨੱਥੀ ਕੀਤੀ ਜਸਟਿਸ ਰਘੂਪਤੀ ਵਾਲੀ ਚਿੱਠੀ ਦੇ ਦੂਜੇ ਪਹਿਰੇ ਵਿਚ ਏ. ਰਾਜਾ ਦਾ ਨਾਂ ਸਾਫ਼ ਲਿਖਿਆ ਹੈ, ਉਸ ਨੂੰ ਜਸਟਿਸ ਬਾਲਾਕ੍ਰਿਸ਼ਨਨ ਪੜ੍ਹ ਕੇ ਵੇਖ ਲੈਣ। ਬਾਲਾਕ੍ਰਿਸ਼ਨਨ ਨੇ ਆਪਣੇ ਬਚਾਅ ਲਈ ਨਵਾਂ ਪੈਂਤੜਾ ਲੈ ਲਿਆ ਕਿ ਜਸਟਿਸ ਰਘੂਪਤੀ ਦੀ ਜਿਸ ਚਿੱਠੀ ਵਿਚ ਇਹ ਜ਼ਿਕਰ ਹੈ, ਉਹ ਮੇਰੇ ਵੱਲ ਨਹੀਂ, ਜਸਟਿਸ ਗੋਖਲੇ ਨੂੰ ਲਿਖੀ ਗਈ ਸੀ; ਮੈਨੂੰ ਤਾਂ ਉਸ ਦੀ ਨਕਲ ਭੇਜੀ ਗਈ ਸੀ। ਜਸਟਿਸ ਗੋਖਲੇ ਦੀ ਆਪਣੀ ਚਿੱਠੀ ਵਿਚ ਇਸ ਦਾ ਜ਼ਿਕਰ ਨਹੀਂ ਸੀ ਕੀਤਾ। ਜਦੋਂ ਜਸਟਿਸ ਗੋਖਲੇ ਨੇ ਅਸਲ ਸ਼ਿਕਾਇਤ ਹੀ ਉਨ੍ਹਾਂ ਨੂੰ ਭੇਜ ਦਿੱਤੀ, ਵੱਖਰਾ ਉਹ ਕੁਝ ਦਰਜ ਕਰਨ ਦੀ ਤਾਂ ਲੋੜ ਨਹੀਂ ਸੀ ਰਹਿ ਜਾਂਦੀ ਜਿਸ ਦਾ ਬਹਾਨਾ ਬਣਾ ਕੇ ਜਸਟਿਸ ਬਾਲਾਕ੍ਰਿਸ਼ਨਨ ਆਪਣੀ ਜ਼ਿੰਮੇਵਾਰੀ ਨਾ ਨਿਭਾਉਣ ਦੇ ਦੋਸ਼ ਤੋਂ ਭੱਜਣਾ ਚਾਹੁੰਦੇ ਹਨ।

ਆਖ਼ਰ ਕਾਰਵਾਈ ਕਿਉਂ ਨਹੀਂ ਸੀ ਕੀਤੀ ਜਸਟਿਸ ਬਾਲਾਕ੍ਰਿਸ਼ਨਨ ਨੇ? ਪਤਾ ਨਹੀਂ, ਇਹ ਗੱਲ ਆਖਣੀ ਕਿਸੇ ਅਦਾਲਤ ਦੀ ਮਾਣਹਾਣੀ ਦੇ ਖ਼ਾਤੇ ਵਿਚ ਆਉਂਦੀ ਹੈ ਜਾਂ ਨਹੀਂ ਪਰ ਇਹ ਸਾਫ਼ ਲੱਗਦਾ ਹੈ ਕਿ ਉਸ ਵਕਤ ਦੇ ਭਾਰਤ ਦੇ ਮੁੱਖ ਜੱਜ ਬਾਲਾਕ੍ਰਿਸ਼ਨਨ ਨੇ ਉਸ ਵਕਤ ਦੇ ਕੇਂਦਰੀ ਮੰਤਰੀ ਏ. ਰਾਜਾ ਨਾਲ ਲਿਹਾਜ਼ ਵਰਤੀ ਹੈ। ਲਿਹਾਜ਼ ਕਿਉਂ ਵਰਤੀ ਗਈ? ਇਸ ਬਾਰੇ 'ਜਿੰਨੇ ਮੂੰਹ, ਓਨੀਆਂ ਗੱਲਾਂ' ਵਾਲਾ ਹਾਲ ਹੈ। ਕੁਝ ਲੋਕ ਤਾਂ ਇਹ ਵੀ ਕਹਿ ਰਹੇ ਹਨ ਕਿ ਜਸਟਿਸ ਬਾਲਾਕ੍ਰਿਸ਼ਨਨ ਨੇ ਭਾਰਤ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਦਾ ਹੁਣ ਵਾਲਾ ਅਹੁਦਾ ਲੈਣ ਖ਼ਾਤਰ ਉਵੇਂ ਹੀ ਉਸ ਮੰਤਰੀ ਏ. ਰਾਜਾ ਬਾਰੇ ਚੁੱਪ ਵੱਟੀ ਹੋਵੇਗੀ ਜਿਵੇਂ ਮੁੱਖ ਵਿਜੀਲੈਂਸ ਕਮਿਸ਼ਨਰ ਬਣਨ ਲਈ ਪੀ.ਜੇ. ਥਾਮਸ ਨੇ ਕੀਤਾ ਸੀ। ਬਹੁਤ ਸਾਰੇ ਜੱਜ ਆਪਣੀ ਨੌਕਰੀ ਦੇ ਅੰਤਲੇ ਦਿਨਾਂ ਵਿਚ ਇਸ ਝਾਕ ਵਿਚ ਇਕ ਜਾਂ ਦੂਜੀ ਧਿਰ ਵੱਲ ਕੁਝ ਨਰਮ ਹੋਣ ਲੱਗ ਪੈਂਦੇ ਹਨ ਕਿ ਰਿਟਾਇਰਮੈਂਟ ਪਿੱਛੋਂ ਲਾਭ ਅਤੇ ਸਤਿਕਾਰ ਵਾਲਾ ਕੋਈ ਅਹੁਦਾ ਮਿਲ ਜਾਵੇਗਾ। ਮਨੁੱਖੀ ਅਧਿਕਾਰ ਕਮਿਸ਼ਨ ਜਾਂ ਕਿਸੇ ਹੋਰ ਏਦਾਂ ਦੇ ਅਹੁਦੇ ਲਈ ਆਮ ਕਰਕੇ ਕਿਸੇ ਰਿਟਾਇਰਡ ਜੱਜ ਨੂੰ ਲਾਉਣਾ ਠੀਕ ਸਮਝਿਆ ਜਾਂਦਾ ਹੈ ਪਰ ਇਹ ਅਹੁਦੇ ਰਿਟਾਇਰ ਹੋਏ ਹਰ ਕਿਸੇ ਜੱਜ ਨੂੰ ਨਹੀਂ ਮਿਲਦੇ, ਸਿਰਫ਼ 'ਹੱਕਦਾਰ' ਹੋਣਾ ਸਾਬਤ ਕਰਨ ਵਾਲਿਆਂ ਨੂੰ ਹੀ ਮਿਲਦੇ ਦੱਸੇ ਜਾਂਦੇ ਹਨ।

ਨਿਆਂਪਾਲਿਕਾ ਤੋਂ ਪਾਸੇ ਹਟ ਕੇ ਸਾਡੇ ਸਾਹਮਣੇ ਇਕ ਮਿਸਾਲ ਪ੍ਰਦੀਪ ਬੈਜਲ ਦੀ ਹੈ। ਉਹ ਸਪੈਕਟ੍ਰਮ ਘੋਟਾਲੇ ਦੀ ਬਦਨਾਮ ਹਸਤੀ ਨੀਰਾ ਰਾਡੀਆ ਦੇ ਉਭਾਰ ਵੇਲੇ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ਼ ਇੰਡੀਆ ਦਾ ਮੁਖੀ ਹੁੰਦਾ ਸੀ ਪਰ ਕੁਝ ਸਮੇਂ ਬਾਅਦ ਰਿਟਾਇਰ ਹੋ ਕੇ ਓਸੇ ਨੀਰਾ ਰਾਡੀਆ ਦੀ ਕੰਪਨੀ ਦਾ ਕਾਰਿੰਦਾ ਬਣ ਗਿਆ ਜਿਹੜੀ ਕਦੇ ਉਸ ਦੇ ਦਫ਼ਤਰ ਅਰਜ਼ੀ ਲੈ ਕੇ ਹਾਜ਼ਰ ਹੋਈ ਸੀ। ਜੇ ਪ੍ਰਦੀਪ ਬੈਜਲ ਇੰਜ ਕਰ ਸਕਦਾ ਹੈ ਤਾਂ ਇਸ ਪ੍ਰਬੰਧ ਨੂੰ ਕਿਸੇ ਵੀ ਹੋਰ ਤੋਂ ਵੱਧ ਸਮਝਣ ਵਾਲੇ ਕੁਝ ਜੱਜ ਕਿਉਂ ਨਹੀਂ ਕਰ ਸਕਦੇ? ਅਹੁਦਿਆਂ ਪਿੱਛੇ ਭੱਜਣ ਦੀ ਇਹ ਰੀਤ ਹੀ ਭ੍ਰਿਸ਼ਟਾਚਾਰ ਦੀ ਉਂਗਲ ਉਠਣ ਕਾਰਨ ਉਸ ਦਾ ਅਕਸ ਦਾਗ਼ੀ ਹੋ ਚੁੱਕਾ ਸੀ, ਉਸ ਦੀ ਨਿਯੁਕਤੀ ਸਰਕਾਰ ਨੇ ਕੀਤੀ ਹੀ ਕਿਉਂ? ਬਾਕੀ ਸਾਰੀ ਬਹਿਸ ਕਾਨੂੰਨੀ ਸੀ ਜਿਸ ਵਿਚ ਅਸੀਂ ਨਹੀਂ ਜਾਣਾ ਚਾਹੁੰਦੇ ਪਰ ਇਕ ਗੱਲ ਅਟਾਰਨੀ ਜਨਰਲ ਨੇ ਇਸ ਮੌਕੇ ਇਹ ਕਹਿ ਦਿੱਤੀ ਕਿ ਜੇ ਦਾਗ਼ੀ ਵਾਲੀ ਦਲੀਲ ਨੂੰ ਵਜ਼ਨ ਦਿੱਤਾ ਗਿਆ ਤਾਂ ਨਿਆਂਪਾਲਿਕਾ ਦੀਆਂ ਕਈ ਨਿਯੁਕਤੀਆਂ ਬਾਰੇ ਵੀ ਕਿੰਤੂ ਖੜ੍ਹੇ ਹੋ ਜਾਣਗੇ। ਕੀ ਇਹ ਏਡੀ ਛੋਟੀ ਗੱਲ ਸੀ ਕਿ ਇਸ ਦਾ ਕੋਈ ਨੋਟਿਸ ਹੀ ਨਾ ਲਵੇ? ਛੋਟੀ ਤਾਂ ਨਹੀਂ ਸੀ ਪਰ ਫੇਰ ਵੀ ਅਣਗੌਲੀ ਕਰ ਦਿੱਤੀ ਗਈ। ਪਤਾ ਨਹੀਂ ਕਿਉਂ?


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

# ਦੂਜੀ ਹਰੀ ਕ੍ਰਾਂਤੀ ਵੀ ਕਿਸਾਨ ਨੂੰ ਲੈ ਬੈਠੇਗੀ

ਨਰਦੇਵ ਸਿੰਘ

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਦਿੱਤਾ 'ਦੂਜੀ ਹਰੀ ਕ੍ਰਾਂਤੀ' ਅਤੇ ਹੁਣ ਅਮਰੀਕੀ ਰਾਸ਼ਟਰਪਤੀ ਓਬਾਮਾ ਵੱਲੋਂ ਦਿੱਤਾ 'ਸਦਾਬਹਾਰ ਹਰੀ ਕ੍ਰਾਂਤੀ' ਦਾ ਨਾਅਰਾ, ਸਿਰਫ਼ ਸਿਰਲੇਖ ਪੱਖੋਂ ਹੀ ਵੱਖਰੇ ਹਨ। ਇਨ੍ਹਾਂ ਦਾ ਉਦੇਸ਼ ਅਤੇ ਨਿਸ਼ਾਨੇ ਬਿਲਕੁਲ ਸਾਂਝੇ ਹਨ ਕਿਉਂਕਿ ਇਹ ਦੋਵੇਂ ਨਾਅਰੇ ਅਸਲ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਮਰੀਕਾ ਫੇਰੀ ਦੌਰਾਨ ਹੋਏ 'ਅਮਰੀਕਾ-ਭਾਰਤ ਨਾਲੇਜ ਇਨੀਸ਼ੀਏਟਿਵ ਆਨ ਐਗਰੀਕਲਚਰ' ਸਮਝੌਤੇ ਉਤੇ ਆਧਾਰਤ ਹਨ ਜਿਸ ਦਾ ਮੁੱਖ ਉਦੇਸ਼ ਭਾਰਤ ਦੀ ਖੇਤੀ ਖੋਜ ਨੂੰ ਬਹੁ-ਕੌਮੀ ਕੰਪਨੀਆਂ ਦੇ ਹਵਾਲੇ ਕਰਨਾ, ਭਾਰਤ ਦੀ ਮੰਡੀ ਨੂੰ ਹੋਰ ਖੋਲ੍ਹਣਾ ਅਤੇ ਪ੍ਰਚੂਨ ਮੰਡੀ 'ਚ ਵੱਡੀਆਂ ਕੰਪਨੀਆਂ ਦੇ ਦਾਖ਼ਲੇ ਲਈ ਰਾਹ ਪੱਧਰਾ ਕਰਨਾ ਹੈ। ਇਹ ਉਹ ਸਮਝੌਤਾ ਹੈ ਜਿਸ ਦੇ ਕੰਟਰੋਲਿੰਗ ਬੋਰਡ ਵਿਚ ਪ੍ਰਚੂਨ ਮਾਰਕਿਟ ਦੀ ਮਹਾਂਬਲੀ ਕੰਪਨੀ ਵਾਲਮਾਰਟ, ਅੰਨ ਪਦਾਰਥਾਂ ਦੇ ਵਪਾਰ ਨੂੰ ਕੰਟਰੋਲ ਕਰਨ ਵਾਲੀ ਆਰਚਰ ਐਂਡ ਡੇਨੀਅਲ, ਦੁਨੀਆਂ ਦੀ ਬੀਜ ਮਾਰਕਿਟ ਨੂੰ ਕੰਟਰੋਲ ਕਰਨ ਵਾਲੀ ਧੜਵੈਲ ਮੋਨਸੈਂਟੋ ਕੰਪਨੀ ਸ਼ਾਮਲ ਹਨ। ਭਾਰਤੀ ਵੱਡੇ ਸਰਮਾਏਦਾਰਾਂ ਦੇ ਦੋ ਸੰਸਥਾਵਾਂ-ਫਿੱਕੀ ਅਤੇ ਸੀ.ਆਈ.ਆਈ., ਇਸ ਦੀ ਸਲਾਹਕਾਰ ਕਮੇਟੀ ਵਿਚ ਸ਼ਾਮਲ ਹਨ। ਦਿਲਚਸਪ ਗੱਲ ਇਹ ਹੈ ਕਿ ਖੇਤੀ ਨਾਲ ਸਬੰਧਤ ਕਿਸੇ ਧਿਰ ਨੂੰ ਇੱਥੇ ਨੇੜੇ ਨਹੀਂ ਲੱਗਣ ਦਿੱਤਾ ਗਿਆ। ਅਮਰੀਕੀ ਪੂੰਜੀ ਲਈ ਭਾਰਤ ਅੰਦਰ ਰਾਹ ਖੋਲ੍ਹਣ ਵਾਸਤੇ ਬਣਾਈ ਗਈ 'ਅਮਰੀਕੀ-ਭਾਰਤੀ ਬਿਜ਼ਨਸ ਕੌਂਸਲ' ਦਾ ਕਹਿਣਾ ਹੈ ਕਿ ਹੁਣ ਸਿਰਫ਼ ਮੰਡੀ ਜਾਂ ਬਿਜ਼ਨਸ ਮੁਖੀ ਹੋ ਕੇ, ਭਾਰਤੀ ਖੇਤੀ ਆਪਣੇ ਆਪ 'ਸਦਾ ਬਹਾਰ ਇਨਕਲਾਬ' ਦੇ ਰਸਤੇ ਚੱਲ ਪਵੇਗੀ। ਸਰਕਾਰ ਨੂੰ ਹੁਣ ਕੁਝ ਹੋਰ ਵੀ ਕਰਨ ਦੀ ਥਾਂ, ਸਿਰਫ਼ ਅਮਰੀਕੀ ਪੂੰਜੀ ਤੇ ਬਹੁ-ਕੌਮੀ ਕੰਪਨੀਆਂ ਦੇ ਦਾਖ਼ਲੇ ਦੇ ਰਾਹ ਵਿਚ ਆਉਣ ਵਾਲੇ ਅੜਿੱਕੇ ਹਟਾਉਣ ਲਈ ਕੰਮ ਕਰਨਾ ਚਾਹੀਦਾ ਹੈ।

ਇਸ ਨੀਤੀ ਅਨੁਸਾਰ 'ਜੈਨੇਟਿਕਲੀ ਸੋਧੇ' ਹੋਏ ਬੀਜਾਂ ਨੂੰ ਸਦਾਬਹਾਰ ਇਨਕਲਾਬ ਦਾ ਧੁਰਾ ਮੰਨਿਆ ਜਾ ਰਿਹਾ ਹੈ। ਸਾਡੇ ਨੀਤੀ-ਘਾੜਿਆਂ ਵੱਲੋਂ ਕਿਹਾ ਜਾਣ ਲੱਗਿਆ ਹੈ ਕਿ ਪੈਦਾਵਾਰ ਵਿਚ ਵਾਧੇ ਲਈ ਇਨ੍ਹਾਂ ਬੀਜਾਂ ਦੀ ਵਰਤੋਂ ਜ਼ਰੂਰੀ ਹੈ। ਬੀ.ਟੀ. ਨਰਮਾ, ਬੀ.ਟੀ. ਬੈਂਗਣ ਤੋਂ ਬਾਅਦ ਹੁਣ ਬੀ.ਟੀ. ਚੌਲਾਂ ਸਮੇਤ ਕਈ ਹੋਰ ਬੀਜਾਂ ਬਾਰੇ ਖੋਜ ਚੱਲ ਰਹੀ ਹੈ। ਬੀਜ ਹੀ ਨਹੀਂ, ਮੱਛੀਆਂ ਅਤੇ ਪੋਲਟਰੀ 'ਤੇ ਵੀ ਜੈਨੇਟਿਕ ਇੰਜੀਨੀਅਰਿੰਗ ਦੀ ਵਰਤੋਂ ਕੀਤੀ ਜਾ ਰਹੀ ਹੈ।

ਬੀਜ ਖੇਤੀ ਦੀ ਜਿੰਦ-ਜਾਨ ਹਨ ਤੇ ਕਿਸੇ ਵੀ ਤਰੀਕੇ ਨਾਲ ਬੀਜ ਮਾਰਕਿਟ ਉਤੇ ਸਰਦਾਰੀ ਕਿਸਾਨੀ ਦੀ ਤਬਾਹੀ ਦਾ ਸਬੱਬ ਬਣੇਗਾ। ਇੱਥੇ ਕਈ ਪੱਖਾਂ ਨੂੰ ਜੋੜ ਕੇ ਵੇਖਣ ਦੀ ਲੋੜ ਹੈ। ਪਹਿਲਾ, ਦੁਨੀਆਂ ਦੀ 40 ਫ਼ੀਸਦੀ ਬੀਜ ਮਾਰਕਿਟ 'ਤੇ ਦੁਨੀਆਂ ਦੇ 47 ਫ਼ੀਸਦੀ ਬੀਜ ਪਹਿਲਾਂ ਹੀ ਮੋਨਸੈਂਟੋ, ਡਿਪੋਂਟ ਅਤੇ ਸਾਇਨਜੈਂਟਾ ਦੇ ਕਬਜ਼ੇ ਹੇਠ ਹਨ। ਭਾਰਤ ਦੀ ਅੱਧੀ ਬੀਜ ਮਾਰਕਿਟ ਪਹਿਲਾਂ ਹੀ ਅਮਰੀਕੀ ਕੰਪਨੀਆਂ ਦੇ ਕਬਜ਼ੇ ਹੇਠ ਹੈ। ਦੂਜਾ ਹੁਣ ਬੀਜਾਂ ਨੂੰ ਬੌਧਿਕ ਸੰਪਤੀ ਐਕਟ ਤਹਿਤ ਪੇਟੈਂਟ ਕੀਤਾ ਜਾ ਰਿਹਾ ਹੈ ਭਾਵ ਇਹ ਕੰਪਨੀਆਂ ਕਿਸੇ ਵੀ ਬੀਜ ਵਿਚ ਮਾਮੂਲੀ ਜੈਨੇਟਿਕ ਸੋਧ ਕਰਕੇ ਉਸ ਨੂੰ ਪੇਟੈਂਟ ਕਰਵਾ ਸਕਦੀਆਂ ਹਨ। ਇੱਥੇ ਹੀ ਸਾਡੀ ਸਰਕਾਰ ਵੱਲੋਂ ਇਨ੍ਹਾਂ ਕੰਪਨੀਆਂ ਦੀ ਸਹੂਲਤ ਵਾਸਤੇ ਲਿਆਂਦਾ ਜਾ ਰਿਹਾ 'ਬੀਜ ਐਕਟ' ਗੌਰ ਦੀ ਮੰਗ ਕਰਦਾ ਹੈ। ਪਹਿਲਾਂ ਇਹ ਬੀਜ ਦੀ ਰਜਿਸਟਰੇਸ਼ਨ ਨੂੰ ਜ਼ਰੂਰੀ ਕਰਾਰ ਦਿੰਦਾ ਹੈ ਜਿਸ ਦਾ ਮਤਲਬ ਹੈ ਕੋਈ ਵੀ ਕਿਸਾਨ ਆਪਣਾ ਬੀਜ ਜਾਂ ਪੇਟੈਂਟ ਹੋਇਆ ਬੀਜ ਅੱਗੇ ਕਿਸੇ ਨੂੰ ਨਹੀਂ ਦੇ ਸਕਦਾ। ਦੂਜਾ ਇਹ ਬੀਜ ਉੱਤੇ ਬੀਜ ਕੰਪਨੀ ਦੇ ਅਧਿਕਾਰ ਦੀ ਸੀਮਾ 15 ਸਾਲ ਤੋਂ ਵਧਾ ਕੇ 30 ਸਾਲ ਕਰਨ ਦੀ ਤਜਵੀਜ਼ ਰੱਖਦਾ ਹੈ। ਤੀਜਾ ਇਹ ਬੀਜਾਂ ਦੀ ਕੀਮਤ 'ਤੇ ਕਿਸੇ ਕਿਸਮ ਦੇ ਸਰਕਾਰੀ ਕੰਟਰੋਲ ਨੂੰ ਖ਼ਤਮ ਕਰਨ ਦੀ ਗੱਲ ਕਰਦਾ ਹੈ ਜਦੋਂ ਕਿ ਨਵਾਂ 'ਬਾਇਓਟੈਕਨਾਲੋਜੀ ਰੈਗੂਲੇਟਰੀ ਐਕਟ', ਬਿਨਾਂ ਕਿਸੇ ਠੋਸ ਸਬੂਤ ਜਾਂ ਵਿਗਿਆਨਕ ਆਧਾਰ ਦੇ ਬੀਜ ਬਾਰੇ ਜਨਤਾ ਨੂੰ ਗੁੰਮਰਾਹ ਕਰਨ ਦੇ ਨਾਂ ਹੇਠ, ਛੇ ਮਹੀਨਿਆਂ ਤੋਂ ਇਕ ਸਾਲ ਦੀ ਕੈਦ ਅਤੇ ਦੋ ਲੱਖ ਰੁਪਏ ਤਕ ਦੇ ਜੁਰਮਾਨੇ ਦੀ ਸਜ਼ਾ ਦਾ ਐਲਾਨ ਕਰਦਾ ਹੈ। ਇਹ ਸਾਰੇ ਤੱਥ ਇਸ਼ਾਰਾ ਕਰਦੇ ਹਨ ਸਾਰੇ ਭਾਰਤੀ ਕਾਨੂੰਨਾਂ ਨੂੰ ਇਉਂ ਵਰਤਿਆ ਜਾ ਰਿਹਾ ਹੈ ਤਾਂ ਜੋ ਬਹੁਕੌਮੀ ਕੰਪਨੀਆਂ ਨੂੰ ਬੀਜ ਮਾਰਕਿਟ ਉਤੇ ਸਰਦਾਰੀ ਕਾਇਮ ਕਰਨ ਅਤੇ ਮਨਚਾਹੇ ਰੇਟ ਲਗਾਉਣ ਦੀ ਖੁੱਲ੍ਹ ਮਿਲ ਸਕੇ।




ਅੱਜ ਜਦੋਂ 80 ਫ਼ੀਸਦੀ ਭਾਰਤੀ ਕਿਸਾਨ ਆਪਣੇ ਬੀਜ ਮਾਰਕਿਟ ਵਿੱਚੋਂ ਨਹੀਂ ਖਰੀਦਦੇ ਤਾਂ ਇਹ ਬੀਜ ਨੀਤੀ ਉਨ੍ਹਾਂ ਨੂੰ ਬੀਜ ਮਾਰਕਿਟ ਵਿਚ ਖਿੱਚ ਲਿਆਵੇਗੀ, ਉਨ੍ਹਾਂ ਨੂੰ ਹਰ ਸਾਲ ਨਵਾਂ ਬੀ.ਟੀ. ਬੀਜ ਖਰੀਦਣਾ ਪਵੇਗਾ ਜਿਸ ਦੀ ਕੀਮਤ 'ਤੇ ਕੋਈ ਸਰਕਾਰੀ ਕੰਟਰੋਲ ਨਹੀਂ ਹੋਵੇਗਾ। ਸਿੱਟੇ ਵਜੋਂ ਮਹਿੰਗੇ ਬੀਜ, ਖੇਤੀ ਛੱਡਣ ਵਾਲੇ ਅਤੇ ਖ਼ੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਵਿਚ ਹੋਰ ਵੀ ਵਾਧਾ ਕਰਨਗੇ। ਬੀ.ਟੀ. ਨਰਮੇ ਦੀ ਉੱਚੀ ਕੀਮਤ ਅਤੇ ਧੋਖੇ ਭਰੇ ਭਰਮਜਾਲ ਨੇ ਪਹਿਲਾਂ ਹੀ ਵਿਦਰਭ ਦੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਵੱਲ ਧੱਕ ਦਿੱਤਾ ਹੈ। ਜਦੋਂਕਿ ਮੋਨਸੈਂਟੋ ਨੇ ਬੀ.ਟੀ. ਨਰਮੇ ਦੀ ਬੋਲਗਾਰਦ-1 ਕਿਸਮ ਨੂੰ ਅੰਨ੍ਹੇ ਮੁਨਾਫ਼ੇ ਕਮਾ ਕੇ ਐਲਾਨ ਕਰ ਦਿੱਤਾ ਹੈ ਕਿ ਉਸ ਦੀ ਬੋਲਗਾਰਦ-1 ਕਿਸਮ ਫੇਲ੍ਹ ਰਹੀ ਹੈ ਤੇ ਹੁਣ ਉਹ ਕਿਸਾਨਾਂ ਨੂੰ ਬੋਲਗਾਰਦ-2 ਖਰੀਦਣ ਦੀ ਸਿਫਾਰਸ਼ ਕਰ ਰਹੀ ਹੈ।

ਭਾਰਤ ਦੀ ਖੇਤੀ ਖੋਜ ਨੂੰ ਹੋਰ ਵਧੇਰੇ ਬਹੁ-ਕੌਮੀ ਕੰਪਨੀਆਂ ਦੀ ਮੁੱਠੀ ਵਿਚ ਕਰਨਾ ਇਸ ਸਮਝੌਤੇ ਦਾ ਇਕ ਹੋਰ ਅਹਿਮ ਹਿੱਸਾ ਹੈ। ਇਸ ਤਹਿਤ ਇਹ ਕੰਪਨੀਆਂ, ਭਾਰਤ ਦੇ ਖੇਤੀ ਖੋਜਕਾਰਾਂ ਨੂੰ ਟਰੇਨਿੰਗ ਦੇਣਗੀਆਂ, ਬਹੁਕੌਮੀ ਕੰਪਨੀਆਂ ਦੀਆਂ ਲੋੜਾਂ ਅਨੁਸਾਰ ਭਾਰਤੀ ਖੇਤੀਬਾੜੀ ਯੂਨੀਵਰਸਿਟੀਆਂ ਤੇ ਖੋਜ ਸੰਸਥਾਵਾਂ ਦਾ ਸਿਲੇਬਸ ਮੁੜ ਤੋਂ ਵਿਉਂਤਿਆ ਜਾ ਰਿਹਾ ਹੈ। ਖੇਤੀ ਖੋਜ ਦੇ ਖੇਤਰ ਵਿਚ 'ਪਬਲਿਕ ਪ੍ਰਾਈਵੇਟ ਸਾਂਝ' ਹੈ ਜਿਸ ਤਹਿਤ ਬਹੁ-ਕੌਮੀ ਕੰਪਨੀਆਂ ਨੂੰ ਭਾਰਤ ਦੇ ਸਰਕਾਰੀ ਖੋਜ ਢਾਂਚੇ ਜਿਸ ਵਿਚ 47 ਕੇਂਦਰੀ ਸੰਸਥਾਵਾਂ, 45 ਖੇਤੀ ਯੂਨੀਵਰਸਿਟੀਆਂ, 12 ਪ੍ਰਾਜੈਕਟ ਡਾਇਰੈਕਟੋਰੇਟ, 32 ਕੇਂਦਰੀ ਖੋਜ ਸੰਸਥਾਵਾਂ ਆਦਿ ਵਿਚ ਸਿੱਧਾ ਦਾਖ਼ਲਾ ਮਿਲ ਜਾਵੇਗਾ ਜਿਸ ਤਹਿਤ ਖੋਜ ਦਾ ਵੱਡਾ ਖਰਚਾ ਸਰਕਾਰ ਦਾ ਹੋਵੇਗਾ ਤੇ ਮੁਨਾਫ਼ੇ ਪ੍ਰਾਈਵੇਟ ਕੰਪਨੀਆਂ ਦੇ ਹੋਣਗੇ। ਉਹ ਆਪਣੇ ਬੀਜਾਂ ਸਬੰਧੀ, ਖੇਤੀ ਮਾਹਿਰਾਂ ਤੇ ਸਾਇੰਸਦਾਨਾਂ ਤੋਂ ਮਨਚਾਹੇ ਫੈਸਲੇ ਲੈਣ ਲਈ ਵੀ ਕਾਮਯਾਬ ਹੋ ਸਕਣਗੀਆਂ ਅਤੇ ਉਨ੍ਹਾਂ ਦੇ ਬੀਜਾਂ ਨੂੰ ਚੈਲਿੰਜ ਕਰਨ ਵਾਲੀ ਕਿਸੇ ਵੀ ਤਰ੍ਹਾਂ ਦੀ ਖੋਜ ਦਾ ਭੋਗ ਪੈ ਜਾਵੇਗਾ। ਰਾਜਸਥਾਨ ਵਿਚ ਪਹਿਲਾਂ ਹੀ ਮੋਨਸੈਂਟੋ, ਮੱਕੀ ਸਬੰਧੀ 'ਗੋਲਡਨ ਰੇਅਜ਼' ਅਤੇ ਗੁਜਰਾਤ ਵਿਚ 'ਸਨਸ਼ਾਈਨ' ਪ੍ਰਾਜੈਕਟ ਚਲਾ ਰਹੀ ਹੈ ਜਿਸ ਤਹਿਤ ਇਹ ਦੋਵੇਂ ਸਰਕਾਰਾਂ, ਕੰਪਨੀ ਤੋਂ ਬੀਜ ਲੈ ਕੇ ਲੋਕਾਂ ਵਿਚ ਵੇਚ ਰਹੀਆਂ ਹਨ ਅਤੇ ਪੈਸਾ 'ਕੌਮੀ ਖੇਤੀ ਵਿਕਾਸ ਯੋਜਨਾ' ਤੋਂ ਆ ਰਿਹਾ ਹੈ।

ਫੂਡ ਪ੍ਰਾਸੈਸਿੰਗ ਇਸ ਸਮਝੌਤੇ ਦਾ ਇਕ ਹੋਰ ਲੁਭਾਉਣਾ ਨਾਅਰਾ ਹੈ। ਇਸ ਨੂੰ ਸਹੀ ਦੱਸਣ ਲਈ ਤੱਥ ਦਿੱਤੇ ਜਾ ਰਹੇ ਹਨ ਕਿ ਅਸੀਂ ਸਿਰਫ਼ 2% ਬਾਗਬਾਨੀ ਉਤਪਾਦ 'ਤੇ ਸਿਰਫ਼ 7% ਕੁੱਲ ਖੇਤੀ ਉਤਪਾਦ ਹੀ ਅੱਗੇ ਪ੍ਰੋਸੈੱਸ ਕਰ ਪਾ ਰਹੇ ਹਾਂ ਜਦੋਂ ਕਿ ਵਿਕਸਤ ਦੇਸ਼ਾਂ ਵਿਚ ਇਹ ਅੰਕੜਾ 60-70% ਦੇ ਕਰੀਬ ਹੈ। ਇਸ ਸਮਝੌਤੇ ਤਹਿਤ ਹੁਣ ਇਸ 'ਵੱਡੀ ਫੂਡ ਮਾਰਕਿਟ' ਉਤੇ ਅਮਰੀਕੀ ਕੰਪਨੀਆਂ ਨੇ ਅੱਖ ਰੱਖ ਲਈ ਹੈ। ਉਹ ਫੂਡ ਪ੍ਰੋਸੈਸਿੰਗ ਤਕਨਾਲੋਜੀ ਦੇਣ ਤੇ ਸਾਂਝੀ ਖੋਜ ਦੇ ਬਹਾਨੇ ਇੱਥੇ ਆ ਰਹੇ ਹਨ। ਇਸ ਲਈ ਸਰਕਾਰੀ ਮਾਰਕੀਟਿੰਗ ਦੀ ਥਾਂ 'ਪ੍ਰਾਈਵੇਟ ਮਾਰਕੀਟਿੰਗ' ਸਿਸਟਮ ਉਸਾਰਨ ਲਈ ਭਾਰਤ ਦੇ ਖੇਤੀ ਮਾਰਕੀਟਿੰਗ ਐਕਟ ਵਿਚ ਸੋਧ ਕੀਤੀ ਜਾ ਰਹੀ ਹੈ। ਖੇਤ ਤੋਂ ਮੰਡੀ ਤਕ ਕੌਮਾਂਤਰੀ ਸਪਲਾਈ ਚੇਨ ਉਸਾਰਨ ਦੇ ਕਾਰਪੋਰੇਟ ਮਾਡਲ ਲਈ ਇਹ ਪਹਿਲਾ ਕਦਮ ਹੈ।

ਇਸ ਨੂੰ ਫਾਰਵਰਡ ਤੇ ਬੈਕਵਰਡ ਲਿੰਕੇਜ ਵੀ ਕਿਹਾ ਜਾ ਸਕਦਾ ਹੈ ਜਿਸ ਦਾ ਭਾਵ ਹੈ 'ਖੇਤ ਤੋਂ ਲੈ ਕੇ ਪ੍ਰਚੂਨ ਮੰਡੀ ਵਿਚ ਵਿਕਣ ਤਕ' ਦੇ ਸਾਰੇ ਪ੍ਰੋਸੈੱਸ ਨੂੰ ਆਪਣੀ ਮੁੱਠੀ ਵਿਚ ਕਰ ਲੈਣਾ। ਸਾਡੀ ਸਰਕਾਰ ਨੇ 11ਵੀਂ ਪੰਜ ਸਾਲਾ ਯੋਜਨਾ ਦੌਰਾਨ ਅਜਿਹੇ 'ਮੈਗਾ ਫੂਡ ਪਾਰਕਾਂ' ਦੀ ਉਸਾਰੀ ਲਈ 1500 ਕਰੋੜ ਰੁਪਏ ਦੀ ਸਬਸਿਡੀ ਵੀ ਦਿੱਤੀ ਲੇਕਿਨ ਪ੍ਰਾਈਵੇਟ ਕੰਪਨੀਆਂ ਨੇ ਬਹੁਤ ਦਿਲਚਸਪੀ ਨਹੀਂ ਦਿਖਾਈ। ਇਸ ਲਈ ਇੱਥੇ ਵੀ ਸਰਕਾਰ 'ਪਬਲਿਕ-ਪ੍ਰਾਈਵੇਟ ਸਾਂਝ' ਨਾਲ ਅਜਿਹੇ ਪਾਰਕ ਉਸਾਰਨ ਲਈ ਨੀਤੀ ਲਿਆਈ ਹੈ, ਭਾਵ ਫੂਡ ਪਾਰਕ ਦਾ ਢਾਂਚਾ ਉਸਾਰਨ ਲਈ ਸਰਕਾਰ 26 ਫ਼ੀਸਦੀ ਹਿੱਸਾ ਲਾਵੇਗੀ ਤੇ ਪ੍ਰਾਈਵੇਟ ਕੰਪਨੀਆਂ ਇਸ ਫੂਡ ਪਾਰਕ ਨੂੰ ਮੁਨਾਫ਼ੇ ਲਈ ਵਰਤਣਗੀਆਂ। ਆਂਧਰਾ ਪ੍ਰਦੇਸ਼ ਵਿਚ ਕਾਕੀਨਾੜਾ ਵਿਖੇ 'ਮੁਰੂਗੱਪਾ' ਗਰੁੱਪ ਦੀ ਪੈਰੀ-ਇਨਫਰਾਸਟਰਕਚਰ ਕੰਪਨੀ ਵੱਲੋਂ 250 ਏਕੜ 'ਚ ਉਸਾਰਿਆ 'ਫੂਡ ਪ੍ਰੋਸੈਸਿੰਗ ਵਿਸ਼ੇਸ਼ ਮਾਲੀ ਜ਼ੋਨ' ਇਸ ਦੀ ਮਿਸਾਲ ਹੈ। 15646 ਕਰੋੜ ਦੀ ਆਮਦਨ ਵਾਲਾ ਇਹ ਗਰੁੱਪ ਅੱਗੇ ਡੀ.ਬੀ. ਐਗ ਬੈਂਕ, ਕਾਰਗਿਲ ਸਮੇਤ ਕਈ ਬਹੁਕੌਮੀ ਕੰਪਨੀਆਂ ਨਾਲ ਸਾਂਝ ਰੱਖਦਾ ਹੈ। ਲੁਧਿਆਣਾ 'ਚ 300 ਏਕੜ ਵਿਚ ਉਸਰਿਆ 'ਫੀਲਡ ਫਰੈਸ਼' ਇਸ ਦੀ ਇਕ ਮਿਸਾਲ ਹੈ ਜੋ ਭਾਰਤੀ ਇੰਟਰਪਰਾਈਜਜ਼ ਤੇ ਵੱਡੀ ਕੰਪਨੀ 'ਡੈਲ ਮੰਟੀ' ਵੱਲੋਂ ਸਾਂਝੇ ਤੌਰ 'ਤੇ ਉਸਾਰਿਆ ਗਿਆ ਹੈ ਜੋ ਇੱਥੋਂ ਟਮਾਟਰਾਂ ਦੀ ਚਟਣੀ, ਜੂਸ ਤੇ ਹੋਰ ਤਾਜ਼ਾ ਫਲ ਤਿਆਰ ਕਰਕੇ ਵੱਡੇ ਸ਼ਹਿਰਾਂ ਦੇ ਮੱਧ ਵਰਗ ਨੂੰ ਪੇਸ਼ ਕਰਦਾ ਹੈ। ਹੁਣ ਰਿਲਾਇੰਸ, ਏਅਰਟੈਲ, ਟਾਟਾ ਤੇ ਤੰਬਾਕੂ ਦੀ ਸਰਦਾਰ ਆਈ.ਟੀ.ਸੀ. ਜਿਹੀਆਂ ਕੰਪਨੀਆਂ ਵੀ ਇਸ ਬਿਜ਼ਨਸ ਵਿਚ ਆ ਰਹੀਆਂ ਹਨ।

ਇਸ ਤੋਂ ਇਲਾਵਾ ਪ੍ਰਾਈਵੇਟ ਮਾਰਕਿਟ ਸਿਸਟਮ ਨੂੰ ਪ੍ਰਫੁਲਤ ਕਰਨ ਲਈ ਚੋਣਵੀਆਂ 'ਮਾਡਰਨ ਟਰਮੀਨਲ ਮਾਰਕੀਟਾਂ' ਵਿਕਸਤ ਕੀਤੀਆਂ ਜਾ ਰਹੀਆਂ ਹਨ ਜਿੱਥੇ ਕਿਸਾਨ ਸਿੱਧੇ ਤੌਰ 'ਤੇ ਕੰਪਨੀ ਨੂੰ ਆਪਣੀ ਫਸਲ ਵੇਚ ਸਕੇਗਾ। ਰਾਜਸਥਾਨ ਸਰਕਾਰ ਜੈਪੁਰ 'ਚ, ਉੜੀਸਾ ਕਟਕ ਤੇ ਬਿਰਹਾਮਪੁਰ 'ਚ, ਗੁਜਰਾਤ ਸੂਰਤ 'ਚ, ਮਹਾਰਾਸ਼ਟਰ ਗਰੇਟਰ ਮੁੰਬਈ 'ਚ ਅਜਿਹੇ ਟਰਮੀਨਲਾਂ ਦੀ ਉਸਾਰੀ ਕਰ ਰਹੀ ਹੈ। ਚੰਡੀਗੜ੍ਹ, ਪੰਜਾਬ ਤੇ ਆਂਧਰਾ ਅਜਿਹੀਆਂ ਮਾਡਰਨ ਟਰਮੀਨਲ ਮਾਰਕੀਟਾਂ ਲਈ ਕੰਪਨੀਆਂ ਦੀ ਤਲਾਸ਼ ਕਰ ਰਹੇ ਹਨ। 'ਇਵਕੋ ਤੇ ਗਰੀਨ ਪੋਰਟ' ਸਾਂਝੇ ਤੌਰ 'ਤੇ ਨੀਲੌਰ (ਆਂਧਰਾ) ਵਿਚ, 'ਇਨਟੇਗਰੇਟਡ ਖੇਤੀ ਫੂਡ ਪਾਰਕ' ਦੀ ਉਸਾਰੀ ਕਰ ਰਹੀ ਹੈ ਤੇ ਉਤਰਾਂਚਲ ਸਰਕਾਰ ਪ੍ਰਾਈਵੇਟ ਸਾਂਝ ਵਾਲੀ 'ਫੁੱਲਾਂ ਦੀ ਮਾਰਕਿਟ' ਬਣਾ ਰਹੀ ਹੈ। ਇਸ ਤਰ੍ਹਾਂ ਖੇਤੀ ਤੋਂ ਮੰਡੀ ਤਕ ਦੀ ਪੂਰੀ ਚੇਨ ਨੂੰ ਵੱਡੀਆਂ ਕੰਪਨੀਆਂ ਹਵਾਲੇ ਕੀਤਾ ਜਾ ਰਿਹਾ ਹੈ।

ਕੀ ਵੱਡੀਆਂ ਕੰਪਨੀਆਂ ਦੀ ਸਰਦਾਰੀ ਵਾਲੀ ਇਸ ਮਾਰਕੀਟ ਵਿਚ ਆਮ ਕਿਸਾਨ ਨੂੰ ਸਹੀ ਕੀਮਤ ਮਿਲਣੀ ਸੰਭਵ ਹੈ? ਦੂਜਾ ਠੇਕੇ 'ਤੇ ਜ਼ਮੀਨ ਦੇ ਕੇ ਵਿਹਲੇ ਹੋਏ ਕਿਸਾਨ ਜੋ ਗੈਰ-ਹੁਨਰਮੰਦ ਕਾਮੇ ਹੋਣਗੇ ਜਿਨ੍ਹਾਂ ਲਈ ਇਨ੍ਹਾਂ ਹਾਈਟੈਕ ਫੂਡ ਪਾਰਕਾਂ ਵਿਚ ਕੋਈ ਰੁਜ਼ਗਾਰ ਨਹੀਂ ਹੋਵੇਗਾ, ਉਹ ਕਿੱਥੇ ਜਾਣਗੇ? ਤੀਜਾ, ਜਿਸ ਦੇਸ਼ ਵਿਚ 42 ਫ਼ੀਸਦੀ ਜਨਤਾ ਗਰੀਬੀ ਰੇਖਾ ਤੋਂ ਥੱਲੇ ਭੁੱਖ ਦਾ ਸ਼ਿਕਾਰ ਹੈ ਤੇ ਜਿੱਥੇ ਦੁਨੀਆਂ ਦੇ 42 ਫ਼ੀਸਦੀ ਘੱਟ ਵਜ਼ਨ ਵਾਲੇ ਬੱਚੇ ਹਨ, ਕੀ ਉੱਥੇ ਅੰਨ ਪਦਾਰਥਾਂ ਦੀ ਥਾਂ ਮੱਧ ਵਰਗ ਦੇ ਸੁਆਦ ਲਈ ਅਤੇ ਬਰਾਮਦ ਲਈ ਵਪਾਰਕ ਫਸਲਾਂ ਨੂੰ ਉਤਸ਼ਾਹਿਤ ਕਰਨਾ ਸਹੀ ਹੈ? ਬਿਜ਼ਨਸ ਆਧਾਰਤ ਇਹ ਖੇਤੀ ਮਾਡਲ ਲਾਜ਼ਮੀ ਹੀ ਵੱਡੀ ਗਿਣਤੀ ਜਨਤਾ ਨੂੰ ਭੁੱਖ ਵੱਲ ਧੱਕੇਗਾ।

ਅਮਰੀਕਾ-ਭਾਰਤ ਬਿਜ਼ਨਸ ਕੌਂਸਲ ਦਾ ਦਸਤਾਵੇਜ਼ ਭਾਰਤ ਦੀ ਪ੍ਰਚੂਨ ਮਾਰਕੀਟ ਨੂੰ ਹੋਰ ਖੋਲ੍ਹਣ ਦੀ ਮੰਗ ਕਰਦਾ ਕਹਿੰਦਾ ਹੈ। ਯਾਦ ਰਹੇ ਕਿ 450 ਬਿਲੀਅਨ ਡਾਲਰ ਦੀ ਸਾਡੀ ਪ੍ਰਚੂਨ ਮਾਰਕੀਟ ਦਾ ਸਿਰਫ਼ 6 ਫ਼ੀਸਦੀ ਹਿੱਸਾ ਹੀ ਅਜੇ ਵੱਡੀਆਂ ਕੰਪਨੀਆਂ ਕੋਲ ਹੈ ਜਦੋਂਕਿ ਬਾਕੀ ਮਾਰਕੀਟ 'ਤੇ 3.3 ਕਰੋੜ ਛੋਟੇ ਦੁਕਾਨਦਾਰਾਂ ਦੇ ਪਰਿਵਾਰ ਪਲਦੇ ਹਨ। ਓਬਾਮਾ ਨਾਲ ਆਏ ਕਾਰਪੋਰੇਟਾਂ ਨੇ ਮੰਗ ਕੀਤੀ ਕਿ ਤਾਜ਼ੇ ਫਲਾਂ, ਸਬਜ਼ੀਆਂ, ਪੋਲਟਰੀ, ਡੇਅਰੀ ਉਤਪਾਦ, ਬਾਗਬਾਨੀ ਉਤਪਾਦ ਆਦਿ 'ਤੇ ਲੱਗੀਆਂ ਰੋਕਾਂ ਹਟਾਈਆਂ ਜਾਣ। ਇੱਥੇ ਇਕੱਲੇ ਡੇਅਰੀ ਉਤਪਾਦ ਦੀ ਉਦਾਹਰਣ ਹੀ ਤਬਾਹੀ ਨੂੰ ਸਮਝਣ ਲਈ ਕਾਫ਼ੀ ਹੋਵੇਗੀ। ਇਹ ਧੰਦਾ 9 ਕਰੋੜ ਛੋਟੇ ਦੁੱਧ ਉਤਪਾਦਕਾਂ ਲਈ ਜਿਊਣ ਦਾ ਸਾਧਨ ਹੈ ਜਿਨ੍ਹਾਂ ਵਿੱਚੋਂ 7.5 ਕਰੋੜ ਔਰਤਾਂ ਹਨ। ਭਾਰਤ ਦੇ ਇਹ ਉਤਪਾਦਕ ਜਿਨ੍ਹਾਂ ਨੂੰ ਪਹਿਲਾਂ ਹੀ ਫੀਡ ਅਤੇ ਚਾਰੇ ਦੀਆਂ ਵਧਦੀਆਂ ਕੀਮਤਾਂ ਨੇ ਨਿਚੋੜ ਰੱਖਿਆ ਹੈ, ਉਹ ਮੋਟੀ ਸਬਸਿਡੀ ਵਾਲੇ ਉਤਪਾਦਾਂ ਦਾ ਕਿਸੇ ਵੀ ਹਾਲ ਮੁਕਾਬਲਾ ਨਹੀਂ ਕਰ ਸਕਣਗੇ।

'ਦੂਜੀ ਹਰੀ ਕ੍ਰਾਂਤੀ' ਅਤੇ 'ਸਦਾ ਬਹਾਰ ਇਨਕਲਾਬ' ਜਿਹੇ ਨਾਅਰੇ ਭਾਵੇਂ ਕਿੰਨੇ ਵੀ ਲੁਭਾਉਣੇ ਹੋਣ ਪਰ ਇਨ੍ਹਾਂ ਦੇ ਨਤੀਜੇ ਪਹਿਲੀ ਹਰੀ ਕ੍ਰਾਂਤੀ ਤੋਂ ਕਿਤੇ ਵੱਧ ਖ਼ਤਰਨਾਕ ਹੋਣਗੇ। ਨਿਸ਼ਚੇ ਹੀ ਇਹ ਸਭ ਕੁਝ ਸਾਡੀ ਖੇਤੀ ਖੋਜ, ਬੀਜ ਮਾਰਕਿਟ ਪ੍ਰਚੂਨ ਮਾਰਕਿਟ, ਜ਼ਮੀਨ ਨੂੰ ਬਹੁ-ਕੌਮੀ ਕੰਪਨੀਆਂ ਤੇ ਭਾਰਤੀ ਕਾਰਪੋਰੇਟਾਂ ਦੇ ਹਵਾਲੇ ਕਰਨ ਦਾ ਕਾਰਪੋਰੇਟ ਏਜੰਡਾ ਹੈ। ਜਿਵੇਂ ਦਿਖਾਵੇ ਦੇ ਜਮਹੂਰੀ ਅਦਾਰਿਆਂ-ਸੰਸਦ ਤੋਂ ਲੈ ਕੇ ਰਾਜ ਸਰਕਾਰਾਂ ਤਕ ਨੂੰ ਇਕ ਪਾਸੇ ਕਰਕੇ, ਸਭ ਫੈਸਲੇ ਕਾਰਪੋਰੇਟ ਘਰਾਣਿਆਂ ਦੇ ਸੀ.ਈ.ਓ. ਕਰ ਰਹੇ ਹਨ ਤਾਂ ਇਹ ਲਾਜ਼ਮੀ ਹੀ ਭਾਰਤੀ ਖੇਤੀ ਲਈ ਤਬਾਹਕੁਨ ਹੋਣਗੇ।

# ਕਸ਼ਮੀਰ ਦੀ ਆਜ਼ਾਦੀ ਲਹਿਰ: ਕੁਝ ਉਘੜਵੇਂ ਪੱਖ

*(ਸਫਾ 13 ਦੀ ਬਾਕੀ)*

ਇਹ ਤੱਤ ਕਸ਼ਮੀਰ ਹਾਲਾਤ ਅੰਦਰ ਇਕ ਹੋਰ ਵਿਸ਼ੇਸ਼ ਅੰਸ਼ ਤੋਂ ਲਾਹਾ ਲੈਣ ਦੀ ਕੋਸ਼ਿਸ਼ ਕਰਦੇ ਹਨ। ਸਮੁੱਚੇ ਤੌਰ 'ਤੇ ਇਹ ਲਹਿਰ ਭਾਵੇਂ ਕਸ਼ਮੀਰ ਦੀ ਹਿੰਦੂ ਵਸੋਂ ਖ਼ਿਲਾਫ਼ ਸੇਧਿਤ ਨਹੀਂ ਹੈ, ਇਸ ਦਾ ਹਮਾਇਤੀ ਆਧਾਰ ਮੁਸਲਮਾਨਾਂ ਤਕ ਸੀਮਤ ਹੈ ਅਤੇ ਜੰਮੂ-ਕਸ਼ਮੀਰ ਵਿਚ ਓਨੇ ਹੀ ਗੈਰ ਕਸ਼ਮੀਰੀ ਮੁਸਲਮਾਨ ਹਨ ਜਿੰਨੇ ਕਸ਼ਮੀਰੀ ਮੁਸਲਮਾਨ ਹਨ। ਮੌਜੂਦਾ ਸਮੇਂ ਵਿਚ ਇਸ ਦੇ ਕਸ਼ਮੀਰੀ ਕੌਮੀ ਲਹਿਰ ਹੋਣ ਦੇ ਸਪਸ਼ਟ ਕਾਰਨ ਕਰਕੇ ਲਹਿਰ ਕਸ਼ਮੀਰੀ ਮੁਸਲਮਾਨਾਂ 'ਤੇ ਆਧਾਰਤ ਹੈ ਪਰ ਮੁਸਲਮਾਨ ਮੂਲਵਾਦੀ ਸ਼ਕਤੀਆਂ ਧਾਰਮਿਕ ਅਪੀਲ ਦੇ ਆਧਾਰ 'ਤੇ ਗੈਰ ਕਸ਼ਮੀਰੀ ਮੁਸਲਮਾਨਾਂ ਨੂੰ ਲਹਿਰ ਅੰਦਰ ਖਿੱਚਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਲਹਿਰ ਦੇ ਕਸ਼ਮੀਰੀ ਕੌਮੀ ਖਾਸੇ ਨੂੰ ਸਪਸ਼ਟ ਰੂਪ ਵਿਚ ਜ਼ੋਰਦਾਰ ਢੰਗ ਨਾਲ ਉਭਾਰਨ ਰਾਹੀਂ ਜੇਕਰ ਜੇ.ਕੇ.ਐਲ.ਐਫ਼. ਅਤੇ ਦੂਸਰੀਆਂ ਧਰਮ-ਨਿਰਪੱਖ ਸ਼ਕਤੀਆਂ ਅਜਿਹੀ ਕੋਸ਼ਿਸ਼ ਨੂੰ ਕਾਰਗਰ ਢੰਗ ਨਾਲ ਨਾਕਾਮ ਨਹੀਂ ਕਰਦੀਆਂ ਤਾਂ ਫ਼ਿਰਕੂ ਫ਼ਾਸ਼ੀ ਰੁਝਾਨ ਦੇ ਵਧਣ ਦੀ ਗੁੰਜਾਇਸ਼ ਵਧ ਜਾਵੇਗੀ। ਕਿਉਂਕਿ ਇਉਂ ਵਾਪਰਨਾ ਕਸ਼ਮੀਰੀ ਕੌਮੀ ਲਹਿਰ ਦੇ ਹਿਤਾਂ ਦੇ ਹੀ ਖ਼ਿਲਾਫ਼ ਨਹੀਂ ਜਾਵੇਗਾ ਸਗੋਂ ਵਿਸ਼ਾਲ ਭਾਰਤੀ ਲੋਕਾਂ ਨਾਲ ਕਸ਼ਮੀਰੀ ਲੋਕਾਂ ਦੀ ਏਕਤਾ ਦੇ ਵੀ ਜੜ੍ਹੀਂ ਤੇਲ ਦੇਵੇਗਾ, ਫ਼ਿਰਕੂ-ਫਾਸ਼ੀ ਰੁਝਾਨ ਨਾਲੋਂ ਨਿਖੇੜਾ ਅਤੇ ਇਸ ਦੀ ਨਿਖੇਧੀ ਸਾਰੇ ਲੋਕਾਂ ਖਾਸ ਕਰਕੇ ਮਜ਼ਦੂਰ ਜਨਤਾ ਦੇ ਸਾਂਝੇ ਹਿਤਾਂ ਵਿਚ ਹੈ। ਫੇਰ ਵੀ ਇਸ ਲੋੜ ਕਰਕੇ ਕਸ਼ਮੀਰ ਅੰਦਰ ਭਾਰਤੀ ਹਕੂਮਤੀ ਦਹਿਸ਼ਤਗਰਦੀ ਖ਼ਿਲਾਫ਼ ਸੱਟ ਨੂੰ ਕੇਂਦਰਿਤ ਕਰਨ ਦੇ ਆਪਣੇ ਕਾਰਜ ਨੂੰ ਮੱਧਮ ਪਾਉਣ ਜਾਂ ਪਾਸੇ ਭੰਨਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਨਿਚੋੜ ਰੂਪ ਵਿਚ ਕਸ਼ਮੀਰੀ ਲੋਕ, ਭਾਰਤੀ ਹੁਕਮਰਾਨਾਂ ਦੇ ਗਲਬੇ ਅਤੇ ਦਬਾਊ ਹਕੂਮਤੀ ਹਿੰਸਾ ਖ਼ਿਲਾਫ਼ ਆਪਣਾ ਮੌਜੂਦਾ ਘੋਲ ਚਲਾਉਣ ਲਈ ਨਿਆਂਈ ਆਧਾਰ 'ਤੇ ਖੜ੍ਹੇ ਹਨ। ਭਾਰਤੀ ਰਾਜ ਸ਼ਕਤੀ ਤੋਂ ਬਾਗ਼ੀ ਹੋਇਆ ਉਨ੍ਹਾਂ ਦਾ ਬਹਾਦਰਾਨਾ ਜਨਤਕ ਉਭਾਰ ਹੈ। ਇਹ ਖ਼ੁਦਮੁਖ਼ਤਿਆਰੀ ਅਤੇ ਸਵੈ-ਰਾਜ ਦੀ ਧੁੰਦਲੀ ਤਾਂਘ ਤੋਂ ਉਤਸ਼ਾਹਿਤ ਹੋਇਆ ਹੈ ਪਰ ਇਸ ਦੀ ਮੌਜੂਦਾ ਮੁੱਖ ਲੀਡਰਸ਼ਿਪ ਜੇ.ਕੇ.ਐਲ.ਐਫ਼. ਵੱਲੋਂ ਬਰਾਬਰ ਦੀ ਸਿਆਸੀ ਦਿਸ਼ਾ ਦੇਣ ਵਿਚ ਕਸਰ ਰਹਿਣ ਕਰਕੇ ਇਸ ਨੂੰ ਫੇਲ੍ਹ ਕਰ ਰਹੀ ਹੈ। ਤੱਤ ਰੂਪ ਵਿਚ ਆਪਣੇ ਕੌਮੀ ਸੁਧਾਰਵਾਦੀ ਸਿਆਸੀ ਨਜ਼ਰੀਏ ਕਰਕੇ, ਇਹ ਲੀਡਰਸ਼ਿਪ ਸਾਮਰਾਜਵਾਦ ਦੀ ਨਵ-ਬਸਤੀਆਨਾ ਜਕੜ ਨੂੰ ਚੁਣੌਤੀ ਦਿੱਤੇ ਬਿਨਾਂ, ਕਸ਼ਮੀਰੀ ਕੌਮੀ ਲਹਿਰ ਨੂੰ ਅਲਹਿਦਾ ਕਸ਼ਮੀਰੀ ਰਾਜ ਉਲੀਕਣ ਦੇ ਰਸਮੀ ਆਤਮ-ਨਿਰਣੇ ਨੂੰ ਵਰਤਣ ਦੇ ਅੰਸ਼ਕ ਸਿਆਸੀ ਉਦੇਸ਼ ਨਾਲ ਬੰਨ੍ਹ ਰਹੀ ਹੈ। ਜੇ ਇਉਂ ਹੋ ਜਾਂਦਾ ਹੈ ਤਾਂ ਅਜਿਹਾ ਕਸ਼ਮੀਰੀ ਰਾਜ ਹਕੀਕਤ ਵਿਚ ਨਾ ਤਾਂ ਖ਼ੁਦਮੁਖ਼ਤਿਆਰ ਹੋਵੇਗਾ ਅਤੇ ਨਾ ਹੀ ਜਮਹੂਰੀ। ਇਹ ਕਸ਼ਮੀਰੀ ਜਨਤਾ ਦੀਆਂ ਵੱਡੀਆਂ ਘਾਲਣਾਵਾਂ ਅਤੇ ਕੁਰਬਾਨੀਆਂ ਦਾ ਅੱਧ-ਅਧੂਰਾ ਇਵਜ਼ਾਨਾ ਹੋਵੇਗਾ। ਇਹ ਅਸਲ ਵਿਚ ਉਨ੍ਹਾਂ ਦੀ ਕੌਮੀ ਮੁਕਤੀ ਦੀ ਤਾਂਘ ਨਾਲ ਗ਼ਦਾਰੀ ਹੋਵੇਗੀ। ਜੇ ਕਸ਼ਮੀਰੀ ਜਮਹੂਰੀ ਸ਼ਕਤੀਆਂ, ਸਾਮਰਾਜ ਵਿਰੋਧੀ, ਜਗੀਰਦਾਰ ਵਿਰੋਧੀ ਸਿਆਸੀ ਦਿਸ਼ਾ ਅਪਣਾ ਕੇ, ਸਿਰਮੌਰ ਸਥਾਨ ਹਾਸਲ ਕਰ ਲੈਂਦੀਆਂ ਹਨ ਅਤੇ ਜੇ ਸਾਂਝੇ ਹਿਤਾਂ ਦੇ ਆਧਾਰ 'ਤੇ ਸਮੁੱਚੀ ਦੱਬੀ-ਕੁਚਲੀ ਭਾਰਤੀ ਜਨਤਾ ਦੀ ਸਰਗਰਮ ਭਰਾਤਰੀ ਹਮਾਇਤ ਹਾਸਲ ਕਰ ਲੈਂਦੀਆਂ ਹਨ, ਸਿਰਫ਼ ਤਾਂ ਹੀ ਕਸ਼ਮੀਰੀ ਕੌਮੀ ਲਹਿਰ ਦੀ ਲੀਡਰਸ਼ਿਪ ਜ਼ਬਰਦਸਤ ਦੁਸ਼ਮਣ ਦੇ ਦਬਾਅ ਅਤੇ ਮੁਸਲਮਾਨ ਮੂਲਵਾਦੀ ਸ਼ਕਤੀਆਂ (ਜਿਨ੍ਹਾਂ ਵਿਚੋਂ ਕੁਝ ਕੁ ਨੂੰ ਪਾਕਿਸਤਾਨੀ ਅਤੇ ਪੱਛਮੀ ਸਾਮਰਾਜੀ ਏਜੰਸੀਆਂ ਦੀ ਹਮਾਇਤ ਹਾਸਲ ਹੈ) ਦੀ ਚੁਣੌਤੀ ਨਾਲ ਮਜਿਠਣ ਦੇ ਕਾਬਲ ਹੋਵੇਗੀ।

ਇਸ ਲਈ ਸਾਮਰਾਜਵਾਦ ਅਤੇ ਇਸ ਦੇ ਸਥਾਨਕ ਪਿੱਠੂਆਂ ਖ਼ਿਲਾਫ਼ ਵਿਸ਼ਾਲ ਭਾਰਤੀ ਅਤੇ ਕਸ਼ਮੀਰੀ ਲੋਕਾਂ ਦੀ ਏਕਤਾ ਦੀ ਰਾਖੀ ਕਰਨ ਦੀ ਮੁੱਢਲੀ ਲੋੜ ਤੋਂ ਤੁਰਦੇ ਹੋਏ ਭਾਰਤੀ ਲੋਕਾਂ ਨੂੰ ਚਾਹੀਦਾ ਹੈ ਕਿ ਉਹ:

(ੳ) ਕਸ਼ਮੀਰੀ ਲੋਕਾਂ ਖ਼ਿਲਾਫ਼ ਭਾਰਤੀ ਹਕੂਮਤ ਦੇ ਦਹਿਸ਼ਤੀ ਹਮਲਿਆਂ ਦਾ ਸਰਗਰਮੀ ਨਾਲ ਵਿਰੋਧ ਕਰਨ, ਪਾਕਿਸਤਾਨ ਵੱਲੋਂ ਚੁੱਕ ਦੇ ਕੇ ਕਰਵਾਈਆਂ ਜਾਂਦੀਆਂ ਦਹਿਸ਼ਤਗਰਦ ਕਾਰਵਾਈਆਂ ਨੂੰ ਦਬਾਉਣ ਦੇ ਬਹਾਨੇ ਅਰਧ-ਸੈਨਿਕ ਸ਼ਕਤੀਆਂ ਵੱਲੋਂ ਕਸ਼ਮੀਰੀ ਲੋਕਾਂ 'ਤੇ ਢਾਹੇ ਜਾਂਦੇ ਜ਼ੁਲਮਾਂ ਨੂੰ ਤੁਰੰਤ ਬੰਦ ਕਰਨ, ਜੰਮੂ-ਕਸ਼ਮੀਰ ਵਿਚੋਂ ਭਾਰਤੀ ਅਰਧ-ਸੈਨਿਕ ਸ਼ਕਤੀਆਂ ਨੂੰ ਵਾਪਸ ਬੁਲਾਉਣ ਅਤੇ ਕਸ਼ਮੀਰੀ ਲੋਕਾਂ ਨੂੰ ਦਬਾਉਣ ਲਈ ਪ੍ਰਬੰਧਕੀ ਅਮਲੇ ਤੇ ਹਥਿਆਰਬੰਦ ਦਸਤਿਆਂ ਨੂੰ ਅਸਾਧਾਰਨ ਸ਼ਕਤੀਆਂ ਦਿੰਦੇ ਸਾਰੇ ਕਾਲੇ ਹਕੂਮਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਨ;

(ਅ) ਭਾਰਤੀ ਹਕੂਮਤੀ ਸਾਧਾਰਨ ਖ਼ਿਲਾਫ਼ ਸਵੈ-ਰਾਖੀ ਲਈ ਕਸ਼ਮੀਰੀ ਲੋਕਾਂ ਦੇ ਨਿਆਂਈ ਘੋਲ ਦੀ ਹਮਾਇਤ ਕਰਨ;

(ੲ) ਕਸ਼ਮੀਰ ਦੇ ਸਾਧਾਰਨ ਲੋਕਾਂ ਖ਼ਿਲਾਫ਼ ਹਿਜ਼ਬੁਲ ਮੁਜਾਹਿਦੀਨ ਦੀਆਂ ਫ਼ਿਰਕੂ ਫ਼ਾਸ਼ੀ ਕਾਰਵਾਈਆਂ ਦੀ ਨਿਖੇਧੀ ਕਰਨ ਅਤੇ ਅਜਿਹੇ ਤੱਤਾਂ ਦਾ ਲੱਕ ਤੋੜਨ ਲਈ ਕਸ਼ਮੀਰ ਅੰਦਰ ਧਰਮ-ਨਿਰਪੱਖ ਅਤੇ ਜਮਹੂਰੀ ਸ਼ਕਤੀਆਂ ਨੂੰ ਉਤਸ਼ਾਹਿਤ ਕਰਨ;

(ਸ) ਕਸ਼ਮੀਰੀ ਲੋਕਾਂ ਦੇ ਆਪਾ-ਨਿਰਣੇ ਦੇ ਹੱਕ ਨੂੰ ਬਿਨਾਂ ਰੱਖ-ਰਖਾਅ ਦੇ ਬੁਲੰਦ ਕਰਨ, ਸਾਮਰਾਜਵਾਦ ਤੋਂ ਕੌਮੀ ਖ਼ੁਦਮੁਖ਼ਤਿਆਰੀ ਅਤੇ ਦਲਾਲ ਜਗੀਰੂ ਆਪਾਸ਼ਾਹੀ ਤੋਂ ਜਮਹੂਰੀ ਆਜ਼ਾਦੀ ਦੇ ਆਧਾਰ 'ਤੇ ਆਪਣੀ ਕੌਮੀਅਤ ਦੀ ਏਕਤਾ ਤੇ ਆਤਮ-ਨਿਰਣੇ ਨੂੰ ਹਾਸਲ ਕਰਨ ਲਈ ਕਸ਼ਮੀਰੀ ਲੋਕਾਂ ਨੂੰ ਪ੍ਰੇਰਨ ਜਿਸ ਤੋਂ ਬਿਨਾਂ ਰਾਇਸ਼ੁਮਾਰੀ ਦੀ ਉਨ੍ਹਾਂ ਦੀ ਮੰਗ ਉਨ੍ਹਾਂ ਦਾ ਕੁਝ ਵੀ ਨਹੀਂ ਸੰਵਾਰੇਗੀ ਅਤੇ ਭਾਰਤੀ ਲੋਕਾਂ ਦੇ ਜਮਹੂਰੀ ਇਨਕਲਾਬੀ ਘੋਲ ਨਾਲ ਸਾਂਝ ਪਾਉਣ ਲਈ ਪ੍ਰੇਰਨ, ਸਮਝਣ ਅਤੇ ਫ਼ੈਸਲਾ ਕਰਨ ਜਾਂ ਫ਼ੈਸਲਾ ਨਾ ਕਰਨ ਅਤੇ ਸਮਝਣ ਦੀ ਗੱਲ ਨੂੰ ਮੁਕੰਮਲ ਤੌਰ 'ਤੇ ਉਨ੍ਹਾਂ 'ਤੇ ਛੱਡਦੇ ਹੋਏ ਕਿ ਉਨ੍ਹਾਂ ਨੇ ਕਿਹੜਾ ਰਸਤਾ ਅਖ਼ਤਿਆਰ ਕਰਨਾ ਹੈ, ਇਨ੍ਹਾਂ ਦੀ ਰਾਇਸ਼ੁਮਾਰੀ ਦੀ ਹੱਕੀ ਮੰਗਾਂ ਨੂੰ ਜਬਰੀ ਦਬਾਉਣ ਦਾ ਵਿਰੋਧ ਕਰਨ;

(ਹ) ਭਾਰਤ ਤੇ ਪਾਕਿਸਤਾਨ ਦੇ ਸਿਆਸੀ ਮਾਮਲਿਆਂ ਵਿਚ ਆਪਣੇ ਦਖ਼ਲ ਅਤੇ ਕੰਟਰੋਲ ਨੂੰ ਵਧਾਉਣ ਲਈ ਭਿੰਨ-ਭਿੰਨ ਸਾਮਰਾਜੀ ਸ਼ਕਤੀਆਂ ਵੱਲੋਂ ਕਸ਼ਮੀਰੀ ਸਮੱਸਿਆ ਨੂੰ ਵਿਗੜਿਆ ਰੂਪ ਦੇਣ ਅਤੇ ਵਰਤਣ ਦੀਆਂ ਸਾਜ਼ਿਸ਼ਾਂ ਦਾ ਵਿਰੋਧ ਅਤੇ ਪਰਦਾ ਚਾਕ ਕਰਨਾ।

# ਜਿੱਤ ਨੂੰ ਹਾਰ 'ਚ ਬਦਲਣਾ

ਸ਼ਬਦ-ਝਰੋਖਾ
ਬਲਜੀਤ ਬਾਸੀ
ਫੋਨ:734-454-4958

ਪਣਜੀ, ਗੋਆ ਤੋਂ ਸਨਿਚਰਵਾਰ 11 ਦਸੰਬਰ ਵਾਲੀ ਡੇਟਲਾਈਨ ਤੇ ਭਾਰਤ ਦੀਆਂ ਅਖਬਾਰਾਂ ਵਿਚ ਇਕ ਖਬਰ ਬੜੀਆਂ ਸੁਰਖੀਆਂ ਵਿਚ ਛਪੀ ਹੈ। ਸਮੁੰਦਰੀ ਤਟਾਂ ਦੀ ਰਖਵਾਲੀ ਕਰਨ ਵਾਲੇ ਭਾਰਤੀ ਤਟਰੱਖਿਅਕ ਬਲ ਵਿਚ ਇਕ ਬੜੇ ਹੀ ਸਮਰੱਥ ਗਸ਼ਤੀ ਜਹਾਜ਼ ਨੂੰ ਸ਼ਾਮਿਲ ਕੀਤਾ ਗਿਆ ਹੈ। 90 ਮੀਟਰ ਲੰਬੇ ਅਤੇ 2390 ਟਨ ਵਜ਼ਨੀ ਇਸ ਗਸ਼ਤੀ ਜਹਾਜ਼ "ਵਿਜਿਤ" ਨੂੰ ਸਮੁੰਦਰ ਵਿਚ ਠੇਲਣ ਦੀ ਰਸਮ ਗੋਆ ਵਿਖੇ ਰਖਿਆ ਮੰਤਰੀ ਐਮ. ਐਮ. ਪੱਲਮ ਰਾਜੂ ਨੇ ਵਾਈਸ ਐਡਮਿਰਲ ਅਤੇ ਭਾਰਤੀ ਤਟਰੱਖਿਅਕ ਬਲ ਦੇ ਡਾਇਰੈਕਟਰ ਜਨਰਲ ਅਨਿਲ ਚੋਪੜਾ ਦੀ ਹਾਜ਼ਰੀ ਵਿਚ ਨਿਭਾਈ। ਭਾਰਤੀ ਕੰਪਨੀ ਗੋਆ ਸ਼ਿਪਯਾਰਡ ਨੇ ਆਪੇ ਇਸ ਜਹਾਜ਼ ਨੂੰ ਡਿਜਾਈਨ ਕਰਕੇ ਬਣਾਇਆ ਹੈ ਜਿਸ ਨੂੰ ਜਹਾਜ਼-ਨਿਰਮਾਣ ਵਿਚ ਭਾਰਤੀ ਕੌਸ਼ਲਤਾ ਦਾ ਕੀਰਤੀਮਾਨ ਦੱਸਿਆ ਗਿਆ ਹੈ। ਇਹ ਜਹਾਜ਼ ਦੁਬਾਰਾ ਬਾਲਣ ਪਾਏ ਬਿਨਾ ਸਮੁੰਦਰ ਵਿਚ 15 ਦਿਨ ਰਹਿ ਸਕਦਾ ਹੈ ਅਤੇ 4500 ਸਮੁੰਦਰੀ ਮੀਲ ਤੈਅ ਕਰ ਸਕਦਾ ਹੈ। ਇਸ ਉਪਰ ਇਕ ਦੋ ਇੰਜਣਾਂ ਵਾਲਾ ਹੈਲੀਕਾਪਟਰ ਅਤੇ ਪੰਜ ਤੀਬਰ ਗਤੀ ਕਿਸ਼ਤੀਆਂ ਉਤਾਰੀਆਂ ਜਾ ਸਕਦੀਆਂ ਹਨ। ਰੱਖਿਆ ਮੰਤਰੀ ਨੇ ਦੱਸਿਆ ਕਿ ਵਿਜਿਤ ਨੂੰ ਉਤਰੀ ਪੱਛਮੀ ਖੇਤਰ ਅਤੇ ਪਾਕਿਸਤਾਨ ਦੇ ਨਜ਼ਦੀਕ ਸੰਵੇਦਨਸ਼ੀਲ ਅੰਤਰਰਾਸ਼ਟਰੀ ਜਲ ਸੀਮਾ ਰੇਖਾ ਤੇ ਤੈਨਾਤ ਕੀਤਾ ਜਾਏਗਾ ਤੇ ਇਸ ਤਰ੍ਹਾਂ ਇਹ ਦੂਰ ਤੱਕ ਪਾਣੀਆਂ ਵਿਚ ਹੁੰਦੀ ਸਰਗਰਮੀ ਦੀ ਵਿਆਪਕ ਨਜ਼ਰਸਾਨੀ ਕਰੇਗਾ। ਵਿਜਿਤ ਦਾ, "ਜੇਤੂ ਜਾਂ ਸਰ ਕਰਨ ਵਾਲਾ" ਅਰਥ ਦਸਦਿਆਂ ਖਬਰ ਵਿਚ ਕਿਹਾ ਗਿਆ ਹੈ ਕਿ ਇਸ ਮਾਅਰਕੇ ਤੋਂ ਭਾਰਤੀ ਤਟ ਰੱਖਿਅਕ ਬਲ ਦੇਸ਼ ਦੇ ਸਮੁੰਦਰੀ ਤਟਾਂ ਦੇ ਹਿਤਾਂ ਦੀ 'ਸੇਵਾ ਤੇ ਰੱਖਿਆ ਕਰਨ ਪ੍ਰਤੀ ਵਚਨਬੱਧਤਾ" ਦਾ ਸਬੂਤ ਮਿਲਦਾ ਹੈ। ਕੁਝ ਸਾਲ ਪਹਿਲਾਂ ਬੰਬਈ ਦੇ ਤਾਜ ਹੋਟਲ 'ਤੇ ਹਮਲਾ ਕਰਨ ਲਈ ਪਾਕਿਸਤਾਨ ਤੋਂ ਆਏ ਦਹਿਸ਼ਤਗਰਦ ਸਮੁੰਦਰੀ ਰਸਤੇ ਹੀ ਆਏ ਸਨ ਤੇ ਇਸ ਖਬਰ ਦੀ ਮਹੱਤਤਾ ਨੂੰ ਉਸ ਵੇਲੇ ਹੋਈ ਨਮੋਸ਼ੀ ਦੇ ਅੰਤਰਗਤ ਸਮਝਣਾ ਚਾਹੀਦਾ ਹੈ।

ਇਹ ਗਸ਼ਤੀ ਜਹਾਜ਼ ਦੁਸ਼ਮਣਾਂ ਅਤੇ ਸਮੁੰਦਰੀ ਡਾਕੂਆਂ ਦੀਆਂ ਚਾਲਾਂ ਨੂੰ ਨਾਕਾਮ ਕਰਕੇ




ਰਖਿਆ ਰਾਜ ਮੰਤਰੀ ਐਮ. ਐਮ. ਪੱਲਮ ਰਾਜੂ ਵਿਜਿਤ ਨੂੰ ਠੇਲਣ ਦੀ ਰਸਮ ਅਦਾ ਕਰਦੇ ਹੋਏ

'ਜਿੱਤਣ' ਵਿਚ ਕਿੰਨਾ ਕੁ ਸਫਲ ਹੁੰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ ਪਰ ਗਸ਼ਤੀ ਜਹਾਜ਼ ਦਾ ਰੱਖਿਆ ਗਿਆ ਨਾਂ ਸ਼ੁਭ ਸ਼ਗਨ ਨਹੀਂ ਹੈ। ਮੋਨੀਅਰ ਵਿਲੀਅਮਜ਼ ਦਾ ਸੰਸਕ੍ਰਿਤ-ਅੰਗਰੇਜ਼ੀ ਕੋਸ਼ ਸੰਸਕ੍ਰਿਤ ਮੂਲ ਦੇ ਸ਼ਬਦ ਸਮਝਣ ਲਈ ਸਭ ਤੋਂ ਭਰੋਸੇਯੋਗ ਹਵਾਲਾ ਗ੍ਰੰਥ ਸਮਝਿਆ ਜਾਂਦਾ ਹੈ। ਉਸ ਅਨੁਸਾਰ ਵਿਜਿਤ ਸ਼ਬਦ ਦੇ ਅਰਥ ਹਨ: ਜਿੱਤਿਆ ਹੋਇਆ, ਅਧੀਨ ਕੀਤਾ, ਹਰਾਇਆ ਗਿਆ, ਹਾਸਿਲ ਕੀਤਾ। ਬਹੁਤ ਸਾਰੇ ਹਿੰਦੀ ਦੇ ਕੋਸ਼, ਜਿਨ੍ਹਾਂ ਵਿਚ ਇਸ ਸ਼ਬਦ ਦਾ ਇੰਦਰਾਜ ਹੈ, ਲਗਭਗ ਏਹੀ ਅਰਥ ਬਿਆਨਦੇ ਹਨ। ਭਾਵੇਂ ਪੰਜਾਬੀ ਵਿਚ ਇਹ ਸ਼ਬਦ ਏਨਾ ਨਹੀਂ ਚਲਦਾ ਪਰ ਭਾਈ ਕਾਹਨ ਸਿੰਘ ਦੇ ਮਹਾਨ ਕੋਸ਼ ਵਿਚ ਵੀ ਇਹ ਸ਼ਬਦ ਦਰਜ ਹੈ ਤੇ ਇਸ ਨੂੰ ਇਸ ਤਰ੍ਹਾਂ ਅਰਥਾਇਆ ਗਿਆ ਹੈ: ਜਿੱਤਿਆ ਹੋਇਆ, ਜਿਸ ਉਪਰ ਫਤਿਹ ਪਾਈ ਗਈ ਹੈ।... ਸ਼ਬਦਾਂ ਬਾਰੇ ਸੋਚ ਸੋਚ ਕੇ ਆਦਮੀ ਚੱਕਰਾਂ ਵਿਚ ਪੈ ਜਾਂਦਾ ਹੈ। ਪਰਾਜਿਤ ਤੇ ਵਿਜਿਤ ਇਕ ਦੂਸਰੇ ਤੋਂ ਉਲਟ ਜਾਪਦੇ ਹਨ। ਪਰਾਜਿਤ ਉਹ ਹੈ ਜਿਸ ਨੂੰ ਹਰਾਇਆ ਗਿਆ ਤੇ ਵਿਜਿਤ ਉਹ ਜਿਸਨੂੰ ਜਿੱਤਿਆ ਗਿਆ, ਗੱਲ ਤਾਂ ਉਥੇ ਹੀ ਰਹੀ, ਫਿਰ ਇਕ ਦੂਜੇ ਤੋਂ ਉਲਟ ਕਾਹਦੇ ਹੋਏ! ਕੁਝ ਵੀ ਹੋਵੇ ਸਰਕਾਰੀ ਅਧਿਕਾਰੀਆਂ ਨੇ ਏਨੀ ਜ਼ਿੰਮੇਵਾਰੀ ਵਾਲੇ ਜਹਾਜ਼ ਦਾ ਨਾਂ ਹੀ ਅਜਿਹਾ ਰੱਖ ਦਿੱਤਾ ਹੈ ਜਿਸ ਦਾ ਮਤਲਬ 'ਹਾਰਨਹਾਰ' ਅਰਥਾਤ 'ਜਿਸ ਨੂੰ ਹਰਾਇਆ ਜਾ ਸਕੇ' ਨਿਕਲਦਾ ਹੈ। ਅਖਬਾਰਾਂ ਦੇ ਸੰਪਾਦਕ ਚੁੱਪ ਬੈਠੇ ਹਨ। 'ਵਿ' ਨਾਲ ਸ਼ੁਰੂ ਹੋਣ ਵਾਲਾ ਨਾਂ ਰੱਖਣ ਦੀ ਮਜਬੂਰੀ ਪਿਛੇ ਜੋਤਸ਼ੀ ਪੰਗਾ ਵੀ ਹੋ ਸਕਦਾ ਹੈ। ਇਸ ਗੱਲ ਦੀ ਪੜਤਾਲ ਹੋਣੀ ਚਾਹੀਦੀ ਹੈ ਕਿ ਭਾਰਤੀ ਫੌਜੀ ਸਾਜ਼ੋ-ਸਾਮਾਨ ਦੇ ਨਾਂ ਰੱਖਣ ਵਾਲੇ ਅਮਲੇ ਵਿਚ ਕਿਤੇ ਪਾਕਿਸਤਾਨੀ ਘੁਸਪੈਠ ਤਾਂ ਨਹੀਂ ਹੋ ਗਈ!

ਅਜਿਹੇ ਹਨ ਸਰਕਾਰੀ ਕੰਮ। ਪਾਠਕਾਂ ਨੂੰ ਯਾਦ ਹੋਵੇਗਾ, 'ਕੁੰਜੀਵਤ ਭਾਸ਼ਨ' ਵਾਲੇ ਲੇਖ ਵਿਚ ਅਸੀਂ ਸਰਕਾਰੀ ਮਹਿਕਮਿਆਂ ਵਲੋਂ ਹੁੰਦੇ ਘੋਰ ਅਸ਼ੁਧ ਅਨੁਵਾਦਾਂ ਦਾ ਜ਼ਿਕਰ ਕੀਤਾ ਸੀ। ਐਡਮਿਰਲ ਚੋਪੜਾ ਨੇ ਦੱਸਿਆ ਕਿ ਇਕ ਹੋਰ ਇਸ ਤੋਂ ਵੀ ਵੱਧ ਮਾਰ ਕਰਨ ਵਾਲਾ ਗਸ਼ਤੀ ਜਹਾਜ਼ ਨਿਰਮਾਣ ਅਧੀਨ ਹੈ, ਦੇਖੀਏ ਉਸ ਦਾ ਕੀ ਸ਼ੁਭ ਨਾਂ ਰੱਖਦੇ ਹਨ।

ਇਸ ਦੌਰਾਨ ਆਉ ਜ਼ਰਾ ਵਿਆਕਰਣਕ ਪੱਖ ਤੋਂ ਇਸ ਮਸਲੇ ਨੂੰ ਵਿਚਾਰੀਏ। ਕਈ ਲੋਕ ਇਸ ਦੇ 'ਜੇਤੂ' ਹੋਣ ਦੇ ਅਰਥ ਨੂੰ ਜਾਇਜ਼ ਠਹਿਰਾਉਣਗੇ। ਐਪਰ ਜ਼ਰਾ ਇਨ੍ਹਾਂ ਵਿਆਕਰਣਕ ਗਰਦਾਨਾਂ ਵੱਲ ਨਜ਼ਰ ਮਾਰੋ: ਜਿਸ ਨੇ ਪੜ੍ਹਿਆ ਹੋਵੇ ਉਹ ਪਠਿਤ; ਜਿਸਨੇ ਰਚਿਆ ਹੋਵੇ ਉਹ ਰਚਿਤ; ਜਿਸ ਨੇ ਲਿਖਿਆ ਹੋਵੇ ਉਹ ਲਿਖਿਤ। ਇਸ ਰੌਸ਼ਨੀ ਵਿਚ ਹੋਈ ਗੜਬੜ ਸਪਸ਼ਟ ਉਜਾਗਰ ਹੋ ਜਾਂਦੀ ਹੈ। ਸੰਸਕ੍ਰਿਤ ਦੇ ਵਿਆਕਾਰਣਵੇਤਾ ਪਾਨਿਨੀ ਦੇ ਹਵਾਲੇ ਨਾਲ ਮਸਲੇ ਨੂੰ ਸੁਲਝਾਉਂਦੇ ਹਨ। ਪਾਨਿਨੀ ਦੇ ਇਕ ਨਿਯਮ ਅਨੁਸਾਰ ਸਕਰਮਕ ਕਿਰਿਆ ਵਿਚ 'ਤ' ਪਿਛੇਤਰ ਕਰਤਾ ਵਿਚ ਨਹੀਂ ਬਲਕਿ ਕਰਮ ਵਿਚ ਹੁੰਦਾ ਹੈ। ਇਸ ਤਰ੍ਹਾਂ ਵਿਜਿਤ ਅਗੇਤਰ "ਵਿ"+ਧਾਤੂ "ਜਿ"(ਜਿੱਤਣਾ)+ਪਿਛੇਤਰ "ਤ" ਦਾ ਅਰਥ ਬਣੇਗਾ, ਜਿਸਨੂੰ ਜਿੱਤ ਲਿਆ ਗਿਆ ਹੋਵੇ, ਜਿਸ 'ਤੇ ਫਤਿਹ ਹਾਸਲ ਕਰ ਲਈ ਹੋਵੇ। ਇਸ ਦਾ ਅਰਥ, ਜਿਸ ਨੇ ਜਿੱਤ ਲਿਆ ਹੋਵੇ, ਕਦੀ ਨਹੀਂ ਹੋ ਸਕਦਾ। ਪਰ ਲੋਕ ਕਈ ਵਾਰੀ ਸ਼ਬਦ ਦੇ ਸੁਹਜ ਮਗਰ ਲੱਗ ਕੇ ਅਰਥ ਵੱਲ ਝਾਤ ਨਹੀਂ ਮਾਰਦੇ। ਬਹੁਤੇ ਵਿਅਕਤੀਆਂ ਦਾ ਨਾਂ ਹੀ ਉਨ੍ਹਾਂ ਦੇ ਮਾਪਿਆ ਨੇ ਵਿਜਿਤ ਸ਼ਾਹ ਜਾਂ ਵਿਜਿਤ ਸਿੰਘ ਧਰ ਦਿੱਤਾ ਹੈ। ਅਜਿਹੇ ਨਾਂ ਵਾਲੇ ਲੋਕ ਹੁਣ ਇਹ ਮਕਰ ਕਰਕੇ ਹੀ ਆਪਣੀ ਚਮੜੀ ਬਚਾ ਸਕਦੇ ਹਨ ਕਿ ਉਹ ਤਾਂ ਬੜੇ ਨਿਰਮਾਣ ਹਨ, ਉਨ੍ਹਾਂ ਦਾ ਦਿਲ ਛੇਤੀ ਹੀ ਜਿਤਿਆ ਜਾ ਸਕਦਾ ਹੈ!

# ਰੱਖ ਮੋਢੇ 'ਤੇ ਬੰਦੂਕਾਂ ਅਸੀਂ ਕੀ ਖੱਟਿਆ?

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਨਾਂ ਤਾਂ ਉਸ ਦਾ ਜੀਵਨ ਸੀ ਪਰ ਉਹ ਜ਼ਿੰਦਗੀ ਤੋਂ ਨਿਰਾਸ਼ ਹੋਇਆ ਲੱਗਦਾ। ਗਰੀਨ ਕਾਰਡ ਤਾਂ ਉਸ ਨੂੰ ਬਹੁਤ ਸਮਾਂ ਪਹਿਲਾਂ ਮਿਲ ਗਿਆ ਸੀ ਪਰ ਪਤਾ ਨਹੀਂ ਕਿਹੜੀ ਗੱਲ ਸੀ ਕਿ ਉਹ ਇੰਡੀਆ ਦਾ ਨਾਂ ਘੱਟ ਹੀ ਲੈਂਦਾ, ਹਮੇਸ਼ਾ ਘੁੱਟਿਆ ਜਿਹਾ ਰਹਿੰਦਾ, ਪਤਾ ਨਹੀਂ ਕਿਹੜੀ ਗੱਲੋਂ ਵਤਨਾਂ ਦਾ ਮੋਹ ਤੋੜ ਬੈਠਾ ਸੀ। ਪਿੰਡ ਉਸ ਦੇ ਘਰ ਵਾਲੇ ਉਸ ਦੇ ਵਿਆਹ ਵਾਸਤੇ ਜ਼ੋਰ ਦਿੰਦੇ ਕਿ ਉਮਰ ਲੰਘ ਰਹੀ ਹੈ। ਬੜਾ ਨੇਕ ਇਨਸਾਨ, ਜੀਵਨ ਅੰਮ੍ਰਿਤਧਾਰੀ ਤਾਂ ਨਹੀਂ ਪਰ ਰਹਿਤ-ਮਰਿਯਾਦਾ ਦਾ ਪੱਕਾ ਹੈ। ਮਿਹਨਤ ਬਹੁਤ ਕੀਤੀ, ਪਿੰਡ ਵਧੀਆ ਮਕਾਨ ਬਣਾਇਆ, ਛੋਟੀਆਂ ਭੈਣਾਂ ਦੇ ਵਿਆਹ ਵਧੀਆ ਕੀਤੇ, ਪਿੱਛੇ ਸਭ ਕੁਝ ਹੁੰਦੇ ਹੋਏ ਫਿਰ ਵਤਨਾਂ ਲਈ ਨਫ਼ਰਤ ਕਿਉਂ?

ਜੀਵਨ ਦੀ ਹੋਰਨਾਂ ਮੁੰਡਿਆਂ ਨਾਲ ਘੱਟ ਹੀ ਬਣਦੀ ਸੀ, ਪਰ ਮੈਂ ਉਸ ਦੀ ਹਰ ਰਗ ਦਾ ਭੇਤੀ ਸੀ। ਇਸ ਗੱਲੋਂ ਮੈਂ ਵੀ ਅਣਜਾਣ ਸੀ ਕਿ ਉਹ ਕਿਸ ਕਾਰਨ ਸਾਗ ਦੀ ਤੌੜੀ ਵਾਂਗ ਰਿੱਝਦਾ ਰਹਿੰਦਾ। ਕਦੇ ਉਹ ਆਪਣਾ ਜ਼ਿਲ੍ਹਾ ਜਲੰਧਰ ਦੱਸਦਾ, ਕਦੇ ਅੰਮ੍ਰਿਤਸਰ ਪਰ ਬੋਲੀ ਤੋਂ ਮਲਵਈ ਲੱਗਦਾ ਸੀ। ਕਈ ਵਾਰ ਅਸੀਂ ਰੋਟੀਆਂ ਪਕਾਉਂਦੇ ਬਹਿਸਣ ਲੱਗ ਜਾਂਦੇ। ਅਸੀਂ ਮਲਵਈ ਕਹਿੰਦੇ ਰੋਟੀ ਦਾ ਆਹ ਪਾਸਾ ਸਿੱਧਾ ਹੈ, ਇਸ ਉਤੇ ਘਿਉ ਲਾਉਣਾ ਚਾਹੀਦਾ ਹੈ। ਮਾਝੇ ਵਾਲੇ ਉਲਟੇ ਪਾਸੇ ਨੂੰ ਕਹਿੰਦੇ ਕਿ ਆਹ ਪਾਸਾ ਸਿੱਧਾ ਹੈ, ਇਸ ਨੂੰ ਚੋਪੜਨਾ ਚਾਹੀਦਾ ਹੈ। ਮੈਂ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਕਰਦਾ ਕਿ ਰੋਟੀ ਦਾ ਉਹ ਪਾਸਾ ਸਿੱਧਾ ਹੁੰਦਾ ਹੈ ਜਿਸ ਪਾਸੇ ਆਟੇ ਦੀ ਮੋਟੀ ਤਹਿ ਹੁੰਦੀ ਹੈ ਅਤੇ ਜਿਸ ਪਾਸੇ ਕਾਗ਼ਜ਼ੀ ਤਹਿ ਹੁੰਦੀ ਹੈ, ਉਹ ਰੋਟੀ ਦਾ ਪੁੱਠਾ ਪਾਸਾ ਹੁੰਦਾ ਹੈ। ਜੀਵਨ ਕਹਿੰਦਾ ਕਿ ਪਕਾਉਣ ਤੇ ਛਕਣ ਵੇਲੇ ਪਰਸ਼ਾਦਾ ਚੁੱਪ ਕਰ ਕੇ ਛਕ ਲਿਆ ਕਰੋ। ਸਾਰੇ ਦਿਨ ਦੇ ਥੱਕੇ-ਟੁੱਟੇ ਆਉਂਦੇ ਹੋ, ਖਾਣ ਵੇਲੇ ਲੜਾਈ ਮੁੱਲ ਲੈਣ ਲੱਗ ਜਾਂਦੇ ਹੋ। ਲੜਾਈਆਂ ਨਾਲ ਪੱਟੇ ਘਰ ਮੁੜ ਵਸਣੇ ਔਖੇ ਹੋ ਜਾਂਦੇ ਹਨ ਤੇ ਜੀਵਨ ਆਪਣਾ ਗੱਚ ਭਰ ਲੈਂਦਾ।

ਪੂਰੇ ਬਾਰਾਂ ਸਾਲਾਂ ਬਾਅਦ ਅਸੀਂ ਜੀਵਨ ਨੂੰ ਪਿੰਡ ਜਾਣ ਲਈ ਮਨਾ ਲਿਆ। ਜੀਵਨ ਦਾ ਸਾਥ ਅਸੀਂ ਸਾਡੇ ਇਕ ਭਾਊ ਨਾਲ ਬਣਾ ਦਿੱਤਾ। ਭਾਊ ਵੀ ਮੱਛੀ ਵਾਂਗ ਪੱਥਰ ਚੱਟ ਕੇ ਅਮਰੀਕਾ ਤੋਂ ਵਾਪਸ ਜਾ ਰਿਹਾ ਸੀ। ਮੰਡੀਕਰਨ ਬੋਰਡ ਵਿਚ ਇੰਸਪੈਕਟਰ ਲੱਗਿਆ ਸੀ, ਘਰਵਾਲੀ ਵੀ ਚੰਗੀ ਨੌਕਰੀ 'ਤੇ ਹੈ। ਦੋ ਬੱਚੇ ਜੋ ਵਧੀਆ ਸਕੂਲ ਵਿਚ ਪੜ੍ਹਦੇ ਹਨ।

ਭਾਊ ਘੁੰਮਣ-ਫਿਰਨ ਆਇਆ, ਇਥੋਂ ਦਾ ਨਾਗਰਿਕ ਹੋਣਾ ਚਾਹੁੰਦਾ ਸੀ। ਕੇਸ-ਦਾੜ੍ਹੀ ਰੱਖੇ ਹੋਏ ਸਨ, ਪੱਗ ਬਹੁਤ ਵਧੀਆ ਬੰਨ੍ਹਦਾ ਸੀ। ਸਾਨੂੰ ਰੋਜ਼ ਕਹਿੰਦਾ ਕਿ ਮੈਨੂੰ ਕੰਮ 'ਤੇ ਲਵਾਉ। ਜਿਥੇ ਵੀ ਉਸ ਨੂੰ ਕੰਮ ਵਾਸਤੇ ਲਿਜਾਂਦੇ, ਅੱਗੇ ਮਾਲਕ ਵੀ ਪੰਜਾਬੀ ਹੁੰਦੇ ਹੋਏ ਕਹਿੰਦੇ, "ਬਾਈ, ਇਕ ਤਾਂ ਇਸ ਕੋਲ ਵਰਕ ਪਰਮਿਟ ਨਹੀਂ; ਦੂਜਾ ਇਹ ਪੱਗ ਬੰਨ੍ਹੀ ਫਿਰਦਾ। ਸਟੋਰਾਂ 'ਤੇ ਇਸ ਤਰ੍ਹਾਂ ਕੰਮ ਕਰਨਾ ਔਖਾ ਹੋ ਜਾਂਦਾ ਹੈ। ਫਿਰ ਇਕ ਦਿਨ ਭਾਊ ਨੇ ਆਪਣਾ ਖੁੱਲ੍ਹਾ ਛੱਡਿਆ ਹੋਇਆ ਦਾੜ੍ਹਾ ਕਤਲ ਕਰਵਾ ਦਿੱਤਾ। ਸਿਰ 'ਤੇ ਟੋਪੀ ਰੱਖ ਲਈ। ਭਾਊ ਰਾਤ ਨੂੰ ਬਹੁਤ ਰੋਇਆ। ਮੈਨੂੰ ਆਪਣਾ ਸਮਾਂ ਯਾਦ ਆ ਗਿਆ। ਇਕ ਦਿਨ ਮੇਰੇ ਨਾਲ ਵੀ ਇਸੇ ਤਰ੍ਹਾਂ ਹੋਈ ਸੀ। ਮੁੜ-ਮੁੜ ਇਹ ਸ਼ਬਦ ਕੰਨੀਂ ਪੈ ਰਹੇ ਸਨ, "ਹੋਇ ਸਿੱਖ ਸਿਰ ਟੋਪੀ ਧਰੈ, ਸਾਤ ਜਨਮ ਕੁਸ਼ਟੀ ਹੋਇ ਮਰੈ।"

ਟੋਪੀ ਪਾ ਕੇ ਭਾਊ ਕੰਮ 'ਤੇ ਲੱਗ ਗਿਆ। ਕਾਰਾਂ ਵਿਚ ਘੁੰਮਣ ਵਾਲਾ ਹੁਣ ਸਾਈਕਲ ਉਪਰ ਕੰਮ 'ਤੇ ਜਾਂਦਾ। ਭਾਊ ਫਿਰ ਗਰੀਨ ਕਾਰਡ ਬਣਾਉਣ ਦੇ ਚੱਕਰਾਂ ਵਿਚ ਪੈ ਗਿਆ। ਗੋਰੀ, ਕਾਲੀ ਲੱਭਣ ਲੱਗਾ। ਮੈਂ ਬਹੁਤ ਸਮਝਾਇਆ, "ਭਾਊ, ਇਨ੍ਹਾਂ ਚੱਕਰਾਂ ਵਿਚ ਨਾ ਪੈ। ਵਾਪਸ ਜਾ ਕੇ ਆਪਣੀ ਨੌਕਰੀ ਉਪਰ ਲੱਗ ਜਾ। ਘਰੇ ਮੁਟਿਆਰ ਧੀ ਤੇ ਗੱਭਰੂ ਪੁੱਤ ਹੈ। ਇਥੇ ਕੀ ਪਤਾ, ਕਿੰਨਾ ਚਿਰ ਲੱਗ ਜਾਵੇ।" ਭਾਊ ਨੇ ਪੂਰਾ ਜ਼ੋਰ ਲਾਇਆ ਪਰ ਗੱਲ ਨਾ ਬਣੀ। ਛੇ ਮਹੀਨੇ ਦੀ ਮਿਲੀ ਐਂਟਰੀ ਖ਼ਤਮ ਹੋਣ ਵਾਲੀ ਸੀ। ਆਪਣਾ ਦਸ ਸਾਲ ਦਾ ਵੀਜ਼ਾ ਬਚਾਉਂਦਾ ਹੋਇਆ ਜੀਵਨ ਨੂੰ ਨਾਲ ਲੈ ਕੇ ਇੰਡੀਆ ਨੂੰ ਰਵਾਨਾ ਹੋ ਗਿਆ।

ਜੀਵਨ ਪਿੰਡ ਜਾ ਕੇ ਵਿਆਹ ਕਰਵਾ ਆਇਆ। ਵਿਆਹ ਦੀ ਮੂਵੀ ਦਿਖਾਈ, ਐਲਬਮ ਦਿਖਾਈ; ਸਭ ਕੁਝ ਵੇਖ ਕੇ ਮੈਨੂੰ ਲੱਗਿਆ ਕਿ ਇਹ ਵਿਆਹ ਜੀਵਨ ਦੀ ਮਰਜ਼ੀ ਨਾਲ ਨਹੀਂ ਹੋਇਆ। ਲੱਗਦਾ ਜਿਵੇਂ ਕੋਈ ਸਮਝੌਤਾ ਹੋਵੇ। ਫਿਰ ਇਕ ਦਿਨ ਜੀਵਨ ਨੇ ਉਹ ਕਹਾਣੀ ਸੁਣਾਈ ਜਿਸ ਕਰਕੇ ਉਹ ਉਦਾਸ ਰਹਿੰਦਾ ਸੀ:

ਭਾਊ ਦਿੱਲੀ ਤੋਂ ਅੰਮ੍ਰਿਤਸਰ ਵਾਲੀ ਰੇਲ ਗੱਡੀ ਵਿਚ ਬੈਠ ਗਿਆ। ਮੈਨੂੰ ਘਰ ਦੇ ਦਿੱਲੀਓਂ ਹੀ ਲੈ ਗਏ। ਬਾਰਾਂ ਸਾਲਾਂ ਵਿਚ ਬਹੁਤ ਕੁਝ ਬਦਲ ਗਿਆ ਸੀ। ਮੇਰਾ ਸਾਰਾ ਪਿੰਡ ਨਵੀਆਂ ਕੋਠੀਆਂ ਵਿਚ ਘਿਰਿਆ ਪਿਆ ਸੀ। ਦਰਖ਼ਤ ਪਹਿਲਾਂ ਨਾਲੋਂ ਅੱਧੇ ਰਹਿ ਗਏ। ਸਾਡਾ ਘਰ ਬਦਲ ਚੁੱਕਾ ਸੀ। ਉਹ ਵੱਡੀ ਨਿੰਮ ਪੁੱਟ ਦਿੱਤੀ ਗਈ ਜਿਥੇ ਬਹਿ ਕੇ ਭੈਣਾਂ ਚਾਦਰਾਂ ਕੱਢਦੀਆਂ ਸਨ। ਪਾਣੀ ਵਾਲੀ ਖੂਹੀ ਭਰ ਦਿੱਤੀ ਗਈ। ਵੱਡੀ ਦਲਾਨ ਨੂੰ ਛੋਟੇ-ਛੋਟੇ ਕਮਰਿਆਂ ਵਿਚ ਬਦਲ ਦਿੱਤਾ ਗਿਆ। ਸਾਰਿਆਂ ਨੂੰ ਮਿਲ ਕੇ, ਇਸ਼ਨਾਨ ਕਰਨ ਤੋਂ ਬਾਅਦ ਉਪਰ ਬਣੇ ਕਮਰੇ ਵਿਚ ਚਲਾ ਗਿਆ। ਕਮਰਾ ਬਦਲ ਦਿੱਤਾ ਗਿਆ ਸੀ। ਉਸ ਵਿਚ ਸਾਰਾ ਸਾਮਾਨ ਵੀਹ ਸਾਲ ਪੁਰਾਣਾ ਜੋ ਮੈਂ ਹੀ ਵਰਤਦਾ ਹੁੰਦਾ ਸੀ, ਬੜੇ ਵਧੀਆ ਤਰੀਕੇ ਨਾਲ ਸਜਾਇਆ ਹੋਇਆ ਸੀ। ਮੇਰੇ ਕੱਪੜੇ, ਮੇਰੀਆਂ ਕਿਤਾਬਾਂ, ਹਰ ਚੀਜ਼ ਮਾਂ ਨੇ ਸਾਂਭ ਕੇ ਰੱਖੀ ਹੋਈ ਸੀ। ਕਮਰੇ ਵਿਚ ਕੋਈ ਸੌਦਾ ਨਹੀਂ ਸੀ ਪਰ ਅਗਰਬੱਤੀ ਰੋਜ਼ ਲਾਈ ਜਾਂਦੀ ਸੀ। ਮੈਂ ਕਮਰੇ ਵਿਚ ਟਹਿਲਣ ਲੱਗਾ, ਸਾਹਮਣੇ ਕੰਧ ਉਤੇ ਮੇਰੀ ਅਤੇ ਮੇਰੇ ਜਿਗਰੀ ਯਾਰ ਦੀਪ ਦੀ ਫੋਟੋ ਲਟਕ ਰਹੀ ਸੀ। ਦੀਪ ਕਾਲਜ ਪੜ੍ਹਦਿਆਂ ਹੀ ਪੁਲਿਸ ਵਿਚ ਭਰਤੀ ਹੋ ਗਿਆ ਸੀ। ਉਸ ਨੂੰ ਪੁਲਿਸ ਦੀ ਵਰਦੀ ਨਾਲ ਅਥਾਹ ਪਿਆਰ ਸੀ। ਜਹਾਨ ਖੇਲਾਂ ਪਾਸ ਕਰ ਕੇ ਨੌਕਰੀ 'ਤੇ ਲੱਗ ਗਿਆ।

ਦੀਪ ਪੁਲਿਸ ਦੀ ਵਰਦੀ ਵਿਚ ਬਹੁਤ ਸੋਹਣਾ ਲੱਗਦਾ। ਸੋਹਣਾ-ਸੁਨੱਖਾ, ਹੱਸਮੁਖ, ਮਿਲਾਪੜੇ ਸੁਭਾਅ ਦਾ ਦੀਪ ਤਿੰਨਾਂ ਭੈਣਾਂ ਦਾ ਸਭ ਤੋਂ ਵੱਡਾ ਭਰਾ ਹੋਣ ਕਰਕੇ ਜ਼ਿੰਮੇਵਾਰੀ ਚੰਗੀ ਤਰ੍ਹਾਂ ਸਮਝਦਾ ਸੀ। ਮੈਂ ਅਜੇ ਕਾਲਜ ਵਿਚ ਹੀ ਸਾਂ ਜਦੋਂ ਦੀਪ ਦਾ ਮੰਗਣਾ ਹੋ ਗਿਆ। ਇਨ੍ਹਾਂ ਦਿਨਾਂ ਵਿਚ ਪੰਜਾਬ 'ਚ ਖਾੜਕੂਵਾਦ ਜ਼ੋਰਾਂ 'ਤੇ ਸੀ। ਪਤਾ ਨਹੀਂ ਕਦੋਂ ਤੇ ਕਿੱਥੇ ਖਾੜਕੂਆਂ ਦੇ ਪਰਿਵਾਰਾਂ ਨੂੰ ਪੁਲਿਸ ਤੰਗ ਕਰੀ ਜਾਂਦੀ। ਖਾੜਕੂ ਪੁਲਿਸ ਦੇ ਪਰਿਵਾਰਾਂ ਨੂੰ ਤੰਗ ਕਰੀ ਜਾਂਦੇ। ਸਿੱਖ ਦਾ ਸਿੱਖ ਵੈਰੀ ਬਣਿਆ ਹੋਇਆ ਸੀ। ਪੁਲਿਸ ਵਾਲੇ ਸਿੱਖ ਜਵਾਨ ਕਹਿੰਦੇ, ਅਸੀਂ ਆਪਣੇ ਫ਼ਰਜ਼ ਦੀ ਪਾਲਣਾ ਕਰਦੇ ਹਾਂ। ਖਾੜਕੂ ਕਹਿੰਦੇ, ਅਸੀਂ ਆਪਣੇ ਮਿਸ਼ਨ 'ਤੇ ਪਹੁੰਚਣਾ ਹੈ। ਦੋਵਾਂ ਪਾਸਿਓਂ ਸਿੱਖ ਜਵਾਨੀ ਦਾ ਘਾਣ ਹੋਇਆ। ਮਰਿਆ ਕੋਈ ਵੀ, ਸੱਥਰ ਸਿੱਖਾਂ ਘਰ ਹੀ ਵਿਛਦੇ।

ਦੀਪ ਦੇ ਵਿਆਹ ਦਾ ਦਿਨ ਆ ਗਿਆ। ਵਿਚਕਾਰਲੇ ਦਿਨ ਬਹੁਤ ਰੌਣਕਾਂ ਸਨ। ਚਾਰੇ ਪਾਸੇ ਖ਼ੁਸ਼ੀਆਂ ਨੱਚ ਰਹੀਆਂ ਸਨ। ਮਾਮੀਆਂ ਛੱਜ ਭੰਨ ਰਹੀਆਂ ਸਨ। ਖ਼ੁਸ਼ੀਆਂ ਦੇ ਗੀਤ ਗਾਏ ਜਾ ਰਹੇ ਸਨ। ਪੰਜ-ਛੇ ਹਥਿਆਰਬੰਦ ਬੰਦੇ ਆਏ, ਸਾਰਿਆਂ ਸਾਹਮਣੇ ਦੀਪ ਨੂੰ ਸਦਾ ਦੀ ਨੀਂਦ ਸਵਾਂ ਗਏ। ਕਿਸੇ ਦੀ ਹਿੰਮਤ ਨਾ ਪਈ ਉਨ੍ਹਾਂ ਅੱਗੇ ਬੋਲਣ ਦੀ, ਖ਼ੁਸ਼ੀਆਂ ਪਲ ਵਿਚ ਹੀ ਗ਼ਮ ਵਿਚ ਬਦਲ ਗਈਆਂ। ਵਿਹੜੇ ਵਿਚ ਭਾਂਡੇ, ਕੜਾਹੀਆਂ ਖਿੰਡ ਗਏ। ਸਾਰਾ ਪਿੰਡ ਸੁਸਰੀ ਵਾਂਗ ਸੁੱਤਾ ਪਿਆ ਰਿਹਾ। ਸਵੇਰੇ ਪੋਸਟ-ਮਾਰਟਮ ਤੋਂ ਬਾਅਦ ਦੀਪ ਨੂੰ ਵਿਆਹ ਵਾਲੇ ਕੱਪੜੇ ਪਹਿਨਾ ਕੇ ਅਗਨ-ਭੇਟ ਕੀਤਾ ਗਿਆ। ਚਾਵਾਂ ਨਾਲ ਬਣਾਏ ਕੱਪੜੇ ਕਫ਼ਨ ਦਾ ਭੇਸ ਵਟਾ ਗਏ। ਦੀਪ ਦੀ ਹੋਣ ਵਾਲੀ ਘਰਵਾਲੀ ਦੇ ਵੈਣ ਸੁਣ ਨਹੀਂ ਸਨ ਹੁੰਦੇ। ਜੋ ਬਿਨਾਂ ਵਿਆਹੋਂ ਹੀ ਵਿਧਵਾ ਹੋ ਗਈ। ਵਿਚਾਰੀ ਦੇ ਕਿਹੋ ਜਿਹੇ ਕਰਮ ਸਨ! ਦੂਜੇ ਦਿਨ ਹੀ ਅਖ਼ਬਾਰ ਵਿਚ ਚਾਰ ਅੱਖਰਾਂ ਦੀ ਜ਼ਿੰਮੇਵਾਰੀ ਆ ਗਈ। ਦੀਪ ਦਾ ਕਸੂਰ ਸੀ ਕਿ ਉਹ ਪੁਲਿਸ ਵਿਚ ਸੀ। ਮੇਰੇ ਸਾਹਮਣੇ ਸਭ ਕੁਝ ਹੋਇਆ ਪਰ ਮੈਂ ਕੁਝ ਨਾ ਕਰ ਸਕਿਆ।

ਦੀਪ ਨੂੰ ਮਾਰਨ ਵਾਲੇ ਵੀ ਇਕ ਸਾਲ ਵਿਚ ਹੀ ਮੁੱਕ ਗਏ। ਦੀਪ ਦੀਆਂ ਭੈਣਾਂ ਰੋਣੋਂ ਨਾ ਹਟਦੀਆਂ। ਜਿਨ੍ਹਾਂ ਦਾ 'ਕੱਲਾ ਭਰਾ ਘੋੜੀ ਚੜ੍ਹਨ ਵੇਲੇ ਅਰਥੀ 'ਤੇ ਪੈ ਜਾਵੇ, ਉਨ੍ਹਾਂ ਭੈਣਾਂ ਨੂੰ ਸਬਰ ਕਦੋਂ ਆਉਂਦਾ ਹੈ। ਦੀਪ ਦੀ ਫੋਟੋ ਨਾਲ ਗੱਲਾਂ ਕਰਦਾ ਥੱਲੇ ਉਤਰਿਆ, ਪਿੰਡ ਭੋਰਾ ਵੀ ਦਿਲ ਨਾ ਲੱਗਦਾ। ਰਿਸ਼ਤੇ ਵਾਲੇ ਆਉਣ ਲੱਗੇ, ਕੋਈ ਦਾਜ ਵਿਚ ਮਹਿੰਗੀ ਗੱਡੀ ਦੀ ਅਤੇ ਕੋਈ ਨਕਦ ਦੀ ਗੱਲ ਕਹੇ। ਮੇਰੀ ਚਾਚੀ ਆਪਣੀ ਭਤੀਜੀ ਦਾ ਰਿਸ਼ਤਾ ਕਰਵਾਉਂਦੀ ਸੀ ਪਰ ਮੇਰਾ ਦਿਲ ਕਿਸੇ ਹੋਰ ਲਈ ਧੜਕਦਾ ਸੀ। ਸ਼ਾਮ ਨੂੰ ਵਿਹੜੇ ਵਿਚ ਬੈਠਾ ਘਰ ਦੇ ਖੂੰਜੇ ਵੇਖਦਾ ਸੀ, ਜਦ ਨੂੰ ਸਾਡੇ ਕੰਮ ਵਾਲੀ ਦੇਬੋ ਆ ਗਈ। ਮੇਰੇ ਗਲ ਲੱਗ ਚੁੰਬੜ ਗਈ। ਉਹ ਬਹੁਤ ਰੋਈ। ਉਸ ਨੇ ਮੈਨੂੰ ਵੀ ਬਹੁਤ ਰੁਆਇਆ। ਦੇਬੋ ਪਿਛਲੇ ਵੀਹ ਸਾਲਾਂ ਤੋਂ ਸਾਡੇ ਘਰ ਕੰਮ ਕਰਦੀ ਸੀ। ਖੇਤ ਕਪਾਹ ਚੁਗਣਾ, ਛੱਲੀਆਂ ਕਢਾਉਣਾ, ਕੱਚੇ ਕੋਠਿਆਂ ਨੂੰ ਲਿੱਪਣਾ ਦੇਬੋ ਦਾ ਕੰਮ ਹੁੰਦਾ ਸੀ। ਉਸ ਦਾ ਵੀ ਸਾਡੇ ਘਰ ਨਾਲ ਵੱਖਰਾ ਹੀ ਮੋਹ-ਪਿਆਰ ਸੀ। ਦੇਬੋ ਦੇ ਘਰਵਾਲੇ ਨੂੰ ਵੀ ਹੋਮਗਾਰਡ ਵਿਚ ਹੋਣ ਕਰਕੇ ਮੌਤ ਦੀ ਸਜ਼ਾ ਮਿਲ ਚੁੱਕੀ ਸੀ। ਚਾਰ ਧੀਆਂ ਮੁਟਿਆਰ ਹੋ ਗਈਆਂ ਸਨ, ਉਨ੍ਹਾਂ ਨੂੰ ਵਿਆਹੁਣ ਦਾ ਫਿਕਰ ਦੇਬੋ ਨੂੰ ਵੱਢ-ਵੱਢ ਖਾ ਰਿਹਾ ਸੀ।

*(ਬਾਕੀ ਸਫਾ 29 'ਤੇ)*

# ਨਿੱਕੀਆਂ ਜਿੰਦਾਂ ਵੱਡੇ ਸਾਕੇ-ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

**ਡਾ. ਬਲਕਾਰ ਸਿੰਘ**

ਸ਼ਹੀਦੀ ਦੇ ਇਤਿਹਾਸ ਵਿਚ ਸਿੱਖ ਕੌਮ ਦਾ ਸਥਾਨ ਬਹੁਤ ਉਚਾ ਹੈ ਕਿਉਂਕਿ ਸ਼ਹਾਦਤ ਦੇ ਜੋ ਪੂਰਨੇ ਸਿੱਖਾਂ ਨੇ ਪਾਏ ਹਨ, ਉਹ ਲਾਸਾਨੀ ਹਨ। ਸਿੱਖਾਂ ਦੀ ਅਮੀਰ ਵਿਰਾਸਤ ਦਾ ਭੇਦ ਕੁਰਬਾਨੀ ਦੇ ਜਜ਼ਬੇ ਰਾਹੀਂ ਹੀ ਸਮਝ ਵਿਚ ਆ ਸਕਦਾ ਹੈ। ਸਿੱਖ ਨੂੰ ਆਦੇਸ਼ ਹੈ ਕਿ ਆਦਰਸ਼ ਦੀ ਪਾਲਨਾ ਵਾਸਤੇ ਸਭ ਕੁਝ ਨਿਛਾਵਰ ਕਰ ਸਕਣ ਲਈ ਤਤਪਰ ਰਹਿਣ ਦਾ ਸੁਭਾ ਪੈਦਾ ਕਰਨਾ ਹੈ। ਸਿਧਾਂਤ ਰੂਪ ਵਿਚ ਇਹ ਭਾਵਨਾ ਗੁਰਬਾਣੀ ਵਿਚੋਂ ਪ੍ਰਗਟ ਹੋ ਜਾਂਦੀ ਹੈ ਕਿ ਸਿੱਖ ਧਰਮ ਵਿਚ ਸਿਰ ਦੇ ਕੇ ਹੀ ਸਿੱਖੀ ਨਾਲ ਨਿਭਿਆ ਜਾ ਸਕਦਾ ਹੈ:

ਜਉ ਤਉ ਪ੍ਰੇਮ ਖੇਲਨ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

ਕੌਮ ਦੇ ਵਾਰਸਾਂ ਦਾ ਆਪਣੇ ਵਿਰਸੇ ਨਾਲ ਜੁੜੇ ਰਹਿਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਵਿਰਾਸਤ ਦੀ ਅਮੀਰੀ ਦਾ ਫਖ਼ਰ ਵਿਰਾਸਤ ਨੂੰ ਸੰਭਾਲ ਸਕਣ ਦਾ ਬਲ ਬਖਸ਼ਦਾ ਹੈ। ਸੂਰਮੇ ਦੀ ਪਰਿਭਾਸ਼ਾ ਵੀ ਇਹੀ ਹੈ ਕਿ ਸਿਰ ਜਾਏ ਤਾਂ ਜਾਏ ਪਰ ਸਿੱਖੀ ਸਿਦਕ ਨਾ ਜਾਏ। ਸਿੱਖ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਤੋਂ ਸਾਬਤ ਹੋ ਜਾਂਦਾ ਹੈ ਕਿ ਸਿੱਖੀ ਤਲੀ ਤੇ ਸਿਰ ਰਖਣ ਦਾ ਨਾਮ ਹੈ। ਏਸੇ ਲਈ ਸਿੱਖੀ ਦਾ ਮਾਰਗ ਬਿਖਮ ਮਾਰਗ ਹੈ। ਏਸੇ ਲਈ ਸਿੱਖੀ ਨੂੰ ਖੰਡੇ ਨਾਲੋਂ ਤਿਖੀ ਅਤੇ ਵਾਲ ਨਾਲੋਂ ਬਰੀਕ ਦਸਿਆ ਗਿਆ ਹੈ। ਵਿਰਾਸਤ ਦੀ ਚੇਤਨਾ ਹੀ ਪੁੱਤਰ ਨੂੰ ਸਪੁੱਤਰ ਹੋਣ ਵਾਲੇ ਪਾਸੇ ਲੈ ਜਾਂਦੀ ਹੈ। ਗੁਰਵਾਕ ਹੈ:

ਬਾਬਾਣੀਆਂ ਕਹਾਣੀਆਂ ਪੁਤ ਸਪੁੱਤ ਕਰੇਨਿ॥ ਸਲੋਕ ਮਹਲਾ 3, ਪੰਨਾ 951

ਆਪਣੇ ਵਿਰਸੇ ਨਾਲੋਂ ਟੁਟੀਆਂ ਕੌਮਾਂ ਕਮਜ਼ੋਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਜਿਸ ਕੌਮ ਦੇ ਸਾਹਮਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਰਗਾ ਇਹਿਤਾਸ ਹੈ ਉਨ੍ਹਾਂ ਨੂੰ ਹੋਰ ਸਿਖਿਆ ਦੀ ਕੀ ਲੋੜ ਹੈ? ਭਾਈ ਗੁਰਦਾਸ ਦਾ ਕਥਨ ਹੈ ਕਿ ਸ਼ਹੀਦ ਆਪਣੇ ਸੁਭਾ ਅਤੇ ਕਿਰਦਾਰ ਵਿਚ ਸਬਰ ਤੇ ਸਿਦਕ ਦਾ ਮੁਜਸਮਾ ਹੁੰਦਾ ਹੈ। ਇਹ ਸਥਾਪਤ ਸੱਚ ਹੈ ਕਿ ਭਰਮ ਅਤੇ ਭਉ ਤੋਂ ਮੁਕਤ ਵਿਅਕਤੀ ਹੀ ਸ਼ਹੀਦੀ ਦੇ ਮਾਰਗ 'ਤੇ ਤੁਰ ਸਕਦਾ ਹੈ। ਸ਼ਹੀਦ ਨਿਰੰਕਾਰੀ ਗੁਣਾਂ ਨਾਲ ਭਰਪੂਰ ਹੁੰਦਾ ਹੈ:

ਸਾਬਰੁ ਸਿਦਕਿ ਸ਼ਹੀਦੁ ਭਰਮ ਭਉ ਖੋਵਣਾ॥

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਛੋਟੀਆਂ ਜਿੰਦਾਂ ਦਾ ਵੱਡਾ ਸਾਕਾ ਹੈ। ਉਨ੍ਹਾਂ ਨੇ ਜਿਸ ਤਰ੍ਹਾਂ ਉਮਰ ਦੇ ਬੰਧਨ ਨੂੰ ਤੋੜ ਕੇ ਖਾਲਸਾਈ ਭਾਵਨਾ ਦਾ ਪ੍ਰਗਟਾਵਾ ਕੀਤਾ ਸੀ, ਉਹ ਲਾਸਾਨੀ ਹੈ। ਉਨ੍ਹਾਂ ਦੀ ਦ੍ਰਿੜ੍ਹਤਾ ਅਤੇ ਸਾਹਸ ਨੇ ਧਰਮ ਦੀ ਜੋ ਸ਼ਮ੍ਹਾਂ ਰੌਸ਼ਨ ਕੀਤੀ, ਉਹ ਅੱਜ ਵੀ ਕੌਮ ਦਾ ਮਾਗਰ ਦਰਸ਼ਨ ਕਰ ਰਹੀ ਹੈ। ਦੋਹਾਂ ਸਾਹਿਬਜ਼ਾਦਿਆਂ ਨਾਲ ਬਾਬਾ ਸ਼ਬਦ ਜੁੜ ਗਿਆ ਹੈ- ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ। ਇੰਨੀ ਛੋਟੀ ਉਮਰ ਵਿਚ ਬਾਬਾ ਕਹਾਉਣਾ ਆਪਣੇ ਆਪ ਵਿਚ ਵਿਲੱਖਣ ਹੈ। ਇਸ ਦਾ ਅਰਥ ਇਹ ਹੋਇਆ ਕਿ ਬਾਬਾ ਅਜਿਹੀ ਸਥਿਤੀ ਹੈ ਜਿਸ ਦਾ ਉਮਰ ਨਾਲ ਨਹੀਂ; ਸੁਭਾ ਨਾਲ ਸਬੰਧ ਹੈ। ਲੋਕਾਂ ਦੇ ਮਨਾਂ ਵਿਚ ਸ਼ਰਧਾ ਭਾਵ ਜਗਾਉਣ ਨੂੰ ਬਾਬਾ ਕਿਹਾ ਜਾ ਸਕਦਾ ਹੈ। ਦਾਦੀ ਅਤੇ ਪੋਤਿਆਂ ਦੀ ਸਾਂਝ ਜਿਥੇ ਤਿੰਨਾਂ ਪੀੜ੍ਹੀਆਂ ਦੀ ਵਿਥ ਨੂੰ ਮਿਟਾ ਕੇ ਇਕ ਘਟਨਾ ਵਿਚ ਬੰਨ੍ਹਦੀ ਹੈ, ਉਥੇ ਇਹ ਪੱਖ ਵੀ ਸਾਹਮਣੇ ਲਿਆਉਂਦੀ ਹੈ ਕਿ ਜਾਗੀਆਂ ਹੋਈਆਂ ਕੌਮਾਂ ਵਿਚ ਮਾਈਆਂ ਅਤੇ ਬੱਚੇ ਵੀ ਕੁਰਬਾਨੀ ਵਿਚ ਕਿਸੇ ਨਾਲੋਂ ਪਿਛੇ ਨਹੀਂ ਰਹਿੰਦੇ। ਗੁਰੂ ਦੀ ਮਾਤਾ ਜਾਂ ਗੁਰੂ ਦਾ ਪੁੱਤਰ ਹੋਣਾ ਏਨੀ ਵੱਡੀ ਗੱਲ ਨਹੀਂ ਹੈ ਜਿੰਨੀ ਵੱਡੀ ਗੱਲ ਗੁਰੂ ਦਾ ਸਿੱਖ ਹੋਣਾ ਹੈ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਨੇ ਸਿੱਖ ਵਜੋਂ ਸ਼ਹੀਦੀ ਪ੍ਰਾਪਤ ਕੀਤੀ ਹੈ। ਅਨੰਦਪੁਰ ਸਾਹਿਬ ਨੂੰ ਛੱਡ ਦੇਣ ਤੋਂ ਬਾਅਦ ਜਦੋਂ ਪਰਿਵਾਰ ਦਾ ਵਿਛੋੜਾ ਹੁੰਦਾ ਹੈ ਤਾਂ ਉਸ ਵੇਲੇ ਪਹਿਲੀ ਮੁਸ਼ਕਲ ਹੜ੍ਹ ਵਿਚ ਆਈ ਸਰਸਾ ਨਦੀ ਨੂੰ ਪਾਰ ਕਰਨ ਦੀ ਸੀ। ਇਸ ਕਰਕੇ ਸਰਸਾ ਨਦੀ ਨੂੰ ਸਹਸਾ ਨਦੀ ਵੀ ਕਿਹਾ ਜਾ ਸਕਦਾ ਹੈ। ਜਦੋਂ ਸਹਸਿਆਂ ਤੋਂ ਮੁਕਤ ਹੋ ਜਾਈਏ ਤਾਂ ਸਹੂਲਤਾਂ ਦਾ ਲਾਲਚ ਹੀ ਨਹੀਂ ਰਹਿੰਦਾ। ਨਦੀ ਪਾਰ ਕਰਨ ਲੱਗਿਆਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਗੁਰੂ ਸਾਹਿਬ ਅਤੇ ਬਾਕੀ ਸਿੰਘਾਂ ਨਾਲੋਂ ਵਿਛੜ ਗਏ। ਗੰਗੂ ਪੰਡਤ ਹੀ ਇਨ੍ਹਾਂ ਤਿੰਨਾਂ ਦੇ ਨਾਲ ਰਹਿ ਗਿਆ ਸੀ। ਗੁਰੂ ਜੀ ਨਾਲੋਂ ਵਖ ਹੋ ਕੇ ਦਾਦੀ ਪੋਤਿਆਂ ਦੀ ਪਹਿਲੀ ਰਾਤ ਕੁੰਮੇ ਮਾਸ਼ਕੀ ਦੀ ਝੁਗੀ ਵਿਚ ਬੀਤੀ ਅਤੇ ਇਥੇ ਛਮੀ ਨਾਮ ਦੀ ਮਾਈ ਨੇ ਰੋਟੀ ਪਹੁੰਚਾਈ। ਇਥੋਂ ਹੀ ਗੰਗੂ ਬ੍ਰਾਹਮਣ ਦਾ ਉਹ ਰੋਲ ਅਰੰਭ ਹੁੰਦਾ ਹੈ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਰਾਹ ਪੱਧਰਾ ਕੀਤਾ। ਜਦੋਂ ਰਸੋਈਆ ਦੁਸ਼ਮਣ ਹੋ ਜਾਏ ਤਾਂ ਸੁਰੱਖਿਆ ਦੀ ਆਸ ਫਜ਼ੂਲ ਹੋ ਜਾਂਦੀ ਹੈ। ਗੁਰੂ ਜੀ ਦੇ ਰਸੋਈਏ ਗੰਗੂ ਨੇ ਦਾਦੀ ਨੂੰ ਪੋਤਿਆਂ ਸਮੇਤ ਆਪਣੇ ਪਿੰਡ ਸਹੇੜੀ ਲੈ ਆਂਦਾ। ਅੱਜ ਕਲ ਇਸ ਪਿੰਡ ਦਾ ਨਾਮ ਬਦਲ ਕੇ ਖੇੜੀ ਰਖ ਲਿਆ ਗਿਆ ਹੈ। ਇਕ ਦੁਨੀਆਂਦਾਰ ਵਾਂਗ ਗੰਗੂ



ਨੇ ਮੋਰਿੰਡੇ ਦੇ ਕੋਤਵਾਲ ਨੂੰ ਇਹ ਖਬਰ ਕਰ ਦਿਤੀ ਕਿ ਜਿਨ੍ਹਾਂ ਦੀ ਭਾਲ ਮੁਗ਼ਲ ਸਰਕਾਰ ਨੂੰ ਹੈ, ਉਹ ਉਸ ਦੇ ਕਬਜ਼ੇ ਵਿਚ ਹਨ। ਅਧਿਆਤਮਕਤਾ ਤੋਂ ਅਭਿੱਜ ਰਹਿਣ ਦੀ ਉਦਾਹਰਣ ਗੰਗੂ ਬ੍ਰਾਹਮਣ ਹੈ। ਇਸ ਦੀ ਸੰਭਾਵਨਾ ਆਮ ਆਦਮੀਆਂ ਵਿਚ ਕਾਇਮ ਰਹਿੰਦੀ ਹੈ। ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਪਹਿਲਾਂ ਬਸੀ ਪਠਾਣਾ ਪਹੁੰਚਾਇਆ ਗਿਆ ਅਤੇ ਉਥੋਂ ਹਥਕੜੀਆਂ ਲਾ ਕੇ ਅਤੇ ਜ਼ੰਜ਼ੀਰਾਂ ਪਹਿਨਾ ਕੇ ਸਰਹਿੰਦ ਦੇ ਥਾਣੇ ਲਿਆਂਦਾ ਗਿਆ। ਫਿਰ ਠੰਢੇ ਬੁਰਜ ਵਿਚ ਦਾਦੀ ਅਤੇ ਪੋਤਿਆਂ ਨੂੰ ਬੰਦ ਕਰ ਦਿਤਾ ਗਿਆ। ਛੋਟੀਆਂ ਜਿੰਦਾਂ ਅਤੇ ਬੁਢੜੀ ਮਾਤਾ ਗੁਜਰੀ ਨੂੰ ਵਡੀ ਪ੍ਰਾਪਤੀ ਦਸਣ ਲਈ, ਉਨ੍ਹਾਂ ਨੂੰ ਖਤਰਨਾਕ ਮੁਜ਼ਰਮ ਵਾਂਗ ਪੇਸ਼ ਕੀਤਾ ਜਾ ਰਿਹਾ ਸੀ। ਰਤਨ ਸਿੰਘ ਭੰਗੂ ਦਾ ਵਿਚਾਰ ਹੈ ਕਿ ਗੰਗੂ ਨੇ ਧਨ ਦੇ ਲਾਲਚ ਵਿਚ ਰੰਘੜ ਭਰਾਵਾਂ ਜਾਨੀ ਖਾਨ ਅਤੇ ਮਾਨੀ ਖਾਨ ਦੇ ਹਵਾਲੇ ਸਾਹਿਬਜ਼ਾਦਿਆਂ ਨੂੰ ਕਰ ਦਿਤਾ ਸੀ ਅਤੇ ਉਹ ਉਨ੍ਹਾਂ ਨੂੰ ਮਾਤਾ ਜੀ ਸਮੇਤ ਸਰਹਿੰਦ ਲੈ ਗਏ ਸਨ। ਕੁਝ ਵੀ ਹੋਵੇ ਸਿਆਸਤ ਨੇ ਧਰਮ ਨੂੰ ਮਲੀਆਮੇਟ ਕਰਨ ਦਾ ਫੈਸਲਾ ਲੈ ਲਿਆ ਸੀ। ਇਸ ਦੇ ਨਤੀਜੇ ਨੂੰ ਯਾਦ ਕਰਕੇ ਲੋਕੀਂ ਅੱਜ ਵੀ ਤਰਾਸ ਤਰਾਸ ਕਰਦੇ ਹਨ।

25 ਦਸੰਬਰ, 1704 ਈ. ਨੂੰ ਦੋਹਾਂ ਸਾਹਿਬਜ਼ਾਦਿਆਂ ਨੂੰ ਮਾਤਾ ਜੀ ਨਾਲੋਂ ਵਖ ਕਰਕੇ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਪੇਸ਼ ਕਰਨ ਵੇਲੇ ਸਰਕਾਰੀ ਨੌਕਰਾਂ ਨੂੰ ਯਕੀਨ ਸੀ ਕਿ ਸਾਹਿਬਜ਼ਾਦੇ ਆਪਣੀ ਦਾਦੀ ਦੀ ਗੈਰਹਾਜ਼ਰੀ ਵਿਚ ਡੋਲ ਜਾਣਗੇ। ਕਚਹਿਰੀ ਜਾਣ ਵਾਲੀ ਸਵੇਰ ਨੂੰ ਦਾਦੀ ਨੇ ਪੋਤਿਆਂ ਨੂੰ ਕਿਵੇਂ ਤਿਆਰ ਕੀਤਾ, ਇਸਨੂੰ ਸੋਹਣ ਸਿੰਘ ਸੀਤਲ ਨੇ ਇਸ ਤਰ੍ਹਾਂ ਲਿਖਿਆ ਹੋਇਆ ਹੈ:

ਉਠੋ ਮੇਰੇ ਸ਼ੇਰ ਜੀ ਉਠ ਮੁਖ ਦਿਖਲਾਉ,
ਸੱਦਣ ਆਏ ਜਮਾਦਾਰ ਨੇ ਕਚਹਿਰੀ ਜਾਉ।
ਦੇਸ਼ ਧਰਮ ਦੇ ਵਾਸਤੇ ਜਿੰਦ ਘੋਲ ਘੁਮਾਉ,
ਪੁਰਜਾ ਪੁਰਜਾ ਕਟ ਮਰੋ ਨਹੀਂ ਧਰਮ ਡੁਲਾਉ।

ਪੇਸ਼ ਕਰਨ ਤੋਂ ਪਹਿਲਾਂ ਹਰ ਉਹ ਪ੍ਰਬੰਧ ਕੀਤਾ ਗਿਆ ਜਿਸ ਨਾਲ ਬਾਲਕਾਂ ਵਿਚ ਸਹਿਮ ਛਾ ਜਾਵੇ। ਇਹ ਵੀ ਕੋਸ਼ਿਸ਼ ਕੀਤੀ ਗਈ ਕਿ ਇਹ ਪ੍ਰਭਾਵ ਪੈਦਾ ਹੋ ਜਾਵੇ ਕਿ ਉਨ੍ਹਾਂ ਨੇ ਈਨ ਮੰਨ ਲਈ ਹੈ। ਉਦਾਹਰਣ ਵਜੋਂ ਉਨ੍ਹਾਂ ਨੂੰ ਪੇਸ਼ ਹੋਣ ਵੇਲੇ ਛੋਟੇ ਦਰਵਾਜੇ ਵਿਚੋਂ ਲੰਘਾਇਆ ਗਿਆ ਤਾਂ ਕਿ ਇਹ ਪ੍ਰਭਾਵ ਦਿਤਾ ਜਾ ਸਕੇ ਕਿ ਉਨ੍ਹਾਂ ਨੇ ਹਕੂਮਤ ਅਗੇ ਸਿਰ ਝੁਕਾ ਦਿਤਾ ਹੈ। ਮੁਗਲ ਹਾਕਮਾਂ ਦੇ ਅਹਿਲਕਾਰਾਂ ਨੇ ਸਾਹਿਬਜ਼ਾਦਿਆਂ ਨੂੰ ਜ਼ਲੀਲ ਕਰਨ ਦੀ ਨੀਤ ਨਾਲ ਹਰ ਤਰ੍ਹਾਂ ਦੀਆਂ ਸਕੀਮਾਂ ਦੀ ਵਰਤੋਂ ਕੀਤੀ ਪਰੰਤੂ ਸਾਹਿਬਜ਼ਾਦਿਆਂ ਨੂੰ ਆਪਣੀ ਵਿਰਾਸਤ ਦੇ ਫ਼ਖਰ ਦੀ ਚੇਤਨਾ ਸੀ। ਉਹ ਜਾਣਦੇ ਸਨ ਕਿ ਹਕੂਮਤ ਨਾਲ ਟੱਕਰ ਲੈਣੀ ਪੈਣੀ ਹੈ। ਛੋਟੀ ਉਮਰ ਵਿਚ ਵੱਡੇ ਸਾਕਿਆਂ ਦਾ ਭੇਦ ਇਸੇ ਵਿਚ ਲੁਕਿਆ ਹੋਇਆ ਹੈ। ਸਾਹਿਬਜ਼ਾਦੇ ਉਮਰ ਨਾਲੋਂ ਆਤਮਕ ਤੌਰ 'ਤੇ ਵਧ ਬਲਵਾਨ ਸਨ। ਛੋਟੇ ਦਰਵਾਜਿਉਂ ਲੰਘਦਿਆਂ, ਸਾਹਿਬਜ਼ਾਦਿਆਂ ਨੇ ਪੈਰ ਪਹਿਲਾਂ ਅਗੇ ਕੀਤੇ ਅਤੇ ਸਾਰਿਆਂ ਨੂੰ ਗੱਜ ਕੇ ਫਤਿਹ ਬੁਲਾਈ। ਸਾਹਿਬਜ਼ਾਦਿਆਂ ਦਾ ਇਹ ਵਤੀਰਾ ਸਰਕਾਰੀ ਹੰਕਾਰ ਵਾਸਤੇ ਵੰਗਾਰ ਸੀ। ਦੂਜਾ ਦੌਰ ਹਰ ਤਰ੍ਹਾਂ ਦੇ ਲਾਲਚਾਂ ਦਾ ਜਾਲ ਵਿਛਾਉਣ ਦਾ ਸੀ। ਸਾਹਿਬਜ਼ਾਦੇ ਇਸ ਵਿਚੋਂ ਵੀ "ਜੈਸੇ ਜਲ ਮਹਿ ਕੰਵਲ ਨਿਰਾਲਮ ਮੁਗਗਾਈ ਨੀਸਾਣੈ" ਵਾਂਗ ਅਡੋਲ ਵੀ ਰਹੇ ਤੇ ਜੇਤੂ ਵੀ। ਫਿਰ ਫਤਵੇ ਦੀ ਵਾਰੀ ਸੀ ਜੋ ਪਹਿਲੇ ਦਿਨ ਕਾਜ਼ੀ ਨੇ ਨਹੀਂ ਸੁਣਾਇਆ। ਕਾਜ਼ੀ ਦਾ ਕਹਿਣਾ ਸੀ ਕਿ ਬੱਚਿਆਂ ਬਾਰੇ ਫਤਵਾ ਨਹੀਂ ਦਿਤਾ ਜਾ ਸਕਦਾ। ਏਸੇ ਕਰਕੇ ਪਹਿਲੇ ਦਿਨ ਦੋਵੇਂ ਸਾਹਿਬਜ਼ਾਦੇ ਵਾਪਸ ਦਾਦੀ ਕੋਲ ਭੇਜ ਦਿਤੇ ਗਏ। ਸੰਕਟ ਟਲਿਆ ਨਹੀਂ ਸੀ ਸਗੋਂ ਹੋਰ ਵਧ ਗਿਆ ਸੀ। ਸਰਕਾਰ ਖਿੱਝ ਗਈ ਸੀ ਅਤੇ ਖਿਝਿਆ ਹੋਇਆ ਹਾਕਮ ਜੁਲਮ ਉਤੇ ਉਤਰ ਆਉਂਦਾ ਹੈ। ਇਸ ਸਮੱਸਿਆ ਦਾ ਚਰਚਾ ਚਾਰ ਚੁਫੇਰੇ ਹੋ ਰਿਹਾ ਸੀ।

ਹੁਣ ਮੌਕਾ ਸੀ ਉਨ੍ਹਾਂ ਲੋਕਾਂ ਵਾਸਤੇ ਜੋ ਪੰਥ-ਵਿਰੋਧੀ ਸਨ। ਦੀਵਾਨ ਸੁਚਾ ਨੰਦ ਨੇ ਨਵਾਬ ਵਜ਼ੀਰ ਖਾਨ ਸਾਹਮਣੇ ਸਾਹਿਬਜ਼ਾਦਿਆਂ ਨੂੰ ਸੱਪ ਦੇ ਬੱਚੇ ਕਿਹਾ। ਗੁਰੂ ਗੋਬਿੰਦ ਸਿੰਘ ਦੇ ਖਿਲਾਫ ਬਹੁਤ ਜ਼ਹਿਰ ਉਗਲਿਆ। ਸਾਹਿਬ਼ਜਾਦਿਆਂ ਨੂੰ ਸ਼ਜਾ ਦੇ ਕੇ ਉਹ ਗੁਰੂ ਜੀ ਨੂੰ ਦੁਖੀ ਕਰਨਾ ਚਾਹੁੰਦਾ ਸੀ। ਜੁਲਮ ਨੂੰ ਮਾਨਤਾ ਦੇਣ ਦਾ ਬੱਜਰ ਪਾਪ ਕਰਨ ਦੀ ਤਿਆਰ ਹੋ ਚੁਕੀ ਸੀ। ਸਵਾਲਾਂ-ਜਵਾਬਾਂ ਵਿਚ ਸਾਹਿਬਜ਼ਾਦਿਆਂ ਨੇ ਮੁਗਲ ਹਕੂਮਤ ਨੂੰ ਜ਼ੁਲਮ ਦੇ ਪ੍ਰਤਿਨਿਧ ਦਸਿਆ ਅਤੇ ਖਾਲਸਾ ਪੰਥ ਨੂੰ ਇਸ ਜੁਲਮ ਦੇ ਖਾਤਮੇ ਲਈ ਅਕਾਲ ਪੁਰਖ ਦੇ ਹੁਕਮ ਵਿਚ ਸਾਜਿਆ ਗਿਆ ਦਸਿਆ। ਸਾਹਿਬਜ਼ਾਦਿਆਂ ਤੋਂ ਇਸ ਕਿਸਮ ਦੇ ਜਵਾਬ ਦੀ ਹਾਕਮਾਂ ਨੂੰ ਉਮੀਦ ਨਹੀਂ ਸੀ। ਹਾਕਮ ਹੋਰ ਵੀ ਗੁੱਸੇ ਵਿਚ ਆ ਗਏ। ਸਾਹਿਬਜ਼ਾਦਿਆਂ ਦੇ ਚੇਹਰਿਆਂ ਤੋਂ ਝਲਕਦੀ ਅਤੇ ਵਤੀਰੇ ਵਿਚੋਂ ਪ੍ਰਗਟ ਹੁੰਦੀ ਚੜ੍ਹਦੀ ਕਲਾ ਦੀ ਸੁਰ ਹਾਕਮਾਂ ਨੂੰ ਬਹੁਤ ਚੁਭੀ। ਸਾਹਿਬਜ਼ਾਦਿਆਂ ਨੂੰ ਬਚਾਉਣ ਦੀ ਭਾਵਨਾ ਵੀ ਨਾਲ ਨਾਲ ਚਲ ਰਹੀ ਸੀ। ਤਾਰੀਖ-ਏ-ਪੰਜਾਬ ਦੇ ਲੇਖਕ ਅਨੁਸਾਰ ਤਾਂ ਨਵਾਬ ਵਜ਼ੀਰ ਖਾਨ ਵੀ ਬੱਚਿਆਂ ਨੂੰ ਮਾਰਨ ਦੇ ਹੱਕ ਵਿਚ ਨਹੀਂ ਸੀ ਪਰ ਹਾਕਮ ਦੀ ਹੈਸੀਅਤ ਵਿਚ ਉਸ ਨੇ ਆਤਮਾ ਦੀ ਆਵਾਜ਼ ਨਹੀਂ ਸੀ ਸੁਣੀ। ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ ਤਾਂ ਨਾਬਾਲਗਾਂ ਦੇ ਕਤਲ ਨੂੰ ਸ਼ਰ੍ਹਾ ਦੇ ਉਲਟ ਦਸਦਾ ਰਿਹਾ। ਇਕ ਹਿੰਦੂ ਰਈਸ ਟੋਡਰ ਮੱਲ ਨੇ ਬੱਚਿਆਂ ਨੂੰ ਕਤਲ ਨਾ ਕਰਨ ਬਦਲੇ ਰਕਮ ਦੇਣੀ ਵੀ ਪਰਵਾਨ ਕਰ ਲਈ ਸੀ ਪਰ ਹਾਕਮਾਂ ਨੇ ਗੱਲ ਨਾ ਮੰਨੀ। ਇਸ ਦੇ ਬਾਅਦ 26 ਦਸੰਬਰ, 1704 ਈ. ਨੂੰ ਦੋਵੇਂ ਮਾਸੂਮ ਜਿੰਦਾਂ ਕੰਧ ਵਿਚ ਚਿਣ ਦਿਤੀਆਂ ਗਈਆਂ।

ਇਕ ਧਾਰਨਾ ਮੁਤਾਬਿਕ ਜਦੋਂ ਦੀਵਾਰ ਛਾਤੀ ਤਕ ਆ ਗਈ ਤਾਂ ਬੱਚੇ ਬੇਹੋਸ਼ ਹੋ ਗਏ। ਉਨ੍ਹਾਂ ਦੇ ਬੇਹੋਸ਼ ਹੁੰਦਿਆਂ ਹੀ ਕੰਧ ਡਿਗ ਪਈ ਅਤੇ ਬੱਚਿਆਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਫਿਰ ਠੰਢੇ ਬੁਰਜ ਮਾਤਾ ਜੀ ਕੋਲ ਭੇਜ ਦਿਤਾ ਗਿਆ। ਮਾਤਾ ਜੀ ਨੇ ਉਥੇ ਮਮੀਰਾ ਅਤੇ ਕਸਤੂਰੀ ਆਦਿ ਤਲੀਆਂ 'ਚ ਝੱਸ ਕੇ ਬੱਚਿਆਂ ਨੂੰ ਹੋਸ਼ ਵਿਚ ਲਿਆਂਦਾ। ਅਗਲੇ ਦਿਨ 27 ਦਸੰਬਰ, 1704 ਨੂੰ ਦੋਹਾਂ ਸਾਹਿਬਜ਼ਾਦਿਆਂ ਨੂੰ ਇਸਲਾਮੀ ਧਾਰਮਿਕ ਕਾਨੂੰਨ ਮੁਤਾਬਿਕ ਜ਼ਿਬਾਹ ਕਰਕੇ ਸ਼ਹੀਦ ਕੀਤਾ ਗਿਆ। ਮਾਤਾ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਸੁਣਦਿਆਂ ਹੀ ਪ੍ਰਾਣ ਤਿਆਗ ਦਿਤੇ। ਸਸਕਾਰ ਵਾਸਤੇ ਜਗ੍ਹਾ ਤੇ ਆਗਿਆ ਟੋਡਰ ਮਲ ਨੇ ਪੈਸੇ ਦੇ ਕੇ ਖਰੀਦੀ। ਉਸ ਥਾਂ ਉਤੇ ਅੱਜ ਕਲ ਗੁਰਦੁਆਰਾ ਜੋਤੀ ਸਰੂਪ (ਫਤਿਹਗੜ੍ਹ ਸਾਹਿਬ) ਕਾਇਮ ਹੈ।

ਇਹ ਖਬਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸੁਣਾਈ ਗਈ ਤਾਂ ਉਸ ਵੇਲੇ ਹਜ਼ੂਰ ਮਾਛੀਵਾੜੇ ਦੇ ਜੰਗਲ ਵਿਚ ਸਨ। ਆਪ ਸੁਣਦੇ ਵੀ ਗਏ ਅਤੇ ਤੀਰ ਦੀ ਨੋਕ ਨਾਲ ਇਕ ਕਾਹੀ ਦੇ ਬੂਟੇ ਨੂੰ ਖੋਦਦੇ ਵੀ ਗਏ। ਘਟਨਾ ਦਾ ਬਿਆਨ ਸਮਾਪਤ ਹੋਣ ਤਕ ਕਾਹੀ ਦਾ ਬੂਟਾ ਜੜ੍ਹ ਤੋਂ ਪੁਟਿਆ ਗਿਆ ਸੀ। ਪਰੰਪਰਾ ਇਹ ਹੈ ਕਿ ਹਜ਼ੂਰ ਨੇ ਫੁਰਮਾਇਆ, "ਹੁਣ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ ਹੈ।" ਇਸ ਬਿੰਬ ਨਾਲ ਗੁਰੂ ਸਾਹਿਬ ਦਾ ਧਾਰਿਮਕ ਆਦਰਸ਼ ਪ੍ਰਗਟ ਹੋ ਜਾਂਦਾ ਹੈ। "ਧਰਮ ਚਲਾਵਨ" ਵਾਸਤੇ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ ਕਿਉਂਕਿ "ਸੰਤ ਉਬਾਰਨ" ਦਾ ਮਾਰਗ ਸੌਖਾ ਨਹੀਂ ਹੈ:

ਯਾਹੀ ਕਾਜ ਧਰਾ ਹਮ ਜਨਮੰ ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਭਾਰਨ। ਦੁਸਟ ਸਭਨ ਕਾ ਮੂਲ ਉਪਾਰਨ।

ਇਸ ਭਾਵਨਾ ਤੇ ਪਹਿਰਾ ਦੇਣ ਲਈ ਸਾਹਿਬਜ਼ਾਦਿਆਂ ਨੂੰ ਸ਼ਹੀਦ ਹੋਣਾ ਪਿਆ ਸੀ। ਇਸ ਭਾਵਨਾ ਨੂੰ ਸਿੱਖ ਮਾਨਸਿਕਤਾ ਵਿਚ ਥਾਂ ਮਿਲਿਆ ਹੋਇਆ ਹੈ। "ਪੰਥ ਵਸੇ ਮੈ ਉਜੜਾ ਮਨ ਚਾਉ ਘਨੇਰਾ" ਦੀ ਭਾਵਨਾ ਨੂੰ ਸਾਹਿਬਜ਼ਾਦਿਆਂ ਨੇ ਆਪਣੀ ਸ਼ਹੀਦੀ ਨਾਲ ਸਿੰਜਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਧਰਮ ਦਾ ਮਾਰਗ ਕਿੰਨਾ ਬਿਖਮ ਹੈ। ਧਰਮ ਨਿਜੀ ਪ੍ਰਾਪਤੀਆਂ ਦਾ ਸਾਧਨ ਮਾਤਰ ਨਹੀਂ ਹੈ ਸਗੋਂ ਮਨੁੱਖਤਾ ਦੇ ਕੰਡਿਆਲੇ ਰਾਹਾਂ ਤੋਂ ਪਲਕਾਂ ਨਾਲ ਕੰਡਿਆਂ ਨੂੰ ਚੁਗਣਾ ਹੈ। ਧਰਮ ਸਿਰਲੱਥ ਸੂਰਮਿਆਂ ਦੀ ਸੇਵਾ ਨਾਲ ਕਮਾਇਆ ਜਾ ਸਕਦਾ ਹੈ। ਮਾਸੂਮ ਜਿੰਦਾਂ ਨੇ ਜਿਸ ਤਰ੍ਹਾਂ ਇਸ ਸਾਰੇ ਕੁਝ ਨੂੰ ਨਿਭਾਇਆ, ਇਹ ਖਾਲਸਾ ਪੰਥ ਦੇ ਤੇਜ ਦਾ ਭਰਪੂਰ ਜਲੌ ਹੈ। ਇਸ ਨੂੰ ਨਿਕੀਆਂ ਜਿੰਦਾਂ ਦੇ ਵਡੇ ਸਾਕੇ ਵਜੋਂ ਯਾਦ ਕੀਤਾ ਜਾਂਦਾ ਹੈ।

---

# ਈਸਾ ਮਸੀਹ ਬਾਰੇ ਭਵਿੱਖਬਾਣੀਆਂ

**ਕ੍ਰਿਸਮਸ ਵਿਸ਼ੇਸ਼**

**ਜੁਗਰਾਜ ਗਿੱਲ (ਅਮਰੀਕਾ)**

ਈਸਾ ਮਸੀਹ ਦੇ ਪੈਦਾ ਹੋਣ ਤੋਂ 500 ਸਾਲ ਪਹਿਲਾਂ ਨਬੀ ਦਾਨਿਯੈਲ (ਡੈਨੀਅਲ) ਹੋਇਆ ਜਿਸ ਨੂੰ ਯਹੋਵਾ (ਭਵਿੱਖ ਵਕਤਾ) ਨੇ ਜਾਣਕਾਰੀਆਂ ਦਿੱਤੀਆਂ ਸਨ ਜਿਨ੍ਹਾਂ ਦੀ ਮਦਦ ਨਾਲ ਠੀਕ-ਠੀਕ ਪਤਾ ਲਾਇਆ ਜਾ ਸਕਦਾ ਸੀ ਕਿ ਈਸਾ ਦਾ ਜਨਮ ਕਦੋਂ, ਕਿੱਥੇ ਅਤੇ ਕਿਹੜੇ ਹਾਲਾਤ ਵਿਚ ਹੋਵੇਗਾ। ਯਹੋਵਾ ਅਵਤਾਰ ਨੇ ਬਾਈਬਲ ਦੇ ਕਈ ਨਬੀਆਂ ਨੂੰ ਇਹ ਜਾਣਕਾਰੀਆਂ ਲਿਖਣ ਲਈ ਪ੍ਰੇਰਿਆ ਜੋ ਮਸੀਹੇ ਨੂੰ ਪਛਾਣਨ ਵਿਚ ਮਦਦ ਕਰਦੀਆਂ ਹਨ। ਇਨ੍ਹਾਂ ਨਬੀਆਂ ਨੇ ਇਨਸਾਨ ਦਾ ਉਧਾਰ ਕਰਨ ਵਾਲੇ ਇਸ ਮਸੀਹਾ ਦੇ ਜਨਮ, ਉਸ ਦੀ ਸੇਵਾ ਅਤੇ ਮੌਤ ਦੇ ਬਾਰੇ ਬਹੁਤ ਸਾਰੀਆਂ ਜਾਣਕਾਰੀਆਂ ਲਿਖੀਆਂ ਜੋ ਈਸਾ ਵਿਚ ਪ੍ਰਾਪਤ ਹੋਈਆਂ:

1. ਇਹ ਬਾਲਕ ਯਹੂਦੀ ਗੋਤ ਵਿਚ ਕੁਆਰੀ ਲੜਕੀ ਤੋਂ ਪੈਦਾ ਹੋਵੇਗਾ ਅਤੇ ਰਾਜਾ ਦਾਊਦ ਦੇ ਵੰਸ਼ ਵਿਚੋਂ ਹੋਵੇਗਾ। ਯਹੋਵਾ ਐਲਾਨ ਕਰੇਗਾ ਕਿ ਉਹ ਉਸ ਦਾ ਬੇਟਾ ਹੈ। ਜ਼ਿਆਦਾਤਰ ਲੋਕ ਉਸ ਉਪਰ ਵਿਸ਼ਵਾਸ ਨਹੀਂ ਕਰਨਗੇ। ਫਿਰ ਉਹ ਗਧੇ ਉਪਰ ਬੈਠ ਕੇ ਯੇਰੂਸ਼ਲਮ ਜਾਵੇਗਾ। ਕਰੀਬੀ ਦੋਸਤ ਨਾਲ ਚਾਂਦੀ ਦੇ 30 ਸਿੱਕਿਆਂ ਪਿੱਛੇ ਵਿਸ਼ਵਾਸਘਾਤ ਕਰੇਗਾ। ਉਹ ਦੋਸ਼ ਲਾਉਣ ਵਾਲਿਆਂ ਸਾਹਮਣੇ ਖ਼ਾਮੋਸ਼ ਰਹੇਗਾ। ਜਦੋਂ ਉਸ ਨੂੰ ਸੂਲੀ 'ਤੇ ਚੜ੍ਹਾਇਆ ਜਾਵੇਗਾ ਤਾਂ ਲੋਕ ਉਸ ਦਾ ਮਖ਼ੌਲ ਉਡਾਉਣਗੇ। ਉਦੋਂ ਉਸ ਦੀ ਇਕ ਵੀ ਹੱਡੀ ਨਹੀਂ ਤੋੜੀ ਜਾਵੇਗੀ। ਉਸ ਨੂੰ ਅਮੀਰਾਂ ਦੀਆਂ ਕਬਰਾਂ ਦੇ ਨਾਲ ਹੀ ਦਫ਼ਨਾਇਆ ਜਾਵੇਗਾ ਅਤੇ ਉਸ ਦੀ ਲਾਸ਼ ਨੂੰ ਪੂਰੀ ਤਰ੍ਹਾਂ ਸੜਨ ਤੋਂ ਪਹਿਲਾਂ ਹੀ ਦਫ਼ਨਾ ਦਿੱਤਾ ਜਾਵੇਗਾ। ਬਾਅਦ ਵਿਚ ਉਸ ਨੂੰ 'ਮਹਾਨ' ਅਤੇ ਪਰਮੇਸ਼ਵਰ ਦਾ ਸੱਜਾ ਹੱਥ ਮੰਨ ਲਿਆ ਜਾਵੇਗਾ।

ਇਕ ਹੋਰ ਨਬੀ 'ਮੀਕਾ' ਨੇ ਭਵਿੱਖਬਾਣੀ ਕੀਤੀ ਕਿ ਇਹ ਬਾਲਕ 'ਬੇਤ ਲੇਹੇਮ ਏਪ੍ਰਾਤਾ' ਵਿਚ ਪੈਦਾ ਹੋਵੇਗਾ। ਸੋ, ਈਸਾ ਦੇ ਜਨਮ ਸਮੇਂ ਇਜ਼ਰਾਈਲ ਵਿਚ ਬੇਤਲੇਹਮ ਨਾਂ ਦੇ ਦੋ ਸ਼ਹਿਰ ਸਨ। ਇਕ ਉਤਰ ਵੱਲ ਨਾਸਰਤ ਕੋਲ ਸੀ ਅਤੇ ਦੂਜਾ ਯਹੂਦਾ ਵਿਚ ਯੇਰੂਸ਼ਲਮ ਕੋਲ। ਯੇਰੂਸ਼ਲਮ ਦਾ ਨਾਂ ਪਹਿਲਾਂ 'ਏਪ੍ਰਾਤਾ' ਹੀ ਸੀ। ਸੋ, ਈਸਾ ਇਸੇ ਸ਼ਹਿਰ ਵਿਚ ਹੀ ਪੈਦਾ ਹੋਇਆ। ਦੂਜੀ ਭਵਿੱਖਬਾਣੀ ਸੀ ਕਿ 'ਉਸ ਨੂੰ ਮਿਸਰ ਬੁਲਾਇਆ ਜਾਵੇਗਾ।' ਸੋ, ਹੇਰੋਦੇਸ ਦੀ ਮੌਤ ਤੋਂ ਬਾਅਦ ਉਸ ਨੂੰ ਮਿਸਰ ਤੋਂ ਵਾਪਸ ਲਿਆਂਦਾ ਗਿਆ। ਯਹੋਵਾ ਨੇ ਯਸ਼ਾਯਾਹ ਨਬੀ ਰਾਹੀਂ ਇਕ ਹੋਰ ਭਵਿੱਖਬਾਣੀ ਕੀਤੀ ਸੀ ਜਿਸ ਦਾ ਸਬੂਤ ਹੁਣ ਵੀ ਮੌਜੂਦ ਹੈ ਕਿ ਉਹ ਸੱਚੀ ਸਾਬਤ ਹੋਈ। ਅੱਠਵੀਂ ਸਦੀ ਵਿਚ ਕਿਹਾ ਗਿਆ ਸੀ ਕਿ ਬਾਬੁਲ ਸ਼ਹਿਰ ਨੂੰ ਤਬਾਹ ਕੀਤਾ ਜਾਵੇਗਾ, 'ਦੁਸ਼ਮਣ ਫ਼ੌਜ ਬਾਬੁਲ ਨਦੀ ਨੂੰ ਸੁਕਾ ਦੇਵੇਗੀ ਤੇ ਬਗ਼ੈਰ ਕਿਸੇ ਯੁੱਧ ਦੇ ਸ਼ਹਿਰ ਵਿਚ ਵੜ ਜਾਵੇਗੀ ਅਤੇ ਕੂਰੁਸਤਰੂ ਰਾਜੇ ਦੀ ਫ਼ੌਜ ਜਿੱਤ ਹਾਸਲ ਕਰ ਕੇ ਸ਼ਹਿਰ ਤਬਾਹ ਕਰੇਗੀ ਅਤੇ ਇਹ ਸ਼ਹਿਰ ਫਿਰ ਹਮੇਸ਼ਾ ਲਈ ਖੰਡਰ ਹੀ ਬਣਿਆ ਰਹੇਗਾ ਅਤੇ ਵੱਸੇਗਾ ਨਹੀਂ।'

ਇਸ ਭਵਿੱਖਬਾਣੀ ਦੇ 200 ਸਾਲ ਬਾਅਦ, ਅਕਤੂਬਰ ਪੰਜ ਦੀ ਰਾਤ ਨੂੰ ਫ਼ਾਰਸੀ ਰਾਜੇ ਕੂਰੁਸਤਰੂ ਨੇ ਬਗ਼ੈਰ ਕੋਈ ਜੰਗ ਕੀਤਿਆਂ ਬਾਬੁਲ ਸ਼ਹਿਰ 'ਤੇ ਕਬਜ਼ਾ ਕਰ ਲਿਆ ਸੀ।

ਬਾਬੁਲ ਸ਼ਹਿਰ ਨਿਵਾਸੀ ਸੋਚਦੇ ਸਨ ਕਿ ਉਨ੍ਹਾਂ ਦੀਆਂ ਸ਼ਹਿਰ ਦੁਆਲੇ ਕੀਤੀਆਂ ਉਚੀਆਂ-ਉਚੀਆਂ ਚਾਰਦੀਵਾਰਾਂ 'ਤੇ ਵੱਡੇ ਮਜ਼ਬੂਤ ਦਰਵਾਜ਼ਿਆਂ ਕਾਰਨ ਉਹ ਮਹਿਫ਼ੂਜ਼ ਹਨ। ਸੋ, ਉਸ ਰਾਤ ਉਹ ਤਿਉਹਾਰ ਮਨਾਉਣ ਅਤੇ ਨੱਚਣ-ਟੱਪਣ ਵਿਚ ਮਸਤ ਸਨ। ਇਸੇ ਦੌਰਾਨ ਕੂਰੁਸਤਰੂ ਨੇ ਅਕਲਮੰਦੀ ਦਾ ਸਬੂਤ ਦਿੰਦੇ ਹੋਏ ਉਸ ਨਦੀ ਦਾ ਰੁਖ਼ ਦੂਜੇ ਪਾਸੇ ਮੋੜ ਦਿੱਤਾ ਜਿਸ ਦਾ ਪਾਣੀ ਸ਼ਹਿਰ ਅੰਦਰ ਜਾਂਦਾ ਸੀ। ਵੇਖਦੇ ਹੀ ਵੇਖਦੇ, ਨਦੀ ਵਿਚਲਾ ਪਾਣੀ ਇੰਨਾ ਘੱਟ ਹੋ ਗਿਆ ਕਿ ਕੂਰੁਸਤਰੂ ਦੇ ਸੈਨਿਕ ਆਰਾਮ ਨਾਲ ਨਦੀ ਪਾਰ ਕਰ ਕੇ ਸ਼ਹਿਰ ਦੀ ਚਾਰਦੀਵਾਰੀ ਕੋਲ ਪਹੁੰਚ ਗਏ ਪਰ ਉਹ ਸ਼ਹਿਰ ਵਿਚ ਕਿਵੇਂ ਦਾਖ਼ਲ ਹੁੰਦੇ? ਦਰਅਸਲ ਹੋਇਆ ਇੰਜ ਕਿ ਉਸ ਰਾਤ ਕਿਸੇ ਕਾਰਨ ਸ਼ਹਿਰ ਦੇ ਫਾਟਕਾਂ ਨੂੰ ਲਾਪ੍ਰਵਾਹੀ ਨਾਲ ਖੁੱਲ੍ਹਾ ਹੀ ਛੱਡ ਦਿੱਤਾ ਗਿਆ ਸੀ!

ਸੋ, ਇਰਾਕ ਵਿਚਲੇ ਬਗ਼ਦਾਦ ਸ਼ਹਿਰ ਤੋਂ 80 ਕਿਲੋਮੀਟਰ ਦੂਰ ਦੱਖਣ ਵੱਲ ਜਿਸ ਜਗ੍ਹਾ ਇਕ ਜ਼ਮਾਨੇ ਵਿਚ ਬਾਬੁਲ ਨਾਂ ਦਾ ਸ਼ਹਿਰ ਹੁੰਦਾ ਸੀ, ਉਥੇ ਅੱਜ ਵੀ ਖੰਡਰ ਹੀ ਖੰਡਰ ਮੌਜੂਦ ਹਨ। ਉਥੇ ਨਾ ਤਾਂ ਕੋਈ ਘਰ ਬਣਾ ਕੇ ਰਹਿਣ ਦਾ ਚਾਹਵਾਨ ਹੈ ਅਤੇ ਨਾ ਹੀ ਚਰਵਾਹੇ ਆਪਣੇ ਪਸ਼ੂ ਬਿਠਾਉਣ ਨੂੰ ਤਿਆਰ ਹਨ।

ਈਸਾ ਬਾਰੇ ਬਾਈਬਲ ਵਿਚ ਮੱਤੀ, ਮਰਕੁਸ, ਲੂਕਾ ਤੇ ਯੂਹੰਨਾਂ ਨਾਂ ਦੀਆਂ ਚਾਰ ਕਿਤਾਬਾਂ ਵਿਚ ਉਸ ਦੀ ਜ਼ਿੰਦਗੀ, ਉਸ ਦੀ ਸੇਵਾ ਤੇ ਉਸ ਦੇ ਗੁਣਾਂ ਬਾਰੇ ਵਿਸਥਾਰ ਸਹਿਤ ਦਰਜ ਹੈ। ਦੂਜਿਆਂ ਦਾ ਦਰਦ ਅਤੇ ਤਕਲੀਫ਼ਾਂ ਨੂੰ ਵੇਖ ਕੇ ਉਹ ਤੜਫ਼ ਉਠਦਾ ਸੀ ਅਤੇ ਛੋਟੇ-ਛੋਟੇ ਬੱਚੇ ਵੀ ਉਸ ਨੂੰ ਬੇਹੱਦ ਚਾਹੁੰਦੇ ਸਨ। ਉਸ ਦੀ ਨਜ਼ਰ ਵਿਚ ਅਮੀਰ-ਗ਼ਰੀਬ, ਜਾਤ-ਪਾਤ, ਊਚ-ਨੀਚ ਸਭ ਬਰਾਬਰ ਸਨ। ਉਸ ਜ਼ਮਾਨੇ ਵਿਚ ਵੀ ਭਾਵੇਂ ਔਰਤਾਂ ਨੂੰ ਨੀਵਾਂ ਸਮਝ ਕੇ ਘੱਟ ਅਧਿਕਾਰ ਦਿੱਤੇ ਜਾਂਦੇ ਸਨ ਪਰ ਈਸਾ ਨੇ ਉਨ੍ਹਾਂ ਨੂੰ ਆਦਰ ਨਾਲ ਪੇਸ਼ ਕੀਤਾ। ਗੁਰੂ ਹੁੰਦਿਆਂ ਵੀ ਉਸ ਨੇ ਚੇਲਿਆਂ ਦੇ ਪੈਰ ਧੋਤੇ। ਉਹ ਮਹਿਸੂਸ ਕਰ ਸਕਦਾ ਸੀ ਕਿ ਦੂਜੇ ਕਿਸ ਕਸ਼ਟ ਵਿਚ ਹਨ ਤੇ ਉਨ੍ਹਾਂ ਦੀਆਂ ਜ਼ਰੂਰਤਾਂ ਕੀ ਹਨ। ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨਾਂ ਵਿਚ ਉਸ ਦੇ ਦੁਸ਼ਮਣਾਂ ਨੇ ਉਸ ਨੂੰ ਗ੍ਰਿਫ਼ਤਾਰ ਕਰਵਾਇਆ, ਝੂਠੇ ਗਵਾਹਾਂ ਰਾਹੀਂ ਇਲਜ਼ਾਮ ਲਾਏ, ਬੇਈਮਾਨ ਤੇ ਭ੍ਰਿਸ਼ਟ ਜੱਜਾਂ ਨੇ ਉਸ ਨੂੰ ਮੁਜਰਮ ਕਰਾਰ ਦਿੱਤਾ। ਲੋਕਾਂ ਦੀ ਭੀੜ ਨੇ ਉਸ ਦਾ ਮਖ਼ੌਲ ਉਡਾਇਆ। ਸੈਨਿਕਾਂ ਨੇ ਉਸ ਨੂੰ ਤਸੀਹੇ ਦਿੱਤੇ ਅਤੇ ਫਿਰ ਕਾਠ 'ਤੇ ਕਿੱਲਾਂ ਨਾਲ ਉਸ ਦਾ ਸਰੀਰ ਵਿੰਨ੍ਹ ਕੇ ਠੋਕ ਦਿੱਤਾ ਗਿਆ ਪਰ ਉਹ ਅੰਤ ਤਕ ਸੱਚੇ ਪਰਮਾਤਮਾ ਪ੍ਰਤੀ ਵਫ਼ਾਦਾਰ ਰਿਹਾ ਤੇ ਅੰਤ ਸਮੇਂ ਕਿਹਾ- 'ਪੂਰਾ ਹੋਇਆ।'

ਈਸਾਈ ਧਰਮ ਦੇ ਲੋਕ ਬਾਈਬਲ ਅਤੇ ਇਸ ਵਿਚਲੀਆਂ ਭਵਿੱਖਬਾਣੀਆਂ ਨੂੰ ਵਿਗਿਆਨਕ ਕਸਵੱਟੀ 'ਤੇ ਵੀ ਪੂਰੀਆਂ ਸੱਚੀਆਂ ਉਸੇ ਤਰ੍ਹਾਂ ਹੀ ਮੰਨਦੇ ਹਨ ਜਿਵੇਂ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ, ਮੁਸਲਿਮ ਕੁਰਾਨ ਵਿਚਲੀਆਂ ਆਇਤਾਂ ਤੇ ਹਿੰਦੂ, ਗੀਤਾ, ਰਾਮਾਇਣ, ਮਹਾਂਭਾਰਤ, ਵੇਦਾਂ ਵਿਚਲੇ ਪ੍ਰਵਚਨਾਂ ਨੂੰ ਪ੍ਰਮਾਤਮਾ ਵੱਲੋਂ ਭੇਜੀ ਸੱਚੀ ਬਾਣੀ ਮੰਨਦੇ ਹਨ।

# ਕਿਸ ਬਿਧ ਰੁਲੀ ... ਪ੍ਰਤੀਕਰਮਾਂ ਦਾ ਸਰਵੇਖਣ

**ਵਿਚਾਰ-ਚਰਚਾ**

***ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਚੱਲ ਰਹੀ ਵਿਚਾਰ-ਚਰਚਾ ਨੂੰ ਅੱਗੇ ਤੋਰਨ ਦੇ ਸਿਲਸਿਲੇ ਵਿਚ ਸਿੱਖ ਚਿੰਤਕ ਡਾ. ਹਰਪਾਲ ਸਿੰਘ ਪੰਨੂ ਦਾ ਇਹ ਲੇਖ ਅਸੀਂ ਛਾਪ ਰਹੇ ਹਾਂ। ਇਸ ਲੇਖ ਵਿਚ ਪੇਸ਼ ਕੀਤੇ ਗਏ ਵਿਚਾਰਾਂ ਨਾਲ ਸਾਡੀ ਸਹਿਮਤੀ ਜਾਂ ਅਸਹਿਮਤੀ ਜ਼ਰੂਰੀ ਨਹੀਂ ਹੈ। ਇਸ ਲੇਖ ਦੇ ਉਲਟ ਆਉਣ ਵਾਲੇ ਵਿਚਾਰਾਂ ਨੂੰ ਵੀ ਬਰਾਬਰ ਥਾਂ ਦਿੱਤੀ ਜਾਵੇਗੀ। -ਸੰਪਾਦਕ***

**ਹਰਪਾਲ ਸਿੰਘ ਪੰਨੂ**

ਸ. ਅਜਮੇਰ ਸਿੰਘ ਦੀ ਕਿਤਾਬ ਉਪਰ ਹੋਈ ਚਰਚਾ ਦਿਲਚਸਪ ਹੈ। ਕੋਈ ਸਹਿਮਤ ਹੋਵੇ ਜਾਂ ਅਸਹਿਮਤ, ਇਹ ਗੱਲ ਵਧੀਕ ਮੱਹਤਵਪੂਰਨ ਨਹੀਂ, ਮਹੱਤਵਪੂਰਨ ਇਹ ਗੱਲ ਹੈ ਕਿ ਪੰਥ ਦੀ ਸੁਤੰਤਰ ਸੱਤਾ ਦਾ ਹਮਾਇਤੀ ਚਿੰਤਕ ਆਪਣਾ ਮੁਕੱਦਮਾ ਕਿਵੇਂ ਦਾਇਰ ਕਰਦਾ ਹੈ। ਆਪਣੇ ਮੱਤ ਦੇ ਸਮਰਥਨ ਵਿਚ ਜਿਵੇਂ ਹਵਾਲੇ ਦਿਤੇ ਗਏ ਹਨ, ਉਹ ਸਿੱਧ ਕਰਦੇ ਹਨ ਕਿ ਲੇਖਕ ਗੰਭੀਰ ਚਰਚਾ ਦਾ ਮੁਦੱਈ ਹੈ। ਇਸ ਤਰ੍ਹਾਂ ਦੇ ਅਕਾਦਮਿਕ ਸੰਵਾਦ ਦੀ ਸ਼ੁਰੂਆਤ ਸ. ਜਗਜੀਤ ਸਿੰਘ ਨੇ ਸਿੱਖ ਇਨਕਲਾਬ ਨਾਲ ਕੀਤੀ ਸੀ।

ਸਿੱਖ ਵਿਚਾਰਵਾਨਾਂ ਵਿਚ ਜਿਵੇਂ ਅਕਸਰ ਹੁੰਦਾ ਹੈ, ਲਕੀਰ ਖਿਚ ਕੇ ਉਹ ਦੋ ਪਾਸਿਆਂ ਵਿਚ ਵੰਡੇ ਜਾਂਦੇ ਹਨ ਅਤੇ ਖੇਡ ਸ਼ੁਰੂ ਹੋ ਜਾਂਦੀ ਹੈ। ਥੋੜੀ ਦੇਰ ਬਾਦ ਖੇਡ ਘੱਟ ਤੇ ਰੌਲਾ-ਰੱਪਾ, ਖੱਪਖਾਨਾ ਵਧ ਜਾਂਦਾ ਹੈ। ਇਥੇ ਵੀ ਇਹੋ ਹੋਣਾ ਸੀ। ਜਿਹੜੇ ਵਿਚਾਰਵਾਨ ਸਿੱਖਾਂ ਦੀ ਆਜ਼ਾਦ ਹਸਤੀ ਦੇ ਹੱਕ ਵਿਚ ਹਨ ਉਨ੍ਹਾਂ ਨੂੰ ਉਲਾਰ, ਹਿੰਸਾਵਾਦੀ, ਆਤਮਘਾਤੀ ਅਤੇ ਹੂੜ੍ਹਮਤੀਏ ਆਦਿਕ ਖਿਤਾਬ ਬਖਸ਼ੇ ਗਏ, ਜੋ ਖਾਲਿਸਤਾਨ ਦੇ ਹੱਕ ਵਿਚ ਨਹੀਂ ਉਨ੍ਹਾਂ ਨੂੰ ਹਿੰਦੂ ਭਗਤ, ਨੈਸ਼ਨਲਿਸਟ ਸਿੱਖ, ਸਿੱਖੀ ਦੇ ਲਿਬਾਸ ਵਿਚ ਹਿੰਦੂਤਵੀਏ ਜਾਂ ਰਾਸ਼ਟਰੀ ਸਿੱਖ ਸੰਗਤ ਦੇ ਮੈਂਬਰ ਹੋਣ ਦੇ ਤਮਗੇ ਮਿਲੇ। ਜਿਹੜਾ ਬੰਦਾ ਅਕਾਲੀ ਦਲ ਦੀਆਂ ਨੀਤੀਆਂ ਦੀ ਆਲੋਚਨਾ ਕਰੇ, ਉਸ ਉਪਰ ਪਹਿਲਾਂ ਕਾਂਗਰਸੀਆ ਹੋਣ ਦਾ ਦੋਸ਼ ਲਗਦਾ ਹੈ, ਜੇ ਉਹ ਫਿਰ ਵੀ ਬਾਜ ਨਾ ਆਵੇ ਤਾਂ ਉਸ ਨੂੰ ਸੀ.ਆਈ.ਡੀ. ਦਾ ਏਜੰਟ ਕਿਹਾ ਜਾਂਦਾ ਹੈ। ਹਮਾਤੜਾਂ ਦੀ ਗੱਲ ਛੱਡੋ, ਹੁਣ ਤੱਕ ਵੀ ਕਈ ਭੱਦਰਪੁਰਖ ਸੰਤ ਜਰਨੈਲ ਸਿੰਘ ਨੂੰ ਕਾਂਗਰਸ ਦਾ ਏਜੰਟ ਆਖਦੇ ਹਨ। ਇਸ ਹਿਸਾਬ ਨਾਲ ਸਿੱਖ ਜਾਂ ਹਿੰਦੂ ਹਨ ਜਾਂ ਹਿੰਦੂਆਂ ਦੇ ਖ਼ੂਨ ਦੇ ਪਿਆਸੇ। ਇਨ੍ਹਾਂ ਦੋਵਾਂ ਧਿਰਾਂ ਤੋਂ ਇਲਾਵਾ ਕੋਈ ਤੀਜੀ ਧਿਰ ਵੀ ਹੈ, ਉਸ ਦਾ ਜਿਕਰ ਨਹੀਂ ਹੁੰਦਾ। ਇਨ੍ਹਾਂ ਦੋਵਾਂ ਧਿਰਾਂ ਨਾਲੋਂ ਵੱਧ ਬਲਵਾਨ ਤੀਜੀ ਧਿਰ ਹੈ ਤੇ ਅੰਤਿਮ ਨਿਰਣਾ ਉਹੀ ਤੀਜੀ ਧਿਰ ਕਰਦੀ ਹੈ, ਜਿਸ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਅਕਾਲੀਆਂ ਨੇ ਜਦੋਂ ਸੰਤ ਜਰਨੈਲ ਸਿੰਘ ਨੂੰ ਕਾਂਗਰਸ ਦਾ ਏਜੰਟ ਕਿਹਾ ਤਾਂ ਸੰਤ ਜੀ ਨੇ ਕਿਹਾ ਸੀ, ਮੈਂ ਅਕਾਲੀਆਂ ਉਪਰ ਜਨਸੰਘੀਆਂ ਦੇ ਏਜੰਟ ਹੋਣ ਦਾ ਦੋਸ਼ ਨਹੀਂ ਲਾਇਆ। ਅਕਾਲੀ ਨੇਤਾ ਭਾਰਤੀ ਜਨਤਾ ਪਾਰਟੀ ਦਾ ਲੜ ਛੱਡਣ, ਫੇਰ ਦੇਖਣ ਮੈਂ ਕਾਂਗਰਸ ਨਾਲ ਕੀ ਕਰਦਾ ਹਾਂ ਤੇ ਮੈਂ ਕੀ ਹਾਂ।

ਬਾਬਾ ਬੰਦਾ ਸਿੰਘ ਨੇ ਇਕ ਸੇਵਕ ਦੀ ਪ੍ਰੀਤ ਆਖਰ ਤੱਕ ਨਿਭਾਈ। ਨਤੀਜਾ ਇਹ ਕਿ ਸਰਕਾਰ ਨਾਲ ਰਲ-ਮਿਲ ਗਏ ਸਿੱਖਾਂ ਨੂੰ ਤੱਤ ਖਾਲਸਾ ਕਿਹਾ ਗਿਆ ਤੇ ਬੰਦਾ ਸਿੰਘ ਦਾ ਚਿਹਰਾ ਕਰੂਪ ਕਰ ਦਿਤਾ। ਫਿਰ ਆਇਆ ਮਹਾਰਾਜਾ ਰਣਜੀਤ ਸਿੰਘ, ਜਿਸ ਵਿਚ ਗੁਣਾਂ-ਔਗੁਣਾਂ ਦੀ ਕਮੀ ਨਹੀਂ ਸੀ ਤਾਂ ਵੀ ਅੱਧੀ ਸਦੀ ਤੱਕ ਅੱਠ ਪ੍ਰਤੀਸ਼ਤ ਸਿੱਖਾਂ ਨੇ ਬਾਨਵੇਂ ਪ੍ਰਤੀਸ਼ਤ ਪਰਜਾ ਉਪਰ ਰਾਜ ਕੀਤਾ। ਮਹਾਰਾਜੇ ਦੀ ਮੌਤ ਬਾਦ ਸੱਤਾ ਹਥਿਆਉਣ ਵਾਸਤੇ ਜਿਵੇਂ ਕਤਲਿਆਮ ਦਾ ਦੌਰ ਚੱਲਿਆ, ਉਸ ਤੋਂ ਪਤਾ ਲਗਦਾ ਹੈ ਕਿ ਇਸ ਪੱਖੋਂ ਸਿੱਖਾਂ ਅਤੇ ਮੁਗਲਾਂ ਦੀ ਹਵਸ ਅਤੇ ਤੌਰ ਤਰੀਕਿਆਂ ਵਿਚ ਕਿੰਨੀ ਸਮਾਨਤਾ ਸੀ। ਉਨੀ ਸੌ ਸੰਤਾਲੀ ਦੀ ਦੇਸ਼ ਵੰਡ ਸਮੇਂ ਹਿੰਸਾ ਕਰਨ ਵਿਚ ਪਹਿਲ ਕਿਸ ਨੇ ਕੀਤੀ, ਇਸ ਬਹਿਸ ਵਿਚ ਕਿਸ ਲਈ ਪੈਣਾ, ਸੱਚ ਇਹ ਹੈ ਕਿ ਸਿੱਖਾਂ ਨੇ ਮੁਸਲਮਾਨਾਂ ਦੇ ਬੱਚੇ ਹਵਾ ਵਿਚ ਉਲਾਰ ਕੇ ਹੇਠਾਂ ਨੇਜਿਆਂ ਵਿਚ ਪਰੋਏ, ਔਰਤਾਂ ਨਾਲ ਜਬਰ ਜਨਾਹ ਕੀਤੇ, ਮੁਸਲਮਾਨਾਂ ਨੂੰ ਸੂਰ ਖੁਆ ਕੇ ਅੰਮ੍ਰਿਤ ਛਕਾਇਆ। ਗੁਰੂ ਗੋਬਿੰਦ ਸਿੰਘ ਦਾ ਖਾਲਸਾ ਕਿਸ ਰੰਗ ਰੂਪ ਦਾ ਹੈ, ਸੰਸਾਰ ਨੇ ਦੇਖ ਲਿਆ।

ਸਮਕਾਲੀ ਦੌਰ ਵਿਚ ਖਾਲਸਾ ਪੰਥ ਦੀ ਖੁਦਮੁਖਤਾਰੀ ਦਾ ਮੁੱਦਈ ਸਿੱਖ, ਮਾਸਟਰ ਤਾਰਾ ਸਿੰਘ ਨੂੰ ਗਾਲ ਦੇ ਕੇ ਥੁੱਕਣ ਉਪਰੰਤ ਸ. ਕਪੂਰ ਸਿੰਘ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ ਗੱਲ ਤੋਰਦਾ ਹੈ। ਅਜਮੇਰ ਸਿੰਘ ਦੀ ਰੇਲ ਗੱਡੀ ਜਦੋ ਮਹਿਬੂਬ ਦੀ ਵਿਛਾਈ ਪਟੜੀ ਉਪਰ ਚੜ੍ਹ ਜਾਂਦੀ ਹੈ, ਉਸੇ ਵਕਤ ਪਾਠਕ ਜਾਣ ਜਾਂਦਾ ਹੈ ਕਿ ਗੱਡੀ ਜਿਸ ਥਾਂ 'ਤੇ ਲੈ ਕੇ ਜਾਏਗੀ ਮੁਸਾਫਰ ਨੇ ਉਥੇ ਤਾਂ ਜਾਣਾ ਹੀ ਨਹੀਂ ਸੀ। ਵੈਦਿਕ ਮੱਤ ਨੂੰ ਗਾਲੀ-ਗਲੋਚ ਕਰਨ ਤੋਂ ਪਹਿਲਾਂ ਮਹਿਬੂਬ ਸਿੱਖ ਚਿੰਤਕਾਂ ਦੇ ਗਲਾਵਿਆਂ ਨੂੰ ਹੱਥ ਪਾਉਂਦਾ ਹੈ। ਉਸ ਦਾ ਥਾਟ ਬਣਾਉਣ ਅਤੇ ਅਲਾਪ ਲੈਣ ਦਾ ਤਰੀਕਾ ਇਹੋ ਹੈ। ਅਖੀਰ ਵਿਚ ਬਾਬਰੀ ਜ਼ਲਾਲ ਦਾ ਵਰੋਲਾ ਉਸ ਨੂੰ ਸਾਰਿਆਂ ਤਬਕਾਂ ਤੋਂ ਪਾਰ ਲੈ ਜਾਂਦਾ ਹੈ। ਅਜਿਹਾ ਕਰਦਿਆਂ ਉਹ ਭੁੱਲ ਜਾਂਦਾ ਹੈ ਕਿ ਕਬੀਰ ਦੀ ਬਾਣੀ ਨੂੰ ਸਿੱਖ ਮੱਥਾ ਟੇਕਦੇ ਹਨ। ਉਹ ਭਗਤ ਕਬੀਰ ਜੀ ਨੂੰ ਹਿੰਦੂਵਾਦੀ ਸਿੱਧ ਕਰਦਿਆਂ ਉਨ੍ਹਾਂ ਵਿਰੁਧ ਸਹਿਜੇ ਰਚਿਓ ਖਾਲਸਾ ਵਿਚ ਅਜਿਹੀਆਂ ਹੱਤਕਪੂਰਨ ਟੂਕਾਂ ਦਿੰਦਾ ਹੈ ਕਿ ਪਾਠਕ ਸ਼ਰਮਿੰਦਾ ਹੋ ਜਾਂਦਾ ਹੈ।

ਮੈਨੂੰ ਪਤਾ ਨਹੀ ਸੀ ਕੈਂਸਰ ਕੀ ਚੀਜ਼ ਹੁੰਦੀ ਹੈ। ਡਾਕਟਰ ਨੇ ਦੱਸਿਆ, ਦੇਖੋ ਸਰੀਰ ਦੇ ਵੱਖ-ਵੱਖ ਹਿੱਸਿਆਂ ਨੂੰ ਵੱਖ-ਵੱਖ ਕੰਮ ਮਿਲੇ ਹੋਏ ਹਨ। ਜਿਸ ਨੂੰ ਜਿੰਨਾ ਕੰਮ ਮਿਲਿਆ ਹੈ, ਨਾ ਉਸ ਤੋਂ ਘੱਟ ਕੰਮ ਕਰੇ ਨਾ ਵੱਧ। ਅਸੀਂ ਹੱਥਾਂ ਨਾਲ ਕੰਮ ਕਰਦੇ ਹਾਂ ਤਾਂ ਚਮੜੀ ਘਸ ਜਾਂਦੀ ਹੈ। ਜਿੰਨੀ ਚਮੜੀ ਘਸ ਜਾਵੇ ਉਨੀ ਦੁਬਾਰਾ ਬਣ ਜਾਂਦੀ ਹੈ, ਨਾ ਬਣੇ ਤਾਂ ਹੱਥ ਲਹੂ ਲੁਹਾਣ ਹੋ ਜਾਣ। ਪਰ ਜਦੋਂ ਕੰਮ ਨਾ ਕਰੀਏ ਉਦੋਂ ਚਮੜੀ ਉਨੀ ਕੁ ਰਹੇ ਜਿੰਨੀ ਹੈ, ਹੋਰ ਵਾਧੂ ਨਾ ਬਣਦੀ ਰਹੇ। ਚਮੜੀ ਦੇ ਸੈਲ ਜਦੋਂ ਆਪਣਾ ਇਹ ਫਰਜ਼ ਭੁੱਲ ਜਾਣ, ਇਸ ਬਿਮਾਰੀ ਨੂੰ ਕੈਂਸਰ ਕਹਿੰਦੇ ਹਨ। ਉਸ ਸੂਰਤ ਵਿਚ ਜਾਂ ਤਾਂ ਘਸੀ ਹੋਈ ਚਮੜੀ ਦੀ ਪਰਤ ਦੁਬਾਰਾ ਬਣੇਗੀ ਹੀ ਨਹੀਂ ਜਾਂ ਜੇ ਬਣਨ ਲਗ ਜਾਵੇ ਤਾਂ ਰੁਕੇਗੀ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਹੱਥੋਂ ਜੋ ਕਸ਼ਟ ਝੱਲੇ ਉਨ੍ਹਾਂ ਦੇ ਬਾਵਜੂਦ ਗੁਰੂ ਜੀ ਨੇ ਮੁਗਲਾਂ ਨੂੰ ਨਫਰਤ ਨਹੀਂ ਕੀਤੀ, ਉਨ੍ਹਾਂ ਦੇ ਲਿਬਾਸ ਅਤੇ ਫਾਰਸੀ ਜ਼ਬਾਨ ਨੂੰ ਨਫਰਤ ਨਹੀਂ ਕੀਤੀ। ਹਿੰਦੂ ਕਰਮਕਾਂਡਾਂ ਨੂੰ ਤਿਆਗਿਆ, ਪਹਾੜੀ ਰਾਜਿਆਂ ਦੇ ਸਿਆਸੀ ਤੇ ਹਿੰਸਕ ਹਮਲਿਆਂ ਦਾ ਜਵਾਬ ਦਿਤਾ ਪਰ ਹਿੰਦੂਆਂ ਨੂੰ ਨਫਰਤ ਨਹੀਂ ਕੀਤੀ। ਇਹੋ ਰੋਸ਼ਨੀ ਹੈ ਜਿਸ ਵਿਚੋਂ ਭਾਈ ਕੱਨ੍ਹਈਆ ਜੀ ਅਤੇ ਪੀਰ ਬੁੱਧੂਸ਼ਾਹ ਪ੍ਰਗਟ ਹੁੰਦੇ ਹਨ।

ਸ. ਕਪੂਰ ਸਿੰਘ ਕੱਦਾਵਰ ਵਿਦਵਾਨ ਸਨ ਤੇ ਉਨ੍ਹਾਂ ਨੂੰ ਭਾਰਤੀ ਰਾਜਨੀਤੀ ਸਮਝ ਵਿਚ ਆਉਂਦੀ ਸੀ। ਇਕ ਪਾਸੇ ਸੁਭਾਸ਼ ਚੰਦਰ ਬੋਸ ਹਨ ਜੋ ਆਈ. ਸੀ. ਐਸ. ਦੀ ਅਫਸਰੀ ਛੱਡ ਕੇ ਸੰਗਰਾਮ ਵਿਚ ਕੁੱਦਦੇ ਹਨ। ਨਹਿਰੂ ਅਤੇ ਗਾਂਧੀ ਹਨ ਜੋ ਬਰਤਾਨੀਆਂ ਦੀ ਵਿਦਿਆ ਹਾਸਲ ਕਰਕੇ ਗੋਰਿਆਂ ਵਿਰੁਧ ਯੁੱਧ ਛੇੜਦੇ ਹਨ। ਦੂਜੇ ਪਾਸੇ ਡਾਕਟਰ ਇਕਬਾਲ ਅਤੇ ਜਿਨਾਹ ਆਪਣੀ ਪਛਾਣ ਕਾਇਮ ਰੱਖਣ ਵਾਸਤੇ ਮੈਦਾਨਿ-ਜੰਗ ਵਿਚ ਉਤਰਦੇ ਹਨ। ਉਨ੍ਹਾਂ ਦਿਨਾਂ ਵਿਚ ਸਿਰਦਾਰ ਕਪੂਰ ਸਿੰਘ ਅਫਸਰੀ ਦਾ ਅਨੰਦ ਲੈ ਰਹੇ ਹਨ, ਮਾਸਟਰ ਤਾਰਾ ਸਿੰਘ ਦੀ ਮੇਜ਼ਬਾਨੀ ਕਰਦੇ ਹਨ, ਉਨ੍ਹਾਂ ਦੀ ਮੌਤ ਅਤੇ ਆਪਣੀ ਨੌਕਰੀ ਖੁਸਣ ਪਿਛੋਂ ਹਿੰਦੂਆਂ ਨੂੰ ਅਤੇ ਮਾਸਟਰ ਜੀ ਨੂੰ ਛੱਜ ਵਿਚ ਛੰਡਦੇ ਹਨ। ਸਿਰਦਾਰ ਕਪੂਰ ਸਿੰਘ ਦੀ ਗੱਲ ਮੰਨ ਲੈਂਦੇ ਹਾਂ ਕਿ ਬਲਦੇਵ ਸਿੰਘ ਬੇਈਮਾਨ ਸੀ ਤੇ ਮਾਸਟਰ ਅਨਪੜ੍ਹ, ਪਰ ਈਮਾਨਦਾਰ ਅਤੇ ਪੜ੍ਹਿਆ ਲਿਖਿਆ ਸਿਰਦਾਰ ਆਪਣੀ ਨੌਕਰੀ ਨਾਲ ਉਦੋਂ ਤੱਕ ਵਾਬਸਤਾ ਰਿਹਾ ਜਦੋਂ ਤੱਕ ਉਸ ਨੂੰ ਘਟੀਆ ਹੱਥਕੰਡਿਆਂ ਰਾਹੀਂ ਸਟੇਟ ਨੇ ਡਿਸਮਿੱਸ ਨਹੀਂ ਕੀਤਾ।

ਬਾਬਾ ਬੰਦਾ ਸਿੰਘ ਅਤੇ ਸੰਤ ਜਰਨੈਲ ਸਿੰਘ ਦਾ ਕਾਰਜਕਾਲ ਅਤੇ ਵਰਤਾਰਾ ਸਮਾਨ ਹੈ।

ਬਾਬਾ ਬੰਦਾ ਸਿੰਘ ਦਾ ਖਾਲਸਾ ਪੰਥ ਦੀ ਵਾਗਡੋਰ ਸੰਭਾਲਣ ਦਾ ਸਮਾਂ ਅੱਠ ਸਾਲ ਹੈ (1708-1716) ਤੇ ਸੰਤ ਜਰਨੈਲ ਸਿੰਘ ਦਾ ਸੱਤ ਸਾਲ (1977-1984); ਸਟੇਟ ਵਿਰੁਧ ਦੋਹਾਂ ਦੀ ਜੰਗ ਅਸਾਵੀਂ ਸੀ। ਦੋਹਾਂ ਨੂੰ ਨਤੀਜਿਆਂ ਦਾ ਪਤਾ ਸੀ, ਤਾਂ ਵੀ ਉਨ੍ਹਾਂ ਨੇ ਲਾਮਿਸਾਲ ਟੱਕਰ ਦਿਤੀ। ਦਰਬਾਰ ਸਾਹਿਬ ਉਪਰ ਹਮਲੇ ਪਿਛੋਂ ਖਾਲਸਾ ਪੰਥ ਦੀ ਵੇਦਨਾ ਦਾ ਪ੍ਰਗਟਾਵਾ ਦੋ ਦਿਸ਼ਾਵਾਂ ਤੋਂ ਹੋਇਆ। ਸ. ਖੁਸ਼ਵੰਤ ਸਿੰਘ, ਡਾ. ਗੰਡਾ ਸਿੰਘ, ਸ. ਸਾਧੂ ਸਿੰਘ ਹਮਦਰਦ ਨੇ ਆਪੋ ਆਪਣੇ ਖਿਤਾਬ ਵਾਪਸ ਕੀਤੇ ਤੇ ਸ. ਅਮਰਿੰਦਰ ਸਿੰਘ ਨੇ ਕਾਂਗਰਸ ਛੱਡੀ। ਸੰਤ ਜਰਨੈਲ ਸਿੰਘ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ ਸੀ। ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਪਾਰਲੀਮੈਂਟ ਦੀਆਂ ਚੋਣਾਂ ਵਿਚ ਜੋ ਰਿਕਾਰਡਤੋੜ ਵੋਟ ਮਿਲੀ, ਉਸ ਵਿਚੋਂ ਖਾਲਸਾ ਪੰਥ ਦਾ ਕਰੋਧ ਪ੍ਰਗਟ ਹੋਇਆ ਸੀ। ਜਿੱਤੇ ਸੰਸਦ ਮੈਂਬਰਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਜਿਵੇਂ ਨਿਭਾਈਆਂ ਉਸ ਬਾਰੇ ਵੀ ਆਪਾਂ ਵਾਕਫ ਹਾਂ।

ਮਹਿਬੂਬ ਅਤੇ ਅਜਮੇਰ ਸਿੰਘ ਹਿੰਦੂਆਂ ਨੂੰ ਨਫਰਤ ਕਰਨ ਦੀ ਥਾਂ ਜੇ ਉਨ੍ਹਾਂ ਨੂੰ ਸਮਝਣ ਦਾ ਯਤਨ ਕਰਦੇ ਤਾਂ ਸਾਰਥਕ ਸਿੱਟੇ ਨਿਕਲਦੇ। ਸਿਰਦਾਰ ਕਪੂਰ ਸਿੰਘ ਵੈਦਿਕ ਮੱਤ ਨੂੰ ਸਮਝਦਾ ਸੀ। ਇਸੇ ਕਰਕੇ ਮਹਿਬੂਬ ਅਤੇ ਅਜਮੇਰ ਸਿੰਘ ਨੂੰ ਉਹ ਸਹੀ ਨਹੀਂ ਲਗਦਾ ਕਿਉਂਕਿ ਸਿਰਦਾਰ, ਹਿੰਦੂ ਸਟੇਟ ਅਤੇ ਵੈਦਿਕ ਮੱਤ ਨੂੰ ਵੱਖ-ਵੱਖ ਕਰਕੇ ਪਰਖਦਾ ਨਿਰਖਦਾ ਹੈ। ਇਹ ਮੈਂ ਮੰਨਦਾ ਹਾਂ ਕਿ ਅਜਮੇਰ ਸਿਂਘ ਨੇ ਹਵਾਲਾ ਸਮੱਗਰੀ ਇਕੱਠੀ ਕਰਨ ਵਾਸਤੇ ਬਹੁਤ ਮਿਹਨਤ ਕੀਤੀ ਹੈ ਪਰ ਮਕਲਿਉਡ ਅਤੇ ਲੂਈ ਫਿਨਿਕ ਨੇ ਘੱਟ ਮਿਹਨਤ ਨਹੀਂ ਕੀਤੀ, ਵੱਧ ਮਿਹਨਤ ਦੇ ਬਾਵਜੂਦ ਇਹ ਪ੍ਰਵਾਨ ਨਹੀਂ ਹੋਏ।

ਹਿਮਾਦਰੀ ਬੈਨਰਜੀ ਨੇ ਮੈਨੂੰ ਕਿਹਾ, ਦਰਬਾਰ ਸਾਹਿਬ ਉਪਰ ਹਮਲੇ ਨੂੰ ਮੈਂ ਘੋਰ ਪਾਪ ਸਮਝਦਾ ਹਾਂ। ਮੈਂ ਇਸ ਹਮਲੇ ਵਾਸਤੇ ਦੋਸ਼ੀ ਨਹੀਂ ਹਾਂ ਪਰ ਕਿਉਂਕਿ ਮੈਂ ਹਿੰਦੂ ਹਾਂ, ਮੈਨੂੰ ਇਸੇ ਕਾਰਨ ਸ਼ਰਮਿੰਦਾ ਹੋਣਾ ਪਵੇਗਾ, ਮੈਂ ਇਸ ਕਾਰਨ ਸ਼ਰਮਿੰਦਾ ਹੋਇਆ ਹਾਂ।

ਅਮਰੀਕਾ ਦੇ ਗੁਰਦੁਆਰਾ ਫਰੀਮਾਂਟ ਵਿਚ ਭਾਸ਼ਣ ਦੇ ਕੇ ਮੈਂ ਸੰਗਤ ਵਿਚ ਬੈਠਾ ਤਾਂ ਇਕ ਜੁਆਨ ਮੇਰੇ ਕੋਲ ਆਇਆ ਤੇ ਕਿਹਾ, "ਜੀ ਤੁਸੀਂ ਆਪਣੀ ਕਥਾ ਦੌਰਾਨ ਹਿੰਦੂ ਦੇਵਤਿਆਂ, ਅਵਤਾਰਾਂ ਆਦਿਕ ਦਾ ਜ਼ਿਕਰ ਕਿਉਂ ਕਰਦੇ ਹੋ?" ਮੈਂ ਕਿਹਾ, "ਧਰੂ, ਪ੍ਰਹਿਲਾਦ, ਰਮਾਇਣ ਮਹਾਂਭਾਰਤ ਦੇ ਜਿਹੜੇ ਪਾਤਰਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਇਆ ਹੈ, ਉਨ੍ਹਾਂ ਦੀ ਗੱਲ ਤਾਂ ਕਰਨੀ ਪਏਗੀ ਹੀ।" ਉਸਨੇ ਕਿਹਾ, "ਕਿਉਂ ਕਰਨੀ ਪਏਗੀ? ਇਹ ਕਿਹੜਾ ਆਪਣੇ ਤਾਏ ਲਗਦੇ ਹਨ?" ਮੈਂ ਕਿਹਾ, "ਕਿਉਂਕਿ ਸਮੇਂ ਅਨੁਸਾਰ ਆਪਣੇ ਬਾਪੂ ਤੋਂ ਪਹਿਲਾਂ ਹੋਏ ਸਨ, ਇਸ ਕਰਕੇ ਲਗਦੇ ਤਾਂ ਇਹ ਤਾਏ ਹੀ ਹਨ ਪਰ ਇਕ ਗੱਲ ਦੱਸ- ਕੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਹਿੰਦੂ ਨਹੀਂ ਸਨ?" ਉਹ ਗੁੱਸੇ ਨਾਲ ਬੋਲਿਆ, "ਜੀ ਮੈਨੂੰ ਤਾਂ ਇਸ ਗੱਲ ਤੋਂ ਵੀ ਬੜੀ ਸ਼ਰਮ ਆਉਂਦੀ ਹੈ। ਤੁਸੀਂ ਇਹ ਗੱਲ ਵੀ ਨਾ ਈ ਦੱਸਿਆ ਕਰੋ ਕਿ ਗੁਰੂ ਨਾਨਕ ਦੇਵ ਜੀ ਦੇ ਬਾਪੂ ਜੀ ਹਿੰਦੂ ਸਨ।"

ਸਿੱਖ ਨਾਇਕਾਂ ਨੇ ਮੁਗਲ ਸਟੇਟ ਦੀ ਬਣਤਰ ਨੂੰ ਸਮਝਿਆ ਤੇ ਇਸ ਦੇ ਸੰਗਲ ਤੋੜੇ। ਮੁਢਲੇ ਸਿੰਘ ਸਭੀਆਂ ਨੇ ਅੰਗਰੇਜ਼ੀ ਸਟੇਟ ਨੂੰ ਸਮਝਿਆ ਤੇ ਇਸ ਵਿਰੁਧ ਧਰਮੀ ਜੰਗ ਛੇੜਿਆ। ਗੁਰਦੁਆਰਾ ਸੁਧਾਰ ਲਹਿਰ ਦਾ ਪਿਤਾ ਕਰਤਾਰ ਸਿੰਘ ਝੱਬਰ ਅੰਗਰੇਜ਼ਾਂ ਵਿਰੁਧ ਸਿਆਸੀ ਯੁੱਧ ਛੇੜਨ ਦੇ ਖਿਲਾਫ ਸੀ। ਉਹ ਕਿਹਾ ਕਰਦਾ ਸੀ, "ਅੰਗਰੇਜ਼ਾਂ ਦੇ ਜਾਣ ਪਿਛੋਂ ਅਸੀਂ ਹਿੰਦੂ ਸਟੇਟ ਅਧੀਨ ਸੁਖੀ ਨਹੀਂ ਰਹਾਂਗੇ। ਅਸੀਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਹੈ, ਜਦੋਂ ਤੱਕ ਅਸੀਂ ਖਾਲਸਾ ਸਟੇਟ ਹਾਸਲ ਕਰਨ ਵਾਸਤੇ ਆਧਾਰਭੂਮੀ ਤਿਆਰ ਨਹੀਂ ਕਰ ਲੈਂਦੇ ਉਦੋਂ ਤੱਕ ਕਾਂਗਰਸ ਪਾਰਟੀ ਜਾਂ ਮਹਾਤਮਾ ਗਾਂਧੀ ਨਾਲ ਸਾਡਾ ਕੋਈ ਸਰੋਕਾਰ ਨਹੀਂ।" ਉਸ ਦੇ ਇਨ੍ਹਾਂ ਵਿਚਾਰਾਂ ਕਾਰਨ ਲਾਲਾ ਲਾਜਪਤ ਰਾਏ ਦੀ ਨਿਗਰਾਨੀ ਅਧੀਨ ਹਿੰਦੂ ਔਰਤਾਂ ਨੇ ਝੱਬਰ ਦੇ ਦਲ ਉਪਰ ਗੁਰਦੁਆਰਿਆਂ ਅੰਦਰ ਹਿੰਸਕ ਹਮਲੇ ਕੀਤੇ, ਪੱਗਾਂ ਉਤਾਰੀਆਂ, ਦਾਹੜੀਆਂ ਤੋਂ ਫੜ ਕੇ ਧੂਏ। ਬੇਪੱਤ ਹੋਏ ਜ਼ਖਮੀ ਹਿਰਦਿਆਂ ਵਾਲੇ ਸਿੱਖਾਂ ਨੇ ਇਹ ਕਰਤੂਤ ਝੱਬਰ ਨੂੰ ਦੱਸੀ ਤਾਂ ਉਸ ਨੇ ਹੱਸ ਕੇ ਕਿਹਾ, "ਹਿੰਦੂ ਆਪਣੇ ਭਰਾ ਹਨ। ਇਹ ਬੀਬੀਆਂ ਆਪਣੀਆਂ ਭਰਜਾਈਆਂ ਲੱਗੀਆਂ। ਭਾਬੀਆਂ ਨੇ ਦਿਉਰਾਂ ਨਾਲ ਹਾਸਾ ਮਜ਼ਾਕ ਕਰ ਦਿਤਾ। ਫੇਰ ਕੀ ਹੋਇਆ? ਆਪਣੀ ਜ਼ਿੰਮੇਵਾਰੀ ਬਹੁਤ ਵੱਡੀ ਹੈ। ਉਹ ਨਿਭਾਉਣੀ ਪਵੇਗੀ।"

ਅਜਮੇਰ ਸਿੰਘ ਨੇ ਵਰਣ-ਆਸ਼ਰਮ ਨੂੰ ਆਪੇ ਵੈਦਿਕ ਮੱਤ ਦੀ ਆਧਾਰਸ਼ਿਲਾ ਮੰਨ ਕੇ ਉਸ ਉਪਰ ਬਾਣ ਬਰਸਾ ਦਿੱਤੇ ਹਨ। ਬ੍ਰਹਮੋ ਸਮਾਜ, ਆਰੀਆ ਸਮਾਜ, ਵੀਰ ਸਾਵਰਕਰ, ਗਾਂਧੀ ਅਤੇ ਟੈਗੋਰ ਆਦਿਕ ਪ੍ਰਮੁਖ ਹਿੰਦੂ ਜਥੇਬੰਦੀਆਂ ਅਤੇ ਵਿਅਕਤੀ ਵਰਣ-ਆਸ਼ਰਮ ਖਿਲਾਫ ਡਟ ਕੇ ਖਲੋਏ ਹਨ ਤੇ ਇਨ੍ਹਾਂ ਨੇ ਇਸ ਪ੍ਰਥਾ ਨੂੰ ਕੋਹੜ ਕਿਹਾ ਹੈ। ਵਿਰੋਧੀ ਦਾ ਕਮਜ਼ੋਰ ਹਿੱਸਾ ਆਪ ਚੁਣ ਕੇ ਉਸ ਨੂੰ ਫੁੰਡੀ ਜਾਣ ਦਾ ਕੀ ਅਰਥ? ਜਦੋਂ ਤੱਕ ਸਿੱਖ ਖੁਦ ਜਾਤਪਾਤ ਦੀ ਬਿਮਾਰੀ ਤੋਂ ਮੁਕਤ ਨਹੀਂ ਹੁੰਦੇ ਉਦੋਂ ਤਕ ਇਸੇ ਆਧਾਰ ਤੇ ਹਿੰਦੂਆਂ ਨੂੰ ਭੰਡਣਾ ਸਿਹਤਵੰਦ ਪਿਰਤ ਨਹੀਂ। ਜਦੋਂ ਗੁਰਮਤਿ ਦੇ ਸੱਚ ਦੀ ਵਿਆਖਿਆ ਕਰਦੇ ਹਾਂ ਤਾਂ ਸਿੱਖਾਂ ਦਾ ਆਧਾਰ ਗੁਰੂ ਗ੍ਰੰਥ ਹੈ, ਉਵੇਂ ਹਿੰਦੂਆਂ ਦਾ ਆਧਾਰ ਉਪਨਿਸ਼ਦ ਹਨ।

ਰਵਿੰਦਰ ਨਾਥ ਟੈਗੋਰ ਨੇ ਮਹਾਤਮਾ ਗਾਂਧੀ ਨੂੰ ਇਕ ਪੱਤਰ ਵਿਚ ਲਿਖਿਆ, "ਤੁਸੀਂ ਵਡੇ ਸਿਆਸਤਦਾਨ ਹੋ, ਮਹਾਤਮਾ ਜੀ ਇਸ ਕਰਕੇ ਮੈਂ ਤੁਹਾਡੀ ਕਦਰ ਨਹੀਂ ਕਰਦਾ। ਤੁਹਾਡੀ ਕਦਰ

ਇਸ ਕਰਕੇ ਕਰਦਾ ਹਾਂ ਕਿ ਕੇਵਲ ਤੁਸੀਂ ਜਾਣਦੇ ਹੋ ਕਿ ਗੁਲਾਮ ਦਾ ਇਖਲਾਕ ਜਦੋਂ ਤੱਕ ਮਾਲਕ ਤੋਂ ਵਧੀਆ ਨਹੀਂ ਹੁੰਦਾ ਉਦੋਂ ਤੱਕ ਉਹ ਉਸ ਹੇਠੋਂ ਆਜ਼ਾਦ ਨਹੀਂ ਹੋ ਸਕਦਾ। ਤੁਸਾਂ ਆਪਣਾ ਇਖਲਾਕ ਸਵੱਛ ਕਰ ਲਿਆ ਹੈ, ਭਾਰਤੀਆਂ ਦਾ ਇਖਲਾਕ ਸਵੱਛ ਕਰਨ ਵਾਸਤੇ ਯਤਨਸ਼ੀਲ ਹੋ।"

ਸਿੱਖ ਦੁਬਿਧਾ ਵਿਚੋਂ ਨਹੀਂ ਨਿਕਲ ਸਕੇ। ਇਕ ਪਾਸੇ ਉਹ ਦਾਅਵਾ ਕਰਦੇ ਹਨ ਕਿ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਵਾਸਤੇ ਉਨ੍ਹਾਂ ਨੇ 90% ਕੁਰਬਾਨੀਆਂ ਦਿਤੀਆਂ ਹਨ, ਦੂਜੇ ਪਾਸੇ ਫਖਰ ਨਾਲ ਦਸਦੇ ਹਨ ਕਿ ਦੋਵੇਂ ਸੰਸਾਰ ਜੰਗਾਂ ਵਿਚ, ਅੰਗਰੇਜ਼ਾਂ ਦੇ ਪੱਖ ਵਿਚ ਲੜਦਿਆਂ ਉਨ੍ਹਾਂ ਨੇ 90% ਵਿਕਟੋਰੀਆ ਕਰਾਸ ਜਿੱਤੇ। ਇਕ ਪਾਸੇ ਹੁਣ ਹਿੰਦੂ ਸਟੇਟ ਤੋਂ ਆਜ਼ਾਦ ਹੋਣਾ ਲੋਚਦੇ ਹਨ, ਦੂਜੇ ਪਾਸੇ ਸਰਕਾਰ ਪਾਸੋਂ ਮੰਗ ਹੋ ਰਹੀਂ ਹੈ ਕਿ ਫੌਜਾਂ ਵਿਚ ਸਿੱਖਾਂ ਦੀ ਗਿਣਤੀ ਘੱਟ ਹੈ, ਇਹ ਵਧਾਈ ਜਾਣੀ ਚਾਹੀਦੀ ਹੈ। ਇਕ ਪਾਸੇ ਮਹਿਬੂਬ ਸਾਹਿਬ ਹਿੰਦੂ ਸਟੇਟ ਨੂੰ ਪਾਪ ਦੀ ਕੋਠੜੀ ਦਸ ਰਹੇ ਹਨ, ਗੁਰੂਆਂ ਦੇ ਨਾਂਵਾਂ ਦੇ ਪਿਛੇਤਰ 'ਦੇਵ' ਕੱਟ ਕੇ ਸਾਹਿਬ ਲਾਉਂਦੇ ਹਨ ਕਿਉਂਕਿ 'ਦੇਵ' ਹਿੰਦੂ ਸ਼ਬਦ ਹੈ, ਦੂਜੇ ਪਾਸੇ ਇਸੇ ਪਾਪੀ ਸਟੇਟ ਤੋਂ ਸਾਹਿਤ ਅਕਾਦਮੀ ਦਾ ਇਨਾਮ ਲੈਣ ਵਾਸਤੇ 'ਝਨਾਂ ਦੀ ਰਾਤ' ਵਿਚੋਂ ਸੰਤ ਜਰਨੈਲ ਸਿੰਘ ਅਤੇ ਇੰਦਰਾ ਗਾਂਧੀ ਨਾਲ ਸਬੰਧਤ ਕਾਵਿ-ਹਿੱਸੇ ਕੱਟ ਕੇ ਕਿਤਾਬ ਪੇਸ਼ ਕਰ ਰਹੇ ਹਨ, ਇਨਾਮ ਹਾਸਲ ਕਰਕੇ ਬਾਗੋ-ਬਾਗ ਹਨ। ਇਹ ਲੇਖਕ/ਚਿੰਤਕ ਸਿੱਖਾਂ ਦੀ ਕਿਸ ਕਿਸਮ ਦੀ ਬੌਧਿਕ/ਰਾਜਨੀਤਕ ਅਗਵਾਈ ਕਰਨਗੇ?

ਇਸ ਵਕਤ ਖਾਲਸਾ ਪੰਥ ਨੂੰ ਸਵੱਛ ਇਖਲਾਕ ਵਾਲੇ ਹੀਰੋ ਦੀ ਜ਼ਰੂਰਤ ਹੈ। ਸਾਹਿਬਜ਼ਾਦਿਆਂ, ਬਾਬਾ ਬੰਦਾ ਸਿੰਘ ਅਤੇ ਸੰਤ ਜਰਨੈਲ ਸਿੰਘ ਨੇ ਵੱਡ ਆਕਾਰੀ ਗ੍ਰੰਥਾਂ ਦੀ ਰਚਨਾ ਨਹੀਂ ਕੀਤੀ, ਤਦ ਵੀ ਉਹੀ ਸਾਡੇ ਪ੍ਰੇਰਨਾ ਸ੍ਰੋਤ ਰਹਿਣਗੇ।

# ਗੁਰਦੁਆਰੇ, ਗ੍ਰੰਥੀ ਅਤੇ ਪ੍ਰਬੰਧਕ

ਧਰਮ ਤਾਂ ਦੁਨੀਆਂ ਵਿਚ ਹੋਰ ਵੀ ਬਥੇਰੇ ਹਨ ਅਤੇ ਧਰਮ ਸਥਾਨ ਵੀ ਬੇਸ਼ੁਮਾਰ ਹਨ ਪਰ ਜਿੰਨੀਆਂ ਬੇਹੂਦਾ ਤੇ ਘਿਨਾਉਣੀਆਂ ਖ਼ਬਰਾਂ ਸਾਡੀਆਂ ਪੜ੍ਹਨ ਨੂੰ ਮਿਲਦੀਆਂ ਹਨ, ਉਸ ਦਾ ਕੋਈ ਸ਼ੁਮਾਰ ਨਹੀਂ। ਕਿਸੇ ਦਿਨ ਖ਼ਬਰ ਪੜ੍ਹਨ ਨੂੰ ਮਿਲਦੀ ਹੈ ਕਿ ਨਵੇਂ ਪ੍ਰਬੰਧਕਾਂ ਨੇ ਪੁਰਾਣੇ ਪ੍ਰਬੰਧਕ ਲੰਮੇ ਪਾਏ ਹੋਏ ਹਨ। ਅਗਲੇ ਦਿਨ ਖ਼ਬਰ ਆਉਂਦੀ ਹੈ ਕਿ ਫਲਾਣੇ ਗੁਰੂ ਘਰ ਦੇ ਗ੍ਰੰਥੀ ਸਿੰਘ ਨੇ ਗੁਰੂ ਘਰ ਵਿਚ ਬੀਬੀਆਂ ਨਾਲ ਅਸ਼ਲੀਲ ਅਤੇ ਘਿਨਾਉਣੀਆਂ ਹਰਕਤਾਂ ਕੀਤੀਆਂ। ਇਹ ਖ਼ਬਰ ਵੀ ਪ੍ਰਬੰਧਕਾਂ ਦੀ ਖ਼ਬਰ ਵਾਂਗ ਕੋਈ ਨਵੀਂ ਹੈ। ਗੁਰਬਾਣੀ ਦਾ ਫ਼ਰਮਾਨ ਹੈ:

ਸਚਹੁ ਉਰੈ ਸਭ ਕੋ ਉਪਰ ਸਚ ਆਚਾਰ

ਗੁਰਬਾਣੀ ਦੀ ਇਸ ਪੰਕਤੀ ਦਾ ਜੋ ਫ਼ਰਮਾਨ ਹੈ, ਉਹ ਇਹ ਹੈ ਕਿ ਸੱਚ ਬਹੁਤ ਮਹਾਨ ਹੈ। ਇਸ ਦੇ ਬਰਾਬਰ ਕੋਈ ਹੋਰ ਚੀਜ਼ ਨਹੀਂ ਜਿਸ ਦੀ ਸੱਚ ਨਾਲ ਤੁਲਨਾ ਕੀਤੀ ਜਾਵੇ। ਦੁਨੀਆਂ ਦੀ ਹਰ ਚੀਜ਼ ਸੱਚ ਤੋਂ ਉਰਾਂ ਰਹਿ ਜਾਂਦੀ ਹੈ ਪਰ ਗੁਰੂਦੇਵ ਕਹਿੰਦੇ ਹਨ ਕਿ ਇਕ ਚੀਜ਼ ਹੈ ਜੋ ਸੱਚ ਤੋਂ ਵੀ ਉਪਰ ਸਥਾਨ ਰੱਖਦੀ ਹੈ, ਉਹ ਹੈ ਇਨਸਾਨ ਦਾ ਆਚਰਨ, ਇਨਸਾਨ ਦਾ ਚਾਲ-ਚਲਨ ਅਤੇ ਇਨਸਾਨ ਦਾ ਆਪਣੇ ਜੀਵਨ ਨੂੰ ਉਚਾਈਆਂ 'ਤੇ ਰੱਖ ਕੇ ਨਿਰਬਾਹ ਕਰਨਾ। ਫਿਰ ਉਸ ਇਨਸਾਨ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਇਹ ਬਣ ਜਾਂਦੀ ਹੈ ਕਿ ਜੋ ਗੁਰੂ ਦਾ ਵਜ਼ੀਰ ਹੋਵੇ ਭਾਵ ਗ੍ਰੰਥੀ ਹੋਵੇ, ਕੀਰਤਨੀਆ ਭਾਵ ਰਾਗੀ ਹੋਵੇ, ਕਥਾ ਵਾਚਕ ਭਾਵ ਪ੍ਰਚਾਰਕ ਹੋਵੇ ਅਤੇ ਫਿਰ ਜਿਹੜਾ ਗੁਰੂ ਘਰ ਦਾ ਪ੍ਰਬੰਧਕ ਹੋਵੇ, ਉਸ ਨੂੰ ਪਹਿਲਾਂ ਆਪਣੇ ਅੰਦਰ ਝਾਤੀ ਮਾਰ ਕੇ ਹੀ ਇਹ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ। ਭਾਈ ਗੁਰਦਾਸ ਜੀ ਫ਼ਰਮਾਉਂਦੇ ਹਨ:

ਏਕਾ ਨਾਰੀ ਜਤੀ ਹੋਇ
ਪਰ ਨਾਰੀ ਧੀ ਭੈਣ ਵਖਾਣੈ।
ਦੇਖ ਪਰਾਈਆਂ ਚੰਗੀਆਂ
ਮਾਵਾਂ ਭੈਣਾਂ ਧੀਆਂ ਜਾਣੈ।

ਜਿਥੇ ਪਹਿਲਾਂ ਆਨੰਦ ਕਾਰਜਾਂ ਸਮੇਂ ਵਿਆਹ ਵਾਲੇ ਲੜਕੇ ਤੇ ਲੜਕੀ ਨੂੰ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਸਿਖਿਆ ਦਿੱਤੀ ਜਾਂਦੀ ਸੀ ਕਿ ਤੁਸੀਂ ਦੋਹਾਂ ਪਤੀ ਪਤਨੀ ਨੇ ਆਪਣੇ ਆਚਰਨ ਨੂੰ ਕਿਵੇਂ ਸ਼ੁੱਧ ਅਤੇ ਸਾਫ਼ ਸੁਥਰਾ ਰੱਖਣਾ ਹੈ, ਇਹ ਕੰਮ ਵੀ ਤਕਰੀਬਨ ਬੰਦ ਹੋ ਚੁੱਕਾ ਹੈ। ਪਹਿਲਾਂ ਗੁਰੂ ਘਰਾਂ ਵਿਚ ਗ੍ਰੰਥੀ ਅਤੇ ਕੀਰਤਨੀਏ ਰੱਖਣ ਲਈ ਉਨ੍ਹਾਂ ਦੀ ਯੋਗਤਾ ਅਤੇ ਉਨ੍ਹਾਂ ਦੀ ਉਮਰ ਵੀ ਦੇਖੀ ਜਾਂਦੀ ਸੀ, ਉਨ੍ਹਾਂ ਦੇ ਪਿਛੋਕੜ ਬਾਰੇ ਵੀ ਘੋਖਿਆ ਜਾਂਦਾ ਸੀ, ਪਰ ਅੱਜ ਦੇ ਡਿਗਰੀ ਹੋਲਡਰ ਗ੍ਰੰਥੀ ਅਤੇ ਪ੍ਰਚਾਰਕ, ਵੱਡੀਆਂ ਡਿਗਰੀਆਂ ਤਾਂ ਪ੍ਰਬੰਧਕਾਂ ਦੇ ਸਾਹਮਣੇ ਰੱਖ ਸਕਦੇ ਹਨ ਪਰ ਉਚੀ ਸੁੱਚੀ ਰਹਿਣੀ ਬਹਿਣੀ ਦਾ ਸਰਟੀਫਿਕੇਟ ਕੌਣ ਦੇਵੇਗਾ? ਸੋ ਗੁਰੂ ਘਰਾਂ ਦੇ ਨਵੇਂ ਜ਼ਮਾਨੇ ਦੇ ਸੇਵਾਦਾਰਾਂ ਨੇ ਇਹ ਗੱਲ ਵੀ ਤੋਰ ਲਈ ਹੈ ਕਿ ਆਨੰਦ ਕਾਰਜਾਂ ਦੇ ਸਮੇਂ ਲੜਕੇ ਤੇ ਲੜਕੀ ਨੂੰ ਗੁਰਬਾਣੀ ਸਿਖਿਆ ਦੀ ਜ਼ਰੂਰਤ ਹੀ ਨਹੀਂ ਹੈ। ਅੱਜ ਦੇ ਬੱਚੇ ਪੜ੍ਹੇ ਲਿਖੇ ਹਨ। ਇਨ੍ਹਾਂ ਦੀਆਂ ਗੱਲਾਂ ਹੀ ਰੋਜ਼ ਖ਼ਬਰਾਂ ਬਣ ਰਹੀਆਂ ਹਨ। ਬਹੁਤ ਵਾਰੀ ਇਹ ਖ਼ਬਰਾਂ ਵੀ ਆਉਂਦੀਆਂ ਹਨ ਕਿ ਫਲਾਣੇ ਗੁਰੂ ਘਰ ਵਿਚ ਕੀਰਤਨੀ ਜਥੇ ਨੇ ਕੀਰਤਨ ਸਿਖਣ ਆਈਆਂ ਬੱਚੀਆਂ ਨਾਲ ਅਸ਼ਲੀਲ ਹਰਕਤਾਂ ਕੀਤੀਆਂ। ਕੁਝ ਲੋਕਾਂ ਨੇ ਇਨ੍ਹਾਂ ਰਾਗੀਆਂ ਨੂੰ ਵੀ ਰਾਤੋ-ਰਾਤ ਦੌੜ ਜਾਣ ਲਈ ਪ੍ਰੇਰਨਾ ਦਿੱਤੀ ਅਤੇ ਉਹ ਸਤਿਕਾਰ ਸਹਿਤ ਆਪਣਾ ਕੰਮ ਕਰਕੇ ਦੌੜ ਗਏ। ਕਿਸੇ ਹੋਰ ਦਿਨ ਫਿਰ ਇਹੀ ਖ਼ਬਰ ਆਉਂਦੀ ਹੈ। ਕਿਥੇ ਹਨ ਪ੍ਰਬੰਧਕ ਅਤੇ ਸੰਗਤਾਂ ਜੋ ਇਨ੍ਹਾਂ ਗੱਲਾਂ ਨੂੰ ਇੰਨੇ ਆਰਾਮ ਨਾਲ ਬਰਦਾਸ਼ਤ ਕਰ ਰਹੀਆਂ ਹਨ? ਇਖਲਾਕ ਤੋਂ ਡਿੱਗੇ ਹੋਏ ਅਤੇ ਚਰਿੱਤਰਹੀਣ ਬੰਦੇ ਕਿਵੇਂ ਦੌੜ ਰਹੇ ਹਨ ਤੇ ਕਿਥੇ ਜਾ ਰਹੇ ਹਨ? ਸਦਕੇ ਜਾਈਏ ਭਾਈਆਂ, ਰਾਗੀਆਂ ਅਤੇ ਪ੍ਰਬੰਧਕਾਂ ਦੇ! ਕੀ ਇਹ ਤਿਕੜੀ ਮਿਲ ਕੇ ਲੋਕਾਂ ਨੂੰ ਮੂਰਖ ਨਹੀਂ ਬਣਾ ਰਹੀ? ਥੋੜ੍ਹਾ ਸਮਾਂ ਪਹਿਲਾਂ ਕਿਸੇ ਨੇ ਗੱਲ ਸੁਣਾਈ ਸੀ ਕਿ ਇਕ ਗ੍ਰੰਥੀ ਨੇ ਇਹੋ ਜਿਹੀ ਕਰਤੂਤ ਕੀਤੀ ਸੀ। ਕਿਸੇ ਨੇ ਫੜ ਕੇ ਦੋ-ਚਾਰ ਜੜ ਦਿੱਤੀਆਂ। ਨਾਲੇ ਚਾਰ ਬੰਦੇ ਬੁਲਾ ਲਏ ਪਰ ਗ੍ਰੰਥੀ ਅੱਗਿਓਂ ਬੋਲਿਆ-ਜੀ ਅਸੀਂ ਵੀ ਤਾਂ ਇਨਸਾਨ ਹੀ ਹਾਂ। ਗ਼ਲਤੀ ਤਾਂ ਹੋ ਹੀ ਜਾਂਦੀ ਹੈ।...ਵਾਰੇ ਜਾਈਏ! ਕਿਆ ਸੁਚੱਜਾ ਜਵਾਬ ਸੀ।

ਵਾਰੀ ਆਉਂਦੀ ਹੈ ਪ੍ਰਬੰਧਕੀ ਢਾਂਚੇ ਦੀ। ਪ੍ਰਬੰਧਕਾਂ ਨੂੰ ਵਿਹਲ ਹੀ ਨਹੀਂ ਹੈ ਕਿ ਉਹ ਇਨ੍ਹਾਂ ਗੱਲਾਂ ਦਾ ਖਿਆਲ ਰੱਖਣ। ਉਹ ਵਿਚਾਰੇ ਗੋਲਕਾਂ ਤੇ ਚੌਧਰਾਂ ਸੰਭਾਲਣ ਜਾਂ ਆਪਣੇ ਪ੍ਰਾਈਵੇਟ ਬਿਜਨਸ ਸੰਭਾਲਣ ਲੱਗੇ ਹੋਏ ਹਨ! ਗੱਲ ਤਾਂ ਸਾਰੀ ਮਾਇਆ ਦੀ ਹੈ। ਜੇ ਸੰਗਤਾਂ ਗੋਲਕਾਂ ਭਰਨੀਆਂ ਬੰਦ ਕਰ ਦੇਣ ਤਾਂ ਸਾਰੇ ਹੀ ਪ੍ਰਬੰਧਕ ਅਤੇ ਸੁਪਰੀਮੋ ਆਪੋ ਆਪਣੇ ਘਰਾਂ ਵਿਚ ਵੜ ਕੇ ਬੈਠ ਜਾਣੇ ਹਨ। ਪਤਾ ਹੀ ਨਹੀਂ ਲਗਦਾ ਕਿ ਇਸ ਤਿੱਕੜੀ ਵਿਚੋਂ ਸਭ ਤੋਂ ਵੱਧ ਗੁਨਾਹਗਾਰ ਕੌਣ ਹੈ? ਇਹ ਤਿੱਕੜੀ ਖ਼ਬਰਾਂ ਵਿਚ ਬਰਾਬਰ ਰਹਿੰਦੀ ਹੈ। ਗੁਰੂ ਤੋਂ ਕੌਣ ਡਰਦਾ ਹੈ? ਧਰਮ ਨੂੰ ਕੌਣ ਮੰਨਦਾ ਹੈ? ਜੇ ਅਸੀਂ ਗੁਰੂ ਤੋਂ ਡਰਨ ਵਾਲੇ ਹੁੰਦੇ ਤਾਂ ਅੱਜ ਸਿੱਖ ਕੌਮ ਸਾਰੇ ਹੀ ਸੰਸਾਰ ਦੀ ਅਗਵਾਈ ਕਰ ਰਹੀ ਹੁੰਦੀ!

ਕਬੀਰ ਸਾਚਾ ਸਤਿਗੁਰ ਕਿਆ
ਕਰੈ ਜਉ ਸਿਖਾ ਮਹਿ ਚੂਕ।
ਅੰਧੇ ਏਕ ਨ ਲਾਗ ਈ
ਬਾਂਸ ਬਜਾਈ ਅਹਿ ਫੂਕ।

ਸੰਗਤਾਂ ਹੁਣ ਆਪ ਜਾਗਣ ਅਤੇ ਉਠ ਕੇ ਇਸ ਤਿਕੜੀ ਦਾ ਸੋਧਾ ਕਰਨ। ਨਹੀਂ ਤਾਂ ਇਹ ਲੋਕ ਕੌਮ ਨੂੰ ਲੈ ਡੁੱਬਣਗੇ।

***-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ***




**-ਮਕਸੂਦ ਸਾਕਿਬ**

ਵੋਟਾਂ ਪੈਣ ਵਾਲੀਆਂ ਸਨ। ਪ੍ਰੈਸ ਵਿਚ ਪੋਸਟਰਾਂ ਤੇ ਇਸ਼ਤਿਹਾਰਾਂ ਦੀ ਛਪਾਈ ਜ਼ੋਰਾਂ 'ਤੇ ਸੀ। ਸਵੇਰੇ ਅੱਠ ਵਜੇ ਤੋਂ ਈ ਪ੍ਰੈਸ ਚਾਲੂ ਹੋ ਜਾਂਦਾ ਤੇ ਫੇਰ ਰਾਤ ਦਾ ਇਕ ਡੇਢ ਆਰਾਮ ਨਾਲ ਵੱਜ ਜਾਂਦਾ। ਮਾਲਕਾਂ ਨੇ ਬਾਹਰਲੇ ਗੇਟ ਦੀਆਂ ਕੁੰਜੀਆਂ ਮੈਨੂੰ ਈ ਸੌਂਪੀਆਂ ਹੋਈਆਂ ਸਨ। ਮੈਂ ਸਵੇਰੇ ਪ੍ਰੈਸ ਅੱਪੜ ਕੇ ਜਿੰਦਰੇ ਖੋਲ੍ਹਦਾ, ਫੇਰ ਰਾਤੀਂ ਯਾਰਾਂ-ਬਾਰਾਂ ਵਜੇ ਤੀਕਰ ਮੇਰੀ ਲੱਤ ਸਾਇਕਲੋਂ ਥੱਲੇ ਨਾ ਲਗਦੀ। ਪ੍ਰੈਸ ਵਿਚ ਰੂਲੇ ਸਾਫ ਕਰਨ ਵਾਲੀਆਂ ਟਾਕੀਆਂ, ਸਿਆਹੀਆਂ, ਪਿੰਨਾਂ, ਪਲੇਟਾਂ, ਨੈਗੇਟਿਵ ਪੋਜ਼ਿਟਿਵ, ਡਾਈਆਂ, ਸੇਬੇ, ਰੱਸੀਆਂ ਤੇ ਹੋਰ ਖਬਰੇ ਕੀ-ਕੀ ਮੈਨੂੰ ਸਾਰਾ ਦਿਨ ਬਾਜ਼ਾਰੋਂ ਢੋਣਾ ਪੈਂਦਾ। ਰਾਤ ਨੂੰ ਛਪਿਆ ਮਾਲ ਗਾਹਕਾਂ ਦੇ ਅੱਡਿਆਂ, ਡੇਰਿਆਂ ਉਤੇ ਅਪੜਾਂਦਿਆਂ ਤੇ ਉਗਰਾਹੀਆਂ ਕਰਦਿਆਂ ਮੇਰੇ ਵਾਲਾ ਹਸ਼ਰ ਨਸ਼ਰ ਹੋ ਜਾਂਦਾ। ਪ੍ਰੈਸ ਵਿਚ ਕੰਮ ਬੰਦ ਹੁੰਦਾ ਤੇ ਅੰਦਰਲੇ ਬੂਹੇ-ਬਾਰੀਆਂ ਢੋਅ ਕੇ ਬਾਹਰਲੇ ਗੇਟ ਨੂੰ ਵੱਟੀ-ਵੱਟੀ ਦੇ ਜਿੰਦਰੇ ਮਾਰਦਿਆਂ ਮੈਨੂੰ ਰੋਜ਼ ਈ ਰਾਤ ਦੇ ਦੋ-ਸਵਾ ਦੋ ਵੱਜ ਜਾਂਦੇ।

ਅੱਧੀ ਰਾਤ ਤੋਂ ਪਿੱਛੋਂ ਆਪਣੇ ਮੁਹੱਲੇ ਜਾਣ ਵਾਲੀ ਵੈਗਨ ਲੱਭ ਪੈਣ ਦਾ ਸਵਾਲ ਈ ਨਹੀਂ ਸੀ। ਇਹ ਹੈ ਸੀ ਪਈ ਬੇਰੀ ਵਾਲੇ ਅੱਡੇ ਤੀਕਰ ਵੈਗਨ ਸਾਰੀ ਰਾਤ ਚਲਦੀ ਰਹਿੰਦੀ ਸੀ। ਉਹ ਵੀ ਏਸ ਲਈ ਕਿ ਏਸ ਵੈਗਨ ਦਾ ਅਖੀਰੀ ਸਟਾਪ ਫਿਲਮ ਸਟੂਡੀਓ ਸਨ। ਬੇਰੀ ਵਾਲੇ ਅੱਡਿਓਂ ਸਾਡੇ ਮੁਹੱਲੇ ਤੇ ਅੱਗੇ ਦਰਿਆ ਤੀਕਰ ਜਾਣ ਵਾਲਾ ਟਾਂਗਾ ਚਲਦਾ ਸੀ। ਅੱਡੇ ਵਿਚ ਰਾਤੀਂ ਯਾਰਾਂ ਵਜੇ ਤੀਕਰ ਤੇ ਟਾਂਗਿਆਂ ਦਾ ਕਰਕੁੱਟ ਪਿਆ ਰਹਿੰਦਾ ਪਰ ਆਖਰੀ ਸ਼ੋਅ ਤੋਂ ਮਗਰੋਂ ਟਾਂਗੇ ਵਿਰਲੇ ਈ ਰਹਿ ਜਾਂਦੇ। ਫੇਰ ਵੀ ਐਨਾ ਜ਼ਰੂਰ ਸੀ ਪਈ ਧੰਮੀ ਤੀਕਰ ਕੋਈ ਨਾ ਕੋਈ ਟਾਂਗਾ ਅੱਡੇ ਵਿਚ ਲੱਭ ਈ ਜਾਂਦਾ। ਬੇਰੀ ਵਾਲੇ ਅੱਡੇ ਤੇ ਉਥੋਂ ਖਟੀਕ ਮੁਹੱਲੇ ਆਪਣੇ ਘਰ ਅੱਪੜਨ ਤੀਕਰ ਮੈਨੂੰ ਬਾਂਗਾਂ ਮਿਲਣ ਵਾਲੀਆਂ ਹੋ ਜਾਂਦੀਆਂ।

ਏਸ ਨਵੇਂ ਟਾਈਮ ਟੇਬਲ ਮੂਜਬ ਚਲਦਿਆਂ ਮੈਨੂੰ ਅਜੇ ਮਸਾਂ ਕੁਝ ਈ ਦਿਨ ਹੋਏ ਸਨ ਕਿ ਇਕ ਰਾਤੀਂ ਮੈਂ ਵੈਗਨ ਤੋਂ ਲੱਥ ਕੇ ਅੱਡੇ ਵਿਚ ਅਪੜਿਆ ਤੇ ਅੱਗੇ ਟਾਂਗਾ ਤਿਆਰ ਖਲੋਤਾ ਸੀ। ਪਿਛਲੇ ਪਾਸੇ ਸਵਾਰੀਆਂ ਪੂਰੀਆਂ ਹੋ ਗਈਆਂ ਸਨ। ਅਗਲੇ ਪਾਸੇ ਇਕ ਸਵਾਰੀ ਘੱਟ ਸੀ ਪਰ ਸਾਰੀ ਸੀਟ ਦੋ ਮੋਟੇ-ਮੋਟੇ ਬੰਦਿਆਂ ਨੇ ਮੱਲੀ ਹੋਈ ਸੀ। ਦੋਵੇਂ ਈ ਫਸ ਕੇ ਬੈਠੇ ਹੋਏ ਸਨ। ਇਨ੍ਹਾਂ ਵਿਚੋਂ ਇਕ ਤੇ ਮੈਨੂੰ ਕੋਈ ਬਜਾਜੀ ਵਾਲਾ ਜਾਂ ਮੁਨਿਆਰ ਲਗਦਾ ਸੀ ਤੇ ਦੂਜਾ ਕੋਈ ਮਿਸਤਰੀ ਜਾਂ ਵੈਲਡਿੰਗ ਕਰਨ ਵਾਲਾ। ਮੈਂ ਪਾਏਦਾਨ ਉਤੇ ਪੈਰ ਧਰ ਕੇ ਦਿਲ ਵਿਚ ਹਿਸਾਬ ਲਾਇਆ ਕਿ ਜੇ ਇਹ ਬੰਦੇ ਆਪੋ-ਆਪਣੀ ਚੌੜਿਤਣ ਥੋੜ੍ਹੀ ਕੁੰਜ ਲੈਣ ਤਾਂ ਮੇਰੇ ਜਿਹੇ ਛੀਂਟਕੇ ਵਜੂਦ ਦੇ ਬੰਦੇ ਲਈ ਮਾੜੀ-ਮੋਟੀ ਗੁੰਜਾਇਸ਼ ਨਿਕਲ ਸਕਦੀ ਸੀ। ਪਰ ਇਨ੍ਹਾਂ ਨੂੰ ਚੌੜਿਤਣ ਕੁੰਜਣ ਦਾ ਮੈਂ ਨਹੀਂ ਸਾਂ ਆਖ ਸਕਦਾ। ਇਹ ਕੰਮ ਕੋਚਵਾਨ ਈ ਕਰ ਸਕਦਾ ਸੀ ਪਰ ਕੋਚਵਾਨ ਤੇ ਉਥੇ ਨੇੜੇ-ਤੇੜੇ ਕਿਧਰੇ ਵਿਖਾਈ ਨਹੀਂ ਸੀ ਪਿਆ ਦੇਂਦਾ। ਘੋੜੇ ਦੇ ਮੂੰਹ ਨੂੰ ਦਾਣੇ ਵਾਲਾ ਤੋਬੜਾ ਚਾੜ੍ਹ ਕੇ ਉਹ ਪਤਾ ਨਹੀਂ ਕਿਥੇ ਗਾਇਬ ਹੋਇਆ ਪਿਆ ਸੀ। ਮੈਂ ਉਂਜ ਈ ਪਹੀਏ ਦੇ ਨਾਲ ਇਕ ਪੈਰ ਹੇਠਾਂ ਜ਼ਮੀਨ ਉਤੇ ਅਤੇ ਦੂਜਾ ਪਾਏਦਾਨ ਉਤੇ ਟਿਕਾਈ ਖਲੋਤਿਆਂ ਉਨ੍ਹਾਂ ਬੰਦਿਆਂ ਦੇ ਮੂੰਹਾਂ ਵਲ ਝਾਤੀ ਮਾਰੀ। ਉਨ੍ਹਾਂ ਮੇਰੇ ਵਲ ਮਾੜਾ ਜਿਹਾ ਧਿਆਨ ਕਰਨ ਦੀ ਵੀ ਖੇਚਲ ਨਾ ਕੀਤੀ। ਮੈਨੂੰ ਜਾਪਿਆ ਜਿਵੇਂ ਮਿਸਤਰੀ ਦੀ ਝੋਲੀ ਵਿਚੋਂ ਮੈਨੂੰ ਕੋਈ ਦੋ ਅੱਖਾਂ ਝਾਕਦੀਆਂ ਪਈਆਂ ਸਨ। ਮੈਂ ਧਿਆਨ ਮਾਰਿਆ ਤੇ ਇਕ ਸੱਤਾਂ-ਅੱਠਾਂ ਵਰ੍ਹਿਆਂ ਦਾ ਜਾਤਕ ਹੋਣਾ ਏ, ਕਾਲੇ ਗੁਲਾਬ ਦੀ ਰੰਗਤ ਵਾਲਾ ਜਿਹੜਾ ਕੌਲ ਫੁੱਲਾਂ ਵਰਗੀਆਂ ਅੱਖਾਂ ਨਾਲ ਮੇਰੇ ਵਲ ਝਾਕਦਾ ਪਿਆ ਸੀ। "ਕੰਗਾਰੂ ਬੱਚਾ!" ਮੈਂ ਦਿਲ ਈ ਦਿਲ ਵਿਚ ਆਖਿਆ। ਫੇਰ ਪਤਾ ਨਹੀਂ ਮੈਨੂੰ ਕੀ ਹੋਇਆ, ਮੈਂ ਉਂਜ ਈ ਆਪਣੀ ਥਾਂਵੇਂ ਖਲੋਤਿਆਂ ਇਕ ਹੱਥ ਲੰਮਾ ਕਰਕੇ "ਕੰਗਾਰੂ ਬੱਚੇ" ਦੇ ਮੁਖੜੇ ਨੂੰ ਪਲੋਸਦਿਆਂ ਮੂੰਹੋਂ ਕਿਸੇ ਪੰਖੀ-ਪਸੂ ਨਾਲ ਰਲਦੀ-ਮਿਲਦੀ ਕੋਈ ਆਵਾਜ਼ ਕੱਢੀ। "ਕੰਗਾਰੂ ਬੱਚੇ" ਦੇ ਹੋਠਾਂ ਉਤੇ ਪਹਿਲਾਂ 'ਤੇ ਮੁਸਕਾਂਦ ਦੀ ਇਕ ਮਹੀਨ ਜਿਹੀ ਪਰਤ ਜਾਗੀ ਤੇ ਫੇਰ ਉਹ ਇਕ ਕਿਲਕਾਰੀ ਦਾ ਰੂਪ ਵਟਾ ਗਈ। ਮਿਸਤਰੀ ਨੇ ਆਪਣੇ ਜਾਤਕ ਨੂੰ ਹੱਸਦਿਆਂ ਵੇਖਿਆ। ਉਹਨੂੰ ਕੁਝ ਸਮਝ ਨਾ ਆਈ, ਫੇਰ ਜਦੋਂ ਉਹਨੇ ਮੇਰੇ ਮੂੰਹ ਉਤੇ ਵੀ ਆਪਣੇ ਜਾਤਕ ਦੇ ਮੁਖੜੇ ਵਰਗਾ ਰੰਗ ਖਿੜਿਆ ਵੇਖਿਆ ਤਾਂ ਉਹ ਵੀ ਗੁੜ੍ਹਕ ਪਿਆ।

"ਅੱਛਾ ਤੇ ਤੂੰ ਕਰ ਲਈ ਏ ਜਾਣ-ਪਛਾਣ ਬਾਵੇ ਹੋਰਾਂ ਨਾਲ ਵੀ। ਕਮਾਲ ਏ ਬਈ, ਤੂੰ ਪਤਾ ਈ ਨਹੀਂ ਲੱਗਣ ਦੇਂਦਾ ਕਿਸੇ ਨੂੰ।" ਮਿਸਤਰੀ ਆਪਣੇ ਜਾਤਕ ਨੂੰ ਆਖਦਾ ਪਿਆ ਸੀ।

ਮੇਰੀ ਦਾੜ੍ਹੀ ਤੇ ਪੁੜਪੜੀਆਂ ਦੇ ਚਿੱਟੇ ਵਾਲ ਵੇਖ ਕੇ ਉਹਨੇ ਮੈਨੂੰ "ਬਾਵੇ" ਦਾ ਲਕਬ ਦੇ ਦਿੱਤਾ ਸੀ। ਮੈਂ ਇਕ ਵਾਰੀ ਫੇਰ ਮੂੰਹ ਅੱਗੇ ਕਰਕੇ ਪਸੂਆਂ ਜਿਹੀ ਵਾਜ ਸੰਘੋਂ ਕੱਢੀ। ਜਾਤਕ ਹੁਣ ਪਹਿਲਾਂ ਤੋਂ ਵੀ ਉਚੀ-ਉਚੀ ਹੱਸਣ ਲੱਗ ਪਿਆ।

"ਪੁੱਤਰ ਲਾਟੂ ਇੰਜ ਤੇ ਨਹੀਂ ਨਾ, ਤੂੰ ਉਤੇ ਬੈਠਾ ਏਂ ਮੇਰੀ ਝੋਲੀ ਵਿਚ ਨਿੱਘਾ ਹੋ ਕੇ ਤੇ ਬਾਵੇ ਹੋਰੀਂ ਥੱਲੇ ਖਲੋਤੇ ਨੇ ਪਾਲੇ ਵਿਚ, ਆਖ ਬਾਵਾ ਜੀ ਉਤੇ ਆ ਜਾਓ ਤੇ ਮੇਰੇ ਕੋਲ ਬਹਿ ਜਾਓ।" ਮਿਸਤਰੀ ਨੇ ਮੇਰਾ ਖਿਆਲ ਕੀਤਾ।

"ਕੋਈ ਗੱਲ ਨਹੀਂ, ਮੈਂ ਆਪਣੀ ਮਰਜ਼ੀ ਨਾਲ ਖਲੋਤਾਂ। ਕੋਚਵਾਨ ਆ ਜਾਂਦਾ ਏ ਤੇ ਬਹਿ ਜਾਨਾਂ।" ਮੈਂ ਗੱਲ ਵਲਾਈ।

"ਅਹਿਮਾ ਤੂੜੀ ਦਾਣਾ ਲੈਣ ਗਿਆ ਹੋਇਆ ਏ ਕਿਹੜੇ ਵੇਲੇ ਦਾ। ਪੱਕੀ ਗੱਲ ਏ ਗਿੱਦੜ ਮਾਰਨ ਬਹਿ ਗਿਆ ਹੋਣਾ ਏ। ਤੁਸੀਂ ਆ ਜਾਓ। ਉਹਨੇ ਝੱਟ ਲਾ ਕੇ ਈ ਆਉਣਾ ਏ। ਐਵੇਂ ਕਾਹਨੂੰ ਖਲੋਂਦੇ ਓ ਤਰੇਲ ਵਿਚ ਹੇਠਾਂ।" ਫੇਰ ਉਹਨੇ ਆਪਣੇ ਨਾਲ ਬੈਠੇ ਨੂੰ ਆਖਿਆ, "ਤੁਸੀਂ ਥੋੜ੍ਹਾ ਜਿਹਾ ਪਾਸਾ ਨਹੀਂ ਵਟਦੇ, ਬਾਵੇ ਹੋਰਾਂ ਲਈ?"

ਮੈਂ ਉਨ੍ਹਾਂ ਦੋਵਾਂ ਵਿਚਾਲੇ ਬਣੀ ਮਾੜੀ ਜਿਹੀ ਵਿੱਥ ਵਿਚ ਫਾਲ ਵਾਂਗੂੰ ਠੁਕ ਕੇ ਬਹਿ ਗਿਆ। "ਕੰਗਾਰੂ ਬੱਚੇ" ਨੇ ਕੌਲ ਫੁੱਲ ਅੱਖਾਂ ਝਪਕਦਿਆਂ ਮੈਨੂੰ ਤੱਕਿਆ। ਮੈਂ ਉਹਦਾ ਸ਼ੁਕਰਾਨਾ ਤਾਰਨ ਲਈ ਉਹਦੇ ਮੁਖੜੇ ਨੂੰ ਫੇਰ ਪਲੋਸ ਲਿਆ।

"ਚੱਲ ਆ ਜਾ ਓਏ ਅਹਿਮਿਆ ਭੈੜਿਆ, ਤੇਰਾ ਗਿੱਦੜ ਨਹੀਂ ਮਰਿਆ ਅਜੇ ਤੀਕਰ। ਏਥੇ ਫੇਰਾ ਤਿਆਰ ਹੋਇਆ ਪਿਆ ਈ।" ਮਿਸਤਰੀ ਤੋਂ ਜਿਵੇਂ ਆਪੋਂ ਵੀ ਹੁਣ ਹੋਰ ਚਿਰ ਜਰਨਾ ਔਖਾ ਹੋ ਗਿਆ ਸੀ।

ਪਿਛਲੀ ਸੀਟ ਤੋਂ ਕਿਸੇ ਬੀਂਡੇ ਵਰਗੀ 'ਵਾਜ ਵਾਲੇ ਬੰਦੇ ਨੇ ਮਿਸਤਰੀ ਦੀ ਗੱਲ ਫੜ ਲਈ। "ਗਿੱਦੜ ਮਾਰਨ ਗਿਆ ਏ। ਏਥੇ ਸ਼ਹਿਰ ਵਿਚ ਗਿੱਦੜ ਵੀ ਹੈਣ?"

"ਹੋ ਸਕਦਾ ਏ ਇਨ੍ਹਾਂ ਬਿਲਡਿੰਗਾਂ ਤੋਂ ਪਰ੍ਹਾਂ ਝਾੜੀਆਂ ਤੇ ਗਿੱਦੜ ਦੋਵੇਂ ਈ ਹੋਣ।" ਕੋਲੋਂ ਦੂਜੇ ਬੰਦੇ ਨੇ ਆਪਣੇ ਵਲੋਂ ਚਾਨਣ ਪਾਉਣਾ ਚਾਹਿਆ ਸੀ।

ਮਿਸਤਰੀ ਨੇ ਮੈਨੂੰ ਹੌਲੀ ਜਿਹੀ ਅਰਕ ਮਾਰੀ, "ਲਉ ਹੁਣੇ ਪਤਾ ਲੱਗ ਜਾਂਦਾ ਏ ਕਿੰਨੀਆਂ ਕੁ ਪੜ੍ਹੇ ਹੋਏ ਓ ਤੁਸੀਂ ਵੀ?"

"ਨਾ ਪਰ ਇਹਨੂੰ ਕੋਚਵਾਨ ਨੂੰ ਕੀ ਲੋੜ ਪੈ ਗਈ ਗਿੱਦੜ ਦੀ, ਜਿਹੜਾ ਸਾਨੂੰ ਏਥੇ ਟੰਗ ਕੇ ਉਹਨੂੰ ਮਾਰਨ ਚੜ੍ਹਿਆ ਪਿਆ ਏ?" ਬੀਂਡੇ ਦੀ ਵਾਜ ਵਾਲੇ ਦਾ ਖਿਆਲ ਘੋੜਾ ਜਿਵੇਂ ਪਹਿਲੇ ਈ ਪੈਰ ਉਤੇ ਅੱਗੇ ਟੁਰਨ ਤੋਂ ਇਨਕਾਰੀ ਸੀ। "ਹੋ ਸਕਦਾ ਏ ਕੋਈ ਦਵਾਈ ਬਣਾਉਣੀ ਹੋਵੇ ਸੂ। ਕਿਸੇ ਨੁਸਖਾ ਦੱਸਿਆ ਹੋਵੇ।" ਉਹੋ ਪਹਿਲਾਂ ਵਾਲੀ ਹੁੰਗੂਰਾ ਭਰਦੀ ਆਵਾਜ਼ ਫੇਰ ਸਾਡੇ ਕੰਨੀਂ ਪਈ।

"ਪਰ ਇਹ ਇਲਾਕਾ ਮੈਂ ਚੋਖਾ ਨਹੀਂ ਤੇ ਥੋੜ੍ਹਾ ਬਹੁਤਾ ਤਾਂ ਫਿਰਿਆ ਈ ਹੋਇਆ ਏ। ਝਾੜੀਆਂ ਤੇ ਗਿੱਦੜਾਂ ਦੀ ਗੱਲ ਤੇ ਕਦੇ ਨਹੀਂ ਕੀਤੀ ਕਿਸੇ ਮੇਰੇ ਨਾਲ। ਇਥੇ ਤੇ ਇਹੋ ਬਿਲਡਿੰਗਾਂ ਤੇ ਕੋਠੀਆਂ ਈ ਨੇ।"

"ਚਲੋ ਉਹ ਆ ਗਿਆ ਏ ਅਹਿਮਾ ਵੀ। ਤੁਸੀਂ ਕਾਹਨੂੰ ਦਿਮਾਗ ਥਕਾਂਦੇ ਓ ਅਜਾਈਂ। ਉਹਨੂੰ ਈ ਪੁੱਛ ਲੈਨੇ ਆਂ, ਕਿਥੇ ਗਿੱਦੜ ਮਾਰਨ ਗਿਆ ਹੋਇਆ ਸੀ ਉਹ?" ਮਿਸਤਰੀ ਨੇ ਇਕ ਵਾਰੀ ਫੇਰ ਮੈਨੂੰ ਪੋਲੀ ਜਿਹੀ ਅਰਕ ਮਾਰੀ ਤੇ ਉਚੀ ਸਾਰੀ ਆਖਿਆ।

ਅਹਿਮਾ ਕੋਚਵਾਨ ਚਾਦਰ ਜਿਹੀ ਦੀ ਬੁੱਕਲ ਮਾਰੀ, ਮੋਢੇ ਉਤੇ ਤੂੜੀ ਦਾਣੇ ਦਾ ਤੋੜਾ ਪਾਈ ਹਨ੍ਹੇਰੇ ਫੁੱਟਪਾਥ ਉਤੇ ਤੁਰਿਆ ਆਉਂਦਾ ਸੀ।

"ਚਲ ਭਾਈ ਟੁਰ ਪਉ ਹੁਣ ਬਥੇਰੀ ਹੋ ਗਈ ਏ ਸਾਡੇ ਨਾਲ। ਹੋਰ ਕਿੰਨੀ ਕੁ ਦੇਰ ਕਰਨੀ ਊ। ਹੁਣ ਨੂੰ ਤੇ ਅਸੀਂ ਪੈਦਲ ਵੀ ਘਰ ਅੱਪੜ ਜਾਣਾ ਸੀ।" ਮੇਰੇ ਖੱਬੇ ਪਾਸਿਓਂ ਬਜਾਜੀਆ ਜਾਂ ਮੁਨਿਆਰ ਬੋਲਿਆ।

"ਬਸ ਜੀ, ਚਲ ਪਏ ਹੁਣ। ਇਹ ਜ਼ਰਾ ਪੈਰ ਅੱਗੇ ਕਰਿਆ ਜੇ, ਹੌਦੇ ਵਿਚ ਦਾਣਾ ਰੱਖ ਲਈਏ ਤੇ ਬਸ ਫੇਰ ਚੱਲੀਏ। ਓ ਯਾਰ ਕੌਡੂ, ਮਲਿਕ ਮੈਨੂੰ ਛੇਤੀ ਈ ਨਹੀਂ ਸੀ ਕਰਦਾ ਪਿਆ। ਬਥੇਰਾ ਆਖਿਆ ਉਹਨੂੰ। ਆਖੇ ਨਹੀਂ ਝੱਟ ਖਲੋ ਜਾ। ਅਸਾਂ ਵੀ ਆਖਿਆ, ਲੈ ਬਈ ਤੂੰ ਖਲ੍ਹਿਆਰ ਲੈ।"

ਅਹਿਮਾ ਘੋੜੇ ਦੇ ਮੂੰਹ ਨਾਲੋਂ ਤੋਬੜਾ ਵੀ ਖੋਲ੍ਹ ਲਿਆਇਆ ਸੀ। ਏਧਰੋਂ ਵਿਹਲਿਆਂ ਹੋ ਕੇ ਉਹਨੇ ਟਾਂਗੇ ਦੇ ਬੰਬ ਨਾਲ ਬੰਨ੍ਹੀਆਂ ਹੋਈਆਂ ਰਾਸਾਂ ਖੋਲ੍ਹੀਆਂ ਤੇ ਉਨ੍ਹਾਂ ਨੂੰ ਮਾੜਾ-ਮਾੜਾ ਛਿਕਦਾ ਤੇ ਮੂੰਹ ਵਿਚੋਂ ਵਾਜਾਂ ਕੱਢਦਾ ਹੋਇਆ ਘੋੜੇ ਨੂੰ ਟੋਰਨ ਲੱਗ ਪਿਆ।

ਘੋੜਾ ਬਿਨਾਂ ਕੋਈ ਉਜਰ ਕੀਤਿਆਂ ਹੌਲੀ-ਹੌਲੀ ਪੌੜ ਮਾਰਦਾ ਟੁਰ ਪਿਆ। ਅਹਿਮੇ ਨੇ ਪਾਏਦਾਨ ਉਤੇ ਖਲੋ ਕੇ ਦੂਜਾ ਪੈਰ ਬੰਬ ਉਤੇ ਧਰ ਲਿਆ ਤੇ ਛਾਂਟੇ ਦੀ ਸੋਟੀ ਨਾਲ ਹੌਲੀ ਜਿਹੀ ਕਰਕੇ ਘੋੜੇ ਨਾਲ ਕੋਈ ਗੱਲ ਕੀਤੀ। ਘੋੜਾ ਛੇਤੀ ਈ ਸੜਕ ਉਤੇ ਚੜ੍ਹ ਕੇ ਆਪਣੀ ਚਾਲੇ ਹੋ ਗਿਆ।

"ਅਹਿਮਿਆ, ਤੂੰ ਮਲਿਕ ਦੀ ਗੱਲ ਛੱਡ ਤੇ ਸਾਨੂੰ ਇਹ ਦੱਸ ਪਈ ਗਿੱਦੜ ਮਾਰਿਆ ਈ ਕਿ ਨਹੀਂ।" ਮਿਸਤਰੀ ਜਿਹਦਾ ਨਾਂ ਅਹਿਮੇ ਕੋਚਵਾਨ ਨੇ ਹੁਣੇ-ਹੁਣੇ ਕੌਡੂ ਦੱਸਿਆ ਸੀ, ਬੋਲਿਆ।

"ਹਾਂ ਬਈ, ਇਨ੍ਹਾਂ ਬਿਲਡਿੰਗਾਂ ਮਕਾਨਾਂ ਵਿਚ ਕਿਹੜੇ ਗਿੱਦੜ ਮਾਰਦਾ ਫਿਰਦਾ ਏਂ ਤੂੰ, ਸਾਨੂੰ ਵੀ ਤਾਂ ਪਤਾ ਲੱਗੇ।" ਟਾਂਗੇ ਦੇ ਪਿਛਲੇ ਪਾਸਿਓਂ ਬੀਂਡੇ ਦੀ ਆਵਾਜ਼ ਆਈ।

"ਬੜਾ ਨਿੱਛ ਏਂ ਬਈ ਤੂੰ ਕੌਡੂ, ਸਾਰਿਆਂ ਨੂੰ ਦੱਸ ਦਿੱਤਾ ਈ ਮੇਰੇ ਮਗਰੋਂ। ਚੰਗਾ ਬੰਦਾ ਏਂ ਬਈ ਤੂੰ।" ਅਹਿਮੇ ਗਿਲਾ ਕੀਤਾ।

ਮਿਸਤਰੀ ਕੌਡੂ ਉਚੀ-ਉਚੀ ਹੱਸਣ ਲੱਗ ਪਿਆ। "ਭਾਈ ਹੋਰਾਂ ਜੋ ਕੁਝ ਪੁੱਛਿਆ ਏ ਉਹ ਤੇ ਦੱਸ ਲੈ ਪਹਿਲਾਂ, ਫੇਰ ਕਰਦਾ ਰਹੀਂ ਜਿੰਨੇ ਵੀ ਗਿਲੇ ਕਰਨੇ ਨੇ ਤੂੰ," ਇਹ ਆਖ ਕੇ ਮਿਸਤਰੀ ਦਾ ਹਾਸਾ ਹੋਰ ਉਚਾ ਹੋ ਗਿਆ।

ਲਾਟੂ ਨੇ ਇੰਜ ਪਿਓ ਨੂੰ ਪਾਗਲਾਂ ਹਾਰ ਹਸਦਿਆਂ ਵੇਖਿਆ ਤੇ ਉਹ ਵੀ ਹੱਸਣ ਲੱਗ ਪਿਆ। ਹੁਣ ਮੇਰੇ ਕੋਲੋਂ ਵੀ ਨਾ ਰਿਹਾ ਗਿਆ। ਘੋੜਾ ਸਾਡੇ ਹਾਸੇ ਦੀ ਆਵਾਜ਼ ਸੁਣ ਕੇ ਫੁਰਕੜੇ ਮਾਰਦਾ ਕਨੌਤੀਆਂ ਚੁੱਕਦਾ ਨੱਸੀ ਜਾਂਦਾ ਪਿਆ ਸੀ। ਮੈਨੂੰ ਲੱਗਾ ਜਿਵੇਂ ਉਹ ਵੀ ਅਹਿਮੇ ਦੇ ਮੌਜੂ ਵਿਚ ਸਾਡੇ ਨਾਲ ਰਲ ਗਿਆ ਹੋਵੇ।

ਅਹਿਮੇ ਨੇ ਮੂੰਹ ਭੰਵਾਂ ਕੇ ਕੌਡੂ ਨੂੰ ਘੂਰੀ ਵੱਟੀ ਤੇ ਫੇਰ ਰਾਸਾਂ ਤੋਂ ਇਕ ਹੱਥ ਹਟਾ ਕੇ ਲਾਟੂ ਦੇ ਨੱਕ ਦੀ ਕਰੂੰਬਲ ਫੜ ਲਈ। "ਕਿਉਂ ਉਏ ਖੇੜੂ ਫੁਲਿਆ, ਤੈਨੂੰ ਵੀ ਆਪਣੇ ਪਿਉ ਵਾਂਗ ਬੜੇ ਹਾਸੇ ਆਉਂਦੇ ਨੇ?"

ਅਹਿਮੇ ਤੋਂ ਆਪਣਾ ਨੱਕ ਛੁਡਾਂਦਿਆਂ ਲਾਟੂ ਐਨਾ ਈ ਆਖ ਸਕਿਆ, "ਚਾਚਾ ਗਿੱਦੜ...।" ਅੱਗੋਂ ਉਹਦੀ ਆਵਾਜ਼ ਨਾ ਨਿਕਲ ਹੋਈ।

ਹੁਣ ਤਾਂ ਸਾਰਾ ਟਾਂਗਾ ਈ ਹੱਸਣ ਲੱਗ ਪਿਆ। ਘੋੜੇ ਨੇ ਵੀ ਜ਼ੋਰ ਦੀ ਫੁਰਕੜਾ ਮਾਰਿਆ। ਅਹਿਮਾ ਕੱਚਾ ਜਿਹਾ ਹੋ ਗਿਆ। "ਓਏ ਭਰਾਓ, ਤੁਸੀਂ ਤੇ ਸਾਰੇ ਮੇਰੇ ਮਗਰ ਈ ਪੈ ਗਏ ਓਂ। ਲਓ ਮੈਂ ਦੱਸ ਈ ਦੇਨਾਂ ਤੁਹਾਨੂੰ ਕਿ ਕਿਹੜਾ ਗਿੱਦੜ ਮਾਰਨ ਗਿਆ ਸਾਂ ਮੈਂ। ਆਹ ਥਕੇਵਾਂ-ਥੀਕੜਾ ਲਾਹੁਣ ਲਈ ਜਿਹੜਾ ਸਿਗਰਟ ਪੀਤਾ ਜਾਂਦਾ ਏ, ਉਹਨੂੰ ਈ ਗਿੱਦੜ ਮਾਰਨਾ ਆਖਦੇ ਨੇ। ਹੋਰ ਸ਼ਹਿਰ ਵਿਚ ਗਿੱਦੜਾਂ ਹਜ਼ਾਮਤ ਕਰਾਉਣ ਆਉਣਾ ਸੀ, ਭਲਾ ਬੰਦਾ ਪੁੱਛੇ।"

ਮੈਨੂੰ ਵੀ ਹੁਣ ਈ ਸਮਝ ਆਈ ਪਈ ਭਲਿਆ ਸਿਗਰਟ ਪੀਣ ਨੂੰ ਈ ਲੋਕ ਗਿੱਦੜ ਮਾਰਨਾ ਆਖਦੇ ਨੇ। ਨਹੀਂ ਤਾਂ ਮੈਂ ਵੀ ਐਵੇਂ ਵੇਖੋ-ਵੇਖੀ ਈ ਹੱਸੀ ਜਾਂਦਾ ਪਿਆ ਸਾਂ।

"ਮਿਸਤਰੀ ਕੌਡੂ ਜੀ, ਬੜੀ ਸ਼ੈ ਓ ਤੁਸੀਂ ਵੀ। ਉਸ ਵੇਲੇ ਦਾ ਸਾਡਾ ਸਾਰਿਆਂ ਦਾ ਵਾਹਵਾ ਤਵਾ ਲਾਇਆ ਏ ਤੁਸੀਂ ਵੀ।" ਮੈਂ ਕੌਡੂ ਨੂੰ ਆਖਿਆ।

"ਬਸ ਜੀ ਸਰਕਾਰ, ਅਸੀਂ ਲੰਗੋਟੀਏ ਆਂ ਦੋਵੇਂ ਜਣੇ। ਤੁਸਾਂ ਨਹੀਂ ਸੁਣਿਆ ਕਿ ਹੋਰ ਕੋਈ ਮਿਲ ਪਵੇ ਸਾਲਾ ਲੰਗੋਟੀਆ ਨਾ ਮਿਲੇ। ਅੱਜ ਮਿਲੇ ਆਂ ਤੇ ਫੇਰ ਹਾਸਾ ਖੇੜਾ ਤੇ ਹੋਣਾ ਈ ਸੀ ਕਿ .... ਪਰ ਮੈਂ ਮਿਸਤਰੀ ਕੋਈ ਨਹੀਂ ਜੇ। ਐਵੇਂ ਮੇਰੇ ਕੱਪੜਿਆਂ ਤੇ ਮੂੰਹ-ਮੁਹਾਂਦਰੇ ਤੇ ਭੁੱਲੇ ਨਾ ਰਿਹਾ ਜੇ।"

"ਤੇ ਕੀ ਕੰਮ ਕਰਦੇ ਓ ਤੁਸੀਂ?"

"ਲਓ ਕੰਮ-ਕਾਰ ਕਰਦੇ ਹੁੰਦੇ ਤੇ ਹੁਣ ਸਾਊਦੀ ਅਰਬ ਬੈਠੇ ਸੂਦ ਨਾ ਖਾਂਦੇ ਪਏ ਹੁੰਦੇ। ਆਹ ਤੋਤੇ, ਚਿੜੀਆਂ ਵੇਚਦੇ ਆਂ, ਚੀਨੀ ਦੇ ਬਣੇ ਹੋਏ ਨਹੀਂ ਹੁੰਦੇ। ਪੜਛੱਤੀਆਂ ਤੇ ਕਾਰਨਸਾਂ ਦੀ ਸਜਾਵਟ ਲਈ ਲੈਂਦੇ ਨੇ ਲੋਕ।"

"ਇਹ ਲਾਟੂ ਵੀ ਤੇ ਨਾਲ ਏ ਤੁਹਾਡੇ?"

"ਇਹ ਰੋਜ਼ ਨਾਲ ਈ ਹੁੰਦਾ ਏ ਕਿ। ਦਿਨੇ ਸਕੂਲ ਜਾਂਦਾ ਏ।"

ਐਡੀ ਕਵੇਲੇ ਈ ਇਹੋ ਜਿਹੀਆਂ ਸ਼ੈਵਾਂ ਵਿਕ ਜਾਂਦੀਆਂ ਨੇ। ਕੌਣ ਲੈਂਦਾ ਏ?" ਮੈਂ ਪੁੱਛਿਆ।

"ਲਓ ਏਸ ਵੇਲੇ ਈ ਤਾਂ ਸਾਡੀ ਗਾਹਕੀ ਸਾਰੀ ਬਾਹਰ ਨਿਕਲਦੀ ਏ। ਅਸੀਂ ਦੋਵੇਂ ਸ਼ਾਮ ਨੂੰ ਪਹਿਲੋਂ ਮਾਰਕੀਟ ਜਾਨੇ ਆਂ। ਉਥੋਂ ਮਾਲ ਲੈ ਕੇ ਆ ਜਾਈਦਾ ਏ ਕੰਮ 'ਤੇ। ਆਹ ਕੁੱਕੜ ਕੜ੍ਹਾਹੀਆਂ ਤੇ ਦੁੱਧ ਫਲੂਦਿਆਂ ਦੀ ਬਹਾਰ ਹੁੰਦੀ ਏ ਰਾਤ ਨੂੰ। ਗੱਡੀਆਂ ਮੋਟਰਾਂ ਦਾ ਐਨਾ ਗਾਹੜ ਪਿਆ ਹੁੰਦਾ ਏ ਕਿ ਵੇਖ ਕੇ ਮੱਤ ਮਾਰੀ ਜਾਂਦੀ ਏ ਚੰਗੇ ਭਲੇ ਬੰਦੇ ਦੀ। ਅਸੀਂ ਵੀ ਇਕ-ਇਕ ਗੱਡੀ ਦੇ ਸ਼ੀਸ਼ੇ ਜਾ ਸੁੰਘਾਨੇ ਆਂ ਆਪਣੇ ਨਗ। ਕਿਸੇ ਨਾ ਕਿਸੇ ਤੇ ਫੇਰ ਬੋਲਣਾ ਈ ਹੁੰਦਾ ਏ। ਕਈਆਂ ਦੇ ਨਾਲ ਆਏ ਬਾਲ ਈ ਅੜੀ ਬੰਨ੍ਹ ਲੈਂਦੇ ਨੇ। ਪੱਚੀ ਹੁੰਦਿਆਂ-ਹਵਾਂਦਿਆਂ ਲੈ ਕੇ ਦੇਣੀ ਪੈਂਦੀ ਏ ਸ਼ੈ। ਬਸ ਰੋਟੀ ਨਿਕਲ ਆਉਂਦੀ ਏ। ਸ਼ੇਰ, ਤਿਰਾ, ਬਾਰਾਂ ਸਿੰਗਾ ਜਾਂ ਪਾੜ੍ਹਾ ਹੋਵੇ, ਵੱਡੇ ਸਾਈਜ਼ ਵਿਚ ਤਾਂ ਹੋਰ ਵੀ ਵਧੀਆ ਗੱਲਬਾਤ ਹੋ ਜਾਂਦੀ ਏ।" ਕੌਡੂ ਨੇ ਵੇਰਵਾ ਕਰਦਿਆਂ ਦੱਸਿਆ।

ਅਹਿਮੇ ਨੇ ਘੋੜੇ ਦੀ ਕੰਡ ਉਤੇ ਛਾਂਟੇ ਦੀ ਸੂਕਰ ਫੇਰੀ ਤੇ ਮੂੰਹ ਭੰਵਾ ਕੇ ਕੌਡੂ ਨੂੰ ਆਖਣ ਲੱਗਾ, "ਯਾਰ ਤੇਰੀ ਗੱਲ ਵੱਡੀ ਹੁੰਦੀ ਏ। ਮੈਂ ਤੈਥੋਂ ਪੁੱਛਣਾ ਚਾਹੁੰਨਾਂ ਪਈ ਇਹ ਜਿਹੜੀ ਸਾਡੇ ਮੁਲਕ ਵਿਚ ਐਨੀ ਗੱਡੀ ਸੂ ਗਈ ਏ, ਇਹ ਬਣਿਆ ਕੀ ਏ? ਪਹਿਲਾਂ ਤਾਂ ਇੰਜ ਨਹੀਂ ਸੀ ਹੁੰਦਾ।"

"ਲੈ ਕੋਈ ਇਕ ਤੇ ਦੋ ਸੂ ਗਈ, ਏਥੇ ਤੇ ਕੜ੍ਹ ਈ ਪਾਟੇ ਪਏ ਨੇ। ਅਮਰੀਕਾ ਵਾਲੇ ਤੇ ਅੱਗੇ ਆਂਹਦੇ ਨੇ ਪੂਰੀ ਦੁਨੀਆਂ ਵਿਚ ਪਾਕਿਸਤਾਨ ਈ ਇਕ ਮੁਲਕ ਏ ਜਿਥੋਂ ਦੀ ਬਾਦਸ਼ਾਹੀ ਕੰਗਲੀ ਤੇ ਅਵਾਮ ਅਮੀਰ ਏ।"

ਅਹਿਮਾ ਹੱਸ ਪਿਆ, "ਖਰੀ ਗੱਲ ਏ, ਪਰ ਅਸੀਂ ਤੇ ਅਵਾਮ ਵਿਚ ਨਹੀਂ ਨਾ ਆਉਂਦੇ।"

"ਲੈ ਅਸੀਂ ਅਵਾਮ ਵਿਚ ਭਲਾ ਕਿਵੇਂ ਆਉਨੇ ਆਂ ਪਰ ਅਗਲੇ ਸਾਨੂੰ ਵੀ ਅਵਾਮ ਵਿਚ ਈ ਗਿਣ ਲੈਂਦੇ ਨੇ... ਅੱਛਾ ਛੱਡ ਆਹ ਗੱਡੀਆਂ ਮੋਟਰਾਂ ਵਾਲਿਆਂ ਦੀ ਦੱਸਨਾਂ ਤੈਨੂੰ ਇਕ ਹੋਰ... ਇਹ ਕੱਜਲ ਹੋ ਤੇ ਬੜਾ ਸਵੱਲਾ ਗਿਆ ਏ ਪਰ ਜਿੰਨਾ ਸਵੱਲਾ ਹੋਇਆ ਏ ਨਾ, ਓਨਾ ਈ ਟਮਕਾਣ ਵਾਲੇ ਪਾਸੇ ਵਿਹਲ ਹੋ ਗਈ ਏ।"

"ਯਾਰ ਸਾਨੂੰ ਕੋਈ ਭੁੱਲ ਏ ਇਹਦੀ। ਸਾਰਾ ਦਿਨ ਅਸਾਂ ਸੜਕ ਉਤੇ ਈ ਵਗਣਾ ਹੁੰਦਾ ਏ। ਕੀ ਦੱਸਾਂ ਤੈਨੂੰ ਕੀ-ਕੀ ਤਮਾਸ਼ਾ ਵੇਖੀਦਾ ਏ ਇਨ੍ਹਾਂ ਦਾ। ਇੰਜ ਸਿੱਧੇ ਈ ਦੂਰੋਂ ਧੁੱਸ ਮਾਰੀ ਆਉਂਦੇ ਨੇ ਜਿਵੇਂ ਅੱਖਾਂ ਤੇ ਅਸਲੋਂ ਘਰ ਈ ਰੱਖ ਆਏ ਹੋਣ। ਅੱਲ੍ਹਾ ਦੀ ਕਸਮ ਏ ਕਿੰਨੀ ਵਾਰੀ ਡੰਗਰ ਡਿਗਦਾ-ਡਿਗਦਾ ਆਪਣਾ-ਆਪ ਸਾਂਭਦਾ ਏ ਤੇ ਕਿੰਨੀ ਵੇਰੀ ਤੇ ਸਾਂਭਿਆ ਵੀ ਨਹੀਂ ਸੂ ਜਾਂਦਾ। ਆਖ ਬਹੀਏ ਤੇ ਸਾਲੇ ਅੱਗੋਂ ਝਈਆਂ ਲੈ ਕੇ ਪੈਂਦੇ ਨੇ, ਓ ਟਾਂਗੇ ਵਾਲੇ ਸੜਕ ਤੇਰੇ ਬਾਪ ਕੀ ਹੈ? ਨਜ਼ਰ ਨਹੀਂ ਆਤਾ ਤੁਮ ਕੋ। ਕੰਨ ਲਵੇਟ ਛੱਡੀਦੇ ਨੇ ਅੱਗੋਂ। ਦੋ ਦਿਨ ਨਹੀਂ ਹੋਏ ਹੋਣੇ, ਹਾਲੇ ਆਹ ਅਗਲੇ ਮੋੜੋਂ ਮੁੜਿਆ ਈ ਇਕ ਤੇ ਸਿੱਧਾ ਘੋੜੇ ਦੇ ਫਰਾਂ ਵਲ ਨੂੰ। ਮਸਾਂ ਮਰ ਕੇ ਡੰਗਰ ਸਾਂਭਿਆ ਗਿਆ ਮੈਥੋਂ। ਮੈਂ ਆਖਿਆ, ਸਾਹਿਬ ਵੇਖ ਕੇ। ਅੱਗੋਂ ਮੈਨੂੰ ਗੰਦ ਬਕਿਓਸ। ਮੇਰੇ ਤੇ ਭਾਂਬੜ ਬਲ ਪਿਆ ਇਕ ਵਾਰੀ। ਮੈਂ ਕਿਹਾ, "ਖਲੋ ਭੂਤਨੀ ਦਿਆ।" ਛਾਲ ਮਾਰ ਕੇ ਮੈਂ ਲੱਥਾ ਘਚਪ ਖਾ ਕੇ, ਛੂਟ ਲਾ ਗਿਆ ਅੱਗੋਂ। ਸਾਲਮ ਇੱਟ ਫੜ ਕੇ ਮੈਂ ਵਗਾਈ ਪਿੱਛੋਂ। ਜਾਹ ਨਾ ਲਈ, ਮੈਂ ਆਖਿਆ। ਇਕ ਵਾਰੀ ਹੱਥ ਆ ਜਾਂਦਾ ਨਾ ਤੇ ਝਸਣਾ ਮੈਂ ਬੜਾ ਸੀ ਨਾਢੂ ਖਾਂ ਦੇ ਸਾਲੇ ਨੂੰ।"

"ਇੰਜ ਈ ਨੇ ਸਾਰੇ।" ਕੌਡੂ ਨੇ ਹੁੰਗਾਰਾ ਦਿੱਤਾ।

ਅਹਿਮੇ ਟਾਂਗਾ ਖਲਿਹਾਰ ਲਿਆ। ਪਿਛਲੇ ਬੰਨਿਓਂ ਦੋ ਤੇ ਅਗਲੇ ਬੰਨਿਓ ਬਜਾਜੀ ਵਾਲਾ ਲਹਿ ਪਏ। ਅਹਿਮੇ ਮੇਰੇ ਵਲ ਵੇਖਿਆ, "ਤੁਸਾਂ ਕਿਥੇ ਉਤਰਨਾ ਏ ਸਰਕਾਰ?"

"ਖਟੀਕਾਂ ਦੇ ਮੁਹੱਲੇ ਉਤਾਰ ਦੇਵੀਂ ਯਾਰ।"

"ਥੋੜ੍ਹਾ ਈ ਏਥੋਂ ਖਟੀਕਾਂ ਦਾ ਮੁਹੱਲਾ।" ਕੌਡੂ ਪਾਸਾ ਪਰਤਦਿਆਂ ਬੋਲਿਆ।

"ਤੁਸੀਂ ਵੀ ਉਥੇ ਈ ਉਤਰਨਾ ਏ ਜਾਂ ਅੱਗੇ?" ਮੈਂ ਪੁੱਛਿਆ।

"ਅਗਾਂਹ ਦਰਿਆ 'ਤੇ।"

ਲਾਟੂ ਸੌਂ ਗਿਆ ਹੋਇਆ ਸੀ। ਕੌਡੂ ਨੇ ਉਹਨੂੰ ਆਪਣੇ ਪੱਟਾਂ ਉਤੇ ਕਰ ਲਿਆ। ਹੁਣ ਉਹ ਕੌਡੂ ਦੀ ਬਾਂਹ ਉਤੇ ਸਿਰ ਰੱਖੀ ਨਿੱਕੀਆਂ-ਨਿੱਕੀਆਂ ਘੁਰਾੜੀਆਂ ਪਿਆ ਮਾਰਦਾ ਸੀ।

"ਕੱਲ੍ਹ ਪਤਾ ਈ ਕੀ ਹੋਇਆ ਅਹਿਮਿਆ, ਇਕ ਬਾਸ਼ੇ ਜਿਹੇ ਗੱਡੀ ਵਾਲੇ ਨੇ ਲਾਟੂ ਦੇ ਚਾਟ ਨਾ ਕੱਢ ਮਾਰੀ। ਮੈਂ ਕੁਝ ਵਿੱਥ 'ਤੇ ਖਲੋਤਾ ਸਾਂ। ਰੋਣ ਦੀ ਆਵਾਜ਼ ਸੁਣ ਕੇ ਮੈਂ ਨੱਸਿਆ ਆਇਆ। ਅਖੇ ਜੀ, ਇਹ ਸ਼ੀਸ਼ਿਆਂ ਵਿਚੋਂ ਝਾਤੀਆਂ ਮਾਰਦਾ ਸੀ। ਨਾਲ ਇਕ ਨੂਤੀ ਜਿਹੀ ਬਹਾਈ ਹੋਈ ਸਾ ਸੂ। ਮੈਂ ਗਲਮਿਓਂ ਫੜ ਕੇ ਝੂਣੇ ਦਿੱਤੇ ਤਾਂ ਉਹਦਾ ਵੀ ਰੰਗ ਉਡ ਗਿਆ। ਉਹ ਤੇ ਚਲਾ ਗਿਆ ਗੱਡੀ ਲੈ ਕੇ। ਮੈਂ ਆ ਕੇ ਸੋਚੀਂ ਪਿਆ ਰਿਹਾ ਸਾਰੀ ਰਾਤ। ਅੱਜ ਵੀ ਸਾਰਾ ਦਿਨ ਸੋਚੀਂ ਪਿਆ ਰਿਹਾ। ਕੁਝ ਸਮਝ ਨਹੀਂ ਆਉਂਦੀ।" ਕੌਡੂ ਇਕ ਦਮ ਈ ਜਿਵੇਂ ਉਦਾਸਿਆ ਜਿਹਾ ਗਿਆ।

"ਵਣ-ਵਣ ਦੀ ਲੱਕੜ ਜੋ ਆ ਵੜੀ ਏ ਸੋਹਣਿਆ ਸਾਡੇ ਸ਼ਹਿਰ ਵਿਚ। ਅਸੀਂ ਤੇ ਹੋ ਗਏ ਆਂ ਪਰਦੇਸੀ। ਹੁਣ ਚੇਤੇ ਈ ਨਾ, ਆਹ ਜਿੱਥੋਂ ਲੰਘਦੇ ਪਏ ਆਂ ਅਸੀਂ। ਕਦੀ ਏਥੇ ਟੋਏ-ਟਿੱਬੇ ਤੇ ਕੱਲਰ ਈ ਹੁੰਦਾ ਸੀ। ਤੁਹਾਡੇ ਬਾਰਡਰੋਂ ਆਵਣ ਤੋਂ ਪਹਿਲਾਂ ਅੱਬਾ ਮੇਰਾ ਏਥੇ ਵਾਹੀ ਕਰਦਾ ਹੁੰਦਾ ਸੀ। ਫੇਰ ਅਸਾਂ ਛੱਡ ਦਿੱਤੀ ਤੇ ਦੂਜੇ ਬੰਨ੍ਹੇ ਟੁਰ ਗਏ ਦਰਿਆ 'ਤੇ। ਇਹ ਸਾਰਾ ਸਾਊਦੀ ਅਰਬ ਦਾ ਛੱਟਾ ਈ ਸਾਰਾ। ਲੱਖਾਂ ਕਰੋੜਾਂ ਲਾਇਆ ਈ ਅਗਲਿਆਂ ਇਨ੍ਹਾਂ ਤਬੂਤਾਂ ਜਿਹਿਆਂ 'ਤੇ। ਵੇਖਿਆ ਲਗਦਾ ਈ ਨਹੀਂ ਪਈ ਬੰਦੇ ਰਹਿੰਦੇ ਹੋਸਨ ਇਨ੍ਹਾਂ ਵਿਚ ਪਰ ਰਹਿੰਦੇ ਪਏ ਨੇ ਅਗਲੇ।"

"ਹੂੰ!" ਕੌਡੂ ਕਿਤੋਂ ਦੂਰੋਂ ਈ ਬੋਲਿਆ, "ਉਨ੍ਹਾਂ ਕੋਲ ਵੀ ਦੋ ਹੱਥ ਸਨ। ਸਾਡੇ ਕੋਲ ਵੀ ਹੱਥ ਈ ਨੇ ਅੱਗੋਂ ਸਾਡੇ ਬਾਲਾਂ ਕੋਲ ਵੀ ਇਹ ਦੋ ਹੱਥ... ਢਿੱਡ ਤੇ ਫੇਰ ਇਕ-ਇਕ ਨਾਲ ਕਈ-ਕਈ ਢਿੱਡ। ਲੱਪਾਂ ਨਾਲ ਖੂਹਾਂ ਕਿਹੜਾ ਭਰਿਆ ਜਾਣਾ ਹੁੰਦਾ ਏ? ਓੜਕ ਲੱਪਾਂ ਈ ਖੋਟੀਆਂ ਪੈਣਾ ਹੁੰਦਾ ਏ। ਕਿਉਂ ਜੀ ਬਾਊ ਜੀ, ਤੁਸੀਂ ਪੜ੍ਹੇ ਲਿਖੇ ਬੰਦੇ ਓ। ਉਂਜ ਈ ਨਹੀਂ?" ਉਹ ਮੈਨੂੰ ਪੁੱਛਣ ਲੱਗੇ।

ਮੈਂ ਉਹਦੀ ਗੱਲ ਸੁਣਦਾ ਸੁੱਤੇ ਹੋਏ ਲਾਟੂ ਨੂੰ ਪਿਆ ਵੇਖਦਾ ਸਾਂ। ਕਾਲੇ ਗੁਲਾਬ ਰੰਗ ਮੁਖੜੇ ਉਤੇ ਕੌਲ ਫੁੱਲ ਅੱਖਾਂ ਮੀਟੀਆਂ ਹੋਈਆਂ ਵੀ ਇੰਜ ਸਨ ਜਿਵੇਂ ਕੁਝ ਵੇਖਦੀਆਂ ਪਈਆਂ ਹੋਵਣ, ਉਹ ਕੁਝ ਜੋ ਅਸੀਂ ਵੇਖਣ ਯੋਗ ਨਹੀਂ ਸਾਂ। ਉਹਦੇ ਹੋਠਾਂ ਉਤੇ ਇਕ ਨਿਵੇਕਲੀ ਜਿਹੀ ਮੁਸਕਾਂਦ ਪੁੰਗਰੀ ਹੋਈ ਸੀ। ਇਹੋ ਜਿਹੀ ਮੁਸਕਾਂਦ ਮੈਂ ਸ਼ਾਇਦ ਆਪਣੀ ਹਯਾਤੀ ਵਿਚ ਕਦੀ ਵੀ ਨਹੀਂ ਸੀ ਡਿੱਠੀ, "ਕੰਗਾਰੂ ਬੱਚਾ"।

ਕੌਡੂ ਨੂੰ ਆਪਣੀ ਗੱਲ ਦਾ ਕੋਈ ਜਵਾਬ ਨਾ ਮਿਲਿਆ ਤੇ ਉਹਨੇ ਮੇਰੇ ਵਲ ਵੇਖਿਆ। ਹੁਣ ਉਹਦਾ ਧਿਆਨ ਵੀ ਆਪਣੇ ਜਾਤਕ ਦੇ ਮੁਖੜੇ ਉਤੇ ਜਾ ਟਿਕਿਆ। "ਲਉ ਜੀ ਆ ਗਿਆ ਏ ਖਟੀਕ ਮੁਹੱਲਾ।" ਅਹਿਮੇ ਨੇ ਘੋੜੇ ਦੀਆਂ ਵਾਗਾਂ ਛਿਕਦਿਆਂ ਆਖਿਆ। ਮੈਂ ਛੇਤੀ ਨਾਲ ਥੱਲੇ ਲਹਿ ਕੇ ਉਹਨੂੰ ਭਾੜਾ ਦਿੱਤਾ ਤੇ ਫੇਰ ਉਚੀ ਸਾਰੀ ਅੱਲ੍ਹਾ ਬੇਲੀ ਆਖ ਕੇ ਟੁਰ ਪਿਆ।

# ਜਬ ਲਗੁ ਦੁਨੀਆ ਰਹੀਐ ਨਾਨਕ॥ ਕਿਛੁ ਸੁਣੀਐ...

ਡਾ. ਗੁਰਨਾਮ ਕੌਰ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 661 ਉਤੇ ਰਾਗ ਧਨਾਸਰੀ ਵਿਚ ਗੁਰੂ ਨਾਨਕ ਦੇਵ ਦੀ ਬਾਣੀ ਦੀਆਂ ਇਹ ਪੰਕਤੀਆਂ ਹਨ, "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥" ਟੀਕਾਕਾਰਾਂ ਨੇ ਇਸ ਪੰਕਤੀ ਦੇ ਅਰਥ ਕਰਦਿਆਂ ਲਿਖਿਆ ਹੈ ਕਿ ਜਦੋਂ ਤੱਕ ਇਸ ਸੰਸਾਰ 'ਤੇ ਜਿਉਣਾ ਹੈ, ਉਦੋਂ ਤੱਕ ਪਰਵਦਗਾਰ ਦੀ ਸਿਫ਼ਤ-ਸਲਾਹ ਕਰਦੇ ਅਤੇ ਸੁਣਦੇ ਰਹਿਣਾ ਚਾਹੀਦਾ ਹੈ, ਕਿਉਂਕਿ ਮਨੁੱਖਾ ਜਨਮ ਦਾ ਇਹੋ ਲਾਭ ਜਾਂ ਲਾਹਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਇਸ ਸੰਸਾਰ 'ਤੇ ਕਿਸੇ ਦਾ ਸਦਾ ਦਾ ਟਿਕਾਣਾ ਨਹੀਂ ਹੈ, ਇਹ ਢੂੰਡ ਕੇ ਦੇਖ ਲਿਆ ਹੈ, ਇਸ ਲਈ ਜਿੰਨਾ ਚਿਰ ਦਾ ਜੀਵਨ-ਸਮਾਂ ਮਿਲਿਆ ਹੈ ਦੁਨੀਆਵੀ ਵਾਸ਼ਨਾਵਾਂ ਵੱਲੋਂ ਮਨ ਨੂੰ ਮਾਰ ਕੇ ਉਸ ਦੀ ਸਿਫ਼ਤ-ਸਲਾਹ ਵਿਚ ਜ਼ਿੰਦਗੀ ਦੇ ਦਿਨ ਗੁਜ਼ਾਰੀਏ। ਇਨ੍ਹਾਂ ਸਤਰਾਂ ਤੋਂ ਇਹ ਭੁਲੇਖਾ ਪੈ ਸਕਦਾ ਹੈ ਕਿ ਸ਼ਾਇਦ ਮੈਂ ਕੋਈ ਉਪਦੇਸ਼ ਦੇਣ ਲੱਗੀ ਹਾਂ ਪਰ ਅਜਿਹੀ ਕੋਈ ਗੱਲ ਨਹੀਂ ਹੈ। ਹਾਂ, ਇਹ ਜ਼ਿੰਦਗੀ ਜ਼ਰੂਰ ਕੁੱਝ ਚੰਗਾ ਕਹਿੰਦੇ ਰਹਿਣ ਲਈ ਅਤੇ ਚੰਗਾ ਸੁਣਦੇ ਰਹਿਣ ਲਈ ਬਣੀ ਹੈ। ਚੰਗੇ ਬੰਦਿਆਂ ਦੀਆਂ ਚੰਗੀਆਂ ਗੱਲਾਂ ਹਮੇਸ਼ਾ ਯਾਦ ਰਹਿੰਦੀਆਂ ਹਨ।



ਡਾ. ਗੁਰਨਾਮ ਕੌਰ


ਪੀ.ਐਚ.ਡੀ ਹੋ ਜਾਣ ਅਤੇ ਰੀਡਰ ਬਣ ਜਾਣ ਤੋਂ ਬਾਅਦ ਜਿਥੇ ਬਾਹਰਲੇ ਮੁਲਕਾਂ ਦੇ ਸਿੱਖ ਅਕਾਦਮਿਕ ਸਰਕਲ ਵਿਚ ਮੇਰੀ ਜਾਣ-ਪਹਿਚਾਣ ਸ. ਦਲਜੀਤ ਸਿੰਘ ਆਈ.ਏ.ਐਸ. ਨੇ ਕਰਾਈ ਉਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਮੈਨੂੰ ਡਾ. ਮਦਨਜੀਤ ਕੌਰ ਨੇ ਗੁਰੂ ਨਾਨਕ ਸਟਡੀਜ਼ ਵਿਭਾਗ ਦੀ ਮੁਖੀ ਹੋਣ ਨਾਤੇ ਪਹਿਲਾਂ ਬੀ.ਏ. ਫਿਰ ਐਮ.ਏ., ਐਮ.ਫਿਲ ਇਮਤਿਹਾਨਾਂ ਦੀ ਪ੍ਰੀਖਿਅਕ ਵਜੋਂ ਜੋੜਿਆ। ਮੈਂ ਲਗਾਤਾਰ ਪਿਛਲੇ ਬਾਈ-ਤੇਈ ਸਾਲ ਤੋਂ ਉਨ੍ਹਾਂ ਦੇ ਵਿਭਾਗ ਨਾਲ ਜੁੜੀ ਰਹੀ ਹਾਂ, ਕੈਨੇਡਾ ਆਉਣ ਵੇਲੇ ਤੱਕ। ਪਹਿਲੀ ਵਾਰ ਮੈਂ ਬਤੌਰ ਪ੍ਰੀਖਿਅਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਹੀ ਐਮ.ਫਿਲ ਦਾ ਵਾਈਵਾ ਲੈਣ ਗਈ ਸੀ। ਭਾਵੇਂ ਉਸ ਤੋਂ ਬਾਅਦ ਅਨੇਕ ਵਾਰ ਦਿੱਲੀ ਯੂਨੀਵਰਸਿਟੀ ਵਿਚ ਬੁੱਧ ਧਰਮ ਦੇ ਪੀ.ਐਚ.ਡੀ. ਦੇ ਵਿਦਿਆਰਥੀਆਂ ਅਤੇ ਪੰਜਾਬ ਯੂਨੀਵਰਸਿਟੀ ਦੇ ਪੀ.ਐਚ.ਡੀ. ਦੇ ਵਿਦਿਆਰਥੀਆਂ ਦਾ ਵਾਈਵਾ ਲੈਣ ਜਾਂਦੀ ਰਹੀ ਹਾਂ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਗੁਰੂ ਨਾਨਕ ਅਧਿਐਨ ਵਿਭਾਗ ਤਾਂ ਮੈਨੂੰ ਆਪਣਾ ਵਿਭਾਗ ਹੀ ਲਗਦਾ ਹੈ ਕਿਉਂਕਿ ਉਸ ਵਿਭਾਗ ਦੇ ਪ੍ਰੋਫੈਸਰ ਸਾਹਿਬਾਨ ਮੈਨੂੰ ਆਪਣਿਆਂ ਵਾਂਗ ਹੀ ਸਤਿਕਾਰ ਦਿੰਦੇ ਰਹੇ ਹਨ। ਵਿਜ਼ਿਟਿੰਗ ਪ੍ਰੋਫੈਸਰ ਦੇ ਤੌਰ 'ਤੇ ਮੈਂ ਲਗਾਤਾਰ ਉਥੇ ਹਫਤਿਆਂ-ਬੱਧੀ ਵਿਦਿਆਰਥੀਆਂ ਨੂੰ ਪੜ੍ਹਾਇਆ ਹੈ, ਹਮੇਸ਼ਾ ਬੜੇ ਮਾਣ ਨਾਲ ਉਨ੍ਹਾਂ ਦੇ ਸੈਮੀਨਾਰਾਂ ਵਿਚ ਹਰ ਸਾਲ ਸ਼ਿਰਕਤ ਕਰਦੀ ਰਹੀ ਹਾਂ। ਹਮੇਸ਼ਾ ਮਾਣ ਰੱਖਣ ਲਈ ਉਹ ਕਹਿੰਦੇ ਰਹੇ ਹਨ, "ਡਾ. ਸਾਹਿਬ, ਤੁਹਾਡੇ ਬਿਨਾ ਸਾਨੂੰ ਆਪਣਾ ਸੈਮੀਨਾਰ ਅਧੂਰਾ ਲਗਦਾ ਹੈ।" ਡਾ. ਜਸਵਿੰਦਰ ਕੌਰ ਢਿੱਲੋਂ, ਡਾ. ਬਲਵੰਤ ਸਿੰਘ ਢਿੱਲੋਂ, ਡਾ. ਜਸਵੀਰ ਸਿੰਘ ਸਾਬਰ, ਡਾ. ਸ਼ਸ਼ੀ ਬਾਲਾ-ਸਭ ਮੈਨੂੰ ਮੇਰੇ ਆਪਣੇ ਲਗਦੇ ਹਨ ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਵੀ ਪਹਿਲਾਂ ਜੋ ਅਕਾਦਮਿਕ ਮਾਹੌਲ ਵਿਚ ਬਤੌਰ ਸੈਮੀਨੇਰੀਅਨ ਪਛਾਣ ਬਣੀ ਤਾਂ ਉਹ ਬਣੀ ਸਵਰਗੀ ਬਾਬਾ ਸੁੱਚਾ ਸਿੰਘ ਵੱਲੋਂ ਅਰੰਭੀ 'ਜਵੱਦੀ ਕਲਾਂ ਟਕਸਾਲ' ਵਿਚ। ਜਵੱਦੀ ਕਲਾਂ ਟਕਸਾਲ ਨੇ ਬਾਬਾ ਸੁੱਚਾ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਅਤੇ ਗੁਰਮਤਿ ਵਿਚਾਰ-ਚਰਚਾ ਦੇ ਖੇਤਰ ਵਿਚ ਬਹੁਤ ਸਾਰਥਕ ਭੂਮਿਕਾ ਨਿਭਾਈ ਹੈ ਜਿਸ ਦਾ ਜ਼ਿਕਰ ਕਰਨਾ ਮੈਨੂੰ ਵਾਜਬ ਲੱਗਦਾ ਹੈ।

ਕਈ ਵਾਰ ਕਿਸੇ ਘਟਨਾ ਦੇ ਆਧਾਰ 'ਤੇ ਅਸੀਂ ਕੁਝ ਧਾਰਨਾਵਾਂ ਐਸੀਆਂ ਬਣਾ ਲੈਂਦੇ ਹਾਂ ਕਿ ਕਿਸੇ ਨੂੰ ਨਿੰਦਣ ਲਈ ਜਾਣ-ਬੁੱਝ ਕੇ ਉਨ੍ਹਾਂ ਦਾ ਖਹਿੜਾ ਨਹੀਂ ਛੱਡਦੇ ਕਿਉਂਕਿ ਉਹ ਸਾਡੇ ਮਕਸਦ ਨੂੰ ਪੂਰਾ ਕਰਨ ਲਈ ਫਿੱਟ ਬੈਠਦੀਆਂ ਹਨ। ਮੈਂ ਅਗਲੀ ਗੱਲ ਇਸ ਲਈ ਕਹਿਣ ਜਾ ਰਹੀ ਹਾਂ ਤਾਂ ਕਿ ਜਵੱਦੀ ਕਲਾਂ ਟਕਸਾਲ ਬਾਰੇ ਪੜ੍ਹ ਕੇ ਮੈਨੂੰ ਡੇਰਾਵਾਦ ਦੇ ਹੱਕ ਵਿਚ ਨਾ ਸਮਝ ਲਿਆ ਜਾਵੇ, ਉਸੇ ਤਰ੍ਹਾਂ ਜਿਸ ਤਰ੍ਹਾਂ ਸ. ਅਨੁਰਾਗ ਸਿੰਘ ਲੁਧਿਆਣੇ ਵਾਲਾ ਮੇਰੇ 'ਤੇ ਲਗਾਤਾਰ ਇਹ ਇਲਜ਼ਾਮ ਲਾਉਂਦਾ ਆ ਰਿਹਾ ਹੈ, "ਡਾ. ਗੁਰਨਾਮ ਕੌਰ ਪਹਿਲਾਂ ਦਸਮ ਗ੍ਰੰਥ ਦੇ ਹੱਕ ਵਿਚ ਸੀ ਪਰ ਹੁਣ ਖਿਲਾਫ ਲਿਖ ਰਹੀ ਹੈ। ਉਸ ਦੇ ਸਟੈਂਡ ਦਾ ਕੋਈ ਪਤਾ ਨਹੀਂ ਲਗਦਾ" ਵਗੈਰਾ ਵਗੈਰਾ। ਮੇਰਾ ਅਧਿਐਨ ਖੇਤਰ ਧਾਰਮਿਕ ਫਲਸਫਾ ਹੋਣ ਨਾਤੇ ਮੈਂ ਸਿੱਖ ਇਤਿਹਾਸ ਦੀ ਵਿਦਿਆਰਥਣ ਨਹੀਂ ਹਾਂ, ਸਿੱਖ ਦਰਸ਼ਨ ਦੀ ਵਿਦਿਆਰਥਣ ਹਾਂ। ਇਸ ਲਈ ਮੇਰਾ ਅਧਿਐਨ ਖੇਤਰ ਬਾਣੀ ਦਾ ਦਾਰਸ਼ਨਿਕ ਅਧਿਐਨ ਹੀ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਨੇ ਸ. ਰਣਧੀਰ ਸਿੰਘ ਵੱਲੋਂ ਤਿਆਰ ਕੀਤਾ ਦਸਮ ਗ੍ਰੰਥ ਦਾ ਸ਼ਬਦਾਰਥ ਵਿਦਵਾਨਾਂ ਦੀ ਇੱਕ ਸਲਾਹਕਾਰ ਕਮੇਟੀ ਦੀ ਰਾਇ ਨਾਲ 'ਚਰਿਤ੍ਰੋਪਾਖਿਆਨ' ਨੂੰ ਕੱਢ ਕੇ ਬਾਕੀ ਦਾ ਤਿੰਨ ਜਿਲਦਾਂ ਵਿਚ ਛਾਪ ਦਿੱਤਾ। ਸੰਨ 1999 ਵਿਚ ਖਾਲਸੇ ਦੀ ਸਾਜਨਾ ਦੇ ਤਿੰਨ ਸੌ ਸਾਲਾ ਜਸ਼ਨਾਂ ਵੇਲੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸ. ਗੁਰਬਚਨ ਸਿੰਘ ਭੁੱਲਰ (ਪੰਜਾਬੀ ਦੇ ਨਾਮਵਰ ਕਹਾਣੀਕਾਰ) ਨੇ ਮੈਨੂੰ ਫੋਨ ਤੇ ਕਿਹਾ, "ਬੀਬੀ ਗੁਰਨਾਮ ਸਾਡੇ ਅਖਬਾਰ ਨੂੰ ਵੀ ਕੁੱਝ ਲਿਖ ਕੇ ਦਿਉ, ਕਿਉਂ ਨਹੀਂ ਦਿੰਦੇ?" ਮੈਂ ਉਤਰ ਦਿੱਤਾ, "ਭੁੱਲਰ ਸਾਹਿਬ! ਮੇਰੇ ਪਤੀ ਇਥੇ ਸੀਨੀਅਰ ਸਬ-ਐਡੀਟਰ ਹਨ, ਇਸ ਲਈ ਮੈਂ ਕੁਝ ਲਿਖ ਕੇ ਨਹੀਂ ਭੇਜਦੀ। ਲੋਕ ਸੋਚਣਗੇ ਆਪਣੇ ਪਤੀ ਕਰਕੇ ਲੇਖ ਲਗਵਾਉਂਦੀ ਹੈ।" ਉਨ੍ਹਾਂ ਦਾ ਅੱਗੋਂ ਉਤਰ ਸੀ, "ਜਦੋਂ ਮੈਂ ਕਹਿ ਰਿਹਾ ਹਾਂ ਤਾਂ ਬੱਲ ਦਾ ਇਸ ਨਾਲ ਕੀ ਤੁਅੱਲਕ ਹੈ? ਹਰ ਹਫਤੇ ਤੁਹਾਡਾ ਇੱਕ ਲੇਖ ਮੈਨੂੰ ਮਿਲਣਾ ਚਾਹੀਦਾ ਹੈ।"

ਭੁੱਲਰ ਸਾਹਿਬ ਦੇ ਕਹਿਣ ਤੇ ਮੈਂ ਚਾਰ ਪੰਜ ਲੇਖ ਚੰਡੀ ਦੀ ਵਾਰ ਸਮੇਤ ਕੁੱਝ ਰਚਨਾਵਾਂ ਉਤੇ ਲਿਖੇ ਪਰ ਇਹ ਲੇਖ ਵਿਭਾਗ ਵੱਲੋਂ ਛਾਪੇ ਸ਼ਬਦਾਰਥ ਵਿਚ ਸ਼ਾਮਲ ਰਚਨਾਵਾਂ ਵਿਚੋਂ ਹਨ। ਦੂਸਰੀ ਗੱਲ ਮੇਰਾ ਕੋਈ ਵੀ ਲੇਖ ਚੌਬੀਸ ਅਵਤਾਰ, ਕ੍ਰਿਸ਼ਨ ਅਵਤਾਰ ਜਾਂ ਰਾਮ ਅਵਤਾਰ 'ਤੇ ਨਹੀਂ ਹੈ, ਚਰਿਤ੍ਰੋਪਾਖਿਆਨ 'ਤੇ ਤਾਂ ਕੀ ਹੋਣਾ ਸੀ! ਮੈਂ ਉਦੋਂ ਵੀ ਕਿਤੇ ਇਹ ਨਹੀਂ ਕਿਹਾ ਕਿ ਦਸਮ ਗ੍ਰੰਥ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ। ਦੂਸਰੀ ਗੱਲ ਇਸ ਦੇ ਨਾਲ ਹੀ ਜੁੜੀ ਹੋਈ ਹੈ। ਮੇਰਾ ਬਹੁਤਾ ਕੰਮ ਵਿਭਾਗ ਦੇ ਸੁਭਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਸਬੰਧਤ ਹੈ। ਮੈਂ ਪਹਿਲਾਂ ਦਸਮ ਗ੍ਰੰਥ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਨੂੰ ਪੜ੍ਹਨ ਦੀ ਖੇਚਲ ਹੀ ਨਹੀਂ ਸੀ ਕੀਤੀ। ਆਪਣੇ ਆਪ ਨੂੰ ਚੋਣਵੀਆਂ ਰਚਨਾਵਾਂ ਤੱਕ ਹੀ ਸੀਮਤ ਰੱਖਿਆ ਹੋਇਆ ਸੀ। ਇੱਕ ਵਾਰ ਦੇਹਰਾਦੂਨ ਨਿਰੁਕਤ ਕੇਂਦਰ ਵਿਖੇ ਵਿਭਾਗ ਦੀ ਮੁਖੀ ਹੋਣ ਦੇ ਨਾਤੇ ਮੈਂ ਸੈਮੀਨਾਰ ਕੰਡਕਟ ਕਰ ਰਹੀ ਸਾਂ ਅਤੇ ਡਾ. ਜਸਵੰਤ ਸਿੰਘ ਨੇਕੀ ਪ੍ਰਧਾਨਗੀ ਕਰ ਰਹੇ ਸਨ। ਡਾ. ਜੋਧ ਸਿੰਘ ਨੇ ਸਮੁੱਚੇ ਦਸਮ ਗ੍ਰੰਥ ਦੇ ਹੱਕ ਵਿਚ ਕੁਝ ਕਿਹਾ ਸੀ ਜਿਸ ਨੂੰ ਮੈਂ ਬਤੌਰ ਸਟੇਜ ਸਕੱਤਰ ਦਲੀਲ ਨਾਲ ਕੱਟਿਆ। ਡਾ. ਨੇਕੀ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਹਿਣ ਲੱਗੇ, "ਜਿਹੜੇ ਲੋਕ ਦਸਮ ਗ੍ਰੰਥ ਦੇ ਖਿਲਾਫ ਬੋਲਦੇ ਹਨ, ਅਸਲ ਵਿਚ ਉਨ੍ਹਾਂ ਨੇ ਸਾਰਾ ਦਸਮ ਗ੍ਰੰਥ ਪੜ੍ਹਿਆ ਹੀ ਨਹੀਂ।" ਅਕਾਦਮਿਕ ਸਲੀਕਾ ਪ੍ਰਧਾਨਗੀ ਭਾਸ਼ਣ ਨੂੰ ਕੱਟਣ ਦੀ ਆਗਿਆ ਨਹੀਂ ਦਿੰਦਾ। ਇਸ ਲਈ ਮੈਂ ਚੁੱਪ ਰਹੀ ਪਰ ਮੈਨੂੰ ਇਸ ਗੱਲ 'ਤੇ ਨਿਹਾਇਤ ਗੁੱਸਾ ਆਇਆ। ਲੰਚ ਵੇਲੇ ਵਾਈਸ ਚਾਂਸਲਰ ਡਾ. ਪੁਆਰ ਕਹਿੰਦੇ, "ਗੁਰਨਾਮ! ਇਹ ਤਾਂ ਸਾਰੇ ਦਸਮ ਗ੍ਰੰਥ ਦੇ ਹੱਕ ਵਿਚ ਬੋਲੀ ਜਾਂਦੇ ਹਨ। ਕਹਿੰਦੇ ਹਨ ਕਿ ਚੌਪਈ ਜਿਸ ਦਾ ਸਿੱਖ ਪਾਠ ਕਰਦੇ ਹਨ ਚਰਿਤ੍ਰੋਪਾਖਿਆਨ ਦਾ ਹਿੱਸਾ ਹੈ।" ਮੈਂ ਅੱਗੋਂ ਕਿਹਾ, "ਡਾ. ਸਾਹਿਬ, ਮੈਂ ਪ੍ਰਧਾਨਗੀ ਭਾਸ਼ਣ 'ਤੇ ਕੁੱਝ ਬੋਲਣਾ ਨਹੀਂ ਸੀ ਪਰ ਜਿਹੜੇ ਵਿਦਵਾਨ ਚਰਿਤ੍ਰੋਪਾਖਿਆਨ ਵਰਗੀ ਰਚਨਾ ਨੂੰ ਦਸਮ ਪਾਤਿਸ਼ਾਹ ਹਜ਼ੂਰ ਨਾਲ ਜੋੜਦੇ ਹਨ ਉਹ ਕਿਹੋ ਜਿਹੇ ਸਿੱਖ ਹਨ?" ਉਸ ਤੋਂ ਪਿੱਛੋਂ ਮੈਂ ਦਸਮ ਗ੍ਰੰਥ ਵਿਚ ਸ਼ਾਮਲ ਇੱਕ-ਇੱਕ ਰਚਨਾ ਦਾ ਅਧਿਐਨ ਕੀਤਾ ਅਤੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋਅ ਵਿਚ ਪਰਖਿਆ ਅਤੇ ਲੇਖ ਵੀ ਲਿਖੇ। ਬਿਨਾ ਸਾਰੀਆਂ ਰਚਨਾਵਾਂ ਨੂੰ ਪੜ੍ਹੇ ਜਿਹੜੀ ਗਲਤੀ ਕੀਤੀ ਸੀ ਅਨੁਰਾਗ ਸਿੰਘ ਉਸੇ ਦੇ ਸਿਰ 'ਤੇ ਲਿਖੀ ਜਾਂਦਾ ਹੈ। ਪਰ ਇਹ ਕਿਸ ਸ਼ਾਸਤ੍ਰ ਵਿਚ ਲਿਖਿਆ ਹੈ ਕਿ ਇਨਸਾਨ ਨੂੰ ਆਪਣੀ ਗਲਤੀ ਸੁਧਾਰਨੀ ਨਹੀਂ ਚਾਹੀਦੀ, ਉਸ ਨੂੰ ਗਲਤੀ ਹੀ ਰਹਿਣ ਦੇਣਾ ਚਾਹੀਦਾ ਹੈ? ਮੈਂ ਇਹ ਘਟਨਾ ਪਾਠਕਾਂ ਨਾਲ ਇਸ ਲਈ ਸਾਂਝੀ ਕੀਤੀ ਹੈ ਕਿ ਹੁਣੇ ਹੁਣੇ ਜਦੋਂ ਮੈਂ ਨਿਊ ਯਾਰਕ ਸੈਮੀਨਾਰ ਵਿਚ ਸ਼ਾਮਲ ਹੋਣ ਗਈ ਸੀ (ਜਿਸ ਦੀ ਰਿਪੋਰਟ ਪਾਠਕਾਂ ਨੇ ਪੰਜਾਬ ਟਾਈਮਜ਼ ਵਿਚ ਵੀ ਪੜ੍ਹੀ ਹੈ) ਤਾਂ ਮੈਨੂੰ ਕਈ ਜਣਿਆਂ ਨੇ ਪੁਛਿਆ, "ਤੁਹਾਡੇ ਬਾਰੇ ਵੀ ਅਨੁਰਾਗ ਸਿੰਘ ਨੇ ਕਿਹਾ ਹੈ ਕਿ ਤੁਸੀਂ ਦਸਮ ਗ੍ਰੰਥ ਦੇ ਹੱਕ ਵਿਚ ਹੋ।" ਇਸੇ ਤਰ੍ਹਾਂ ਜਵੱਦੀ ਕਲਾਂ ਟਕਸਾਲ ਬਾਰੇ ਪੜ੍ਹ ਕੇ ਵੀ ਕਈ ਪਾਠਕ ਸੋਚਣ ਲੱਗ ਪੈਣਗੇ ਕਿ ਮੈਂ ਡੇਰਾਵਾਦ ਦੇ ਹੱਕ ਵਿਚ ਹਾਂ। ਪਰ ਸਿੱਖ

## ਰੰਗ-ਬੇਰੰਗ

ਅਕਾਦਮਿਕਤਾ ਦੇ ਖੇਤਰ ਵਿਚ ਜੋ ਯੋਗਦਾਨ ਬਾਬਾ ਸੁੱਚਾ ਸਿੰਘ ਦੀ ਅਗਵਾਈ ਵਿਚ ਜਵੱਦੀ ਕਲਾਂ ਟਕਸਾਲ ਨੇ ਪਾਇਆ, ਉਹ ਆਪਣੇ ਆਪ ਵਿਚ ਇੱਕ ਮਿਸਾਲ ਹੈ ਕਿਉਂਕਿ ਬਾਬਾ ਸੁੱਚਾ ਸਿੰਘ ਅਕਾਲ ਤਖਤ ਨੂੰ ਸਮਰਪਿਤ ਸਿੱਖ ਦੀ ਤਰ੍ਹਾਂ ਵਿਚਰ ਰਹੇ ਸਨ ਨਾ ਕਿ ਨਿਰੇ-ਪੁਰੇ ਇੱਕ ਸੰਤ ਦੀ ਤਰ੍ਹਾਂ? ਜੇ ਬਾਕੀ ਡੇਰਿਆਂ ਦੇ ਸੰਤ-ਜਨ ਵੀ ਸ੍ਰੀ ਅਕਾਲ ਤਖਤ ਤੋਂ ਆਪਣੀ ਮਨਮਰਜੀ ਦੇ ਫ਼ੈਸਲੇ ਕਰਾਉਣ ਦੀ ਥਾਂ, ਸ੍ਰੀ ਅਕਾਲ ਤਖਤ ਵੱਲੋਂ ਪ੍ਰਵਾਨਤ ਰਹਿਤ ਮਰਿਯਾਦਾ ਨੂੰ ਲਾਗੂ ਕਰਨ ਅਤੇ ਲੋਕਾਂ ਨੂੰ ਆਪਣੀ ਪੂਜਾ ਕਰਾਉਣ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੀ ਲੜ ਲਾਉਣ ਅਤੇ ਸੰਤ ਹੋਣ ਨਾਲੋਂ ਗੁਰੂ ਦੇ ਸਿੱਖ ਹੋਣ ਵਿਚ ਮਾਣ ਮਹਿਸੂਸ ਕਰਨ ਤਾਂ ਭਲਾਂ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ?



ਬਾਬਾ ਸੁੱਚਾ ਸਿੰਘ

ਬਾਬਾ ਸੁੱਚਾ ਸਿੰਘ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਅਭਿਆਨ ਸ਼ੁਰੂ ਕੀਤਾ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਾਉਣ ਦਾ, ਜਿਸ ਲਈ ਹਰ ਸਾਲ ਕਈ ਦਿਨਾਂ ਦਾ ਲੰਬਾ ਪ੍ਰੋਗਰਾਮ ਕਰਾਇਆ ਜਾਂਦਾ। ਦੂਰੋਂ-ਦੂਰੋਂ ਰੱਬੀ ਕੀਰਤਨ ਵਿਚ ਹਿੱਸਾ ਲੈਣ ਵਾਲਿਆਂ ਨੂੰ ਸੱਦਿਆ ਜਾਂਦਾ। ਨਿਰਧਾਰਤ ਰਾਗਾਂ ਦਾ ਉਨ੍ਹਾਂ ਰਾਗਾਂ ਦੇ ਗਾਉਣ ਦੇ ਸਮੇਂ ਅਨੁਸਾਰ ਹੀ ਕੀਰਤਨ ਕੀਤਾ ਜਾਂਦਾ ਅਤੇ ਇਸ ਨੂੰ ਕੈਸਟਾਂ ਦੇ ਰੂਪ ਵਿਚ ਰਿਕਾਰਡ ਕੀਤਾ ਜਾਂਦਾ। ਸਾਰਾ ਲੁਧਿਆਣਾ ਸ਼ਹਿਰ ਇਸ ਅਦੁਤੀ ਕੀਰਤਨ ਸਮਾਗਮ ਵਿਚ ਹੁਮ-ਹੁਮਾ ਕੇ ਆਪਣੀ ਹਾਜ਼ਰੀ ਲਵਾ ਕੇ ਰੱਬੀ ਬਾਣੀ ਦਾ ਅਨੰਦ ਮਾਣਦਾ। ਕੀਰਤਨ ਕਰਨ ਵਾਲਿਆਂ ਵਿਚ ਰਾਗੀ ਜਥਿਆਂ ਤੋਂ ਇਲਾਵਾ ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਦੇ ਗੁਰਮਤਿ ਸੰਗੀਤ ਦੇ ਵਿਦਿਆਰਥੀ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ। ਇਸੇ ਸੰਧਰਭ ਵਿਚ ਸਾਡੀ ਆਪਣੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਦੇ ਅਧਿਆਪਕ ਡਾ. ਗੁਰਨਾਮ ਸਿੰਘ, ਡਾ. ਨਿਵੇਦਿਤਾ ਸਿੰਘ, ਡਾ. ਜਸਵੀਰ ਕੌਰ ਆਦਿ ਵੀ ਹਿੱਸਾ ਲੈਂਦੇ ਰਹੇ ਹਨ ਅਤੇ ਪ੍ਰਬੰਧ ਦੀਆਂ ਸੇਵਾਵਾਂ ਵੀ ਨਿਭਾਉਂਦੇ ਰਹੇ ਹਨ। ਵਿਦਿਅਕ ਅਦਾਰਿਆਂ ਦੀ ਤਰ੍ਹਾਂ ਹੀ ਹਰ ਹਿੱਸਾ ਲੈਣ ਵਾਲੇ ਨੂੰ ਸੇਵਾ-ਫਲ ਅਤੇ ਆਉਣ ਜਾਣ ਦਾ ਭੱਤਾ ਵੀ ਦਿੱਤਾ ਜਾਂਦਾ ਸੀ। ਲੁਧਿਆਣੇ ਦੀ ਸੰਗਤ ਵੱਲੋਂ ਆਪ ਹੀ ਲੰਗਰ, ਟੈਂਟਾਂ ਅਤੇ ਰਿਹਾਇਸ਼ ਆਦਿ ਦਾ ਪ੍ਰਬੰਧ ਕੀਤਾ ਜਾਂਦਾ। ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਇਸ ਗੁਰਮਤਿ ਸੰਗੀਤ ਸੰਮੇਲਨ ਵਿਚ ਕੀਰਤਨੀਏ ਸ਼ਿਰਕਤ ਕਰਦੇ। ਬੀਬੀ ਜਸਵੀਰ ਕੌਰ ਖਾਲਸਾ ਦਾ ਯੋਗਦਾਨ ਵੀ ਸ਼ਲਾਘਾਯੋਗ ਰਿਹਾ। ਉਹ ਚੰਗੀ ਸੁਲਝੀ ਹੋਈ ਸਲਾਹਕਾਰ ਦੇ ਨਾਲ ਨਾਲ ਕੁਸ਼ਲ ਪ੍ਰਬੰਧਕ ਵੀ ਰਹੀ ਹੈ। ਕੁਝ ਅਰਸੇ ਬਾਅਦ ਲੁਧਿਆਣੇ ਦੇ ਵਿਦਵਾਨਾਂ ਨੂੰ ਸ਼ਾਇਦ ਬੀਬੀ ਜਸਵੀਰ ਕੌਰ ਖਾਲਸਾ ਦੀ ਸਲਾਹ ਨਾਲ ਹੀ ਟਕਸਾਲ ਨਾਲ ਜੋੜ ਲਿਆ ਗਿਆ ਜਿਨ੍ਹਾਂ ਵਿਚ ਸ. ਅਮਰਜੀਤ ਸਿੰਘ ਗਰੇਵਾਲ ਦਾ ਨਾਮ ਖਾਸ ਜ਼ਿਕਰ ਦੀ ਮੰਗ ਕਰਦਾ ਹੈ ਜੋ ਉਦੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸ਼ਾਇਦ ਪੱਤਰਕਾਰੀ ਵਿਭਾਗ ਵਿਚ ਕੰਮ ਕਰਦੇ ਸਨ। ਸ. ਅਮਰਜੀਤ ਸਿੰਘ ਗਰੇਵਾਲ ਨੇ ਸਿੱਖ ਧਰਮ ਖੇਤਰ ਦੇ ਹੋਰ ਵਿਦਵਾਨਾਂ ਨੂੰ ਵੀ ਟਕਸਾਲ ਨਾਲ ਜੋੜਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਗੰਭੀਰ ਵਿਸ਼ਿਆਂ 'ਤੇ ਹਰ ਸਾਲ ਸੈਮੀਨਾਰ ਕਰਵਾਏ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਚੇਤਨਾ, ਸ਼ਬਦ ਅਤੇ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨ ਦਾ ਸੰਕਲਪ ਆਦਿ। ਹੋਰ ਅਨੇਕਾਂ ਵਿਸ਼ੇ ਸਨ ਜਿਨ੍ਹਾਂ 'ਤੇ ਅੰਤਰ-ਧਰਮ ਅਤੇ ਤੁਲਨਾਤਮਿਕ ਅਧਿਐਨ ਦੇ ਅੰਤਰਗਤ ਵਿਚਾਰ ਗੋਸ਼ਟੀਆਂ ਕੀਤੀਆਂ ਗਈਆਂ। ਇਸ ਕਰਕੇ ਧਰਮ ਅਧਿਐਨ ਦੇ ਖੇਤਰ ਨਾਲ ਜੁੜੇ ਵੱਖ ਵੱਖ ਵਿਦਵਾਨ ਹਿੱਸਾ ਲੈਂਦੇ ਰਹੇ ਹਨ। ਹਿੰਦੁਸਤਾਨ ਦੇ ਵੱਖ ਵੱਖ ਖੇਤਰਾਂ ਵਿਚੋਂ ਆਏ ਵਿਦਵਾਨਾਂ ਨੂੰ ਮਿਲਣ ਦਾ ਵੀ ਇਥੇ ਮੌਕਾ ਮਿਲਿਆ। ਇਨ੍ਹਾਂ ਸਮਾਗਮਾਂ ਲਈ ਬਾਬਾ ਸੁੱਚਾ ਸਿੰਘ ਨਾ ਸਿਰਫ ਵਿਦਵਾਨਾਂ ਦੀ ਹੀ ਸਲਾਹ ਲੈਂਦੇ ਸਨ ਸਗੋਂ ਐਸ.ਜੀ.ਪੀ.ਸੀ. ਦੇ ਉਦੋਂ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਮੇਤ ਤਖਤਾਂ ਦੇ ਜਥੇਦਾਰ ਸਾਹਿਬਾਨ ਜਿਵੇਂ ਭਾਈ ਮਨਜੀਤ ਸਿੰਘ ਅਤੇ ਹੋਰ ਧਾਰਮਿਕ ਹਸਤੀਆਂ ਨਾਲ ਵੀ ਸਲਾਹ-ਮਸ਼ਵਰਾ ਕਰਦੇ। ਗੁਰਮਤਿ ਸੰਗੀਤ ਦੇ ਨਾਲ ਨਾਲ ਹੀ ਸੈਮੀਨਾਰ ਦਾ ਪ੍ਰੋਗਰਾਮ ਚੱਲਦਾ ਜਿਸ ਲਈ ਅਲੱਗ ਟੈਂਟ ਲਾਏ ਜਾਂਦੇ। ਸੰਗਤ ਅਤੇ ਵਿਦਵਾਨ ਆਪਣੀ ਰੁਚੀ ਅਨੁਸਾਰ ਦੋਵਾਂ ਵਿਚੋਂ ਕਿਸੇ ਇੱਕ ਦਾ ਅਨੰਦ ਮਾਣ ਸਕਦੇ ਸਨ। ਸੈਮੀਨਾਰ ਵਾਲੀ ਥਾਂ 'ਤੇ ਬਾਕਾਇਦਾ ਕੁਰਸੀਆਂ ਦਾ ਪ੍ਰਬੰਧ ਕੀਤਾ ਜਾਂਦਾ। ਸ. ਅਮਰਜੀਤ ਸਿੰਘ ਨੂੰ ਧਰਮ ਅਤੇ ਸਾਹਿਤ ਵਿਚ ਬਹੁਤ ਮੁਹਾਰਤ ਹਾਸਲ ਹੈ। ਡਿਗਰੀਆਂ ਪੱਖੋਂ ਭਾਵੇਂ ਨਾ ਸਹੀ ਪਰ ਪੜ੍ਹਨ-ਲਿਖਣ ਦੇ ਮਾਮਲੇ ਵਿਚ ਉਹ ਚੰਗੇ ਚੰਗੇ ਵਿਦਵਾਨਾਂ ਨੂੰ ਮਾਤ ਪਾਉਂਦਾ ਹੈ। ਉਸ ਨੂੰ ਪੱਛਮੀ ਪੋਸਟ ਮਾਡਰਨ ਇਨਸਾਈਟਸ ਦੀ ਬਹੁਤ ਬਾਰੀਕੀ ਵਿਚ ਸਮਝ ਹੈ। ਉਸ ਦੀ ਇਹ ਰੀਝ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਚਿੰਤਨ ਦਾ ਅਧਿਐਨ ਪ੍ਰਾਪਤ ਪੋਸਟ ਮਾਡਰਨ ਇਨਸਾਈਟਸ ਦੇ ਨਜ਼ਰੀਏ ਤੋਂ ਕੀਤਾ ਜਾਵੇ ਤਾਂ ਅਸੀਂ ਚਿੰਤਨ ਦੇ ਖੇਤਰ ਵਿਚ ਬਹੁਤ ਕੁੱਝ ਕਰ ਸਕਦੇ ਹਾਂ। ਘੱਟੋ-ਘੱਟ ਮੈਂ ਉਸ ਦੀਆਂ ਕੋਸ਼ਿਸ਼ਾਂ ਨੂੰ ਇਵੇਂ ਹੀ ਸਮਝਿਆ ਹੈ। ਮੇਰੀ ਧਾਰਨਾ ਗਲਤ ਵੀ ਹੋ ਸਕਦੀ ਹੈ ਪਰ ਮੈਂ ਇਵੇਂ ਹੀ ਸੋਚਦੀ ਹਾਂ। ਸਮੇਂ ਦੇ ਹਾਣ ਦਾ ਹੋਣ ਲਈ, ਖਾਸ ਕਰਕੇ ਹੁਣ ਜਦੋਂ ਗਲੋਬਲ ਪਿੰਡ ਦੀ ਗੱਲ ਚਲਦੀ ਹੈ, ਇਹ ਬੇਹੱਦ ਜ਼ਰੂਰੀ ਹੈ। ਮਹਿਜ ਪਰੰਪਰਕ ਵਿਆਖਿਆ ਨਾਲ ਹੁਣ ਕੰਮ ਨਹੀਂ ਸਰਦਾ। ਹਰ ਸਾਲ ਦੇ ਸੈਮੀਨਾਰ ਪਰਚਿਆਂ ਨੂੰ ਪੁਸਤਕ ਰੂਪ ਵਿਚ ਛਾਪਿਆ ਜਾਂਦਾ ਸੀ। ਡਾ. ਗੁਰਭਗਤ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਡਾ. ਸੁਤਿੰਦਰ ਸਿੰਘ ਨੂਰ, ਦਿੱਲੀ, ਡਾ. ਜਗਬੀਰ ਸਿੰਘ, ਦਿੱਲੀ ਡਾ. ਅਸਗਰ ਅਲੀ ਇੰਜੀਨੀਅਰ ਆਦਿ ਖਾਸ ਵਰਣਨਯੋਗ ਨਾਮ ਹਨ ਜਿਹੜੇ ਸਾਡੇ ਵਾਂਗ ਹੀ ਅਧਿਐਨ ਦੇ ਖੇਤਰ ਵਿਚ ਲਗਾਤਾਰ ਜਵੱਦੀ ਕਲਾਂ ਟਕਸਾਲ ਨਾਲ ਜੁੜੇ ਹੋਏ ਸਨ। ਬਾਕੀ ਚਰਚਾ ਅਗਲੇ ਲੇਖ ਵਿਚ।

## ਸਿਆਣਿਆਂ ਦਾ ਕਿਹਾ

(1) ਜਿਹੜਾ ਚੰਦਰਮਾ ਕਦੇ ਪੂਜਨੀਕ ਸੀ-ਹਿੰਦੂ ਔਰਤਾਂ ਕਰਵਾ ਚੌਥ ਦਾ ਵਰਤ ਰਖ ਕੇ ਉਸ ਨੂੰ ਅਰਘ ਦੇਂਦੀਆਂ ਸਨ ਅਤੇ ਮੁਸਲਮਾਨ ਲੋਕ ਚੰਦਰਮਾ ਨੂੰ ਦੇਖ ਕੇ ਰੋਜ਼ਾ ਖੋਲਦੇ ਸਨ। ਉਹ ਚੰਦਰਮਾ ਅੱਜ ਲੋਕਾਂ ਦੇ ਪੈਰਾਂ ਥੱਲੇ ਹੈ।

(2) ਕੁਰਬਾਨੀ ਤਾਂ ਬੱਕਰਿਆਂ ਦੀ ਵੀ ਬਹੁਤ ਹੁੰਦੀ ਹੈ। ਭਾਰਤ ਅੰਦਰ ਸਿੱਖਾਂ ਅਤੇ ਬੱਕਰਿਆਂ ਦੀ ਕੁਰਬਾਨੀ ਵਿਚ ਕੋਈ ਫਰਕ ਨਹੀਂ। ਬੱਕਰਿਆਂ ਨੂੰ ਛੋਲੇ ਚਾਰ ਕੇ ਮੋਟਾ ਕੀਤਾ ਅਤੇ ਵੱਢ ਲਿਆ। ਸਿੱਖਾਂ ਨੂੰ ਭਾਰਤੀ ਫੌਜ ਵਿਚ ਭਰਤੀ ਕੀਤਾ, ਬੱਕਰਿਆਂ ਵਾਂਗ ਹੀ ਪਰਵਰਿਸ਼ ਕੀਤੀ ਤੇ ਜੰਗ ਵਿਚ ਝੋਕ ਦਿੱਤਾ।

(3) ਖਾਲਿਸਤਾਨ ਦੀ ਆਜ਼ਾਦੀ ਦੇ ਪਰਵਾਨੇ ਯਾਦ ਰੱਖਣ, ਨਾ ਨੌਕਰੀਪੇਸ਼ਾ ਲੋਕ ਸਰਕਾਰ ਨਾਲ ਪੰਗਾ ਲੈ ਸਕਦੇ ਹਨ ਤੇ ਨਾ ਹੀ ਦੁਕਾਨਦਾਰ।

(4) ਜੋ ਪੰਜਾਬੀ ਹੁੰਦਿਆਂ ਪੰਜਾਬੀ ਨਹੀਂ ਬਣ ਸਕਿਆ ਉਹਨੇ ਭਾਰਤੀ ਸੁਆਹ ਬਣਨਾ ਹੈ।

(5) ਜਿਹੜਾ ਆਪਣੀ ਮਾਤ ਭਾਸ਼ਾ ਹੀ ਭੁੱਲ ਗਿਆ ਉਹ ਤਾਂ ਇੱਕ ਜਿਉਂਦੀ ਲਾਸ਼ ਹੈ।

(6) ਆਪਣੇ ਦੀਪਕ ਆਪ ਬਣੋ।

(7) ਮਨੁੱਖ ਆਪਣਾ ਸਵਾਮੀ ਆਪ ਹੈ।

(8) ਔਰਤ ਗੁਰੂ ਨਹੀਂ ਬਣ ਸਕਦੀ ਪਰ ਚੇਲੀ ਬਹੁਤ ਛੇਤੀ ਬਣ ਜਾਂਦੀ ਹੈ।

(9) ਸਿੱਖ ਧਰਮ ਅਤੇ ਦੂਜੇ ਧਰਮਾਂ ਵਿਚ ਮੁਢਲਾ ਫਰਕ ਇਹ ਹੈ ਕਿ ਦੂਜੇ ਧਰਮਾਂ ਦੀ ਸ਼ੁਰੂਆਤ ਜਾਂ ਮਾਨਤਾ ਇਸ ਕਰਕੇ ਹੋਈ ਕਿ ਹਿੰਦੂਆਂ ਦੇ ਭਗਵਾਨ-ਰਾਮ-ਕ੍ਰਿਸ਼ਨ, ਜੈਨੀਆਂ ਦੇ ਚੌਵੀ ਤੀਰਥੰਕਰ, ਬੁੱਧ ਧਰਮ ਦੇ ਮਹਾਤਮਾ ਬੁੱਧ, ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ, ਸਾਰੇ ਹੀ ਰਾਜੇ ਜਾਂ ਰਾਜਿਆਂ ਦੇ ਪੁੱਤਰ ਸਨ। ਪਰ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਸਿਰਫ ਇੱਕ ਪਟਵਾਰੀ ਦੇ ਪੁੱਤਰ ਸਨ।

(10) ਦਿੱਲੀ ਦੀ ਕਿਹੜੀ ਦਿਸ਼ਾ ਹੈ ਜਿੱਧਰ ਅੱਗ ਨਹੀਂ ਬੀਜੀ ਗਈ? ਕਿਤੇ ਧੁੱਖ ਰਹੀ ਹੈ ਕਿਤੇ ਭਾਂਬੜ ਨਿਕਲ ਰਹੇ ਹਨ। ਉਤਰ-ਪਛਮ ਵਿਚ ਪੰਜਾਬ ਦੇ ਹਰੇ ਭਰੇ ਖੇਤ ਅਤੇ ਕਸ਼ਮੀਰ ਦੀਆਂ ਰੰਗੀਨ ਵਾਦੀਆਂ ਹਨ ਜਿਨ੍ਹਾਂ ਵਿਚ ਹਥਿਆਰ ਬੀਜੇ ਗਏ। ਪੂਰਬ ਵਿਚ ਅਸਾਮ ਹੈ ਜਿੱਥੇ ਬਰੂਦੀ ਸੁਰੰਗਾਂ ਵਿਛਾਈਆਂ ਗਈਆਂ। ਦੱਖਣ ਵਿਚ ਤਾਮਿਲ ਹਨ ਜਿੱਥੇ ਅੱਗ ਨਾਲ ਖੇਡਿਆ ਗਿਆ।

(11) ਵਕਤ ਦਾ ਅਧਿਆਪਕ ਆਦਮੀ ਨੂੰ ਬਹੁਤ ਕੁੱਝ ਸਿਖਾਉਂਦਾ ਹੈ ਪਰ ਉਸ ਤੋਂ ਪੜ੍ਹਨਾ ਕੋਈ ਕੋਈ ਜਾਣਦਾ ਹੈ।

(12) ਪੰਜਾਬ, ਅਸਾਮ, ਜੰਮੂ ਕਸ਼ਮੀਰ, ਸ੍ਰੀਲੰਕਾ, ਬੰਗਲਾਦੇਸ਼ ਵੱਲ ਤੱਕੋ। ਇਨ੍ਹਾਂ ਥਾਂਵਾਂ 'ਤੇ ਪੈਦਾ ਹੋਈਆਂ ਮੁਸੀਬਤਾਂ ਦੇ ਪਿਛੋਕੜ 'ਚ ਝਾਕਣ ਦੀ ਥੋੜੀ ਜਿਹੀ ਹਿੰਮਤ ਕਰੋ, ਤੁਹਾਨੂੰ ਵਾਰ ਵਾਰ ਇੱਕੋ ਚਿਹਰਾ ਕਟਹਿਰੇ 'ਚ ਖੜਾ ਨਜ਼ਰ ਆਵੇਗਾ। ਉਹ ਹੈ ਹਿੰਦੂ ਮਾਫੀਆ ਸਰਗਣੇ ਦੀ ਮੁਖੀ ਇੰਦਰਾ ਗਾਂਧੀ ਦਾ।

(13) ਜਦੋਂ ਕੋਈ ਹੁਕਮਰਾਨ ਜ਼ਮਹੂਰੀ ਤੌਰ ਤਰੀਕਿਆਂ ਨਾਲ ਉਠੀ ਲਹਿਰ ਨੂੰ ਨਾ ਗੌਲੇ ਤਾਂ ਨਤੀਜਾ ਸਦਾ ਹਥਿਆਰਬੰਦ ਬਗਾਵਤ ਹੁੰਦੀ ਹੈ।

(14) ਜਦੋਂ ਕਿਸੇ ਦੇ ਸਰੀਰ 'ਤੇ ਸੱਟ ਲੱਗੇ ਤਾਂ ਕਹਿ ਦਿੰਦੇ ਹਾਂ ਕਿ ਇਹ ਜਖਮੀ ਹੈ ਪਰ ਜਦੋਂ ਕਿਸੇ ਦੇ ਮਨ ਜਾਂ ਦਿਮਾਗ 'ਤੇ ਸੱਟ ਲਗਦੀ ਹੈ ਤਾਂ ਕਹਿਣਾ ਸ਼ੁਰੂ ਕਰ ਦਿੰਦੇ ਹਾਂ ਕਿ ਇਹ ਤਾਂ ਪਾਗਲ ਹੈ।

(15) ਸਿੱਖੀ ਸੰਭਾਲ ਲਈ, ਊਤਾ ਅਤੇ ਜੂੜਾ ਪਹਿਲਾਂ ਸੰਭਾਲੋ।

(16) ਭਾਰਤੀ ਹੁਕਮਰਾਨਾਂ ਨੇ ਲੋਕਤੰਤਰ ਵਿਚੋਂ ਲੋਕ ਸ਼ਬਦ ਮਨਫੀ ਕਰਕੇ ਕੇਵਲ ਤੰਤਰ ਕੋਲ ਰੱਖ ਲਿਆ। ਬੱਸ ਫਿਰ ਕੀ ਸੀ?

(17) ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਬਹੁਤ ਸਾਰੇ ਭਾਰਤ ਹਨ, ਬੇਸ਼ੁਮਾਰ ਸਲਤਨਤਾਂ ਹਨ, ਪਰਜਾ ਹੈ, ਰਾਜੇ ਹਨ।

(18) ਇਤਿਹਾਸ ਦੀ ਨਫਰਤ ਦੇ ਸਭ ਪਾਤਰ, ਸਭ ਘਟਨਾਵਾਂ ਅਤੇ ਸਭ ਕਾਂਡ ਜਿਉਂ ਦੇ ਤਿਉਂ ਤੇਰੇ ਤੇ ਮੇਰੇ ਵਰਤਮਾਨ 'ਚ ਜਿਉਂਦੇ ਹਨ। ਨਾ ਔਰੰਗਜ਼ੇਬ ਕਿਧਰੇ ਗਿਆ ਹੈ, ਨਾ ਬਾਬਰ ਅੱਜੇ ਮਰਿਆ ਹੈ, ਨਾ ਈਸਟ ਇੰਡੀਆ ਕੰਪਨੀ ਜਲਾਵਤਨ ਹੋਈ ਹੈ, ਨਾ ਅੰਗਰੇਜ਼ ਨੂੰ ਦੇਸ਼ ਨਿਕਾਲਾ ਮਿਲਿਆ ਹੈ? ਅਜੇ ਤਾਂ ਜਲਿਆਂ ਵਾਲਾ ਬਾਗ ਵੀ ਇਥੇ ਹੀ ਕਿਧਰੇ ਹੈ।

(19) ਭਾਰਤੀ ਲੋਕਤੰਤਰ ਅਗਵਾ ਹੋ ਗਿਆ ਹੈ। ਲੋਕਤੰਤਰ ਗੁੰਮਰਾਹ ਹੋ ਗਿਆ ਹੈ। ਭਾਰਤੀ ਲੋਕਤੰਤਰ ਬੇਗੁਨਾਹਾਂ ਦੇ ਖੂਨ ਵਾਲੇ ਛੱਪੜ 'ਚ ਡੁੱਬ ਕੇ ਮਰ ਗਿਆ ਹੈ।

ਪੇਸ਼ਕਾਰ-ਪਰਮਜੀਤ ਸਿੰਘ ਦਾਖਾ

# ਹੁਸ਼ਿਆਰ ਹੋ ਜਾਓ...ਵੈਰੀ ਦਾ ਪਹਿਲਾ ਵਾਰ

25 ਮਾਰਚ ਬੁੱਧਵਾਰ ਦੀ ਸ਼ਾਮ ਨੂੰ ਸਾਨ ਫਰਾਂਸਿਸਕੋ ਵਿਚ 'ਯੁਗਾਂਤਰ ਆਸ਼ਰਮ' ਵੱਲੋਂ ਅਮਰੀਕਨਾਂ ਲਈ ਬੜਾ ਜਲਸਾ ਕੀਤਾ ਗਿਆ। ਇਸ ਦੇ ਪ੍ਰਧਾਨ ਮਿਸਟਰ ਸਮਿੱਥ ਮਸ਼ਹੂਰ ਵਕੀਲ ਸਨ। ਜਲਸੇ ਵਿਚ ਕੋਈ ਢਾਈ ਸੌ ਆਦਮੀ ਇਕੱਠੇ ਹੋਏ। ਇਸ ਵਿਚ ਮਿਸਟਰ ਨੀਟੋਂ, ਸ੍ਰੀਮਤੀ ਬੇਨ ਅਤੇ ਮਿਸਟਰ ਬੈਰੀ ਨੇ ਪ੍ਰੋਜਨ ਦਾ ਇਕਰਾਰ ਕੀਤਾ ਸੀ। ਸਭ ਆਦਮੀ ਪਹਿਲਾਂ ਹੀ ਆ ਗਏ ਸਨ। ਸਾਨੂੰ ਸੜਕ ਪੁਰ ਬਾਹਰ ਅਤੇ ਆਸ਼ਰਮ ਦੇ ਸੇਵਕ ਉਡੀਕ ਰਹੇ ਸਨ। ਮੈਂ ਇਕ ਮਿੱਤਰ ਨਾਲ ਆਇਆ। ਜਦ ਮੈਂ ਉਪਰ ਜਾਣ ਲੱਗਾ ਤਾਂ ਪੌੜੀਆਂ ਦੇ ਪਾਸ ਦੋ-ਤਿੰਨ ਆਦਮੀ ਮਾਮੂਲੀ ਪੁਸ਼ਾਕ ਵਿਚ ਖੜ੍ਹੇ ਦਿਖਾਈ ਦਿੱਤੇ। ਉਨ੍ਹਾਂ ਵਿਚੋਂ ਇਕ ਨੇ ਪੁੱਛਿਆ ਕਿ ਤੇਰਾ ਨਾਂ ਹਰਦਿਆਲ ਹੈ। ਮੈਂ ਕਿਹਾ 'ਹਾਂ'। ਤਦ ਉਹ ਮੈਨੂੰ ਜੁਦਾ ਲਿਜਾ ਕੇ ਕਹਿਣ ਲੱਗਾ ਕਿ ਤੇਰੇ ਨਾਮ ਇਮੀਗ੍ਰੇਸ਼ਨ ਵੱਲੋਂ ਵਾਰੰਟ ਜਾਰੀ ਹੋਇਆ ਹੈ ਕਿ ਤੈਨੂੰ ਅਮਰੀਕਾ ਵਿਚੋਂ ਕੱਢਿਆ ਜਾਵੇ। ਕਿਉਂਕਿ ਤੇਰੇ ਪੁਰ... ... ... ਦੇ ਅਨੁਸਾਰ ਕਾਨੂੰਨ ਆਉਂਦਾ ਹੈ। ਇਸ ਵਾਸਤੇ ਤੁਸੀਂ ਸੁਬ੍ਹਾ ਆ ਕੇ ਆਪਣੇ ਮੁਕੱਦਮੇ ਦੀ ਪੈਰਵੀ ਕਰਨੀ। ਹੁਣ ਕਿਉਂਕਿ ਤੁਸਾਂ ਦਾ ਲੈਕਚਰ ਹੈ, ਇਸ ਵਾਸਤੇ ਤੁਸਾਂ ਨੂੰ ਨਹੀਂ ਫੜਦੇ। ਤੂੰ ਬਚਨ ਕਰ ਲੈ ਕਿ ਸਵੇਰੇ ਜ਼ਰੂਰ ਆਵੇਂਗਾ। ਮੈਂ ਵਾਰੰਟ ਪੜ੍ਹ ਕੇ ਹੱਸ ਪਿਆ ਕਿਉਂਕਿ ਮੈਨੂੰ ਪਤਾ ਸੀ ਕਿ ਅਜਿਹਾ ਵਾਰੰਟ ਆਉਣ ਵਾਲਾ ਹੈ। ਮੈਂ ਤਿਆਰ ਸੀ। ਇਸ ਤੋਂ ਬਗੈਰ ਵਾਰੰਟ ਵਿਚ ਬਹੁਤ ਗਲਤੀਆਂ ਸਨ। ਮੈਂ ਸੋਚਿਆ ਕਿ ਕੋਈ ਡਰ ਵਾਲੀ ਬਾਤ ਨਹੀਂ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਕੋਈ ਗੱਲ ਨਹੀਂ, ਮੈਂ ਜ਼ਰੂਰ ਆ ਜਾਊਂਗਾ। ਮੈਂ ਤੁਸਾਂ ਦੇ (ਚੰਗੇ) ਵਰਤਾਓ ਦਾ ਧੰਨਵਾਦ ਕਰਦਾ ਹਾਂ।

ਵਧਾਈ!: ਉਸ ਵੇਲੇ ਆਸ਼ਰਮ ਦੇ ਸੇਵਕ ਕੋਈ ਘਬਰਾਏ ਨਹੀਂ ਅਤੇ ਮੈਂ ਕਿਹਾ 'ਵੰਦੇ ਮਾਤਰਮ' ਵਧਾਈ! ਇਹ ਦੁਸ਼ਮਣ ਦਾ ਪਹਿਲਾ ਵਾਰ ਹੈ ਪਰ ਜਿੱਤ ਅਸਾਂ ਦੀ ਹੋਵੇਗੀ। ਇਸ ਮਗਰੋਂ ਜਲਸਾ ਸ਼ੁਰੂ ਹੋਇਆ ਅਤੇ ਇਕ ਦੇਸ਼ ਭਗਤ ਨੇ ਪਹਿਲਾਂ ਲੰਬਾ ਵਿਖਿਆਨ ਕੀਤਾ। ਅੰਗਰੇਜ਼ਾਂ ਦੇ ਜ਼ੁਲਮ ਦਾ ਹਾਲ ਸੁਣਾਇਆ ਜਿਸ ਨਾਲ ਸੁਣਨ ਵਾਲਿਆਂ ਪੁਰ ਬੜਾ ਅਸਰ ਹੋਇਆ। ਫੇਰ ਸ੍ਰੀਮਤੀ ਬੇਨ (ਅਮਰੀਕਨ ਔਰਤ) ਨੇ ਜੋਸ਼ ਭਰਿਆ ਲੈਕਚਰ ਦਿੱਤਾ ਅਤੇ ਹਿੰਦੋਸਤਾਨ ਨਾਲ ਹਮਦਰਦੀ ਜ਼ਾਹਿਰ ਕੀਤੀ ਤੇ ਕਿਹਾ, ਮੈਂ ਗ਼ਦਰ ਪਾਰਟੀ ਦੀ ਸੇਵਾ ਵਾਸਤੇ ਹਰ ਤਰ੍ਹਾਂ ਤਿਆਰ ਹਾਂ। ਇਸ ਮਗਰੋਂ ਮੈਂ ਥੋੜ੍ਹੇ ਮਿੰਟ ਬੋਲਿਆ, "ਅੰਗਰੇਜ਼ੀ ਕੌਂਸਲ ਨਾਲ ਮਿਲ ਕੇ ਮੇਰੇ (ਮੈਨੂੰ) ਕੱਢਣ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਮੈਂ ਲਲਕਾਰ ਕੇ ਕਹਿੰਦਾ ਹਾਂ ਕਿ (ਇਹ ਗੱਲ) ਉਨ੍ਹਾਂ (ਲਈ) ਉਲਟੀ ਪਊਗੀ। ਮੈਂ ਆਪਣੀ ਆਤਮਾ ਨੂੰ ਮਾਰ ਕੇ ਕਿਸੇ ਦੇਸ਼ ਵਿਚ ਰਹਿਣਾ ਨਹੀਂ ਚਾਹੁੰਦਾ ਹਾਂ। ਮੈਂ ਕਿਸੇ ਗਵਰਮਿੰਟ ਤੋਂ ਨਹੀਂ ਡਰਦਾ ਹਾਂ। ਜੇ ਮੈਂ ਇਕ ਦੇਸ਼ ਵਿਚੋਂ ਕੱਢਿਆ ਜਾਵਾਂਗਾ ਤਾਂ ਮੈਂ ਦੂਜੇ ਦੇਸ਼ਾਂ ਵਿਚੋਂ ਗ਼ਦਰ ਦੀ ਤਿਆਰੀ ਕਰ ਸਕਦਾ ਹਾਂ। ਹਮਾਰੇ ਆਸ਼ਰਮ ਅਤੇ ਗ਼ਦਰ ਪਾਰਟੀ ਦੀ ਜੜ੍ਹ ਅਜਿਹੀ ਮਜ਼ਬੂਤ ਹੈ ਕਿ ਮੇਰੇ ਚਲੇ ਜਾਣ ਤੋਂ (ਬਾਅਦ) ਭੀ ਇਹ ਕੰਮ ਬੰਦ ਨਹੀਂ ਹੋਵੇਗਾ ਅਤੇ ਅੱਗੇ ਗ਼ਦਰ ਵਾਸਤੇ ਤਾਂ ਮੈਂ ਜਰਮਨੀ ਨੂੰ ਜਾਣਾ ਹੀ ਹੈ। ਬਸ ਮੇਰਾ ਕੋਈ ਪਰਿਵਾਰ ਨਹੀਂ ਹੈ।"

ਜਲਸੇ ਵਿਚ ਅੱਛੀ ਰੌਣਕ ਸੀ। ਇਕ ਅਮਰੀਕਨ ਔਰਤ ਨੇ ਉਠ ਕੇ ਗੁਰਮਤਾ ਪੇਸ਼ ਕੀਤਾ ਕਿ ਅਸੀਂ ਹਿੰਦੋਸਤਾਨ ਦੀ ਗ਼ਦਰ ਪਾਰਟੀ ਦੇ ਹਾਮੀ ਹਾਂ ਕਿਉਂਕਿ ਅਮਰੀਕਨ ਕੌਮ ਵੀ ਅੰਗਰੇਜ਼ਾਂ ਦੇ ਵਿਰੁਧ ਗ਼ਦਰ ਕਰ ਕੇ ਬਣੀ ਹੈ। ਇਹ ਸਾਰੇ ਅਮਰੀਕਨਾਂ ਦੀ ਰਾਇ ਨਾਲ ਪਾਸ ਹੋ ਗਿਆ।

ਜਲਸੇ ਤੋਂ ਮਗਰੋਂ ਸਾਰੇ...ਖੁਸ਼ੀ ਵਿਚ ਕਹਿਣ ਲੱਗੇ ਕਿ ਚਾਰ ਮਹੀਨੇ...। ਗਵਰਮਿੰਟ ਨੂੰ ਇਨਾ ਡਰਾ ਦਿੱਤਾ ਹੈ ਕਿ...ਇਕ ਆਦਮੀ ਨੂੰ ਦੁੱਖ ਦੇਣ ਲਈ...ਅੰਗਰੇਜ਼ੀ ਰਾਜ ਅਤੇ ਕਿੱਥੇ ਇਕ ਮਾੜੀ...। ਦਾ ਅਖ਼ਬਾਰ, ਪਰ ਸੱਚਾਈ...ਕੰਬ ਰਿਹਾ ਹੈ, ਇਹ ਸਾਡੀ ਜਿੱਤ...।

ਰਾਤ ਨੂੰ ਅਮਰੀਕਨ ਦੋਸਤਾਂ ਨੂੰ ਖ਼ਬਰ ਦਿੱਤੀ। ਸਾਰੇ ਅਖ਼ਬਾਰਾਂ ਵਾਲੇ, ਵਕੀਲ, ਰਈਸ, ਕਈ ਦੋਸਤ ਨਾਲ ਜਾਣ ਨੂੰ ਤਿਆਰ ਹੋ ਗਏ। ਅਮਰੀਕਨ ਔਰਤਾਂ ਜ਼ਮਾਨਤ ਦੇਣ ਦਾ ਬੰਦੋਬਸਤ ਕਰਨ ਲੱਗ ਪਈਆਂ। 26 ਮਾਰਚ ਵੀਰਵਾਰ ਨੂੰ ਸਵੇਰੇ ਪੌਣੇ ਨੌਂ ਵਜੇ ਦੂਸਰੇ ਸਾਥੀਆਂ ਸਣੇ ਕੁਆਰਨਟੀਨ ਨੂੰ ਬੋਟ ਪੁਰ ਗਏ। ਕੁਝ ਹਿੰਦੀ ਭਾਈ ਵੀ ਨਾਲ ਜਾਣ ਵਾਸਤੇ ਤਿਆਰ ਹੋਏ ਪਰ ਜਾਣ ਨਾ ਦਿੱਤਾ ਪਰ ਜਿਹੜੇ ਅਮਰੀਕਨ ਨਾਲ ਗਏ ਸਨ, ਉਨ੍ਹਾਂ ਦਾ ਬੜਾ ਅੱਛਾ ਅਸਰ ਹੋਇਆ।

ਕੁਆਰਨਟੀਨ ਵਿਚ ਪਹੁੰਚ ਕਰ ਅਮਰੀਕਨ ਅਫ਼ਸਰਾਂ ਨੇ ਅੱਛਾ ਵਰਤਾਅ ਕੀਤਾ। ਦਫ਼ਤਰ ਵਿਚ ਮੈਨੂੰ ਕਾਗਜ਼ ਦਿਖਾਏ ਜਿਸ ਵਿਚ ਉਹ ਲੈਕਚਰ ਅਤੇ ਲੇਖ ਸਨ ਜਿਨ੍ਹਾਂ ਕਾਰਨ ਵਾਰੰਟ ਜਾਰੀ ਹੋਇਆ ਸੀ। ਇਸ ਵਿਚ ਰੂਸ ਪੁਰ ਇਕ ਲੈਕਚਰ ਸੀ ਜਿਹੜਾ 31 ਅਕਤੂਬਰ, 1913 ਨੂੰ ਮੈਂ ਦਿੱਤਾ ਸੀ ਅਤੇ ਅਖ਼ਬਾਰ 'ਗ਼ਦਰ' ਦੇ ਪੰਦਰਾਂ-ਸੋਲਾਂ ਲੇਖ ਸਨ। ਇਨ੍ਹਾਂ ਦਾ ਤਰਜਮਾ ਕੀਤਾ ਹੋਇਆ ਸੀ। ਮੈਨੂੰ ਪੁੱਛਿਆ ਕਿ ਕੀ ਮੈਂ ਇਹ ਲੇਖ ਲਿਖੇ ਹਨ। ਅਸਲ ਵਿਚ ਮੈਂ ਕਹਿ ਸਕਦਾ ਸੀ ਕਿ ਮੈਂ ਨਹੀਂ ਲਿਖੇ ਕਿਉਂਕਿ ਉਸ ਵਿਚ ਮੇਰਾ ਨਾਂ ਨਹੀਂ ਸੀ। ਪਰ ਉਨ੍ਹਾਂ ਅਫ਼ਸਰਾਂ ਪੁਰ ਬੜੀ ਹਾਸੀ ਆਉਂਦੀ ਸੀ ਕਿ ਉਹ ਮੇਰੇ ਪੁਰ ਐਵੇਂ ਮੱਲੋ-ਮੱਲੀ ਲੇਖ ਲਾਉਂਦੇ ਸਨ। ਅਤੇ ਮਾਲੂਮ ਨਾ ਕੀਤਾ ਕਿ ਸਕੱਤਰ ਯੁਗਾਂਤਰ ਆਸ਼ਰਮ ਕੌਣ ਹੈ। ਪਰ ਮੈਂ ਸਮਝਿਆ ਅਡੀਟਰੀ ਮੰਨ ਲਵਾਂਗਾ। ਤਦ ਮੈਂ ਕਿਹਾ ਕਿ ਹਾਂ, ਮੈਂ ਇਹ ਲੇਖ ਲਿਖੇ ਹਨ। ਪਰ ਹੁਣ ਮੈਂ ਕਿਹਾ-ਤਰਜਮਾ ਠੀਕ ਨਹੀਂ। ਇਸ ਵਿਚ ਗ਼ਲਤੀਆਂ ਬਹੁਤ ਹਨ। ਇਹ ਤਰਜਮਾ ਕਿਸੇ ਅਮਰੀਕਨ ਜਾਂ ਅੰਗਰੇਜ਼ ਨੇ ਕੀਤਾ ਹੈ। ਮੈਂ ਠੀਕ ਤਰਜਮਾ ਕਰੂੰਗਾ, ਤਦ ਠੀਕ ਹੋਵੇਗਾ।

ਛੇਕੜ ਮੈਂ ਕਿਹਾ-ਸਾਊ! ਇਸ ਵਾਰੰਟ ਵਿਚ ਤਾਂ ਲਿਖਿਆ ਹੈ ਕਿ ਮੈਂ ਨਾ ਮਾਲੂਮ ਘਾਟ ਪੁਰ ਆ ਕੇ ਉਤਰਿਆ ਹਾਂ ਅਤੇ 28 ਤਾਰੀਖ਼ 1911 ਤੋਂ ਮਗਰੋਂ ਆਇਆ ਹਾਂ। ਇਹ ਬਿਲਕੁਲ ਗ਼ਲਤ ਹੈ। ਤੁਸੀਂ ਆਪਣੇ ਦਫ਼ਤਰ ਦੇ ਰਜਿਸਟਰ ਦੇਖੋ, ਤਾਂ ਮਾਲੂਮ ਹੋਵੇਗਾ ਕਿ ਮੈਂ 10 ਫਰਵਰੀ, 1911 ਨੂੰ ਨਿਊ ਯਾਰਕ ਉਤਰਿਆ ਹਾਂ। ਹੁਣ ਮੈਨੂੰ ਇਸ ਮੁਲਕ ਵਿਚ ਰਹਿੰਦੇ ਹੋਏ ਤਿੰਨ ਸਾਲ ਹੋ ਗਏ ਹਨ। ਬਸ ਤੁਸੀਂ ਮੈਨੂੰ ਨਹੀਂ ਫੜ ਸਕਦੇ। ਤੁਸਾਂ ਦੇ ਮਹਿਕਮੇ ਦਾ ਮੇਰੇ ਉਪਰ ਕੋਈ ਅਖ਼ਤਿਆਰ ਨਹੀਂ।

ਇਹ ਗੱਲ ਸੁਣ ਕੇ ਅਫ਼ਸਰ ਬੜਾ ਹੈਰਾਨ ਹੋਇਆ ਕਿਉਂਕਿ ਤਿੰਨ ਬਰਸ ਮਗਰੋਂ ਕੋਈ ਆਦਮੀ ਕਿਸੇ ਵਜ੍ਹਾ ਤੋਂ ਕੱਢਿਆ ਨਹੀਂ ਜਾਂਦਾ। ਮੈਨੂੰ ਯਕੀਨ ਸੀ ਕਿ ਮੈਂ ਬੇ-ਡਰ ਹਾਂ।

ਫੇਰ ਰੂਸ ਦੇ ਗ਼ਦਰ ਪਰ ਜਿਹੜਾ ਲੈਕਚਰ ਮੈਂ ਅਕਤੂਬਰ 1913 ਵਿਚ ਦਿੱਤਾ ਸੀ, ਉਸ ਦੀ ਬਾਬਤ ਤਿੰਨ ਘੰਟੇ ਸਵਾਲ-ਜਵਾਬ ਹੁੰਦੇ ਰਹੇ। ਇਸ ਦਾ ਕੁਝ ਹਾਲ ਲਿਖਦੇ ਹਾਂ:

ਕੀ ਤੁਸੀਂ ਚਾਹੁੰਦੇ ਹੋ ਕਿ ਅਮਰੀਕਾ ਨੂੰ ਗ਼ਦਰ ਪ੍ਰਚਾਰ ਦਾ ਮੈਦਾਨ ਬਣਾਵੋ?

ਬੇਸ਼ੱਕ ਅਸੀਂ ਇਥੇ ਅੰਗਰੇਜ਼ਾਂ ਦੇ ਵਿਰੁਧ ਪ੍ਰਚਾਰ ਕਰਨ ਦਾ ਹੱਕ ਰੱਖਦੇ ਹਾਂ। ਮੈਂ ਇਸੇ ਹੀ



ਲਾਲਾ ਹਰਦਿਆਲ

ਕੰਮ ਵਾਸਤੇ ਇਥੇ ਹਾਂ। ਜੇ ਅਮਰੀਕਨ ਗਵਰਮਿੰਟ ਇਸ ਪ੍ਰਚਾਰ ਨੂੰ ਬੰਦ ਕਰਨਾ ਚਾਹੁੰਦੀ ਹੈ ਤਾਂ ਅਸੀਂ ਦੂਜੇ ਦੇਸ਼ ਵਿਚ ਚਲੇ ਜਾਵਾਂਗੇ।

ਕੀ ਤੁਸੀਂ ਖ਼ਿਆਲ ਕਰਦੇ ਹੋ ਕਿ ਅੰਗਰੇਜ਼ੀ ਰਾਜ ਹਿੰਦੋਸਤਾਨ ਨੂੰ ਬਰਬਾਦ ਕਰ ਰਿਹਾ ਹੈ?

ਬੇਸ਼ੱਕ!

ਤੁਸੀਂ ਹਿੰਦੋਸਤਾਨ ਤੋਂ ਕਿੰਨੇ ਸਾਲਾਂ ਤੋਂ ਬਾਹਰ ਹੋ?

ਕੋਈ ਛੇ ਸਾਲ ਤੋਂ।

ਕੀ ਹਿੰਦੋਸਤਾਨ ਵਿਚ ਕੌਮੀ ਕੰਮ ਦੀ ਵਜ੍ਹਾ ਤੋਂ ਅਲੱਗ ਜਾਤਾਂ ਅਤੇ ਫ਼ਿਰਕਿਆਂ ਵਿਚ ਇਤਫ਼ਾਕ ਹੁੰਦਾ ਜਾਂਦਾ ਹੈ?

ਹਾਂ! ਕੌਮੀ ਕੰਮ ਸਾਰਿਆਂ ਨੂੰ ਜੋਸ਼ ਨਾਲ ਭਰ ਰਿਹਾ ਹੈ।

ਰੂਸ ਦੀ ਗਵਰਮਿੰਟ ਬਾਬਤ ਤੇਰੀ ਕੀ ਰਾਇ ਹੈ?

ਉਹ ਬਹੁਤ ਬੁਰੀ ਅਤੇ ਜ਼ਾਲਮ ਗਵਰਮਿੰਟ ਹੈ।

ਕੀ ਤੁਸੀਂ ਖ਼ਿਆਲ ਕਰਦੇ ਹੋ ਕਿ ਕਿਸੇ ਦੇਸ਼ ਦੇ ਲੋਕਾਂ ਨੂੰ ਆਪਣੀ ਗਵਰਮਿੰਟ ਦੇ ਵਿਰੁਧ ਜੰਗ ਕਰਨੀ ਚਾਹੀਦੀ ਹੈ?

ਜੇ ਕਿਸੇ ਤਰ੍ਹਾਂ ਉਸ ਦੀਆਂ ਖ਼ਰਾਬੀਆਂ ਦੂਰ ਨਹੀਂ ਹੋ ਸਕਦੀਆਂ ਤਾਂ ਜ਼ਰੂਰ ਜੰਗ ਕਰਨੀ ਚਾਹੀਦੀ ਹੈ। ਜੇ ਅਜਿਹੀ ਹਾਲਤ ਵਿਚ ਜੰਗ ਨਾ ਕੀਤੀ ਜਾਵੇ ਤਾਂ ਦੁਨੀਆਂ ਗੁਲਾਮੀ ਵਿਚ ਡੁੱਬੀ ਰਹੇ।

ਹਿੰਦੋਸਤਾਨ ਦੀ ਕੌਮੀ ਪਾਰਟੀ ਦਾ ਕੀ ਨਾਂ ਹੈ?

ਨੈਸ਼ਨਲ ਪਾਰਟੀ, ਐਕਸਟ੍ਰੀਮਿਸਟ ਪਾਰਟੀ, ਸੁਰਾਜ ਪਾਰਟੀ।

ਸੁਰਾਜ ਦਾ ਕੀ ਮਤਲਬ ਹੈ?

ਆਪਣਾ ਰਾਜ...ਆਪਣੀ ਹਕੂਮਤ।

ਤੁਹਾਡਾ ਅਖ਼ਬਾਰ ਕਦ ਜਾਰੀ ਹੋਇਆ?

ਪਹਿਲੀ ਨਵੰਬਰ, 1913 ਨੂੰ।

ਅਖ਼ਬਾਰ ਕਿੱਥੇ ਕਿੱਥੇ ਜਾਂਦਾ ਹੈ?

ਸਾਰੀ ਦੁਨੀਆਂ ਵਿਚ ਜਿਥੇ ਹਿੰਦੋਸਤਾਨੀ ਰਹਿੰਦੇ ਹਨ।

ਕੀ ਤੁਸੀਂ ਆਪਣਾ ਅਖ਼ਬਾਰ ਹਿੰਦੋਸਤਾਨ ਵਿਚ ਵੀ ਭੇਜਦੇ ਹੋ?

ਹਾਂ, ਗੁਪਤ ਤੌਰ ਪਰ ਸਾਡਾ ਪੱਕਾ ਇੰਤਜ਼ਾਮ ਹੈ ਜਿਸ ਨੂੰ ਗਵਰਮਿੰਟ ਰੋਕ ਨਹੀਂ ਸਕਦੀ।

ਕੀ ਤੁਸੀਂ ਅਮਰੀਕਨ ਗਵਰਮਿੰਟ ਦੇ ਵਿਰੁਧ ਕੋਈ ਹਿਲਜੁਲ ਮਚਾਉਣਾ ਚਾਹੁੰਦੇ ਹੋ?

ਨਹੀਂ, ਇਥੇ ਮੈਂ ਵਿਦਿਆ ਦੇ ਖ਼ਿਆਲਾਂ ਦਾ ਪ੍ਰਚਾਰ ਕਰਦਾ ਹਾਂ ਅਤੇ ਲੋਕਾਂ ਨੂੰ ਤਰੱਕੀ ਦੇ ਅਸੂਲ ਸਿਖਾਉਂਦਾ ਹਾਂ। ਮੈਂ ਯੂਨੀਵਰਸਿਟੀ, ਕਾਲਜਾਂ ਅਤੇ ਕਲੱਬਾਂ ਅੱਗੇ ਲੈਕਚਰ ਦਿੱਤੇ ਹਨ। ਮੈਂ ਅਖ਼ਬਾਰਾਂ ਵਿਚ ਮਜ਼ਮੂਨ ਲਿਖਦਾ ਹਾਂ।

ਕੀ ਤੁਸੀਂ ਚਾਹੁੰਦੇ ਹੋ ਕਿ ਕਿਸੇ ਜ਼ਾਲਮ ਹਾਕਮ ਪੁਰ ਹਮਲਾ ਕਰ ਕੇ ਮਾਰ ਦੇਣਾ ਚਾਹੀਦਾ ਹੈ?

ਅਲੱਗ ਦੇਸ਼ਾਂ ਵਿਚ ਅਤੇ ਹਾਲਤਾਂ ਵਿਚ

## ਗ਼ਦਰ ਦੀਆਂ ਬਾਤਾਂ

ਅਲੱਗ ਤਰ੍ਹਾਂ ਕੰਮ ਕਰਨਾ ਚਾਹੀਦਾ ਹੈ। ਕੋਈ ਬੜਾ ਅਸੂਲ ਨਹੀਂ ਬਣ ਸਕਦਾ।

ਕੀ ਤੁਸੀਂ ਆਪਣੇ ਦੇਸੀ ਆਦਮੀਆਂ ਨੂੰ ਇਸ ਦੇਸ਼ ਵਿਚ ਭੜਕਾਉਂਦੇ ਹੋ?

ਓਹ ਭਰਾਵਾ...ਉਹ ਤਾਂ ਪਹਿਲਾਂ ਹੀ ਭੜਕੇ ਹੋਏ ਹਨ। ਮੈਂ ਉਨ੍ਹਾਂ ਦੇ ਜੋਸ਼ ਤੋਂ ਪ੍ਰਚਾਰ ਦੀ ਇਕ ਝੁੰਡ ਬਣਾਉਣਾ ਚਾਹੁੰਦਾ ਹਾਂ ਕਿ ਹਿੰਦੋਸਤਾਨ ਜਾ ਕੇ ਗ਼ਦਰ ਕਰਨ।

ਕੀ ਤੁਸੀਂ ਵਿਦਿਆਰਥੀਆਂ ਵਿਚ ਵੀ ਪ੍ਰਚਾਰ ਕਰਦੇ ਹੋ?

ਬੜੀ ਖ਼ੁਸ਼ੀ ਦੀ ਬਾਤ ਹੈ ਕਿ ਅਖ਼ਬਾਰ 'ਕ੍ਰਾਨੀਕਲ' ਅਤੇ 'ਬੁਲੇਟਿਨ' ਪਹਿਲਾਂ ਤੋਂ ਹੀ ਸਾਡੀ ਵੱਲ ਸਨ। 'ਕ੍ਰਾਨੀਕਲ' ਨੇ ਤਸਵੀਰ ਵੀ ਛਾਪੀ ਅਤੇ ਲਿਖਿਆ ਕਿ ਇਸ ਦੇ ਫੜਨ ਵਿਚ ਇੰਗਲਿਸਤਾਨ ਦਾ ਹੱਥ ਹੈ। ਅਖ਼ਬਾਰ 'ਬੁਲੇਟਿਨ' ਨੇ ਤਾਂ ਪਹਿਲਾਂ ਹੀ ਪਿਛਲੇ ਸਾਲ ਅੰਗਰੇਜ਼ਾਂ ਦੇ ਵਿਰੁਧ ਪੰਜ ਲੇਖ ਲਿਖੇ ਸਨ। ਤਦ 'ਬੁਲੇਟਿਨ' ਨੇ ਇਕ ਬੜਾ ਮਜ਼ਮੂਨ ਲਿਖਿਆ ਜਿਸ ਵਿਚ ਦਿਖਾਇਆ ਕਿ ਇਕ ਬੜਾ ਧਰਮਾਤਮਾ ਆਦਮੀ ਹੈ ਅਤੇ ਵਿਦਵਾਨ ਆਦਮੀ ਨੂੰ ਇਸ ਤਰ੍ਹਾਂ ਕੱਢ ਦੇਣਾ ਅਮਰੀਕਨ ਕੌਮ ਦੀ ਬੇਇੱਜ਼ਤੀ ਹੈ। ਮਿਸਟਰ ਬੈਰੀ ਨੇ ਇਕ ਹੋਰ ਜੁਦਾ ਲੇਖ ਲਿਖਿਆ ਜਿਸ ਨਾਲ ਸਾਰੇ ਸ਼ਹਿਰ ਪੁਰ ਬਹੁਤ ਅੱਛਾ ਅਸਰ ਹੋਇਆ। ਇਕ ਬੜੇ ਅਖ਼ਬਾਰ 'ਅਗਜ਼ਾਮੀਨਰ' ਨੇ ਬੁਰਾ ਮਜ਼ਮੂਨ ਲਿਖਿਆ ਕਿ ਅਜਿਹੇ ਖ਼ਿਆਲ ਦੇ ਆਦਮੀ ਨੂੰ ਕੱਢ ਦੇਣਾ ਇਮੀਗ੍ਰੇਸ਼ਨ ਦਾ ਫ਼ਰਜ਼ ਹੈ। ਇਸ ਅਖ਼ਬਾਰ ਦੀ ਰਾਇ ਅੱਛੀ ਤਰ੍ਹਾਂ ਸੁਣੀ ਜਾਂਦੀ ਹੈ। ਇਸ ਅਖ਼ਬਾਰ ਦੇ ਮਾਲਕ ਦੀਆਂ ਹੋਰ ਅਖ਼ਬਾਰਾਂ ਵੀ ਹਨ। ਸਾਡੇ ਵਿਰੁਧ ਜਿਹੜਾ ਲੇਖ ਲਿਖਿਆ, ਉਸ ਨੂੰ ਪੜ੍ਹ ਕੇ ਸਭ ਨੇ ਸੋਚਿਆ ਕਿ ਇਹ ਤਾਂ ਬਾਤ ਖ਼ਰਾਬ ਹੈ। ਇਸ ਅਖ਼ਬਾਰ ਨੇ ਉਲਟੀ ਚਾਲ ਚੱਲੀ। ਇਸ ਦੀ ਅਸਲੀ ਬਾਤ ਮਾਲੂਮ ਨਹੀਂ। ਮੈਂ ਸ਼ਾਮ ਨੂੰ ਅਖ਼ਬਾਰ ਦੇ ਦਫ਼ਤਰ ਵਿਚ ਜਾ ਕੇ ਲੇਖਕ ਨੂੰ ਮਿਲਿਆ ਅਤੇ ਲੰਮੀ ਬਾਤ ਕੀਤੀ। ਮੈਂ ਕਿਹਾ ਕਿ ਪੀਰ ਜੀ, ਤੁਸੀਂ ਕਿਹੜੀ ਨੀਂਦ ਸੁੱਤੇ ਪਏ ਹੋ। ਮੇਰੇ ਖ਼ਿਆਲ ਦੀ ਵਜ੍ਹਾ ਤੋਂ ਮੈਨੂੰ ਨਹੀਂ ਕੱਢਿਆ ਜਾਂਦਾ। ਇਹ ਤਾਂ ਫ਼ਿਲਾਸਫ਼ੀ ਦੀ ਬਾਤ ਹੈ। ਅਸਲ ਵਜ੍ਹਾ ਤਾਂ ਇਹ ਹੈ ਕਿ ਅੰਗਰੇਜ਼ੀ ਕੌਂਸਲ ਨੇ ਇਮੀਗ੍ਰੇਸ਼ਨ ਦੇ ਮਹਿਕਮੇ ਨੂੰ ਚੁੱਕਿਆ ਹੈ ਅਤੇ ਆਪ ਪਿੱਛੇ ਰਹਿਣਾ ਚਾਹੁੰਦਾ ਹੈ।

ਐਡੀਟਰ ਸਾਹਿਬ ਕਹਿਣ ਲੱਗੇ, ਹੈਂ...ਇਹ ਬਾਤ ਹੈ! ਮੈਂ ਕਿਹਾ, ਬੇਸ਼ੱਕ ਮੈਂ ਇਸ ਦੇਸ਼ ਵਿਚ ਆਪਣੇ ਨਵੇਂ ਖ਼ਿਆਲਾਂ ਨਾਲ ਕੋਈ ਤੂਫ਼ਾਨ ਨਹੀਂ ਪਾ ਸਕਦਾ। ਮੈਂ ਸਿਰਫ਼ ਲੈਕਚਰ ਦੇ ਸਕਦਾ ਹਾਂ, ਕਿਤਾਬਾਂ ਲਿਖ ਸਕਦਾ ਹਾਂ। ਪਰ ਹਿੰਦੋਸਤਾਨ ਵਿਚ ਤਾਂ ਮੇਰੇ ਅਖ਼ਬਾਰ ਦੇ ਡਰ ਨਾਲ ਅੰਗਰੇਜ਼ੀ ਹਾਕਮਾਂ ਨੂੰ ਖਾਣਾ ਹਜ਼ਮ ਨਹੀਂ ਹੁੰਦਾ। ਤੁਸਾਂ ਨੂੰ ਚਾਹੀਦਾ ਹੈ ਕਿ ਬਾਤ ਨੂੰ ਸਮਝੋ। ਇਹ ਚਾਲ ਅੰਗਰੇਜ਼ੀ ਗਵਰਮਿੰਟ ਦੀ ਹੈ ਅਤੇ ਕੰਮ ਤੁਹਾਡੇ ਆਦਮੀਆਂ ਤੋਂ ਕਰਵਾਉਣਾ ਚਾਹੁੰਦੀ ਹੈ। ਭਈ... ਫ਼ਾਇਦਾ ਅੰਗਰੇਜ਼ਾਂ ਦਾ ਹੋਵੇ ਅਤੇ ਬਦਨਾਮੀ ਅਮਰੀਕਾ ਦੀ। ਇਸ ਤਰ੍ਹਾਂ ਮੈਂ ਐਡੀਟਰ ਨੂੰ ਸਮਝਾ ਕੇ ਚਲਿਆ ਆਇਆ। ਇਸ ਮਗਰੋਂ ਇਕ ਅਜਿਹੀ ਗੱਲ ਹੋਈ ਜਿਸ ਤੋਂ ਇਮੀਗ੍ਰੇਸ਼ਨ ਅਫ਼ਸਰਾਂ ਅਤੇ ਅੰਗਰੇਜ਼ੀ ਕੌਂਸਲ ਦੇ ਹਵਾਸ ਉਡ ਗਏ। ਉਹ ਇਹ ਬਾਤ ਸੀ ਕਿ ਅਖ਼ਬਾਰ 'ਕ੍ਰਾਨੀਕਲ' ਵਿਚ ਇਹ ਮਜ਼ਮੂਨ ਛਪਿਆ, "ਅੰਗਰੇਜ਼ੀ ਕੌਂਸਲ ਨੇ ਹਰਦਿਆਲ ਨੂੰ ਗ੍ਰਿਫ਼ਤਾਰ ਕਰਵਾਇਆ।"

### ਵਾਸ਼ਿੰਗਟਨ ਦੀ ਖ਼ਬਰ

ਵਾਸ਼ਿੰਗਟਨ ਤੋਂ ਖ਼ਬਰ ਆਈ ਹੈ ਕਿ ਹਰਦਿਆਲ ਨੂੰ ਅੰਗਰੇਜ਼ੀ ਕੌਂਸਲ ਨੇ ਫੜਾਇਆ ਹੈ। ਮਿਸਟਰ ਲਾਰਨਡ, ਅਸਿਸਟੈਂਟ ਕਮਿਸ਼ਨਰ ਜਨਰਲ ਇਮੀਗ੍ਰੇਸ਼ਨ ਨੇ ਕਿਹਾ ਕਿ ਮੈਂ ਵਾਰੰਟ ਕੱਢਿਆ ਜਦ ਹਰਦਿਆਲ ਵਾਸ਼ਿੰਗਟਨ ਵਿਚ ਡੈਪੂਟੇਸ਼ਨ ਲੈ ਕੇ ਆਇਆ ਸੀ। ਉਸ ਵੇਲੇ ਬ੍ਰਿਟਿਸ਼ ਅੰਬੈਸੀ ਦੇ ਸਕੱਤਰ ਮਿਸਟਰ ਸਕਾਟ ਨੇ ਆ ਕੇ ਕਿਹਾ ਕਿ ਹਰਦਿਆਲ ਇਸ ਦੇਸ਼ ਵਿਚੋਂ ਕੱਢਣ ਲਾਇਕ ਹੈ। ਇਸ ਤੋਂ ਮਾਲੂਮ ਹੁੰਦਾ ਹੈ ਕਿ ਹਰਦਿਆਲ ਨੇ ਸੱਚ ਕਿਹਾ ਸੀ ਕਿ ਇਸ ਫ਼ਸਾਦ ਦੀ ਜੜ੍ਹ ਅੰਗਰੇਜ਼ੀ ਗਵਰਮਿੰਟ ਹੈ। ਇਸ ਤਾਰ ਦੇ ਛਪਦੇ ਹੀ ਮੈਂ ਕਿਹਾ-ਦੁਸ਼ਮਣ ਤਾਂ ਮਾਰ ਲਿਆ। ਹੁਣ ਅਖ਼ਬਾਰ 'ਅਗਜ਼ਾਮੀਨਰ' ਵੀ ਸਾਡੀ ਵੱਲ ਆ ਜਾਵੇਗਾ। ਤੇ ਇਸੇ ਤਰ੍ਹਾਂ ਹੋਇਆ। ਦੂਸਰੇ ਦਿਨ ਇਸ ਅਖ਼ਬਾਰ ਨੇ ਬਦਲਿਆ ਲੇਖ ਲਿਖਿਆ ਜਿਸ ਦੇ ਵਿਚ ਬੜੇ ਜ਼ੋਰ ਨਾਲ ਲਿਖਿਆ ਕਿ ਅਮਰੀਕਾ ਦੀ ਗਵਰਮਿੰਟ ਹੁਣ ਅੰਗਰੇਜ਼ਾਂ ਦੇ ਬੂਟ ਚੱਟ ਰਹੀ ਹੈ। ਇਸ ਕਰਕੇ ਹਰਦਿਆਲ ਦੇ ਨਾਂ ਵਾਰੰਟ ਕੱਢਿਆ ਗਿਆ ਹੈ। ਇਸ ਤਾਰ ਤੋਂ ਅੰਗਰੇਜ਼ਾਂ

(ਬਾਕੀ ਅਗਲੇ ਸਫੇ 'ਤੇ)

## ਗ਼ਦਰ ਦੇ ਪ੍ਰਚਾਰ ਬਾਰੇ ਅਮਰੀਕਨ ਅਖ਼ਬਾਰਾਂ ਦੀ ਰਾਇ

**ਅਖ਼ਬਾਰ 'ਕ੍ਰਾਨੀਕਲ' ਦਾ ਲੇਖ**

ਸਾਨ ਫਰਾਂਸਿਸਕੋ ਦੇ ਅਖ਼ਬਾਰ 'ਕ੍ਰਾਨੀਕਲ' ਨੇ ਸਾਡੀ (ਗ਼ਦਰ ਦੀ) ਹਮਾਇਤ ਵਿਚ ਬਹੁਤ ਅੱਛੇ ਲੇਖ ਲਿਖੇ ਹਨ ਜਿਨ੍ਹਾਂ ਦਾ ਵਿਸਥਾਰ ਹੇਠਾਂ ਲਿਖਦੇ ਹਾਂ:

ਹਿੰਦੋਸਤਾਨ ਦੇ ਵਿਦਵਾਨ ਦੀ ਗ੍ਰਿਫ਼ਤਾਰੀ

ਉਹ (ਲਾਲਾ ਹਰਦਿਆਲ) ਕਹਿੰਦਾ ਹੈ ਕਿ ਮੈਂ ਹਿੰਦੋਸਤਾਨ ਵਿਚ ਗ਼ਦਰ ਕਰਾਂਗਾ। ਹਰਦਿਆਲ ਨੇ ਆਪਣੀ ਜ਼ਿੰਦਗੀ ਦਾ ਮੁੱਦਾ ਇਹ ਦੱਸਿਆ ਹੈ, "ਮੇਰੇ ਫੜਨ ਦੀ ਵਜ੍ਹਾ ਮਾਲੂਮ ਹੁੰਦੀ ਹੈ ਕਿ ਅਕਤੂਬਰ 1913 ਵਿਚ ਰੂਸ ਪੁਰ ਲੈਕਚਰ ਦਿੱਤਾ ਸੀ ਅਤੇ ਮੈਂ ਅਖ਼ਬਾਰ 'ਗ਼ਦਰ' ਵਿਚ ਲੇਖ ਲਿਖਦਾ ਹਾਂ। ਹਿੰਦੋਸਤਾਨੀ ਦੀ ਕੌਮੀ ਪਾਰਟੀ ਦੇ ਅਖ਼ਬਾਰ ਫਰਾਂਸ ਅਤੇ ਸਵਿਟਜ਼ਰਲੈਂਡ ਵਿਚ ਛਪਦੇ ਹਨ ਅਤੇ ਖੁੱਲ੍ਹਮ-ਖੁੱਲ੍ਹਾ ਪ੍ਰਚਾਰ ਕਰਦੇ ਹਨ ਕਿ ਅੰਗਰੇਜ਼ਾਂ ਨੂੰ ਮਾਰ ਦਿਓ ਪਰ ਉਨ੍ਹਾਂ ਦੇਸ਼ਾਂ ਦੀਆਂ ਗਵਰਮਿੰਟਾਂ ਉਨ੍ਹਾਂ ਨੂੰ ਬੰਦ ਨਹੀਂ ਕਰਦੀਆਂ। ਇਥੇ ਤਾਂ ਅਸੀਂ ਸਿਰਫ਼ ਗ਼ਦਰ ਦਾ ਪ੍ਰਚਾਰ ਕਰਦੇ ਹਾਂ। ਜੇ ਅਜਿਹਾ ਅਖ਼ਬਾਰ ਛਾਪਣਾ ਇਸ ਦੇਸ਼ ਦੇ ਕਾਨੂੰਨ ਦੇ ਵਿਰੁਧ ਹੈ ਤਾਂ ਅਸੀਂ ਕਿਸੇ ਦੂਜੇ ਦੇਸ਼ ਵਿਚ ਚਲੇ ਜਾਵਾਂਗੇ। ਮੇਰਾ ਇਰਾਦਾ ਹੈ ਕਿ ਵਾਸ਼ਿੰਗਟਨ ਵਿਚ ਜਾ ਕੇ ਲੈਕਚਰ ਦੇਵਾਂ, ਹਿੰਦੋਸਤਾਨ ਦੇ ਹੋਰ ਹਾਲ ਦੱਸਾਂ। ਸਕੱਤਰ ਸਟੇਟ ਮਿਸਟਰ ਬ੍ਰਾਇਨ ਨੇ 1908 ਵਿਚ ਇਕ ਪਤ੍ਰਿਕਾ 'ਚ ਲਿਖਿਆ ਸੀ, ਅੰਗਰੇਜ਼ੀ ਰਾਜ ਪਰ ਲਾਹਨਤ ਅਤੇ ਭਾੜ ਹੈ। ਮੈਂ ਸਾਰੇ ਮਜ਼ਦੂਰਾਂ ਦੀ ਵਿਦਿਆ ਵਿਚ ਹਿੱਸਾ ਲੈਂਦਾ ਹਾਂ ਅਤੇ ਨਵੇਂ ਖ਼ਿਆਲ ਦੀ ਫ਼ਿਲਾਸਫ਼ੀ ਦੁਨੀਆਂ ਅੱਗੇ ਪੇਸ਼ ਕਰਦਾ ਹਾਂ। ਮੇਰਾ ਖ਼ਿਆਲ ਹੈ ਕਿ (ਇਹ) ਕਰਮ ਤੇ ਗਿਆਨ ਦੋਹਾਂ ਨੂੰ ਪੂਰਾ ਲਾਭ ਕਰੂ।"

ਹਰਦਿਆਲ ਸਾਫ਼ ਕਹਿੰਦਾ ਹੈ ਕਿ ਮੈਂ ਹਿੰਦੋਸਤਾਨ ਵਾਸਤੇ ਗ਼ਦਰ ਦੀ ਤਿਆਰੀ ਕਰਦਾ ਹਾਂ। ਜਦ ਉਸ ਨੂੰ ਗ਼ਦਰ ਦੇ ਮਜ਼ਮੂਨ ਦਿਖਾਏ ਤਾਂ ਉਸ ਨੇ ਮੰਨਿਆ ਕਿ ਮੈਂ ਲਿਖੇ ਹਨ ਅਤੇ ਕਿਹਾ ਕਿ ਹਿੰਦੋਸਤਾਨ ਵਿਚ ਗ਼ਦਰ ਦਾ ਪ੍ਰਚਾਰ ਕਰਨਾ ਮੇਰਾ ਧਰਮ ਹੈ। ਅੰਗਰੇਜ਼ੀ ਗਵਰਮਿੰਟ ਖ਼ਿਆਲ ਕਰਦੀ ਹੈ ਕਿ ਇਹ ਬੜਾ ਨੁਕਸਾਨ ਦੇਣ ਵਾਲਾ ਪ੍ਰਚਾਰਕ ਹੈ। ਇਸ ਦਾ ਆਪਣੇ ਹਮ-ਵਤਨਾਂ ਵਿਚ ਬੜਾ ਮਾਣ ਹੈ। ਅਸਲ ਵਿਚ ਅੰਗਰੇਜ਼ੀ ਗੁਪਤ ਪੁਲਸੀਆਂ ਨੇ ਇਸ ਨੂੰ ਫੜਨ ਦੀ ਕੋਸ਼ਿਸ਼ ਕੀਤੀ।

**ਅਖ਼ਬਾਰ 'ਬੁਲੇਟਿਨ' ਦਾ ਲੇਖ**

'ਬੁਲੇਟਿਨ' ਦੇ ਮਸ਼ਹੂਰ ਲੇਖਕ ਅਤੇ ਹਿੰਦੋਸਤਾਨ ਦੇ ਦਰਦੀ ਮਿਸਟਰ ਜੌਹਨ ਡੀ. ਬੈਰੀ ਨੇ ਲਾਲਾ ਹਰਦਿਆਲ ਦੀ ਗ੍ਰਿਫ਼ਤਾਰੀ ਦੇ ਅਨੁਸਾਰ ਨਿਹਾਇਤ ਅੱਛਾ ਲੇਖ ਲਿਖਿਆ ਹੈ ਜਿਸ ਦਾ ਹਾਲ ਹੇਠ ਲਿਖਦੇ ਹਾਂ:

**ਜੌਹਨ ਡੀ. ਬੈਰੀ ਹਿੰਦੋਸਤਾਨ ਦੀ ਆਜ਼ਾਦੀ ਲਈ ਹਿੰਦੀ ਦੇਸ਼ ਭਗਤਾਂ ਦੇ ਹੱਕ ਵਿਚ ਬਹੁਤ ਲਿਖਦਾ ਸੀ। ਉਹ ਲਾਲਾ ਹਰਦਿਆਲ ਦਾ ਚੰਗਾ ਮਿੱਤਰ ਵੀ ਸੀ ਜਿਸ ਨੇ ਬਾਅਦ ਵਿਚ ਲਾਲਾ ਹਰਦਿਆਲ ਦੀ ਕਿਤਾਬ 'ਮਾਇ ਫੋਰਟੀ ਫੋਰ ਮੰਥਜ਼ ਇਨ ਜਰਮਨੀ ਐਂਡ ਤੁਰਕੀ' ਬਾਰੇ 'ਵੇਅ ਆਫ਼ ਦਿ ਵਰਲਡ' ਦੇ ਸਿਰਲੇਖ ਹੇਠ ਤਿੰਨ ਲੇਖ ਲਿਖੇ ਸਨ। ਉਨ੍ਹਾਂ ਦਾ ਪੰਜਾਬੀ ਰੂਪ ਵੀ ਛਾਪਿਆ ਜਾਵੇਗਾ।**

ਬੁੱਧਵਾਰ ਨੂੰ ਜੋਹੀਮੀਅਨ ਹਾਲ 'ਚ ਹਿੰਦੂਆਂ ਦੇ ਜਲਸੇ ਤੋਂ ਥੋੜ੍ਹੀ ਦੇਰ ਪਹਿਲਾਂ ਲਾਲਾ ਹਰਦਿਆਲ ਨੂੰ ਮਾਲੂਮ ਹੋਇਆ ਕਿ ਉਹ ਫੜੇ ਜਾਣਗੇ ਅਤੇ ਦੇਸ਼ੋਂ ਕੱਢੇ ਜਾਣਗੇ। ਇਸ ਮਗਰੋਂ ਉਨ੍ਹਾਂ ਨੇ ਬੜਾ ਅੱਛਾ ਵਿਖਿਆਨ ਕੀਤਾ। ਜਲਸੇ ਪਿੱਛੋਂ ਉਨ੍ਹਾਂ ਵਤਨ ਛੋੜਾਂ ਦਾ ਅਫਸਰ ਮਿਲਿਆ। ਇਸ ਵਕਤ ਹਿੰਦੂਆਂ ਦੀ ਹਿੰਮਤ ਅਤੇ ਆਪਣੇ ਲੀਡਰ ਪਰ ਖ਼ਿਆਲ ਦਾ ਬੜਾ ਅੱਛਾ ਨਜ਼ਾਰਾ ਸੀ। ਝਟ ਉਨ੍ਹਾਂ ਜ਼ਮਾਨਤ ਦਾ ਬੰਦੋਬਸਤ ਅਤੇ ਵਕੀਲ ਕਰ ਲਿਆ। ਲਾਲਾ ਹਰਦਿਆਲ ਦੇ ਅਮਰੀਕਨ ਦੋਸਤ ਵੀ ਬੜੇ ਹਮਦਰਦ ਨਿਕਲੇ। ਵੀਰਵਾਰ ਸਵੇਰ ਨੂੰ ਹਿੰਦੂਆਂ (ਭਾਰਤੀਆਂ) ਦੀ ਟੋਲੀ ਲਾਲਾ ਹਰਦਿਆਲ ਦੇ ਨਾਲ ਦੂਰ ਕੁਰਾਂਟੀਨ ਜਾਣ ਵਾਸਤੇ ਘਾਟ ਪੁਰ ਆਈ ਪਰ ਉਨ੍ਹਾਂ ਨੂੰ ਰੋਕ ਦਿੱਤਾ।

ਰਾਹ ਵਿਚ ਹਰਦਿਆਲ ਨਾਲ ਮੈਂ ਬਾਤਚੀਤ ਕੀਤੀ। ਉਹ ਬੜਾ ਕਾਇਮ ਦਿਲ ਸੀ। ਉਸ ਨੇ ਇਹ ਕਿਹਾ ਕਿ ਉਸ ਨੂੰ ਅੰਗਰੇਜ਼ਾਂ ਨੇ ਪਕੜਵਾਇਆ ਹੈ। ਸੂਬੇ ਪੰਜਾਬ ਵਿਚ ਪਿਛਲੇ ਸਾਲਾਂ ਵਿਚ ਬੜਾ ਭਾਰੀ ਜੋਸ਼ ਸੀ। ਪੰਜਾਬ ਦੇ ਸਿੱਖ ਕਾਫ਼ੀ ਬਹਾਦਰ ਹਨ। ਉਹ ਗ਼ਦਰ ਪ੍ਰਚਾਰ ਦੇ ਬੜੇ ਪ੍ਰੇਮੀ ਹਨ ਅਤੇ ਗ਼ਦਰ ਵਾਸਤੇ ਤਿਆਰ ਹਨ।

ਜਿਸ ਘਰ ਲਾਲਾ ਹਰਦਿਆਲ ਰਹਿੰਦੇ ਹਨ, ਉਥੇ ਉਨ੍ਹਾਂ ਨੇ ਛਾਪਾ ਖੋਲ੍ਹਿਆ ਹੈ ਜਿਥੇ ਉਹ ਆਪਣੇ ਦੋਸਤਾਂ ਦੀ ਮਦਦ ਨਾਲ ਅਖ਼ਬਾਰ ਛਾਪਦੇ ਹਨ ਤੇ ਗ਼ਦਰ ਪ੍ਰਚਾਰ ਕਰਦੇ ਹਨ। ਹਰ ਆਦਮੀ ਜਿਹੜਾ ਉਸ ਨੂੰ ਜਾਣਦਾ ਹੈ, ਉਸ ਨੂੰ ਮਾਲੂਮ ਹੈ ਕਿ ਹਰਦਿਆਲ ਗ਼ਦਰ ਦੇ ਪ੍ਰਚਾਰਕ ਹਨ।

ਉਸ ਵੇਲੇ ਲਾਲਾ ਹਰਦਿਆਲ ਦੇ ਬੱਚਿਆਂ ਵਰਗੇ ਚਿਹਰੇ ਜਿਹੜਾ ਜੋਸ਼ ਨਾਲ ਖਿੜਿਆ ਹੋਇਆ ਸੀ ਅਤੇ ਕਾਲੀਆਂ ਚਮਕਦਾਰ ਅੱਖਾਂ ਦਾ ਨਜ਼ਾਰਾ ਬੜਾ ਦਿਲ ਮੋਹਣ ਵਾਲਾ ਸੀ, ਉਹ ਜਾਣਦਾ ਸੀ ਕਿ ਉਸ ਨੇ ਬੜਾ ਭਾਰੀ ਕੰਮ ਚੁੱਕਿਆ ਹੋਇਆ ਸੀ। ਭਾਵੇਂ ਇਹ ਕੰਮ ਮੁਸ਼ਕਲ ਹੈ ਪਰ ਗ਼ਦਰ ਦੇ ਚੰਗਿਆੜੇ ਹਰ ਤਰਫ਼ ਆਪਣਾ ਕੰਮ ਕਰ ਰਹੇ ਹਨ।

ਲਾਲਾ ਹਰਦਿਆਲ ਅੰਗਰੇਜ਼ੀ ਗਵਰਮਿੰਟ ਦੇ ਵਿਰੁਧ ਹਥਿਆਰ ਚੁੱਕ ਕੇ ਗ਼ਦਰ ਕਰਨਾ ਚਾਹੁੰਦੇ ਹਨ ਅਤੇ ਅੱਜ ਕੱਲ੍ਹ ਬਦੇਸ਼ੀ ਰਾਜ ਨੂੰ ਹਿੰਦੋਸਤਾਨ ਵਿਚ ਕੱਢਣ ਦਾ ਇਹੀ ਤਰੀਕਾ ਹੈ, ਜਾਣੀ ਜੰਗ ਕਰ ਕੇ।

ਲਾਲਾ ਹਰਦਿਆਲ ਇਸ ਦੇਸ਼ ਵਿਚ ਧੋਖਾਬਾਜ਼ੀ ਜਾਂ ਚੋਰੀ ਤੋਂ ਨਹੀਂ ਆਏ ਸਗੋਂ ਪੈਰਿਸ ਤੋਂ ਸਿੱਧੇ ਨਿਊ ਯਾਰਕ ਦੂਜੇ ਲੋਕਾਂ ਵਾਂਗ ਆਏ ਹਨ। ਫੇਰ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦੀ ਕੋਈ ਵਜ੍ਹਾ ਨਹੀਂ ਹੈ।

***ਇਹ ਲੇਖ ਅੰਗਰੇਜ਼ੀ ਤੋਂ ਤਰਜਮਾ ਕਰ ਕੇ 'ਗ਼ਦਰ ਦੀ ਗੂੰਜ' ਵਿਚ 31 ਮਾਰਚ, 1914 ਨੂੰ ਛਾਪਿਆ ਗਿਆ।***

***-ਪੇਸ਼ਕਸ਼: ਕਸ਼ਮੀਰ ਸਿੰਘ ਕਾਂਗਣਾ***

# ਯਾਰ ਦਿਖਾਈ ਦੇ ਗਿਆ, ਕੋਈ ਰੋਵੇ ਧੂੰਏਂ ਦੇ ਪੱਜ

**ਡੇਵਿਡ ਐਲਿਨ ਲੌਂਗਫ਼ੈਲੋ**

ਕਿਸੇ ਸਮੇਂ ਸ਼ੋਹਰਤ ਜਾਂ ਇੱਜ਼ਤ ਕਮਾਉਣ ਲਈ ਵਰ੍ਹੇ ਗੁਜ਼ਰ ਜਾਂਦੇ ਸਨ ਅਤੇ ਲੋਕ ਇਸ ਉਪਰ ਫ਼ਖ਼ਰ ਮਹਿਸੂਸ ਕਰਦੇ ਸਨ। ਪੀਲੂ ਨੇ ਵੀ ਆਪਣੇ ਕਿਰਦਾਰ ਮਿਰਜ਼ੇ ਦੇ ਮੂੰਹੋਂ ਇਹ ਕਹਾਇਆ ਹੈ:

ਜਿਹੜਾ ਅਜ਼ਰਾਈਲ ਫ਼ਰਿਸ਼ਤਾ,
ਮੇਰਾ ਪੱਗ ਵੱਟ ਯਾਰ ਭਰਾ
ਨੀਂ ਇਹ ਪਾਣੀ ਪੀਂਦੀ ਅੰਬਰੋਂ
ਤੇ ਅਰਸ਼ੋਂ ਚੁਗਦੀ ਘਾਹ

ਸੱਥਾਂ ਦੀ ਮਘਦੀ ਧੂਣੀ 'ਤੇ ਬੈਠੇ ਸਿੱਧੜ ਲੋਕ ਵੀ ਕਈ ਵਾਰ ਦਾਰਸ਼ਨਿਕ ਬਣ ਜਾਂਦੇ ਹਨ। ਅਕਸਰ ਦੰਦ-ਕਥਾਵਾਂ ਸੁੱਚੇ ਬੁੱਲ੍ਹਾਂ ਵਿਚੋਂ ਜਨਮ ਲੈਂਦੀਆਂ ਹਨ, "ਪੱਗ ਦੀ ਲਾਜ ਨਿਭਾਉਣ ਲਈ ਉਮਰਾਂ ਬੀਤ ਜਾਂਦੀਆਂ ਹਨ ਪਰ ਪੱਗ ਨੂੰ ਮੈਲਾ ਕਰਨ ਲਈ ਸੜੀ ਹੋਈ ਇਕ ਗਾਲ੍ਹ ਦੀ ਹੀ ਲੋੜ



*ਜੈ ਲਲਿਤਾ*

ਪੈਂਦੀ ਹੈ।" ਰਿਸ਼ਤਿਆਂ-ਨਾਤਿਆਂ ਦੀ ਲਾਜ ਪੁਗਾਉਣ ਲਈ ਉਮਰਾਂ ਬੀਤ ਜਾਂਦੀਆਂ ਹਨ। ਪੰਜਾਬ ਦੀ ਕਿਸਾਨੀ ਰਿਸ਼ਤੇ-ਨਾਤਿਆਂ 'ਤੇ ਹੀ ਨਿਰਭਰ ਰਹਿ ਕੇ ਖ਼ੁਸ਼ਹਾਲੀ ਦੀ ਆਦਰਸ਼ ਰਹੀ ਹੈ। ਕੋਈ ਖ਼ੁਦਕੁਸ਼ੀਆਂ ਬਾਰੇ ਸੋਚਦਾ ਤਕ ਨਹੀਂ ਸੀ। ਪੰਜਾਬ ਦੀਆਂ ਲੋਕ-ਗਾਥਾਵਾਂ ਸਭਿਆਚਾਰਕ ਸਾਂਝ ਦੀ ਗਵਾਹੀ ਭਰਦੀਆਂ ਹਨ। ਲੋਕ-ਨਾਇਕ ਜੱਗੇ ਡਾਕੂ ਦੇ ਬਹਾਦਰੀ ਭਰੇ ਕਾਰਨਾਮਿਆਂ ਦੀ ਅੱਜ ਵੀ ਗ਼ਰੀਬ ਜਨਤਾ ਵਾਹ-ਵਾਹ ਕਰ ਕੇ ਉਸ ਨੂੰ ਪ੍ਰਸ਼ੰਸਾ ਦਾ ਪਾਤਰ ਬਣਾਉਂਦੀ ਹੈ। ਅੱਜ ਦੇ ਸਿਆਸੀ ਦਰਿੰਦਗੀ ਦੇ ਦੌਰ ਵਿਚ ਜੇ ਲੋਕ-ਨਾਇਕਾਂ ਦਾ ਮੁਲੰਕਣ ਕਰੀਏ ਤਾਂ ਜੱਗੇ ਡਾਕੂ ਨੂੰ ਫ਼ਰਿਸ਼ਤਾ ਕਹੋਗੇ ਜਾਂ ਅਪਰਾਧੀ?

ਕਿਸੇ ਵੇਲੇ ਕਚਹਿਰੀ ਵਿਚ ਅਰਜ਼ੀ ਪਾਉਣ ਵਾਲੇ ਸਮਾਜ ਉਤੇ ਕਲੰਕ ਗਿਣੇ ਜਾਂਦੇ ਸਨ। ਜਗੀਰਦਾਰੀ ਸਿਸਟਮ ਦੇ ਗੁਰਗੇ ਅਤੇ ਟੁੱਕੜਬੋਚ ਅੰਗਰੇਜ਼ ਹਕੂਮਤ ਦੀ ਵਫ਼ਾਦਾਰੀ ਦਾ ਦਮ ਭਰਦੇ ਸਨ ਪਰ ਭੋਲ਼ੂ ਹਮੇਸ਼ਾ ਨਰਾਇਣ ਦਾ ਹੀ ਰਿਹਾ।

ਅੱਜ ਪੰਜਾਬ ਦਾ ਮਿਹਨਤੀ ਕਿਸਾਨ ਕਰਜ਼ਿਆਂ ਤੋਂ ਡਰਦਾ ਮਾਰਾ ਫ਼ਸਲਾਂ ਵਿਚ ਲੁਕਦਾ ਫਿਰਦਾ ਹੈ ਅਤੇ ਨਮੋਸ਼ੀ ਦੀ ਹਾਲਤ ਵਿਚ ਸਲਫ਼ਾਸ ਦੀਆਂ ਗੋਲੀਆਂ ਖਾਣ ਤੋਂ ਸਿਵਾਏ ਮਸਲੇ ਦਾ ਕੋਈ ਹੋਰ ਹੱਲ ਨਹੀਂ ਕੱਢ ਸਕਦਾ। ਬਠਿੰਡਾ ਦੇ ਆੜ੍ਹਤੀਆਂ ਦੇ ਹੱਕ ਵਿਚ ਕਚਹਿਰੀ ਨੇ ਕੁਝ ਕੇਸਾਂ ਦਾ ਫ਼ੈਸਲਾ ਕੀਤਾ ਹੈ। ਇਹ ਅੰਗਰੇਜ਼ਾਂ ਵਾਲੀ ਦਰਿੰਦਗੀ ਦੁਹਰਾਉਣ ਤੋਂ ਵੱਧ ਕੁਝ ਵੀ ਨਹੀਂ। ਉਨ੍ਹਾਂ ਨੇ ਜ਼ਮੀਨਾਂ ਕੁਰਕ ਕਰ ਲਈਆਂ ਹਨ ਅਤੇ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ ਹੈ। ਭਾਈ ਗੁਰਦਾਸ ਨੇ ਠੀਕ ਹੀ ਕਿਹਾ ਹੈ, "ਨਾਲ ਕਰਾੜਾਂ ਦੋਸਤੀ, ਕਦੇ ਨਾ ਆਵੇ ਰਾਸ" ਅਰਥਾਤ ਕਰਾੜ ਕੌਮ ਅਕ੍ਰਿਤਘਣ ਹੈ। ਇਨ੍ਹਾਂ ਲੋਕਾਂ ਦੇ ਮਿੱਠੇ ਬੋਲਾਂ ਨਾਲੋਂ ਕਿਰਤੀ ਦੀ ਕੁੜੱਤਣ ਚੰਗੀ ਹੈ ਕਿਉਂਕਿ ਇਹ ਵੇਦਨਾ ਦੀ ਤੜਫ਼ ਪ੍ਰਗਟ ਕਰਦੀ ਹੈ ਨਾ ਕਿ ਕਿਸੇ ਸਾਜ਼ਿਸ਼ ਦਾ ਮੁੱਢ ਬੰਨ੍ਹਦੀ ਹੈ। ਹਾਲਤ ਚੰਗੀ ਹੋਣ ਕਰਕੇ ਅੱਜ ਗੁਰਦੇਵ ਸਿੰਘ ਬਾਦਲ ਢੱਡ ਵਾਂਗ ਬੁੜ੍ਹਕਦਾ ਹੈ ਅਤੇ ਕਦੇ ਇਹੋ ਢੱਡ ਖੜਕਾਲਾਂਗੇ ਮੰਗਣ ਲਈ ਮਜਬੂਰ ਸੀ। ਅੱਜ ਵੀ ਪੰਜਾਬ ਦੀ ਬੇਟੀ ਕਸਮ ਖਾ ਕੇ ਪ੍ਰਣ ਕਰਦੀ ਹੈ, "ਮੇਰਾ ਬਾਬਲ ਭੋਲਾ ਨੀਂ, ਖੇਤਾਂ ਦਾ ਰਾਜਾ; ਉਹਦੀ ਚਿੱਟੀ ਪੱਗ ਨੂੰ, ਨੀਂ ਮੈਂ ਦਾਗ਼ ਨਾ ਲਾਵਾਂ।"

ਮਾਲਵੇ ਦੀ ਬਠਿੰਡਾ ਪੱਟੀ ਵਿਚ ਕਈ ਸਭਿਆਚਾਰਕ ਸੁਧਾਰਵਾਦੀ ਲਹਿਰਾਂ ਦਾ ਜਨਮ ਹੋਇਆ ਸੀ। ਕਿਸੇ ਗੱਲ ਨੂੰ ਸੰਕੇਤਕ ਰੂਪ ਵਿਚ ਕਹਿ ਕੇ ਗੁੱਝੀ ਰਮਜ਼ ਦਾ ਪ੍ਰਗਟਾਵਾ ਕਰਨਾ ਇਸੇ ਇਲਾਕੇ ਦੀ ਦੇਣ ਹੈ। ਮਿਸਾਲ ਵਜੋਂ, "ਪੁੱਤ ਮਰਵਾ ਲਿਆ ਅਕਲ ਦਿਆ ਅੰਨ੍ਹਿਆ"-ਇਹ ਭਗਤ ਪੂਰਨ ਵੱਲ ਸੰਕੇਤ ਹੈ। ਪੱਕਾ ਪਥਰਾਲਾ ਪਿੰਡ ਦੇ ਮਿਰਾਸੀ ਸਰੰਗੀ ਵਾਲੇ ਇਸੇ ਰਮਜ਼ ਦੇ ਧਨੀ ਸਨ; ਜਿਵੇਂ "ਕੰਮ ਤਾਂ ਬਿਆਹੀਆਂ ਵਾਲੇ ਕਰਦੀ ਹੀਰ ਕੁਮਾਰੀ" ਆਦਿ। ਪੈਪਸੂ ਦਾ ਇਲਾਕਾ ਜ਼ਿਆਦਾ ਜ਼ਰਖ਼ੇਜ਼ ਸੀ ਅਤੇ ਮਾਲਵੇ ਦੀ ਪਛੜੀ ਪੱਟੀ ਘੱਟ। ਮਾਲਵੇ ਦੇ ਲੋਕ, ਗੁੜ ਪੁਆਧ ਤੋਂ ਮੰਗਵਾਉਂਦੇ ਸਨ। ਘਰ ਦਾ ਤਿਆਰ ਕੀਤਾ ਸੁੱਚਾ ਸ਼ੁੱਧ ਘਿਉ ਅਤੇ ਸ਼ੱਕਰ ਜੱਟ ਦੇ ਹੱਡਾਂ ਵਿਚੋਂ ਬੋਲਦੀ ਅਤੇ ਮਸਤੀ ਦੇ ਆਲਮ ਵਿਚ ਸਾਹਿਬਾਂ ਆਪ-ਮੁਹਾਰੇ ਉਸ ਦੇ ਬੁੱਲ੍ਹਾਂ 'ਤੇ ਫੜਕਦੀ ਜਿਵੇਂ ਸਿਆਲਾਂ ਤੋਂ ਚੱਲ ਕੇ ਸੁੱਚਾ ਚੁੰਮਣ ਲੈਣ ਆਈ ਹੋਵੇ:

ਪੱਤਣ ਲੱਗੀ ਨੂੰ ਜੱਟਾ ਕਿਉਂ ਡੋਬਦੈਂ
ਮੇਰਾ ਕਰ ਅੱਜ ਨਿਆਂ,
ਮੈਨੂੰ ਸਹੁਰੇ ਢੋਈ ਨਾ ਮਿਲੇ
ਮੇਰੇ ਪੇਕੇ ਹੈ ਨੀ ਥਾਂ।

ਫਿਰ ਕੁਆਰੇ ਅਰਮਾਨਾਂ ਵਿਚ ਜ਼ੁਲਮ ਘੁਲਦੀ ਗਈ। ਚਲਿੱਤਰੀ ਨਾਰਾਂ ਬੇਵਫ਼ਾ ਕਾਮੁਕ ਪੁਤਲੀਆਂ ਅਤੇ ਅਹਿਮਦ ਡੋਗਰ ਵਰਗੇ ਸਭਿਆਚਾਰ ਦੇ ਦੁਸ਼ਮਣ ਗ਼ਦਾਰ ਆਦਮੀ, ਨਾ-ਸ਼ੁਕਰੇ ਅਤੇ ਮੁਫ਼ਤ ਦਾ ਖਾਣ ਵਾਲੇ ਸਾਹਮਣੇ ਆਉਂਦੇ ਗਏ ਪਰ ਫਿਰ ਵੀ ਜੀਊਣਾ ਮੌੜ ਰੱਬ ਦਾ ਵਫ਼ਾਦਾਰ ਰਿਹਾ। ਅੱਜ ਵੀ ਡੋਗਰਾਂ ਦੀ ਕੋਈ ਕਮੀ ਨਹੀਂ। ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਅੱਜ ਦੇ ਡੋਗਰ ਸਿਆਸੀ ਨੌਸਰਬਾਜ਼ੀ ਦੀ ਵਿਦਿਆ ਵਿਚ ਮਾਹਿਰ ਹੋ ਗਏ ਹਨ।

ਸਭਿਆਚਾਰ ਦੇ ਇਤਿਹਾਸ ਦੀ ਸਿਰਜਣਾ ਹੋਈ। ਪੰਜਾਬ ਸੋਨੇ ਦੀ ਚਿੜੀ ਕਹਾਇਆ। ਦਰਿੰਦੇ ਡਾਕੂ ਵਧਦੇ ਗਏ ਜਿਨ੍ਹਾਂ ਸੋਨੇ ਦੀ ਚਿੜੀ ਦੇ ਖੰਭ ਨੋਚ ਸੁੱਟੇ ਅਤੇ ਅੱਜ ਵੀ ਹਰ ਰੋਜ਼ ਦਾ ਅਖ਼ਬਾਰ ਕਿਸੇ ਜ਼ਖ਼ਮੀ ਪੰਛੀ ਦੀ ਤਰ੍ਹਾਂ ਤੜਫ਼ਦਾ ਸਾਡੇ ਵਿਹੜੇ ਵਿਚ ਠਾਹ ਕਰ ਕੇ ਡਿੱਗਦਾ ਹੈ। ਕਸਮੇਂ-ਵਾਅਦੇ, ਪਿਆਰ-ਵਫ਼ਾ ਸਭ ਅਲੋਪ ਹੋ ਗਏ, ਸਿਰਫ਼ ਸਿਆਹੀ ਰੰਗੀਆਂ ਸੁਰਖ਼ੀਆਂ ਲਹੂ-ਭਿੱਜੀ ਵੇਦਨਾ ਜਾਂ ਤੜਫ਼ ਦੇ ਸੁਨੇਹੇ ਦਿੰਦੀਆਂ ਹਨ। ਅੱਜ ਵੀ ਲੋਟੂ ਟੋਲਾ ਸੋਨੇ ਦੀ ਚਿੜੀ ਦੇ ਖੰਭ ਨੋਚਦਾ ਹੈ। ਮਸਾਲੇ ਖਾਣ ਦੇ ਸ਼ੌਕੀਨ ਅਰਬ ਆਏ। ਫਰਾਂਸੀਸੀਆਂ ਨੇ ਆਪਣੀ ਕਾਲੋਨੀ ਬਣਾਉਣ ਦੀ ਬੇਹੱਦ ਕੋਸ਼ਿਸ਼ ਕੀਤੀ। ਗੋਰੇ ਮੂੰਹਾਂ ਵਾਲੇ ਟੋਡੀ ਅੰਗਰੇਜ਼ ਕਾਫ਼ੀ ਦੇਰ ਤਕ ਅਜਿਹੀਆਂ ਕੋਸ਼ਿਸ਼ਾਂ ਵਿਚ ਲੱਗੇ ਰਹੇ। ਇਕ ਵਾਰੀ ਤਾਂ ਸਰਬੰਸਦਾਨੀ ਵੀ ਅਕਾਲ ਪੁਰਖ ਨੂੰ ਅਰਦਾਸ ਕਰਨ ਲਈ ਬੇਵੱਸ ਹੋ ਗਿਆ, "ਮਿੱਤਰ ਪਿਆਰੇ ਨੂੰ, ਸਾਡਾ ਹਾਲ ਮੁਰੀਦਾਂ ਦਾ ਕਹਿਣਾ।" ਸ਼ਰੀਫ਼, ਮਾਸੂਮ ਅਤੇ ਰਜ਼ਾ ਵਿਚ ਰਹਿਣ ਵਾਲੇ ਲੋਕ ਹਾਕਮਾਂ ਦੀਆਂ ਵਗਾਰਾਂ ਪਾਲਦੇ ਰਹੇ। ਦੁੱਧ ਦੀਆਂ ਗੜਵੀਆਂ ਬਾਣੀਆਂ ਦੇ ਘਰ ਜਾਂਦੀਆਂ ਅਤੇ ਆਪ ਉਹ ਆਚਾਰ ਨਾਲ ਰੋਟੀ ਖਾਂਦੇ। ਬੇਵੱਸ ਜੱਟ, ਕਿਰਤੀ ਜਾਂ ਕਾਮੇ ਆਰਥਕ ਤੰਗੀ ਦਾ ਗੁੱਸਾ ਆਪਣੀਆਂ ਘਰਵਾਲੀਆਂ 'ਤੇ ਕੱਢਦੇ। ਤੇਵਰ ਬਦਲੇ ਹੋਏ ਜਲਾਲਾਬਾਦ ਦਾ ਮਿਰਜ਼ਾ ਤੁੱਲੀ ਗਾਇਕ ਦੇ ਮੂੰਹੋਂ ਕੁਝ ਅਜਿਹਾ ਮਿਹਣਾ ਜਾਂ ਸੂਲਾਂ ਨਾਲੋਂ ਵੀ ਤਿੱਖਾ ਬੇਵਫ਼ਾਈ ਦਾ ਤਾਹਨਾ ਮਾਰਨ ਲਈ ਮਜਬੂਰ ਸੀ:

ਕਿਉਂ ਦੇਰ ਲਗਾਈ ਸਾਹਿਬਾਂ,
ਰੋਟੀ ਨਾ ਲਿਆਈ ਅੱਜ।
ਤੇਰਾ ਆਟਾ ਗੁੰਨ੍ਹਣੋਂ ਰਹਿ ਗਿਆ,
ਕਿਉਂ ਮੱਠੀ ਪੈ ਗਈ ਅੱਗ।
ਤੈਨੂੰ ਯਾਰ ਦਿਖਾਈ ਦੇ ਗਿਆ,
ਰੋਵੇਂ ਧੂੰਏਂ ਦੇ ਪੱਜ।
ਘਰ ਐਦਾਂ ਨਾ ਵਸਦੇ ਸਾਹਿਬਾਂ,
ਪੁਗਾਉਣੀ ਪੈਂਦੀ ਲੱਜ।

ਕਿਰਤੀ-ਕਾਮਿਆਂ ਦੀ ਸ਼ਬਦ-ਅਡੰਬਰੀ ਬਿੰਬਾਵਲੀ ਕਿਸੇ ਸੁਲਝੇ ਸਾਹਿਤਕਾਰ ਤੋਂ ਵੀ ਅਨਿਸ਼ਚਿਤ ਕੀਮਤਾਂ ਦੀ ਵਾਰਸ ਹੁੰਦੀ ਹੈ। ਇਨ੍ਹਾਂ ਦੀ ਖ਼ਿਆਲ ਉਡਾਰੀ ਅਕਾਲ-ਕਿਰਿਆ ਦੀ ਹੱਦ ਵੀ ਟੱਪ ਕੇ ਪਰਾ-ਯਥਾਰਥਵਾਦ ਦੀ ਵਲਗਣ, ਯਾਨਿ ਅਚੇਤ ਮਨ ਦੀਆਂ ਰੂਪਮਾਨ ਗੱਲਾਂ ਵਿਚ ਦਾਖ਼ਲ ਹੁੰਦੀ ਹੈ। ਬਾਕੀਆਂ ਲਈ ਜਾਂ ਤਾਂ ਖੜੋਤ ਹੈ ਜਾਂ ਨੀਮ-ਦੁਬਿਧਾ ਦਾ ਜਨੂੰਨੀ ਵਿਹਾਰ। ਸਿਆੜ ਦੇ ਵਿੰਗ 'ਤੇ ਅਚਾਨਕ ਬਲਦ ਖੜੋ ਗਏ ਅਤੇ ਜੱਟ ਨੇ ਹੇਕ ਲਾ ਕੇ ਕਿਹਾ, "ਰੰਨ ਨਹਾ ਕੇ ਛੱਪੜ ਵਿਚੋਂ ਨਿਕਲੀ, ਸੁਲਫ਼ੇ ਦੀ ਲਾਟ ਵਰਗੀ।" ਟੈਗੋਰ ਨੂੰ ਇਸ ਲੋਕ-ਗੀਤ ਦੀ ਬਹੁਮੁੱਲੀ ਤੁੱਕ ਨੇ ਅਜਿਹਾ ਕੀਲਿਆ ਕਿ ਪੰਜਾਬ ਵੱਲ ਉਸ ਦਾ ਲਗਾਉ ਹੱਦੋਂ ਵਧ ਗਿਆ।

ਗੁਰਬਾਣੀ ਨਾਲ ਸਬੰਧਤ ਲਿਖਤਾਂ ਸਪਸ਼ਟ ਕਰਦੀਆਂ ਹਨ ਕਿ ਮਾਲਵੇ ਦੇ ਬਰਾੜ ਜੱਟਾਂ ਦਾ ਦਬਦਬਾ ਮੁਗ਼ਲ ਸਲਤਨਤ ਉਤੇ ਕਾਫ਼ੀ ਸੀ। ਉਦਾਹਰਣ ਲਈ ਇਹ ਹਵਾਲਾ ਪੜ੍ਹੋ:

ਨ ਜ਼ੱਰਹ ਦਰੀਂ ਰਾਹ ਖ਼ਤਰਹ ਤੁਰਾਸਤ।
ਹਮਹ ਕੌਮ ਬੈਰਾੜ ਹੁਕਮੇ ਮਰਾਸਤ।

ਅਰਥਾਤ ਇਸ ਰਸਤੇ ਆਉਣ ਨਾਲ ਤੈਨੂੰ ਰਤਾ ਵੀ ਡਰ ਨਹੀਂ ਕਿਉਂਕਿ ਸਾਰੀ ਬਰਾੜ ਕੌਮ ਮੇਰੇ ਹੁਕਮ ਵਿਚ ਹੈ। (ਜ਼ਫ਼ਰਨਾਮਾ)

ਸੁੱਚੇ ਦਿਲਾਂ ਦੇ ਮਾਲਕ ਜੰਗ ਨਾਲ ਜੂਝਣ ਵਾਲੇ ਲੋਕਾਂ ਨੇ ਲੋਕ-ਨਾਇਕ ਬਹੁਤ ਪੈਦਾ ਕੀਤੇ। ਅੱਗੇ ਘੋੜਿਆਂ ਦੇ ਸ਼ੌਕੀਨ ਸਰਬੰਸਦਾਨੀ ਲਿਖਦੇ ਹਨ:

ਯਕੇ ਅਸਪ ਸ਼ਇਸਤਹ ਏ ਯਕ ਹਜ਼ਾਰ।
ਬਿਯਾ ਤਾ ਬਗੀਰੀ ਬ ਮਨ ਈ ਦਿਯਾਰ।

ਅਰਥਾਤ ਬਹੁਤ ਸੁੰਦਰ ਘੋੜਾ, ਇਕ ਹਜ਼ਾਰ ਕੀਮਤ ਵਾਲਾ, ਲੈ ਕੇ ਆ ਅਤੇ ਫਿਰ ਮੇਰੇ ਕੋਲੋਂ ਇਲਾਕਾ ਲੈ ਲੈ।

ਐਥੇ ਸਿਆਸੀ ਸੰਧੀ ਦਾ ਭੁਲੇਖਾ ਪਾਠਕ ਵਰਗ ਨੂੰ ਪ੍ਰੇਸ਼ਾਨ ਕਰੇਗਾ। ਆਓ, ਹੁਣ ਸਮਾਜ ਦੇ ਉਨ੍ਹਾਂ ਛਲੇਡਿਆਂ ਵੱਲ ਵੀ ਝਾਤ ਮਾਰ ਲਈਏ ਜੋ ਸਿਆਸੀ ਨਕਾਬ ਪਹਿਨ ਕੇ ਬੇਦਾਗ਼ ਸਫ਼ੈਦ ਬਗਲਿਆਂ ਵਾਂਗ ਵਿਚਰਦੇ ਹਨ ਅਤੇ ਚੰਡਾਲਾਂ ਵਾਲੇ ਕੰਮ ਕਰ ਕੇ ਨਿਮਾਣਿਆਂ-ਗ਼ਰੀਬਾਂ ਦੀ ਰੱਤ ਚੂਸਦੇ ਹਨ। ਗ਼ਰੀਬੀ ਦੂਰ ਕਰਨ ਦਾ ਲੋਕਤੰਤਰੀ ਵਿਧਾਨਕ ਨਾਅਰਾ ਅਮਲ ਵਿਚ ਅਰਥਹੀਣ ਹੋ ਕੇ ਸਵਾਰਥ ਦੇ ਅੰਕੁਰਾਂ ਵਿਚ ਫੁੱਟਦਾ ਹੈ ਕਿਉਂਕਿ ਨਾਅਰਾ ਬੁਲੰਦ ਕਰਨ ਵਾਲੇ ਪਹਿਲਾਂ ਆਪਣੀ ਗ਼ਰੀਬੀ ਚੁੱਕਣ ਦਾ ਜਤਨ ਕਰਦੇ ਹਨ ਅਤੇ ਜਦੋਂ ਅਸਲੀ ਗ਼ਰੀਬਾਂ ਦੀ ਵਾਰੀ ਆਉਂਦੀ ਹੈ ਤਾਂ ਯੋਜਨਾਵਾਂ ਵੱਟੇ-ਖਾਤੇ ਪੈ ਜਾਂਦੀਆਂ ਹਨ।

ਇਸ ਮੁਲਕ ਦੇ ਦੁਸ਼ਮਣ ਆਧੁਨਿਕ ਐਸ਼ਪ੍ਰਸਤੀ ਦੇ ਵਣਜਾਰੇ ਬਾਬੇ ਹਨ। ਆਸਾ ਰਾਮ ਬਾਪੂ ਦੀਆਂ ਕਰਤੂਤਾਂ ਦਾ ਕੱਚਾ ਚਿੱਠਾ ਹੀ ਦੇਖ ਲਵੋ। ਪੰਜਾਬ ਵਿਚ ਸਾਹਨੇਵਾਲ ਪਾਸ ਘੱਟੋ-ਘੱਟ 50 ਏਕੜ ਜ਼ਮੀਨ ਵਿਚ ਉਸ ਦਾ ਆਸ਼ਰਮ ਹੈ। ਇਹ ਜ਼ਮੀਨ ਉਸ ਨੇ ਗ਼ਰੀਬ ਜੱਟਾਂ ਦਾ ਸ਼ੋਸ਼ਣ ਕਰ ਕੇ ਕੌਡੀਆਂ ਦੇ ਭਾਅ ਖ਼ਰੀਦੀ ਸੀ ਜਿਸ ਦੀ ਕੀਮਤ ਅੱਜ ਕੱਲ੍ਹ ਕਰੋੜਾਂ ਰੁਪਏ ਬਣਦੀ ਹੈ।

ਸਿਆਸੀ ਟੁੱਕੜਬੋਚ ਖ਼ੁਦ ਬਾਬੇ ਪੈਦਾ ਕਰਦੇ ਹਨ, ਅਰਥਾਤ ਟੁੱਕੜਬੋਚਾਂ ਦੇ ਵੀ ਏਜੰਟ। ਜਥੇਦਾਰ ਤੋਤਾ ਸਿੰਘ ਨੇ ਇਕ ਵਾਰੀ ਬਿਆਨ ਦਿੱਤਾ ਸੀ ਕਿ ਉਹ ਜੇਲ੍ਹਾਂ ਵਿਚ ਗੁਰਦੁਆਰੇ ਖੋਲ੍ਹਣਗੇ ਤਾਂ ਜੋ ਕੈਦੀ ਛੁੱਟਣ ਤੋਂ ਬਾਅਦ ਇੱਜ਼ਤ ਵਾਲਾ ਜੀਵਨ ਗੁਜ਼ਾਰ ਸਕਣ। ਕੀ ਜੇਲ੍ਹ ਤੋਂ ਛੁੱਟਿਆ ਬੰਦਾ ਚੰਗਾ ਜੀਵਨ ਬਤੀਤ ਕਰ ਸਕਦਾ ਹੈ? ਭਾਰਤ ਨੂੰ ਕੰਗਾਲ ਉਸ ਦੇ ਲੋਕਾਂ ਨੇ ਨਹੀਂ ਕਰਨਾ ਪਰ ਜਦੋਂ ਕਦੀ ਵਕਤ ਆਇਆ ਤਾਂ ਸਿਰਫ਼ ਸਿਆਸੀ ਟੁੱਕੜਬੋਚ ਹੀ ਕਰਨਗੇ।

ਤਾਮਿਲ ਅੰਮਾ (ਜੈ ਲਲਿਤਾ) ਅਤੇ ਬੰਗਾਲੀ ਦੀਦੀ (ਮਮਤਾ ਬੈਨਰਜੀ) ਨੂੰ ਭਲਾ ਕੌਣ ਨਹੀਂ ਜਾਣਦਾ? ਰਾਜ-ਹੱਠ, ਤ੍ਰਿਆ-ਹੱਠ, ਯੋਗ-ਹੱਠ, ਪਤਾ ਨਹੀਂ ਕਿੰਨੇ ਕੁ ਹੋਰ ਹੱਠਾਂ ਬਾਰੇ ਬ੍ਰਾਹਮਣਵਾਦ ਦੀ ਕਹਾਵਤ ਪ੍ਰਚੱਲਤ ਰਹੀ ਹੈ। ਕਿਸੇ ਵੇਲੇ ਤਾਮਿਲ ਅੰਮਾ ਨੇ ਮੂੰਹ-ਬੋਲੇ ਭਾਣਜੇ ਦੀ ਸ਼ਾਦੀ ਉਤੇ ਇਕ ਕਰੋੜ ਤੋਂ ਵੀ ਵੱਧ ਰੁਪਿਆ ਖ਼ਰਚ ਕੀਤਾ ਸੀ ਜਦੋਂ ਕਿ ਉਸ ਸਮੇਂ ਪੈਸੇ ਦੀ ਵਾਹਵਾ ਵੁੱਕਤ ਸੀ।

ਉਫ਼...ਕਿੰਨੀ ਅਜੀਬ ਸ਼ੈਅ ਹੈ ਸਿਆਸਤ ਵੀ। ਹਰਿਆਣਾ ਦੇ ਚੌਟਾਲਾ ਸਾਹਿਬ ਵੀ ਹਰੀ ਪੱਗ ਬੰਨ੍ਹ ਕੇ ਨੁਮਾਇਸ਼ੀ ਟੱਟੂ ਦੀ ਤਰ੍ਹਾਂ ਖੜ੍ਹੇ



*ਬਾਪੂ ਆਸਾ ਰਾਮ*

ਸਨ; ਜਿਵੇਂ ਕੋਈ ਦਰਬਾਨ ਆਉਣ ਵਾਲੇ ਮਹਿਮਾਨਾਂ ਦੇ ਤੇਵਰ ਪਛਾਣ ਕੇ ਆਪਣਾ ਫ਼ਰਜ਼ ਨਿਭਾਉਣ ਲਈ ਮਜਬੂਰ ਹੋਵੇ। ਤਾਮਿਲ ਅੰਮਾ ਆਪਣੇ ਮੋਤੀਆਂ ਜੜੇ ਚੋਗੇ ਵਿਚ ਪਰੀਆਂ ਦੀ ਕਿਸੇ ਕਹਾਣੀ ਦੀ ਪ੍ਰਤੀਨਿਧ ਪਾਤਰ ਲੱਗ ਰਹੀ ਸੀ।

ਪੰਜਾਬ ਦੀ ਮਿਸਾਲ ਹੀ ਲੈ ਲਓ। ਸਾਲੇ-ਭਣੋਈਆਂ ਦੀ ਸਿਆਸਤ ਵਿਚ ਲਘੂ-ਬਾਦਲ ਨੇ ਆਪਣੇ ਸਾਲੇ ਦੀ ਸ਼ਾਦੀ ਲਈ ਵੱਖਰੀ ਹੀ ਥਾਂ ਚੁਣੀ ਸੀ ਜਿਸ 'ਤੇ ਕਈ ਕਰੋੜ ਰੁਪਏ ਖ਼ਰਚ ਆਏ। ਨਾ ਕਿਸੇ ਆਮ ਇਤਰਾਜ਼ ਕੀਤਾ ਅਤੇ ਨਾ ਹੀ ਕਿਸੇ ਟੈਕਸ ਵਾਲਿਆਂ ਕੋਲ ਸ਼ਿਕਾਇਤ ਕੀਤੀ।

ਅਖ਼ੀਰ ਵਿਚ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਵੱਲ ਝਾਤ ਮਾਰਦੇ ਹਾਂ ਜੋ ਹੁਣੇ-ਹੁਣੇ ਪੁੱਤਰ ਦਾ ਵਿਆਹ ਕਰ ਕੇ ਵਿਹਲਾ ਹੋਇਆ ਹੈ। ਇਕ ਪਾਸੇ ਉਹ ਬ੍ਰਹਮਗਿਆਨੀ ਸਿਆਸਤਦਾਨ ਹੋਣ ਦਾ ਦਾਅਵਾ ਕਰਦਾ ਹੈ, ਦੂਸਰੇ ਪਾਸੇ ਲੜਕੇ ਨੂੰ 9 ਕਰੋੜ ਰੁਪਏ ਦਾ ਬੰਗਲਾ ਅਤੇ ਬੀ.ਐਮ.ਡਬਲਿਊ. ਕਾਰ ਭੇਟ ਕਰਦਾ ਹੈ। ਦੋ ਲੱਖ ਲੋਕ ਪਾਰਟੀ 'ਤੇ ਆਏ। ਇਹ ਭੱਦਰ-ਪੁਰਸ਼ ਭਲਾ ਲੋਕਾਂ ਲਈ ਕੀ ਆਦਰਸ਼ ਬਣਨਗੇ?

# ਰੱਖ ਮੋਢੇ 'ਤੇ ਬੰਦੂਕਾਂ ਅਸੀਂ ਕੀ ਖੱਟਿਆ?

*(ਸਫਾ 23 ਦੀ ਬਾਕੀ)*

ਉਹ ਚਾਰੇ ਵੀ ਲੋਕਾਂ ਦੇ ਘਰੀਂ ਕੰਮ ਕਰਨ ਜਾਂਦੀਆਂ। ਦੇਬੋ ਦਾ ਇਕ ਨਸ਼ਈ ਪੁੱਤ ਸੱਚੇ ਸੌਦੇ ਵਾਲੇ ਸਾਧ ਦਾ ਸ਼ਰਧਾਲੂ ਬਣ ਗਿਆ। ਦੇਬੋ ਉਸ ਨੂੰ ਘਰੇ ਨਾ ਵਾੜਦੀ। ਉਹ ਕਹਿੰਦਾ, "ਬੇਬੇ, ਤੇਰੇ ਧਰਮ ਨੇ ਹੀ ਤੇਰਾ ਸੁਹਾਗ ਉਜਾੜਿਆ ਹੈ।" ਪਰ ਦੇਬੋ ਸਭ ਕੁਝ ਨੂੰ ਵਾਹਿਗੁਰੂ ਦਾ ਭਾਣਾ ਸਮਝਦੀ। ਦੇਬੋ ਨੂੰ ਹੌਸਲਾ ਦਿੱਤਾ ਕਿ ਜਿੰਨਾ ਹੋ ਸਕਿਆ, ਤੇਰੀਆਂ ਧੀਆਂ ਦੇ ਵਿਆਹ 'ਤੇ ਖ਼ਰਚਾ ਕਰੂੰਗਾ।

ਚਾਚੀ ਨੂੰ ਵਿਆਹ ਲਈ ਟਾਲਦਾ ਗਿਆ। ਫਿਰ ਇਕ ਦਿਨ ਦੀਪ ਦੇ ਮਾਤਾ-ਪਿਤਾ ਨਾਲ ਸਲਾਹ ਕੀਤੀ। ਦੀਪ ਦੀ ਮੰਗੇਤਰ ਨੇ ਅਜੇ ਵਿਆਹ ਨਹੀਂ ਕਰਵਾਇਆ ਸੀ। ਮੈਂ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਅਸੀਂ ਉਨ੍ਹਾਂ ਦੇ ਘਰ ਗਏ। ਦੀਪ ਦੇ ਮਾਤਾ-ਪਿਤਾ ਨੇ ਸਮਝਾਇਆ, ਉਹ ਵਿਚਾਰੀ ਮੰਨ ਗਈ। ਵਿਆਹ ਦਾ ਸਾਰਾ ਪ੍ਰਬੰਧ ਦੀਪ ਦੇ ਘਰ ਕੀਤਾ, ਦੀਪ ਦੇ ਮਾਤਾ-ਪਿਤਾ ਨੇ ਹੀ ਸਾਰੇ ਫ਼ਰਜ਼ ਨਿਭਾਏ। ਇਸ ਵਿਆਹ ਲਈ ਮੇਰੇ ਮਾਪੇ ਰਾਜ਼ੀ ਨਾ ਹੋਏ। ਇਸ ਲਈ ਤੈਨੂੰ ਕੋਈ ਸਮਝੌਤਾ ਲੱਗਦਾ ਸੀ। ਮੈਂ ਦੀਪ ਨੂੰ ਉਨ੍ਹਾਂ ਕੋਲੋਂ ਤਾਂ ਨਾ ਬਚਾ ਸਕਿਆ ਪਰ ਅੱਜ ਫਿਰ ਦੀਪ ਦਾ ਘਰ ਵਸਾਉਣ ਲਈ ਮੈਨੂੰ ਬਹੁਤ ਵੱਡਾ ਫ਼ੈਸਲਾ ਕਰਨਾ ਪਿਆ। ਮੈਂ ਅੱਜ ਖ਼ੁਸ਼ ਹਾਂ ਕਿ ਮੈਂ ਆਪਣੀ ਘਰਵਾਲੀ ਨੂੰ ਦੀਪ ਦੇ ਘਰ ਛੱਡ ਆਇਆ ਹਾਂ। ਉਹ ਮਾਪਿਆਂ ਦੀ ਸੇਵਾ ਕਰੇਗੀ, ਮੇਰੇ ਮਾਪਿਆਂ ਦੀ ਸੇਵਾ ਲਈ ਮੇਰੀ ਵੱਡੀ ਭਰਜਾਈ ਹੈ। ਜ਼ਮੀਨ-ਘਰ, ਸਭ ਵੱਡੇ ਭਰਾ ਦੇ ਨਾਂ ਕਰਵਾ ਦਿੱਤਾ ਹੈ। ਮੈਂ ਖ਼ੁਦ ਨੂੰ ਦੀਪ ਸਮਝਣ ਦੀ ਕੋਸ਼ਿਸ਼ ਕਰਦਾ ਹਾਂ।

ਫਿਰ ਇਕ ਦਿਨ ਮੈਂ ਤੇ ਘਰਵਾਲੀ ਉਨ੍ਹਾਂ ਖਾੜਕੂਆਂ ਦੇ ਘਰ ਗਏ ਜਿਨ੍ਹਾਂ ਨੇ ਦੀਪ ਨੂੰ ਮਾਰਿਆ ਸੀ। ਉਨ੍ਹਾਂ ਦੇ ਘਰ ਦੇ ਹਾਲਾਤ ਵੇਖ ਕੇ ਮਨ ਭਰ ਆਉਂਦਾ ਸੀ। ਇਕ ਏਰੀਆ ਕਮਾਂਡਰ ਦੇ ਘਰ ਗਏ। ਬਾਪੂ ਪਸ਼ੂਆਂ ਨੂੰ ਪੱਠੇ ਪਾ ਰਿਹਾ ਸੀ। ਮਾਂ ਚੁੱਲ੍ਹੇ ਅੱਗੇ ਬੈਠੀ ਅੱਗ ਮਚਾਉਣ ਲਈ ਫੂਕਾਂ ਮਾਰ ਰਹੀ ਸੀ। ਬੇਬੇ-ਬਾਪੂ ਨੂੰ ਫ਼ਤਿਹ ਬੁਲਾ ਕੇ ਆਪਣੀ ਦਰਦ ਕਹਾਣੀ ਸੁਣਾਈ। ਵਿਚਾਰੇ ਦੋਵੇਂ ਜਣੇ ਹੱਥ ਜੋੜ ਕੇ ਮੁਆਫ਼ੀ ਮੰਗੀ ਜਾਣ। ਬੇਬੇ ਮੇਰੀ ਘਰਵਾਲੀ ਨੂੰ ਬੁੱਕਲ ਵਿਚ ਲੈ ਕੇ ਬੋਲੀ-"ਧੀਏ...ਮੈਨੂੰ ਮੁਆਫ਼ ਕਰ ਦੇ। ਸਾਡੇ ਘਰ ਕਿਹੜਾ ਭੰਡੇ ਬੈਠਦੇ ਹਨ। ਆਹ ਤਿੰਨ ਧੀਆਂ ਵਿਆਹੁਣ ਵਾਲੀਆਂ ਬੈਠੀਆਂ ਹਨ। ਮੇਰਾ ਇਕੱਲਾ ਪੁੱਤ ਬਾਈ ਸਾਲ ਦੀ ਉਮਰੇ ਹੀ ਤੁਰ ਗਿਆ। ਮੈਂ ਤਾਂ ਮਰੇ ਦੀ ਮਿੱਟੀ ਵੀ ਨਾ ਕਿਉਂਟ ਸਕੀ।" ਬੇਬੇ ਦਾ ਰੋਣਾ ਰੁਕ ਨਹੀਂ ਸੀ ਰਿਹਾ। ਤਿੰਨਾਂ ਕੁੜੀਆਂ ਵੱਲ ਵੇਖ ਕੇ ਤਰਸ ਆਉਂਦਾ ਸੀ ਜਿਨ੍ਹਾਂ ਦੀ ਵਿਆਹ ਦੀ ਉਮਰ ਟੱਪ ਰਹੀ ਸੀ। ਮੈਂ ਆਪਣੀ ਜੇਬ ਵਿਚੋਂ ਦਸ ਹਜ਼ਾਰ ਰੁਪਏ ਦੀ ਗੁੱਥੀ ਬੇਬੇ ਨੂੰ ਫੜਾ ਦਿੱਤੀ ਕਿ ਇਹ ਕੁੜੀਆਂ ਦਾ ਸ਼ਗਨ ਸਮਝੀਂ। ਅਸੀਂ ਵੀ ਰੋਂਦੇ ਹੋਏ ਬਾਹਰ ਆ ਨਿਕਲੇ।

ਅਗਲੇ ਦਿਨ ਦੂਜੇ ਸਿੰਘ ਦੇ ਘਰ ਗਏ। ਕੈਂਸਰ ਦਾ ਮਰੀਜ਼ ਬਾਪੂ ਮੰਜੇ 'ਤੇ ਪਿਆ ਸੀ, ਕਹਿੰਦਾ, ਪੁੱਤ ਸ਼ਹੀਦ ਹੋ ਗਿਆ ਪਰ ਸਾਡੀ ਜੂਨੀ ਨਰਕ ਵਿਚ ਪਾ ਗਿਆ। ਛੋਟਾ ਪੁੱਤ ਨੀਮ ਪਾਗਲ ਹੈ। ਦੋ ਧੀਆਂ ਦੇ ਕਾਰਜ ਕਰਨੇ ਨੇ। ਇਨ੍ਹਾਂ ਦੀ ਮਾਂ ਪੁੱਤ ਦੇ ਵਿਛੋੜੇ ਵਿਚ ਮਰ ਗਈ। ਕਿਸੇ ਨੇ ਆ ਕੇ ਸਾਡੀ ਬਾਤ ਨਹੀਂ ਪੁੱਛੀ ਕਿ ਸ਼ਹੀਦ ਦਾ ਪਰਿਵਾਰ ਕਿਵੇਂ ਗੁਜ਼ਾਰਾ ਕਰਦਾ ਹੈ। ਪੰਜੀ ਸਾਲਾਂ ਦਾ ਮੇਰਾ ਪੁੱਤਰ ਅੱਖੋਂ ਓਹਲੇ ਹੋ ਕੇ ਤੁਰ ਗਿਆ। ਬਾਪੂ ਨੂੰ ਦਵਾਈ ਲਈ ਦਸ ਹਜ਼ਾਰ ਰੁਪਏ ਦੇ ਕੇ ਅਸੀਂ ਪਿੰਡ ਆ ਗਏ। ਮੇਰੀ ਘਰਵਾਲੀ ਕਹਿੰਦੀ, ਇਨ੍ਹਾਂ ਦੇ ਪਰਿਵਾਰ ਤਾਂ ਸਾਡੇ ਨਾਲੋਂ ਵੀ ਜ਼ਿਆਦਾ ਤੰਗ ਨੇ। ਕੀ ਖੱਟਿਆ ਅਸੀਂ ਇਹ ਖ਼ੂਨ ਦੀ ਹੋਲੀ ਖੇਡ ਕੇ! ਭੈਣਾਂ ਦੇ ਭਰਾ ਵੀ ਸਿੱਖਾਂ ਦੇ ਮਰੇ; ਸੁਹਾਗਣਾਂ ਰੰਡੀਆਂ ਹੋਈਆਂ, ਉਹ ਵੀ ਸਿੱਖਾਂ ਦੀਆਂ ਕੁੜੀਆਂ; ਮਾਂਵਾਂ ਦੇ ਪੁੱਤ ਮਰੇ, ਉਹ ਵੀ ਸਿੱਖਾਂ ਦੇ; ਅਤੇ ਸੰਤਾਪ ਵੀ ਸਿੱਖ ਹੀ ਹੰਢਾ ਰਹੇ ਨੇ।

ਜੀਵਨ ਨੇ ਰੋਂਦਿਆਂ ਸਾਰੀ ਕਹਾਣੀ ਸੁਣਾ ਦਿੱਤੀ। ਮੈਂ ਉਸ ਨੂੰ ਸਭ ਨਾਲੋਂ ਧਰਮੀ ਸਮਝਦਾ ਜਿਸ ਨੇ ਸਾਰੇ ਕਾਰਜ ਬਾਖ਼ੂਬੀ ਨਿਭਾਏ। ਇਨਸਾਨੀਅਤ ਦਾ ਦਰਦ ਵੰਡਾਇਆ ਪਰ ਅੱਜ ਜੀਵਨ ਵਰਗੇ ਬੰਦੇ ਘੱਟ ਹੀ ਮਿਲਦੇ ਹਨ ਜੋ ਯਾਰ ਖ਼ਾਤਰ ਜ਼ਿੰਦਗੀ ਹੀ ਯਾਰ ਹਵਾਲੇ ਕਰ ਦਿੰਦੇ ਹਨ!

## ਹੁਸ਼ਿਆਰ ਹੋ ਜਾਓ...

*(ਸਫ਼ਾ 28 ਦੀ ਬਾਕੀ)*

ਦੀ ਮਦਦ ਕਰਨਾ ਅਮਰੀਕਨ ਗਵਰਮਿੰਟ ਦੀ ਸ਼ਾਨ ਦੇ ਖ਼ਿਲਾਫ਼ ਹੈ।

ਇਸ ਬੜੇ ਅਖ਼ਬਾਰ ਵਿਚ ਅਜਿਹਾ ਮਜ਼ਮੂਨ ਨਿਕਲਦੇ ਹੀ ਸਾਡੀ ਫ਼ਤਿਹ ਦੀ ਪੂਰੀ ਉਮੀਦ ਹੋ ਗਈ ਕਿਉਂਕਿ ਹੁਣ ਸਾਨ ਫ਼ਰਾਂਸਿਸਕੋ ਦੇ ਸਾਰੇ ਅਖ਼ਬਾਰ ਸਾਡੀ ਵੱਲ ਹੋ ਗਏ। ਅਖ਼ਬਾਰਾਂ ਦੀ ਮਦਦ ਹੋਵੇ ਤਾਂ ਇਸ ਦੇਸ਼ ਵਿਚ ਗਵਰਮਿੰਟ ਦੇ ਅਫ਼ਸਰ ਗਲਤੀ ਜਾਂ ਬੇਈਮਾਨੀ ਨਾਲ ਦੁੱਖ ਨਹੀਂ ਦੇ ਸਕਦੇ। ਇਸ ਭਾਂਡਾ-ਫੋੜ ਤਾਰ 'ਤੇ ਇਹ ਸ਼ਲੋਕ ਯਾਦ ਆਉਂਦਾ ਹੈ:

ਜੋ ਗ਼ੈਰ ਪਰਦਾ ਖੋਲ੍ਹੇ
ਜਾਦੂ ਵੋਹ ਜੋ ਸਰ ਚੜ੍ਹ ਬੋਲੇ।

ਗ਼ਦਰ ਦੇ ਸਾਰੇ ਸਿਪਾਹੀਆਂ ਨੂੰ ਖ਼ਬਰ ਦਿੱਤੀ ਜਾਂਦੀ ਹੈ ਕਿ ਕੋਈ ਫ਼ਿਕਰ ਨਾ ਕਰਨ। ਉਮੀਦ ਹੈ ਕਿ ਆਪਣੀ ਜਿੱਤ ਹੋਵੇਗੀ ਅਤੇ ਅਮਰੀਕਨ ਗਵਰਮਿੰਟ ਦੀ ਬੇਇੱਜ਼ਤੀ ਹੋਵੇਗੀ। ਸਾਰੇ ਭਾਈਆਂ ਨੇ ਜਿੰਨਾ ਪੈਸਾ ਭੇਜਿਆ ਹੈ, ਉਨ੍ਹਾਂ ਦੇ ਪ੍ਰੇਮ ਅਤੇ ਦੇਸ਼ ਭਗਤੀ ਪੁਰ ਧੰਨਵਾਦ ਕੀਤਾ ਜਾਂਦਾ ਹੈ। ਗ਼ਦਰ ਪਾਰਟੀ ਦੁਸ਼ਮਣ ਦੇ ਹਮਲੇ ਤੋਂ ਜ਼ਿਆਦਾ ਤਾਕਤਵਰ ਹੋਵੇਗੀ ਅਤੇ ਦੁਨੀਆਂ ਵਿਚ ਇਸ ਦੀ ਨਾਮਵਰੀ ਹੋਵੇਗੀ।

**28 ਮਾਰਚ, 1914 ਦੇ ਅਖ਼ਬਾਰ 'ਕ੍ਰਾਨੀਕਲ' ਦਾ ਦੂਜਾ ਲੇਖ**

ਅਮਰੀਕਾ ਵਿਚ ਪੰਚਾਇਤੀ ਰਾਜ ਹੈ। ਇਸ ਦਾ ਅਸੂਲ ਹੈ ਕਿ ਸਭ ਦੀ ਰਾਇ ਨਾਲ ਰਾਜ ਹੋਵੇ। ਹੁਣ ਬਹੁਤ ਕੌਮਾਂ ਦੇ ਪ੍ਰਚਾਰਕ ਇਥੇ ਆ ਗਏ ਹਨ ਜਿਹੜੇ ਇਥੇ ਬਹੁਤ ਫ਼ਸਾਦ ਕਰਦੇ ਹਨ।

ਅਜਿਹੇ ਪ੍ਰਚਾਰਕਾਂ ਦਾ ਅਸਲ ਵਿਚ ਇਸ ਦੇਸ਼ ਵਿਚ ਕੋਈ ਕੰਮ ਨਹੀਂ। ਇਨ੍ਹਾਂ ਸਭਨਾਂ ਨੂੰ ਕੱਢ ਦਿੱਤਾ ਜਾਵੇ ਤਾਂ ਅੱਛਾ ਹੋਵੇ।

ਹੁਣ ਅਸੀਂ ਪੁੱਛਦੇ ਹਾਂ ਕਿ ਇਮੀਗ੍ਰੇਸ਼ਨ ਮਹਿਕਮਾ ਸਿਰਫ਼ ਇਕ ਅਕੱਲੇ ਹਿੰਦੂ ਨੂੰ ਕਿਉਂ ਕੱਢਦਾ ਹੈ। ਇਸ ਖ਼ਿਆਲ ਦੇ ਹੋਰ ਹਜ਼ਾਰਾਂ ਆਦਮੀ ਇਸ ਦੇਸ਼ ਵਿਚ ਹਨ ਜਿਹੜੇ ਅਸਾਡੀ ਕੌਮ ਨੂੰ ਜ਼ਿਆਦਾ ਨੁਕਸਾਨ ਪਹੁੰਚਾ ਰਹੇ ਹਨ। ਜੇ ਉਨ੍ਹਾਂ ਨੂੰ ਨਹੀਂ ਫੜਿਆ ਜਾਂਦਾ ਤਾਂ ਇਸ ਆਦਮੀ ਨੂੰ ਕਿਉਂ ਸਤਾਇਆ ਜਾਂਦਾ ਹੈ। ਇਸ ਤਰ੍ਹਾਂ ਕਾਨੂੰਨ ਨੂੰ ਵਰਤਣ ਪੁਰ ਲੋਕ ਮਹਿਕਮੇ 'ਤੇ ਮਖ਼ੌਲ ਕਰਦੇ ਹਨ। ਹਰਦਿਆਲ ਬੜਾ ਵਿਦਵਾਨ ਅਤੇ ਸੱਚਾ ਆਦਮੀ ਹੈ। ਉਹ ਪਵਿੱਤਰ ਜੀਵਨ ਰੱਖਦਾ ਹੈ। ਮਾਲੂਮ ਹੁੰਦਾ ਹੈ ਕਿ ਉਹ ਅੰਗਰੇਜ਼ੀ ਗਵਰਮਿੰਟ ਦੀ ਸ਼ੈਤਾਨੀ (ਕਾਰਨ) ਫੜਾਇਆ ਗਿਆ ਹੈ।

ਹਰਦਿਆਲ ਕਹਿੰਦਾ ਹੈ ਕਿ ਮੇਰਾ ਬੜਾ ਕੰਮ ਇਹ ਹੈ ਕਿ ਹਿੰਦੋਸਤਾਨ ਵਿਚੋਂ ਅੰਗਰੇਜ਼ਾਂ ਨੂੰ ਕੱਢ ਦੇਵਾਂ। ਉਹ ਕਹਿੰਦਾ ਹੈ ਕਿ ਮੈਂ ਅਮਰੀਕਾ ਵਿਚ ਕੋਈ ਰੌਲਾ ਨਹੀਂ ਪਾਉਂਦਾ। ਇਥੇ ਉਹ ਸਾਡਾ ਨੁਕਸਾਨ ਨਹੀਂ ਕਰਦਾ।

*-ਲਾਲਾ ਹਰਦਿਆਲ*
*31 ਮਾਰਚ, 1914*

# ਪੰਜਾਬੀ ਸੰਗੀਤ ਲਈ ਮੰਦਾ ਹੀ ਰਿਹਾ ਸਾਲ 2010



ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ: 91-98141-78883

ਪੰਜਾਬੀ ਸੰਗੀਤ ਦੀ ਬਗੀਚੀ ਨੂੰ ਜੇ ਇੱਕ ਪਾਸੇ ਪਾਇਰੇਟਰ, ਘਪਲੇਬਾਜ਼ ਤੇ ਠੱਗ ਨਦੀਨਾਂ ਵਾਂਗ ਚਿੰਬੜ ਚੁੱਕੇ ਨੇ ਤਾਂ ਦੂਜੇ ਪਾਸੇ ਅਣਸਿੱਖੇ ਤੇ ਸ਼ੁਗਲੀਆ ਗਾਇਕ ਇਸ ਬਗੀਚੀ ਨੂੰ ਯਭਲੀ ਮਾਰਕਾ ਗੀਤਾਂ ਨਾਲ ਉਜਾੜਨ ਦਾ ਕੋਈ ਮੌਕਾ ਨਹੀਂ ਜਾਣ ਦਿੰਦੇ। ਅੱਜ ਪੰਜਾਬੀ ਗਾਇਕੀ ਉਨ੍ਹਾਂ ਪਟਵਾਰੀਆਂ ਦੇ ਹੱਥ ਆ ਚੁੱਕੀ ਏ, ਜਿਹੜੇ ਇਸ ਬਗੀਚੀ ਨੂੰ ਉਜਾੜ ਖੁਦ ਤਾਂ ਕੋਈ ਹੋਰ ਕੰਮ ਸ਼ੁਰੂ ਕਰ ਲੈਣਗੇ ਪਰ ਇਸ ਨਾਲ ਦਿਲੋਂ ਜੁੜਨ ਦੇ ਚਾਹਵਾਨਾਂ ਵਾਸਤੇ ਸਦਾ ਲਈ ਕੰਢੇ ਬੀਜੇ ਜਾਣਗੇ। ਚੰਗੀ ਗਾਇਕੀ ਭੋਗ ਪੈਣ ਕੰਢੇ ਪਹੁੰਚ ਚੁੱਕੀ ਏ ਤੇ ਜਿਹੜਾ ਥੋੜ੍ਹਾ ਹਟ ਕੇ ਗਾਉਣ ਦੀ ਕੋਸ਼ਿਸ਼ ਕਰਦੈ, ਉਸ ਨੂੰ ਪਛਾੜਨ ਲਈ 'ਹਿਟਲਰ' ਪੈਦਾ ਹੋਣ ਲੱਗਦੇ ਨੇ। ਕੱਲ੍ਹ ਤੱਕ ਗੀਤ-ਸੰਗੀਤ ਨਾਲ ਜੁੜੇ ਮੰਝੇ ਹੋਏ ਲੋਕ ਹੀ ਆਖਦੇ ਸਨ ਕਿ ਇਹ ਖੇਤਰ ਅਹਿਮਦ ਸ਼ਾਹ ਅਬਦਾਲੀ ਵੱਲੋਂ ਲੁੱਟੇ ਸ਼ਹਿਰਾਂ ਵਰਗਾ ਹੋ ਚੁੱਕੈ ਪਰ ਹੁਣ ਸਧਾਰਨ ਸਰੋਤਿਆਂ ਦੇ ਵੀ ਖਾਨੇ ਪੈ ਗਈ ਏ ਕਿ ਲਿਖਣ-ਗਾਉਣ ਵਾਲਿਆਂ ਵੱਲ ਬਹੁਤਾ ਧਿਆਨ ਦੇਣ ਦੀ ਜ਼ਰੂਰਤ ਨਹੀਂ, ਜੋ ਆਉਂਦੈ ਆਈ ਜਾਣ ਦਿਓ, ਜਿਹੜਾ ਜਾਂਦੈ ਉਹਨੂੰ ਜਾਈ ਜਾਣ ਦਿਓ।

2010 ਵਿਚ ਪੰਜਾਬੀ ਸੰਗੀਤ ਮੰਡੀ ਵਿਚ ਜੋ-ਜੋ ਹੋਇਆ, ਉਹਦੇ ਬਾਰੇ ਬਹੁਤੇ ਲੋਕ ਜਾਣਦੇ ਹੀ ਨੇ। ਹਰ ਮਹੀਨੇ ਨਵੇਂ-ਨਵੇਂ ਚਿਹਰੇ ਹਾਜ਼ਰ ਹੋਏ ਪਰ ਉਨ੍ਹਾਂ ਦੀ ਹਾਜ਼ਰੀ ਕਿਸੇ ਨੇ ਕਬੂਲ ਨਾ ਕੀਤੀ। ਉਨ੍ਹਾਂ ਜੋ ਗਾਇਆ, ਉਹ ਜਗ ਹਸਾਈ ਦਾ



ਸ਼ੀਰਾ ਜਸਵੀਰ

ਕਾਰਨ ਬਣਦਾ ਰਿਹਾ। ਕਦੇ-ਕਦੇ ਤਾਂ ਸਰੋਤੇ ਇਹ ਵੀ ਆਖਦੇ, 'ਹੱਸਣਾ ਹੋਵੇ ਤਾਂ ਫਲਾਣਾ ਸੰਗੀਤ ਲਗਾ ਲਵੋ, ਸਾਰਾ ਦਿਨ ਕਾਮੇਡੀ ਵਾਲੇ ਗੀਤ ਚੱਲਦੇ ਨੇ...।' 2010 ਨੇ ਪੰਜਾਬੀ ਸੰਗੀਤ ਦਾ ਭਵਿੱਖ ਤੈਅ ਕਰਨ ਵਿਚ ਵੱਡਾ ਯੋਗਦਾਨ ਪਾਇਆ ਤੇ ਦੱਸ ਦਿੱਤਾ ਕਿ ਹੁਣ ਉਹ ਦਿਨ ਦੂਰ ਨਹੀਂ, ਜਦੋਂ ਕਲਾਕਾਰਾਂ ਦੀਆਂ ਕੈਸਿਟਾਂ ਆਉਣੀਆਂ ਬੰਦ ਹੋ ਜਾਣਗੀਆਂ ਤੇ ਹਾਜ਼ਰੀ ਲਵਾਉਣ ਲਈ ਪੂਰੀ ਕੈਸਿਟ ਦੀ ਥਾਂ ਤਿੰਨ-ਤਿੰਨ, ਚਾਰ-ਚਾਰ ਕਲਾਕਾਰ ਮਿਲ ਕੇ ਦੋ-ਦੋ ਗੀਤ ਗਾ 'ਮਲਟੀ ਕੈਸਿਟਾਂ' ਕਰਨਗੇ।

ਸਭ ਤੋਂ ਕਮਾਲ ਦੀ ਗੱਲ ਇਹ ਹੋਈ ਕਿ ਇਸ ਸਾਲ ਦੋਗਾਣਿਆਂ ਦਾ ਲੱਕ ਟੁੱਟ ਗਿਆ। ਜਿਹੜੇ ਗਾਉਣ ਵਾਲਿਆਂ ਨੇ ਕਿਸੇ ਵੇਲੇ ਟਰਾਲੀਆਂ, ਝੋਨਿਆਂ, ਟਰੈਕਟਰਾਂ, ਸਫਾਰੀਆਂ, ਮੋਬਾਈਲਾਂ, ਸਕੂਲਾਂ, ਕਾਲਜਾਂ, ਆਈਲੈਟਸ ਤੇ ਕੰਬਾਈਨਾਂ ਵਾਲੇ ਗੀਤ ਗਾ ਗਾ ਅੱਤ ਚੁੱਕੀ ਸੀ, ਉਨ੍ਹਾਂ ਨੂੰ ਸਮਝ ਪੈ ਗਈ ਕਿ ਹੁਣ ਸਰੋਤਿਆਂ ਦਾ ਰੁਝਾਨ ਬਦਲਣਾ ਸ਼ੁਰੂ ਹੋ ਗਿਐ। ਸੋ ਕਈਆਂ ਨੇ ਸੋਲੋ ਗਾਉਣਾ ਸ਼ੁਰੂ ਕਰ ਦਿੱਤਾ ਤੇ ਕਈ ਸੋਚਾਂ ਵਿਚ ਡੁੱਬ ਗਏ ਕਿ ਹੁਣ ਕੀਤਾ ਕੀ ਜਾਵੇ।

ਇੱਕ ਪਾਸੇ ਜਿੱਥੇ ਪੰਜਾਬੀ ਸੰਗੀਤ ਮੰਡੀ ਹੋਰ ਕੰਗਾਲ ਹੋਈ, ਉੱਥੇ ਸਰੋਤਿਆਂ ਦਾ ਸੁਭਾਅ ਪਹਿਲਾਂ ਨਾਲੋਂ ਵੀ ਵੱਧ ਮੁਫ਼ਤਖੋਰਾ ਹੋ ਗਿਆ। ਪੈਨ ਡਰਾਈਵਾਂ ਗੱਡੀਆਂ ਦੇ ਨਾਲ-ਨਾਲ ਖੇਤਾਂ 'ਚ ਫਿਰਦੇ ਟਰੈਕਟਰਾਂ ਤੱਕ ਪਹੁੰਚ ਗਈਆਂ ਤੇ ਪਾਇਰੇਟਰ ਲੱਖ ਵਿਰੋਧ ਦੇ ਬਾਵਜੂਦ ਹਿੱਕਾਂ ਤਾਣ ਤੁਰਦੇ ਰਹੇ। ਕਲਾਕਾਰਾਂ ਨੂੰ ਸਮਝ ਪੈ ਗਈ ਕਿ ਕੰਪਨੀਆਂ ਆਖਦੀਆਂ ਨੇ ਕਿ ਮਾਰਕੀਟ ਵਿਚ ਵਿਕਦਾ ਕੁੱਝ ਨਹੀਂ ਤੇ ਜਦੋਂ ਵਿਕਦਾ ਹੀ ਨਹੀਂ ਤਾਂ ਇਨ੍ਹਾਂ ਕੋਲੋਂ ਕੈਸਿਟਾਂ ਰਿਲੀਜ਼ ਕਰਾਉਣ ਦਾ ਫ਼ਾਇਦਾ ਕੀ? ਕਈਆਂ ਨੇ ਆਪਣੀਆਂ ਕੰਪਨੀਆਂ ਖੋਲ੍ਹ ਲਈਆਂ ਤੇ ਕਈਆਂ ਚੁੱਪ ਵੱਟਣ 'ਚ ਹੀ ਭਲਾ ਸਮਝਿਆ। ਪੰਜਾਬੀ ਸੰਗੀਤ ਜਗਤ 'ਚ ਆਏ ਵੱਡੇ ਉਤਾਰ-ਚੜ੍ਹਾਅ 'ਚੋਂ ਕੁੱਝ ਦਾ ਵੇਰਵਾ ਇਸ ਤਰ੍ਹਾਂ ਏ:

**ਸੁਥਰੀ ਗਾਇਕੀ ਦਾ 'ਸਰਤਾਜ' ਬਣਿਆ ਸਤਿੰਦਰ:** ਦਸੰਬਰ ਮਹੀਨੇ ਮੁਕੇਰੀਆਂ ਲਾਗਲੇ ਇੱਕ ਪਿੰਡ ਦੀ ਗੋਰੀ ਦਾ ਹੋਣ ਵਾਲਾ ਸਤਿੰਦਰ ਸਰਤਾਜ ਪੂਰਾ ਸਾਲ ਆਪਣੀ ਚੰਗੀ ਗਾਇਕੀ ਨਾਲ ਚਰਚਾ ਦਾ ਵਿਸ਼ਾ ਬਣਿਆ ਰਿਹਾ। ਅੱਧਾ ਕੁ ਸਾਲ ਉਸ ਬਾਰੇ ਭਾਵੇਂ ਇਹ ਗੱਲ ਉਠਦੀ ਰਹੀ ਕਿ ਸ਼ਾਇਰ ਤਰਲੋਕ ਸਿੰਘ ਜੱਜ ਦੀ ਗ਼ਜ਼ਲ ਦੇ ਸ਼ੇਅਰ ਚੋਰੀ ਕਰਕੇ ਉਸ ਨੇ ਬਹੁਤ ਮਾੜਾ ਕੀਤਾ ਪਰ ਜਦੋਂ ਉਸ ਨੇ ਜੱਜ ਹੁਰਾਂ ਦੇ ਘਰ ਜਾ ਕੇ ਪੁਰਾਣੀਆਂ ਗਲਤੀਆਂ 'ਤੇ ਪੋਚਾ ਫਿਰਵਾ ਲਿਆ ਤਾਂ ਇਹ ਗੱਲ ਆਈ-ਗਈ ਹੋ ਗਈ।

ਪੂਰਾ ਸਾਲ ਜਿਉਂ-ਜਿਉਂ ਕਲਾਕਾਰ ਮੰਦਾ ਗਾਉਂਦੇ ਗਏ, ਸਤਿੰਦਰ ਦੇ ਚੰਗੇ ਦੀ ਕਦਰ ਵਧਦੀ ਗਈ। 'ਸਪੀਡ ਰਿਕਾਰਡਜ਼' ਵੱਲੋਂ ਰਿਲੀਜ਼ ਕੀਤੀ ਉਸ ਦੀ ਕੈਸਿਟ 'ਸਰਤਾਜ' ਨੇ ਵਿਕਰੀ ਪੱਖੋਂ ਨਵਾਂ ਰਿਕਾਰਡ ਕਾਇਮ ਕੀਤਾ। 'ਸਾਈਂ', 'ਪਾਣੀ ਪੰਜਾਂ ਦਰਿਆਵਾਂ ਵਾਲਾ ਨਹਿਰੀ ਹੋ ਗਿਆ', 'ਅਸੀਂ ਗਏ ਘੁੰਮਣ ਤੇ ਕੋਲ ਜੀਪ ਸੀ' ਸਮੇਤ ਕਈ ਹੋਰ ਗੀਤਾਂ ਕਰਕੇ ਉਸ ਦੀ ਚਰਚਾ ਸਿਖਰ ਛੂੰਹਦੀ ਰਹੀ। ਕੈਨੇਡਾ, ਅਮਰੀਕਾ ਦੀ ਤਰਜ਼ 'ਤੇ ਪੰਜਾਬ ਵਿਚ ਵੀ ਕਈ ਥਾਂਈਂ ਉਸਦੀਆਂ ਮਹਿਫ਼ਲਾਂ ਕਰਾਈਆਂ ਗਈਆਂ ਪਰ ਉਹ ਬਹੁਤ ਘੱਟ ਕਾਮਯਾਬ ਹੋਈਆਂ ਕਿਉਂਕਿ ਪੰਜਾਬ 'ਚ ਟਿਕਟ ਖਰੀਦ ਕੇ ਕਲਾਕਾਰ ਸੁਣਨ ਦਾ ਰੁਝਾਨ ਨਹੀਂ ਜਨਮਿਆ।

**ਮਿਸ ਪੂਜਾ ਦਾ ਗ੍ਰਾਫ਼ ਥੱਲੇ ਆਇਆ:** ਪਿਛਲੇ ਚਾਰ ਸਾਲਾਂ ਤੋਂ ਦੋਗਾਣਾ ਗਾਇਕੀ ਵਿਚ ਤਰਥੱਲੀ ਮਚਾਉਣ ਵਾਲੀ ਮਿਸ ਪੂਜਾ ਇਸ ਸਾਲ ਆਤਿਸ਼ਬਾਜ਼ੀ ਵਾਂਗ ਇਕਦਮ ਹੇਠਾਂ ਆ ਗਈ। ਪੰਜਾਬ ਦੇ ਲੋਕਾਂ ਉਸ ਨੂੰ ਨਕਾਰਨਾ ਸ਼ੁਰੂ ਕਰ ਦਿੱਤਾ ਤੇ ਕੱਲ੍ਹ ਤੱਕ ਜਿਹੜੀ ਪੂਜਾ ਲਈ ਲੋਕਾਂ ਅੰਦਰ ਦੀਵਾਨਗੀ ਸੀ, ਉਹੀ ਬੇਗਾਨਗੀ ਦਾ ਪਾਤਰ ਬਣ ਕੇ ਰਹਿ ਗਈ। ਉਸ ਨੇ ਜਿੰਨੀਆਂ ਵੀ ਕੈਸਿਟਾਂ ਕੀਤੀਆਂ, ਇੱਕ-ਦੋ ਨੂੰ ਛੱਡ ਖਾਸ ਮਾਅਰਕਾ ਮਾਰਨ ਵਿਚ ਸਫ਼ਲ ਨਾ ਹੋਈਆਂ। ਉਸ ਦੀਆਂ ਦੋ ਫ਼ਿਲਮਾਂ 'ਪੰਜਾਬਣ' ਤੇ 'ਚੰਨਾ ਸੱਚੀ ਮੁੱਚੀ' ਨੂੰ ਦਰਸ਼ਕਾਂ ਰੂਹ ਨਾਲ ਨਕਾਰਿਆ। ਉਮੀਦ ਕੀਤੀ ਜਾ ਰਹੀ ਸੀ ਕਿ ਉਸ ਦੀਆਂ ਫ਼ਿਲਮਾਂ ਦੇਖਣ ਲਈ ਪੇਂਡੂ ਲੋਕ ਟਰਾਲੀਆਂ ਭਰ-ਭਰ ਸਿਨੇਮਾ ਹਾਲ ਪਹੁੰਚਣਗੇ ਪਰ ਇੰਜ ਨਾ ਹੋ ਸਕਿਆ। ਨਾਲ ਹੀ ਸਰੋਤਿਆਂ ਇਹ ਗੱਲ ਸਾਫ਼ ਕਰ ਦਿੱਤੀ ਕਿ ਆਉਂਦੇ ਸਮੇਂ ਵਿਚ ਉਹੀ ਦੋਗਾਣੇ ਪਸੰਦ ਬਣਨਗੇ ਜਿਨ੍ਹਾਂ 'ਚ ਮਨਆਈਆਂ ਨਹੀਂ ਕੀਤੀਆਂ ਹੋਣਗੀਆਂ।

ਪੂਜਾ ਨੂੰ ਅੱਗੇ ਲਿਆਉਣ ਵਾਲੇ ਕਈ ਪ੍ਰਮੋਟਰਾਂ ਨੇ ਹੱਥ ਪਿੱਛੇ ਖਿੱਚ ਲਏ। ਇਹ ਵੀ ਖ਼ਬਰਾਂ ਮਿਲੀਆਂ ਕਿ ਹੁਣ ਉਹ ਪੰਜਾਬ ਵਿਚ ਵੀ ਸ਼ੋਅ ਲਗਾਉਣੇ ਸ਼ੁਰੂ ਕਰੇਗੀ। ਉਸ ਨੇ ਰੌਸ਼ਨ ਪ੍ਰਿੰਸ ਨਾਲ ਪੰਜਾਬ ਦੇ ਸੱਤ ਵੱਖ-ਵੱਖ ਸ਼ਹਿਰਾਂ ਵਿਚ ਪ੍ਰੋਗਰਾਮ ਕਰਨ ਦਾ ਪ੍ਰੋਗਰਾਮ ਉਲੀਕਿਆ, ਜਿਹੜੇ ਇਸ ਵਕਤ ਚੱਲ ਰਹੇ ਨੇ। ਸੁਰਜੀਤ ਭੁੱਲਰ ਦੀ ਸੁਦੇਸ਼ ਕੁਮਾਰੀ ਨਾਲ ਆਈ ਕੈਸਿਟ 'ਅੱਖਰਾਂ ਦਾ ਚੈਨ' ਨੂੰ ਚੰਗਾ ਪਿਆਰ ਮਿਲਿਆ ਤੇ ਹਰਪ੍ਰੀਤ ਢਿੱਲੋਂ ਦੀ 'ਕਰ ਲੈ ਜੋ ਕਰਨਾ' ਵੀ ਪਸੰਦ ਕੀਤੀ ਗਈ।

**ਬੇਹੂਦਾ ਗਾਇਕੀ ਦੀ ਪੌਣ ਵਗੀ:** 2010 ਵੀ ਪਿਛਲੇ ਸਾਲਾਂ ਵਾਂਗ ਬੇਹੂਦਾ ਗੀਤਾਂ ਦੇ ਰੰਗ 'ਚ ਰੰਗਿਆ ਰਿਹਾ ਪਰ ਪਹਿਲਾਂ ਦੇ ਮੁਕਾਬਲੇ ਵੱਖਰੀ ਗੱਲ ਇਹ ਹੋਈ ਕਿ ਸਰੋਤਿਆਂ ਨੇ ਬਿਨਾਂ ਸਿਰ-ਪੈਰ ਵਾਲੇ ਗੀਤਾਂ ਨੂੰ ਰੱਜ ਕੇ ਮਾਣਿਆ। 'ਨੀਂ ਤੂੰ ਮੇਰੀ ਬੂਫ਼ਰ, ਮੈਂ ਤੇਰਾ ਐਂਪਲੀਫਾਇਰ' ਵਰਗੇ ਬੇਤੁਕੇ ਗੀਤ ਵੀ ਅੰਤਰਰਾਸ਼ਟਰੀ ਪੱਧਰ 'ਤੇ ਹਿੱਟ ਹੋਏ। ਸਰੋਤਿਆਂ ਨੇ ਬੋਲਾਂ ਨਾਲੋਂ ਵੱਧ ਪਹਿਲ ਬੀਟ ਨੂੰ ਦਿੱਤੀ ਤੇ ਆਰ.ਡੀ.ਬੀ. ਦੇ ਸੰਗੀਤ 'ਚ ਤਿਆਰ ਇਮਰਾਨ ਖ਼ਾਨ ਦਾ 'ਬੂਫ਼ਰ' ਬੀਟ ਕਰਕੇ ਹੀ ਸਿਖਰਾਂ ਛੂਹ ਗਿਆ।

ਇਸ ਤੋਂ ਇਲਾਵਾ ਰਾਜ ਰਣਜੋਧ ਵਰਗੇ ਗਾਇਕਾਂ 'ਹਿਟਲਰ ਬਣ ਗਿਆ ਸੋਹਣੀਏ ਨੀਂ ਤੇਰੀ ਰਾਖੀ ਕਰਦਾ' ਗੀਤ ਗਾ ਛੱਡਿਆ ਤੇ ਉਸ ਦਾ ਜਵਾਬ ਇੱਕ ਹੋਰ ਗਾਇਕ ਵੱਲੋਂ 'ਹਿਟਲਰ ਕੁੱਟਣਾ ਸੋਹਣੀਏ, ਜੋ ਤੇਰੀ ਰਾਖੀ ਕਰਦਾ' ਜ਼ਰੀਏ ਦੇ ਦਿੱਤਾ ਗਿਆ। ਇੱਕ ਮਝੈਲ ਗਾਇਕ ਨੇ 'ਪਾਰਲੀਮੈਂਟ ਤੱਕ ਪਹੁੰਚ ਬੱਲੀਏ ਨੀਂ ਤੇਰੇ ਵੈਲੀ ਯਾਰ ਦੀ' ਗਾ ਛੱਡਿਆ। ਜਿਹੜੇ ਗਾਇਕ ਕੱਲ੍ਹ ਤੱਕ ਮੁਟਿਆਰ ਨੂੰ ਆਖਦੇ ਸਨ ਕਿ ਮਾਪਿਆਂ ਨੂੰ ਦੁੱਧ 'ਚ ਨੀਂਦ ਦੀਆਂ ਗੋਲੀਆਂ ਦੇ ਕੇ ਰਾਤ ਨੂੰ ਘਰੋਂ ਬਾਹਰ ਆ ਜਾਈਂ, ਇਸ ਸਾਲ ਉਨ੍ਹਾਂ ਨੇ ਮੁਟਿਆਰ ਨੂੰ ਸੈਰ ਦੇ ਬਹਾਨੇ ਮਿਲਣ ਦੀ 'ਨੇਕ ਸਲਾਹ' ਦੇ ਛੱਡੀ। ਇਨ੍ਹਾਂ ਤੇ ਇਨ੍ਹਾਂ ਵਰਗੇ ਅਨੇਕਾਂ ਹੋਰ ਗੀਤਾਂ ਕਰਕੇ ਪੰਜਾਬੀ ਸਰੋਤਿਆਂ ਦਾ ਮਨ ਉਕਤਾ ਗਿਆ ਤੇ ਉਨ੍ਹਾਂ ਗਾਇਕਾਂ ਨੂੰ ਪਿਆਰ ਦੇ ਗੱਫ਼ੇ ਦੇਣ ਦੀ ਥਾਂ ਅਣਡਿੱਠ ਕਰਨ ਵਾਲੇ ਧੱਫ਼ੇ ਦੇਣੇ ਸ਼ੁਰੂ ਕਰ ਦਿੱਤੇ।

**ਹਰਭਜਨ, ਸ਼ਿੰਦਾ, ਗਿੱਪੀ, ਨਿੱਕੂ ਤੇ ਸ਼ੀਰਾ ਛਾਏ:** ਇਸ ਸਾਲ ਸੋਲੋ ਕੈਸਿਟਾਂ ਚੰਗੀ ਗਿਣਤੀ ਵਿਚ ਆਈਆਂ ਪਰ ਉਨ੍ਹਾਂ ਵਿਚੋਂ ਵੀ ਉਹੀ ਚੱਲੀਆਂ, ਜਿਨ੍ਹਾਂ ਵਿਚ ਕੱਢਣ-ਪਾਉਣ ਨੂੰ ਕੋਈ ਚੀਜ਼ ਸੀ। ਸਾਲ ਦੇ ਅੱਧ ਤੋਂ ਬਾਅਦ ਆਈਆਂ ਸੋਲੋ ਕੈਸਿਟਾਂ ਦਾ ਸਰੋਤਿਆਂ ਨੇ ਹੁੰਗਾਰਾ ਭਰਿਆ।



ਹਰਭਜਨ ਮਾਨ

ਹਰਭਜਨ ਮਾਨ ਦੀ ਕੈਸਿਟ 'ਵਾਰੀ ਵਾਰੀ' ਨੂੰ ਚੰਗਾ ਪਿਆਰ ਮਿਲਿਆ ਤੇ ਇਸ ਵਿਚਲਾ ਗੀਤ 'ਵੇ ਮੈਂ ਤੇਰੀ ਮਾਂ ਦੀ ਬੋਲੀ ਆਂ' ਸੂਝਵਾਨ ਸਰੋਤਿਆਂ ਦਾ ਪਿਆਰ ਹਾਸਲ ਕਰ ਗਿਆ। ਗਿੱਪੀ ਗਰੇਵਾਲ ਦੀ 'ਦੇਸੀ ਰੌਕਸਟਾਰ' ਵੀ ਸਲਾਹੀ ਗਈ ਤੇ ਜੈਜ਼ੀ ਦਾ 'ਹਾਈਪਰ' ਵਿਚਲਾ ਇਕਲੌਤਾ ਗੀਤ 'ਦੋ ਸੱਪ ਦੇ ਬੱਚੇ ਲਮਕਾ ਲਏ' ਵਧੀਆ ਰਿਹਾ। ਸ਼ੀਰਾ ਜਸਵੀਰ 'ਹਮਸਫ਼ਰ' ਨਾਲ ਛਾਇਆ ਤੇ ਉਸ ਦਾ ਗੀਤ 'ਮਿੱਟੀਏ ਵਿਦੇਸ਼ਾਂ ਦੀਏ ਤੈਨੂੰ ਵੀ ਸਲਾਮ ਏ' ਪਰਦੇਸਾਂ ਵਿਚ ਬੈਠੇ ਸਰੋਤਿਆਂ ਕੋਲੋਂ ਦਾਦ ਹਾਸਲ ਕਰਨ ਵਿਚ ਕਾਮਯਾਬ ਰਿਹਾ।

ਇਸ ਤੋਂ ਇਲਾਵਾ ਸੁਖਸ਼ਿੰਦਰ ਸ਼ਿੰਦਾ ਦੀ 'ਜਾਦੂ' ਵੱਡੇ ਪੱਧਰ 'ਤੇ ਰਿਲੀਜ਼ ਕੀਤੀ ਗਈ ਤੇ ਇਹ ਪੰਜਾਬੀ ਸੰਗੀਤ ਦੀ ਅਜਿਹੀ ਪਹਿਲੀ ਕੈਸਿਟ ਬਣ ਗਈ, ਜਿਸਦੇ ਦੋ ਰਿਲੀਜ਼ ਸਮਾਗਮਾਂ ਨੂੰ ਚੈਨਲਾਂ ਨੇ ਲਾਈਵ ਦਿਖਾਇਆ। 'ਤੇਰੇ ਇਸ਼ਕ ਨਚਾਇਆ' ਫ਼ਿਲਮ ਦਾ ਸੰਗੀਤ ਦੇਣ ਕਰਕੇ ਇੱਕ ਪਾਸੇ ਹੰਸ ਰਾਜ ਹੰਸ ਦੀ ਵਧੀਆ ਹਾਜ਼ਰੀ ਲੱਗੀ ਤਾਂ ਦੂਜੇ ਪਾਸੇ ਉਨ੍ਹਾਂ ਦੇ ਫਰਜ਼ੰਦ ਨਵਰਾਜ ਹੰਸ ਨੇ ਇਸੇ ਫ਼ਿਲਮ ਜ਼ਰੀਏ ਆਪਣਾ ਗਾਇਕੀ ਸਫ਼ਰ ਸ਼ੁਰੂ ਕੀਤਾ।

ਸੁਥਰੀ ਗਾਇਕੀ ਦੇ ਮਾਲਕ ਮਨਮੋਹਨ ਵਾਰਿਸ ਦੀ ਕੈਸਿਟ 'ਦਿਲ 'ਤੇ ਨਾ ਲਾਈਂ' ਨੂੰ ਚੰਗਾ ਪਿਆਰ ਨਸੀਬ ਹੋਇਆ ਤੇ ਉਸ ਦੇ ਗੀਤ 'ਧੀਆਂ ਬਚਾਓ, ਰੁੱਖ ਲਗਾਓ, ਪਾਣੀ ਦਾ ਸਤਿਕਾਰ ਕਰੋ' ਨੂੰ ਬੁੱਧੀਜੀਵੀ ਵਰਗ ਵੱਲੋਂ ਸਲਾਹਿਆ ਗਿਆ। ਕਮਲ ਹੀਰ ਦੀ 'ਜਿੰਦੇ ਨੀਂ ਜਿੰਦੇ' ਭਾਵੇਂ ਪਿਛਲੇ ਸਾਲ 'ਚ ਆਈ ਸੀ, ਪਰ ਉਸ ਦੀ ਚਰਚਾ ਇਸ ਸਾਲ ਵੀ ਹੁੰਦੀ ਰਹੀ।

**ਸੀਨੀਅਰ ਕਲਾਕਾਰਾਂ ਦੀਆਂ ਕੈਸਿਟਾਂ ਨਾ ਆਈਆਂ:** ਇਸ ਸਾਲ ਨਵਿਆਂ ਨੇ ਪਛਾਣ ਬਣਾਉਣ ਲਈ ਜਿਹੜਾ ਜ਼ੋਰ ਲਾਇਆ, ਉਸ ਵੱਲ ਸਰੋਤਿਆਂ ਨੇ ਓਨਾ ਧਿਆਨ ਨਾ ਦਿੱਤਾ, ਜਿੰਨਾ ਸੀਨੀਅਰ ਤੇ ਸੁਰੀਲਿਆਂ ਵੱਲ ਕੈਸਿਟਾਂ ਨਾ ਕਰਨ ਕਰਕੇ ਦਿੱਤਾ ਗਿਆ। ਗੁਰਦਾਸ ਮਾਨ, ਹੰਸ ਰਾਜ ਹੰਸ, ਸਰਦੂਲ ਸਿਕੰਦਰ, ਸਰਬਜੀਤ ਚੀਮਾ, ਹਰਜੀਤ ਹਰਮਨ, ਨਛੱਤਰ ਗਿੱਲ, ਬਲਕਾਰ ਸਿੱਧੂ, ਬੱਬੂ ਮਾਨ ਤੇ ਹੋਰਨਾਂ ਦੀਆਂ ਨਵੀਆਂ ਕੈਸਿਟਾਂ ਨਹੀਂ ਆਈਆਂ। ਚੰਗੀ ਗਾਇਕੀ ਨੂੰ ਪਿਆਰ ਕਰਨ ਵਾਲਾ ਸਰੋਤਾ ਵਰਗ ਇਨ੍ਹਾਂ ਕਲਾਕਾਰਾਂ ਦੀਆਂ ਕੈਸਿਟਾਂ ਉਡੀਕਦਾ ਰਿਹਾ। ਜਿਨ੍ਹਾਂ ਨਵਿਆਂ ਦੀਆਂ ਕੈਸਿਟਾਂ ਆਈਆਂ, ਉਨ੍ਹਾਂ ਨੇ 'ਨਵੇਂ ਆਈਡੀਏ' ਦੇ ਨਾਂ 'ਤੇ ਜੋ-ਜੋ ਪੇਸ਼ ਕੀਤਾ, ਉਹ ਹੈਰਾਨੀਜਨਕ ਰਿਹਾ। ਇਨ੍ਹਾਂ



ਗਿੱਪੀ ਗਰੇਵਾਲ

ਕਲਾਕਾਰਾਂ ਦਾ ਤਰਕ ਸੀ ਕਿ ਭੀੜ 'ਚੋਂ ਵੱਖਰੇ ਦਿਸਣ ਲਈ ਇਹੋ ਜਿਹੇ ਡਰਾਮੇ ਕਰਨੇ ਜ਼ਰੂਰੀ ਹੋ ਗਏ ਨੇ ਪਰ ਸਰੋਤੇ ਉਨ੍ਹਾਂ ਵੱਲ ਤੱਕ-ਤੱਕ ਇਉਂ ਹੱਸਦੇ ਰਹੇ ਜਿਵੇਂ ਸਰਕਸ ਦੇ ਜੋਕਰ ਵੱਲ ਦੇਖ-ਦੇਖ ਹੱਸੀਦੈ।

ਜਦੋਂ ਤੱਕ ਕੈਸਿਟ ਦੇ ਪ੍ਰੋਮੋ ਤੇ ਗੀਤ ਚੈਨਲਾਂ 'ਤੇ ਚੱਲਦੇ ਸਨ, ਕਲਾਕਾਰਾਂ ਦੇ ਫੋਨਾਂ ਦੀਆਂ ਘੰਟੀਆਂ ਵੱਜਦੀਆਂ ਰਹਿੰਦੀਆਂ। ਕਲਾਕਾਰ ਸਮਝਦੇ ਕਿ ਸਰੋਤੇ ਬੜਾ ਪਿਆਰ ਦੇ ਰਹੇ ਨੇ ਪਰ ਸਰੋਤੇ ਭੱਸ ਪੂਰਨ ਲਈ ਘੰਟੀਆਂ ਮਾਰਦੇ ਰਹਿੰਦੇ। ਜਦੋਂ ਕੰਪਨੀ ਨਾਲ ਬੈਠ ਕੇ ਲੇਖਾ-ਜੋਖਾ ਕੀਤਾ ਜਾਂਦਾ ਤਾਂ ਜਵਾਬ ਮਿਲਦਾ ਕਿ ਤੁਹਾਡੀ ਕੈਸਿਟ ਬਾਰਾਂ ਸੌ ਨੂੰ ਵੀ ਪਾਰ ਨਹੀਂ ਕਰ ਸਕੀ। ਕਲਾਕਾਰ ਕੰਪਨੀ 'ਤੇ ਝੂਠ ਬੋਲਣ ਦਾ ਦੋਸ਼ ਲਾਉਂਦੇ ਤੇ ਕੰਪਨੀ ਮਾਲਕ ਇਨ੍ਹਾਂ ਕਲਾਕਾਰਾਂ ਨੂੰ 'ਯੱਭਲ' ਸਮਝਦੇ ਰਹਿੰਦੇ।

**ਹਨੀ ਸਿੰਘ ਤੇ ਬਿਹੁਮੀਆ ਦਾ ਰੈਪ ਚੱਲਿਆ:** ਇਸ ਸਾਲ ਰੈਪ ਅੰਗਰੇਜ਼ੀ ਤੋਂ ਪੰਜਾਬੀ ਤੱਕ ਆ ਅੱਪੜਿਆ। ਹਨੀ ਸਿੰਘ ਤੇ ਬਿਹੁਮੀਆ ਮੋਹਰੀਆਂ ਵਜੋਂ ਦਿਸੇ ਤੇ ਪੰਜਾਬ ਦੇ ਕਲਾਕਾਰ ਆਦਤ ਮੁਤਾਬਕ ਲੱਖਾਂ ਰੁਪਿਆ ਦੇ ਕੇ ਹਨੀ ਸਿੰਘ ਦੇ ਲੜ ਲੱਗਣ ਦੀ ਕੋਸ਼ਿਸ਼ ਕਰਦੇ ਰਹੇ। ਮੁੰਡੇ-ਖੁੰਡੇ ਹਨੀ ਦੇ ਰੈਪ ਨੂੰ ਪਸੰਦ ਕਰਦੇ ਤੇ ਸਮਝਦਾਰ ਲੋਕ ਕਹਿੰਦੇ ਕਿ ਇਹ ਤਾਂ ਗੀਤ ਨਾਲ 'ਰੇਪ' ਏ, ਜਿਹੜਾ ਆਰਟੀਕਲ ਵਾਂਗ ਪੇਸ਼ ਕੀਤਾ ਜਾ ਰਿਹੈ। ਰਾਜਾ ਬਾਠ ਨਾਲ 'ਚਸਕਾ ਯਾਰਾਂ 'ਚ ਬਹਿਣ ਦਾ' ਗੀਤ 'ਚ ਹਨੀ ਵੱਲੋਂ ਪੇਸ਼ ਰੈਪ ਖਿੱਚ ਦਾ ਕੇਂਦਰ ਬਣਿਆ ਤੇ ਬਾਅਦ 'ਚ ਕਰਨ ਜਸਵੀਰ ਦੇ ਗੀਤ 'ਤੈਨੂੰ ਹਾਰਾਂ ਦਾ ਚਸਕਾ ਪੈ ਗਿਆ' ਵਿਚ ਉਸ ਵੱਲੋਂ ਕੀਤਾ ਰੈਪ ਨੌਜਵਾਨ ਚਸਕਾ ਲੈ-ਲੈ ਸੁਣਦੇ ਰਹੇ:

ਨੀਂ ਤੂੰ ਭੁੱਲ ਗਈ ਹੀਰੋ ਹਾਂਡਿਆਂ ਦੀ ਸੈਰ,
ਨੀਂ ਤੂੰ ਭੁੱਲ ਗਈ ਕੌਣ ਤੇਰੇ ਚੁੰਮਦਾ ਸੀ ਪੈਰ,
ਬਸ, ਬਸ ਹੁਣ ਹੋਜਾ ਤੂੰ ਦਫ਼ਾ,
ਮੈਨੂੰ ਲੱਗਦਾ ਨ੍ਹੀਂ ਸੀ ਤੇਰੀ ਬਦਲੂ ਹਵਾ...।

ਚੰਡੀਗੜ੍ਹ ਵਸਦੇ ਕਈ ਕਲਾਕਾਰਾਂ ਨੇ ਵੱਖੋ-ਵੱਖਰੇ ਮੁੰਡਿਆਂ ਤੋਂ ਰੈਪ ਕਰਾਇਆ ਪਰ ਗੱਲ ਨਾ ਬਣੀ। ਰੈਪ ਦਾ ਤੁੜਕਾ ਕਈ ਕਲਾਕਾਰਾਂ ਨੂੰ ਡੁੱਬਦੀ ਕਿਸ਼ਤੀ ਪਾਰ ਲਾਉਣ ਵਾਲਾ ਜਾਪਿਆ ਤੇ ਕਈਆਂ ਨੂੰ ਕੁੱਤੇ ਭਕਾਈ ਵਰਗਾ। ਬਿਹੁਮੀਆ ਵੱਲੋਂ ਗਿੱਪੀ ਗਰੇਵਾਲ ਨਾਲ 'ਫੜੋ ਨੀਂ ਫੜੋ ਨੀਂ ਮੁੰਡਾ ਹੋ ਗਿਆ ਸ਼ਰਾਬੀ' ਗੀਤ 'ਚ ਪੇਸ਼ ਕੀਤਾ ਰੈਪ ਹੱਸ-ਹੱਸ ਸੁਣਿਆ ਗਿਆ।

**ਕੁੜੀਆਂ ਦੀਆਂ ਕੈਸਿਟਾਂ ਘੱਟ ਆਈਆਂ:** ਇਸ ਸਾਲ ਮਿਸ ਪੂਜਾ, ਸੁਦੇਸ਼ ਕੁਮਾਰੀ ਤੇ ਪ੍ਰਵੀਨ ਭਾਰਟਾ ਦੇ ਵਿਰਲੇ-ਟਾਂਵੇਂ ਗੀਤ ਜ਼ਰੂਰ ਸੁਣਾਈ ਦਿੱਤੇ ਪਰ ਸਹੀ ਢੰਗ ਨਾਲ ਕਿਸੇ ਗਾਇਕਾ ਦੀ ਕੈਸਿਟ ਰਿਲੀਜ਼ ਨਹੀਂ ਹੋਈ। ਸਤਵਿੰਦਰ ਬਿੱਟੀ ਨੇ ਆਪਣੀ ਕੰਪਨੀ ਸ਼ੁਰੂ ਕਰਕੇ ਕੈਸਿਟ ਕੀਤੀ ਪਰ ਉਸ ਦਾ ਪੂਰਾ ਪ੍ਰਚਾਰ ਨਾ ਹੋ ਸਕਿਆ ਤੇ ਜਸਵਿੰਦਰ ਬਰਾੜ ਦੀ 'ਪਿਆਰ' ਰਿਲੀਜ਼ ਹੋਈ ਪਰ ਉਹ ਪੁਰਾਣੀਆਂ ਪ੍ਰਾਪਤੀਆਂ ਦੁਹਰਾ ਨਾ ਸਕੀ। 'ਫੜ ਲੈ ਗੱਡੀ ਦੀ ਚਾਬੀ' ਵਾਲੀ ਪੁਸ਼ਪਿੰਦਰ ਕੌਮਲ ਦੀ ਕੈਸਿਟ ਆਈ, ਜੋ ਠੀਕ-ਠਾਕ ਰਹੀ। ਰਾਣੀ ਰਣਦੀਪ, ਅੰਮ੍ਰਿਤਾ ਵਿਰਕ ਤੇ ਇਸ ਬੈਚ ਦੀਆਂ ਹੋਰ ਗਾਇਕਾਵਾਂ ਦੀਆਂ ਕੈਸਿਟਾਂ ਰਿਲੀਜ਼ ਨਾ ਹੋਈਆਂ।

ਗਾਇਕਾਵਾਂ ਦੀ ਘਾਟ ਕਾਰਨ ਹੀ ਦੋਗਾਣਿਆਂ ਦਾ ਭੋਗ ਪੈ ਗਿਆ ਕਿਉਂਕਿ ਇੱਕੋ-ਇੱਕ ਸਰਗਰਮ ਗਾਇਕਾ ਪੂਜਾ ਦੀ ਆਵਾਜ਼ ਵਾਰ-ਵਾਰ ਸੁਣ ਕੇ ਸਰੋਤੇ ਉਕਤਾ ਗਏ। ਸਰੋਤਿਆਂ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਜਿੰਨੀ ਦੇਰ ਪੂਜਾ ਦੋਗਾਣਿਆਂ 'ਚੋਂ ਆਊਟ ਨਹੀਂ ਹੁੰਦੀ, ਓਨਾ ਚਿਰ ਦੋਗਾਣਿਆਂ ਵਿਚ ਸੰਜੀਦਗੀ ਨਹੀਂ ਆ ਸਕਦੀ।

**'ਯੂ ਟਿਊਬ' 'ਤੇ ਨਜ਼ਰਾਂ ਟਿਕੀਆਂ:** ਚੈਨਲਾਂ ਦੀ ਮਹਿੰਗਾਈ ਦੇ ਝੰਬੇ ਕਈ ਕਲਾਕਾਰਾਂ ਨੇ ਆਪਣੇ ਨਵੇਂ-ਨਵੇਂ ਗੀਤ 'ਯੂ ਟਿਊਬ' 'ਤੇ ਪਾਏ, ਤਾਂ ਜੁ ਮੁਫ਼ਤ ਵਿਚ ਪ੍ਰਚਾਰ ਹਾਸਲ ਕੀਤਾ ਜਾ ਸਕੇ। ਇੱਕੜ-ਦੁੱਕੜ ਹੋਰਨਾਂ ਨੂੰ ਛੱਡ ਇਹ ਫਾਰਮੂਲਾ ਸਭ ਤੋਂ ਵੱਧ ਸ਼ੈਰੀ ਮਾਨ ਨੂੰ ਰਾਸ ਆਇਆ। ਉਸ ਦਾ ਗੀਤ 'ਬੜੇ ਚੇਤੇ ਆਉਂਦੇ ਨੇ ਯਾਰ ਅਨਮੁੱਲੇ ਹਵਾ ਦੇ ਬੁੱਲੇ' ਇੰਟਰਨੈਟ 'ਤੇ ਹੀ ਹਿੱਟ ਹੋ ਗਿਆ ਤੇ ਬਾਅਦ ਵਿਚ ਉਸ ਦੀ ਕੈਸਿਟ 'ਸਪੀਡ ਰਿਕਾਰਡਜ਼' ਵੱਲੋਂ ਰਿਲੀਜ਼ ਕੀਤੀ ਗਈ।

ਬੱਬੂ ਮਾਨ ਵੱਲੋਂ ਲਾਲਾ ਲਾਜਪਤ ਰਾਏ ਬਾਰੇ ਕੀਤੀ ਗਈ ਟਿੱਪਣੀ ਵੀ 'ਯੂ ਟਿਊਬ' ਕਰਕੇ ਹੀ ਦੇਸ਼-ਵਿਦੇਸ਼ ਦੇ ਸਰੋਤਿਆਂ ਤੱਕ ਅੱਪੜੀ। ਕਈ ਹੋਰ ਕਲਾਕਾਰਾਂ ਨੇ ਵੀ 'ਗਰਮ ਖਿਆਲੀ' ਬੰਦਿਆਂ ਨਵੇਂ-ਨਕੋਰ ਵਿਸ਼ਿਆਂ ਨਾਲ ਸਬੰਧਤ ਗੀਤ ਵੱਖ ਵੱਖ ਵੈਬਸਾਈਟਾਂ 'ਤੇ ਚੜ੍ਹਾਏ, ਜਿਨ੍ਹਾਂ 'ਚੋਂ ਜ਼ਿਆਦਾਤਰ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨਾਲ ਸਬੰਧਤ ਸਨ। ਪਹਿਲਾਂ ਦੋ ਕੁ ਗੀਤਾਂ ਨੂੰ ਪਿਆਰ ਮਿਲਿਆ ਪਰ ਬਾਅਦ 'ਚ ਜਦੋਂ ਸਾਰਿਆਂ ਨੇ ਇਹੀ ਕੰਮ ਫੜ ਲਿਆ ਤਾਂ ਸਰੋਤੇ ਸਮਝ ਗਏ ਕਿ ਇਨ੍ਹਾਂ ਗੱਲਾਂ ਦਾ ਮਨੋਰਥ ਸ਼ੋਹਰਤ ਹਾਸਲ ਕਰਨਾ ਹੈ। ਸੋ ਬਾਅਦ ਵਿਚ ਜਿੰਨਿਆਂ ਨੇ ਵੀ 'ਯੂ ਟਿਊਬ' 'ਤੇ ਗੀਤ ਪਾਏ, ਕਿਸੇ ਦੀ ਦਾਲ ਨਹੀਂ ਗਲੀ।

**ਕਈ ਕੰਪਨੀਆਂ ਸੁੱਤੀਆਂ:** 2010 ਵਿਚ ਘਾਟੇ ਦੀ ਮਾਰ ਨਾ ਝੱਲਦੀਆਂ ਕਈ ਸੰਗੀਤ ਕੰਪਨੀਆਂ ਸੌਂ ਗਈਆਂ, ਜਦਕਿ 'ਟੀ ਸੀਰੀਜ਼' ਨੇ ਪਹਿਲਾਂ ਨਾਲੋਂ ਵੀ ਵੱਧ ਤੇਜ਼ੀ ਨਾਲ ਪੰਜਾਬੀ ਕਲਾਕਾਰਾਂ ਨੂੰ ਰਿਲੀਜ਼ ਕਰਨਾ ਸ਼ੁਰੂ ਕਰ ਦਿੱਤਾ। 'ਟੀ ਸੀਰੀਜ਼' ਵਿਚ ਜਿੱਥੇ ਸਲੀਮ, ਨਛੱਤਰ ਗਿੱਲ, ਗੁਰਮੀਤ ਸਿੰਘ ਤੇ ਹੋਰ ਕਲਾਕਾਰਾਂ ਦੀ ਸਾਂਝੀ ਕੈਸਿਟ 'ਮਾਹੀ' ਨੇ ਚੰਗੀ ਕਾਮਯਾਬੀ ਹਾਸਲ ਕੀਤੀ, ਉੱਥੇ ਰੇਸ਼ਮ ਅਨਮੋਲ, ਇੰਦਰਜੀਤ ਨਿੱਕੂ, ਲਹਿੰਬਰ ਤੇ ਕਈ ਹੋਰਾਂ ਵਾਲੀ 'ਕੰਗਣਾ' ਵੀ ਚੰਗੀ ਚੱਲੀ।

'ਸਪੀਡ ਰਿਕਾਰਡਜ਼' ਵੱਲੋਂ ਕੈਸਿਟਾਂ ਰਿਲੀਜ਼ ਕਰਨ ਦੀ ਗਤੀ ਪਹਿਲਾਂ ਵਾਲੀ ਹੀ ਰੱਖੀ ਗਈ।



ਮਿਸ ਪੂਜਾ

'ਗੋਇਲ ਮਿਊਜ਼ਿਕ', 'ਐਸ.ਐਮ.ਆਈ', 'ਪਲਾਜ਼ਮਾ ਰਿਕਾਰਡਜ਼', 'ਸਟਾਰ ਮੇਕਰ', 'ਇਲਾਈਟ ਮਿਊਜ਼ਿਕ' ਤੇ ਥੋੜ੍ਹੀਆਂ ਕੁ ਹੋਰ ਕੰਪਨੀਆਂ ਚਰਚਾ ਵਿਚ ਰਹੀਆਂ। ਕੰਪਨੀਆਂ ਨੇ ਸਾਰਾ ਸਾਲ ਇਹੋ ਗੱਲ ਦੁਹਰਾਈ ਕਿ ਪਹਿਲੀ ਗੱਲ ਤਾਂ ਕੋਈ ਕੈਸਿਟ ਕਾਮਯਾਬ ਨਹੀਂ ਹੁੰਦੀ ਪਰ ਜੇ ਹੋ ਜਾਂਦੀ ਏ ਤਾਂ ਪਾਇਰੇਟਰ ਆਪਣਾ ਜਲਵਾ ਦਿਖਾ ਦੇਂਦੇ ਨੇ। ਇਸ ਸਾਲ ਕੰਪਨੀਆਂ ਦੇ ਦਿਮਾਗ ਵਿਚ ਇਹ ਗੱਲ ਵੀ ਆਉਣੀ ਸ਼ੁਰੂ ਹੋ ਗਈ ਕਿ ਜਿੰਨੀ ਮਹਿੰਗੀ ਕੈਸਿਟ ਬਣਾਉਂਗੇ, ਓਨਾ ਵੱਡਾ ਘਾਟਾ ਖਾਵਾਂਗੇ। ਇਸ ਕਰਕੇ ਸਸਤੇ ਵੀਡੀਓ ਨਾਲ ਕੰਮ ਸਾਰਨ ਦੀ ਕੋਸ਼ਿਸ਼ ਕੀਤੀ ਗਈ।

**ਚੰਗੀ ਗਾਇਕੀ ਦੀ ਉਮੀਦ ਬੱਝੀ:** 2010 ਵਿਚ ਇਸ ਗੱਲ ਦੀ ਥੋੜ੍ਹੀ ਕੁ ਉਮੀਦ ਬੱਝ ਗਈ ਕਿ ਸਰੋਤੇ ਹੁਣ ਚੰਗੀ ਗਾਇਕੀ ਵੱਲ ਮੁੜਨਗੇ ਕਿਉਂਕਿ ਜਿਸ ਤਰ੍ਹਾਂ ਦੋਗਾਣਿਆਂ ਨੂੰ ਨਕਾਰਿਆ ਗਿਆ ਤੇ ਸੋਲੋ ਕੈਸਿਟਾਂ ਰਿਲੀਜ਼ ਹੋਣੀਆਂ ਸ਼ੁਰੂ ਹੋਈਆਂ, ਉਹ ਘੱਟ ਹਿੰਮਤ ਦਾ ਕੰਮ ਨਹੀਂ ਸੀ। ਸੰਗੀਤ ਪ੍ਰੇਮੀਆਂ ਨੂੰ ਉਮੀਦ ਹੈ ਕਿ 2011 ਵਿਚ ਉਨ੍ਹਾਂ ਗਾਇਕਾਂ ਨੂੰ ਰਗੜਾ ਲੱਗ ਜਾਵੇਗਾ, ਜਿਨ੍ਹਾਂ ਪੱਲੇ ਸੁਰ ਸਾਧਨਾ ਨਾਂ ਦੀ ਕੋਈ ਚੀਜ਼ ਨਹੀਂ ਤੇ ਮਾਰਕੀਟ ਵਿਚ ਸਿਰਫ਼ ਇਸ ਕਰਕੇ ਖਰੂਦ ਮਚਾ ਰਹੇ ਨੇ ਤਾਂ ਜੁ 'ਜੁਗਾੜ' ਲੱਗ ਸਕੇ।

ਹੁਣ ਦੇਖਣਾ ਇਹ ਹੈ ਕਿ 2011 ਪਹਿਲੇ ਸਾਲਾਂ ਵਾਲੀ ਲੀਹ 'ਤੇ ਤੁਰਦਾ ਹੈ ਜਾਂ ਪੰਜਾਬੀ ਸੰਗੀਤ ਵਿਚ ਕੋਈ ਚਮਤਕਾਰੀ ਤਬਦੀਲੀ ਲਿਆਉਂਦਾ ਹੈ। ਉਂਜ ਅੰਦਾਜ਼ਾ ਏਸੇ ਗੱਲ ਦਾ ਏ ਕਿ ਨਵੇਂ ਸਾਲ ਵਿਚ ਉਹੀ ਅੱਗੇ ਵਧੇਗਾ, ਜਿਹੜਾ ਚੰਗਾ ਗਾਉਂਦਾ ਹੋਵੇਗਾ ਤੇ ਪੈਸੇ ਦੇ ਜ਼ੋਰ 'ਤੇ ਫੜਫੜਾਉਣ ਵਾਲੇ ਮੁੜ ਵਿਦੇਸ਼ਾਂ ਵੱਲ ਉਡਾਰੀ ਭਰ ਕੇ ਦਿਹਾੜੀਆਂ ਲਾਉਣ ਲੱਗਣਗੇ।




## 2011

### January

| S | M | T | W | T | F | S |
|---|---|---|---|---|---|---|
| | | | | | | 1 New Year's Day |
| 2 | 3 | 4 | 5 Guru Gobind Singh Ji Birthday | 6 | 7 | 8 |
| 9 | 10 | 11 | 12 | 13 Lohri | 14 | 15 |
| 16 | 17 Martin Luther King Day | 18 | 19 | 20 | 21 | 22 |
| 23 | 24 | 25 | 26 Republic Day | 27 | 28 | 29 |
| 30 | 31 | | | | | |

### February

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 Valentine's Day | 15 | 16 | 17 | 18 | 19 |
| 20 | 21 President's Day | 22 | 23 | 24 | 25 | 26 |
| 27 | 28 | | | | | |

### March

| S | M | T | W | T | F | S |
|---|---|---|---|---|---|---|
| | | 1 | 2 | 3 Maha Shivaratri | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 St. Patrick's Day | 18 | 19 Holi |
| 20 Hola Mohalla | 21 | 22 | 23 | 24 | 25 | 26 |
| 27 | 28 | 29 | 30 | 31 | | |

### April

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 Baisakhi | 15 | 16 |
| 17 | 18 | 19 | 20 | 21 | 22 Good Friday | 23 |
| 24 Easter | 25 | 26 | 27 | 28 | 29 | 30 |

### May

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 Mother's Day | 9 | 10 | 11 | 12 | 13 | 14 |
| 15 | 16 | 17 Buddha Purnima | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 Memorial Day | 31 | | | | |

### June

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 Father's Day | 20 | 21 | 22 | 23 | 24 | 25 |
| 26 | 27 | 28 | 29 | 30 | | |

### July

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 Independence Day | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### August

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 Raksha Bandhan |
| 14 | 15 Independence Day | 16 | 17 | 18 | 19 | 20 |
| 21 | 22 Janmashtmi | 23 | 24 | 25 | 26 | 27 |
| 28 | 29 | 30 | 31 | | | |

### September

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 Labor Day | 6 | 7 | 8 | 9 | 10 |
| 11 | 12 Ganesh Chaturthi | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 Dussehra | 29 | 30 | |

### October

| S | M | T | W | T | F | S |
|---|---|---|---|---|---|---|
| | | | | | | 1 |
| 2 Gandhi Jayanti | 3 | 4 | 5 | 6 | 7 | 8 |
| 9 | 10 Columbus Day | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 Diwali | 27 | 28 | 29 |
| 30 | 31 Halloween | | | | | |

### November

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 Guru Nanak Dev Jayanti | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 Thanksgiving Day | 25 | 26 |
| 27 | 28 | 29 | 30 | | | |

### December

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | | 15 | 16 | 17 |
| 18 | 19 | 20 | 21 | 22 | 23 | 24 |
| 25 Christmas | 26 | 27 | 28 | 29 | 30 | 31 |

**Call today 1-888-242-2276**

Requires additional International Basic package for $10/mo. or any America's Top package.
All prices, packages and programming subject to change without notice. Local and state sales taxes may apply. All DISH Network programming, and any other services that are provided, are subject to the terms and conditions of the promotional agreement and Residential Customer Agreement, which is available upon request. Hardware and programming sold separately. Service Access fee will apply. A second dish antenna may be required to view both International and American programming. All services marks and trademarks belong to their respective owners. (c)2010, DISH Network L.L.C. All rights reserved.

dish NETWORK


ੴ ਸਤਿਗੁਰ ਪ੍ਰਸਾਦਿ

# ਸ਼ਹੀਦੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀਓ
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਪਰਮ ਪੂਜ ਮਾਤਾ ਗੁਜਰੀ ਜੀ ਅਤੇ ਅਨੇਕਾਂ ਸਿੰਘਾਂ ਦੀ ਸ਼ਹੀਦੀ ਦੇ ਸਬੰਧ ਵਿਚ ਸਮਾਗਮ ਸ਼ਿਕਾਗੋ ਦੀਆਂ ਸੰਗਤਾਂ ਵਲੋਂ ਬਾਬਾ ਦਲਜੀਤ ਸਿੰਘ ਜੀ ਦੇ ਸੁਯੋਗ ਪ੍ਰਬੰਧ ਅਧੀਨ ਰਲ ਮਿਲ ਕੇ ਮਨਾਇਆ ਜਾ ਰਿਹਾ ਹੈ। ਆਪ ਜੀ ਸਮੇਂ ਸਿਰ ਪਹੁੰਚ ਕੇ ਸਤਿਸੰਗ ਦਾ ਲਾਹਾ ਪ੍ਰਾਪਤ ਕਰੋ ਜੀ।


ਮਾਤਾ ਗੁਜਰੀ ਛੋਟੇ ਸਾਹਿਬਜ਼ਾਦਿਆਂ ਨਾਲ

ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਸਾਹਿਬ, ਆਈਲੈਂਡ ਲੇਕ, ਸ਼ਿਕਾਗੋ


## ਪ੍ਰੋਗਰਾਮ ਦਾ ਵੇਰਵਾ

1. ਪਾਠ ਸ੍ਰੀ ਸੁਖਮਨੀ ਸਾਹਿਬ
   ਨਿਰੰਤਰ 2 ਜਨਵਰੀ, 2011 ਤੱਕ
2. ਵਿਸ਼ੇਸ਼ ਸਮਾਗਮ
   ਐਤਵਾਰ 26 ਦਸੰਬਰ, 2010
3. ਨਵੇਂ ਸਾਲ 'ਤੇ ਸਮਾਗਮ
   31 ਦਸੰਬਰ, 2010-ਰਾਤ 12 ਵਜੇ ਤੱਕ
4. ਵਿਸ਼ੇਸ਼ ਦੀਵਾਨ ਐਤਵਾਰ 2 ਜਨਵਰੀ, 2011
5. ਭਾਈ ਮਹਿੰਦਰ ਸਿੰਘ ਜੀ ਸਾਗਰ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਨਗੇ।
6. ਲੰਗਰ ਦੀ ਸੇਵਾ ਸ. ਇੰਦਰਜੀਤ ਸਿੰਘ ਅਤੇ ਸਮੂਹ ਪਰਿਵਾਰ ਵਲੋਂ ਹੋਵੇਗੀ ਜੀ।

ਸੰਗਤਾਂ ਦੇ ਦਾਸ ਸਮੂਹ ਸੇਵਾਦਾਰ

## ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਸਾਹਿਬ (ਆਈਲੈਂਡ ਲੇਕ), ਸ਼ਿਕਾਗੋ, ਅਮਰੀਕਾ


## Guru Nanak Sikh Mission of America Inc.

217 W. State Rd. Island Lake, IL- 60042 USA

**Ph. 847-526-5633, Fax : 847-526-5678**

*E-mail : ggpschicago@gmail.com*